**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969 CA DRE# 00966763

**Ad Space Available**
**Call: 847-359-0746**

**ਵਧੀਆ ਅਤੇ ਸਸਤੀ ਇੰਸ਼ੋਰੈਂਸ**
Home, Auto, Liquor Store
ਫੋਨ ਕਰੋ, ਪੈਸੇ ਬਚਾਓ
Call Now Manjit Gill
Ph: 209-524-4008
Ph: 510-888-1180
ਕਾਰ, ਘਰ, ਲਿੱਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ
Gill Financial & Insurance Services
27165 Mission Blvd, Hayward, CA 94544
Since 1993 www.gillfinancial.com CA. Lic#0B23990



Fifteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 15, April 12, 2014 20451 N Plum Grove Rd., Palatine, IL 60074 Ph:847-359-0746, Fax:847-705-9388


# ਭਾਜਪਾ ਅਸਲੀ ਰੰਗ 'ਚ

## ਹਿੰਦੂਤਵ ਦੇ ਏਜੰਡੇ ਦੀ ਮੁੜ ਪੈਰਵੀ

## ਹਰ ਪਾਸੇ ਮੋਦੀ ਦੀ ਚੱਲੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੰਮੀ ਦੁਬਿਧਾ ਮਗਰੋਂ ਭਾਜਪਾ ਨੇ ਆਖਰ ਲੋਕ ਸਭਾ ਚੋਣਾਂ ਦੌਰਾਨ ਹਿੰਦੂਤਵ ਪੱਤਾ ਖੇਡਣ ਦਾ ਮਨ ਬਣਾ ਲਿਆ। ਕਾਫੀ ਦੇਰੀ ਨਾਲ ਜਾਰੀ ਕੀਤੇ ਚੋਣ ਮੈਨੀਫੈਸਟੋ ਵਿਚ ਰਾਮ ਮੰਦਰ ਦੀ ਉਸਾਰੀ, ਇਕਸਾਰ ਸਿਵਲ ਕੋਡ ਤੇ ਸੰਵਿਧਾਨ ਦੀ ਧਾਰਾ 370 ਖਤਮ ਕਰਨ ਦੇ ਆਪਣੇ ਮੁੱਖ ਏਜੰਡੇ ਸ਼ਾਮਲ ਕਰ ਹੀ ਲਏ। ਪਾਰਟੀ ਇਸ ਵਾਰ ਹਿੰਦੂਤਵ ਏਜੰਡੇ ਨੂੰ ਗੁਪਤ ਰੱਖਣ ਦੇ ਰੌਂਅ ਵਿਚ ਸੀ ਤੇ ਨਰੇਂਦਰ ਮੋਦੀ ਦੇ 'ਗੁਜਰਾਤ ਵਿਕਾਸ ਮਾਡਲ' ਦੇ ਸਹਾਰੇ ਸੱਤਾ ਦੀ ਪੌੜੀ ਚੜ੍ਹਨਾ ਚਾਹੁੰਦੀ ਸੀ।

ਸੂਤਰਾਂ ਅਨੁਸਾਰ ਇਸ ਮਾਮਲੇ ਨੂੰ ਲੈ ਕੇ ਪਾਰਟੀ ਅੰਦਰ ਦੁਬਿਧਾ ਬਣੀ ਹੋਈ ਸੀ। ਆਰ.ਐਸ.ਐਸ. ਅਤੇ ਮੁਰਲੀ ਮਨੋਹਰ ਜੋਸ਼ੀ ਵਰਗੇ ਆਗੂ ਹਿੰਦੂਤਵ ਦੇ ਏਜੰਡੇ ਨੂੰ ਚੋਣ ਮਨੋਰਥ ਪੱਤਰ ਵਿਚ ਉਭਾਰਨਾ ਚਾਹੁੰਦੇ ਸਨ ਪਰ ਪ੍ਰਧਾਨ ਮੰਤਰੀ ਬਣਨ ਦਾ ਸੁਫਨਾ ਵੇਖ ਰਹੇ ਨਰੇਂਦਰ ਮੋਦੀ ਇਸ ਨੂੰ ਗੁਪਤ ਰੱਖਣ ਦੇ ਪੱਖ ਵਿਚ ਸਨ। ਇਸੇ ਕਾਰਨ ਹੀ ਭਾਜਪਾ ਨੇ ਸਭ ਤੋਂ ਪਛੜ ਕੇ ਚੋਣ ਮਨੋਰਥ ਪੱਤਰ ਜਾਰੀ ਕੀਤਾ। ਕੋਬਰਾਪੋਸਟ ਦੇ ਖੁਲਾਸਿਆਂ ਤੇ ਕਾਂਗਰਸ ਵੱਲੋਂ ਨਰੇਂਦਰ ਮੋਦੀ ਨੂੰ ਫਿਰਕੂਵਾਦ ਦੇ ਮੁੱਦੇ 'ਤੇ ਘੇਰਨ ਮਗਰੋਂ ਭਾਜਪਾ ਨੇ ਆਪਣਾ ਅਸਲ ਚਿਹਰਾ ਬੇਨਕਾਬ ਕਰਨ ਦਾ ਜੇਰਾ ਕਰ ਹੀ ਲਿਆ ਹੈ।

ਪਾਰਟੀ ਨੇ ਸੱਤ ਅਪਰੈਲ ਨੂੰ ਚੋਣਾਂ ਦੇ ਪਹਿਲੇ ਪੜਾਅ ਮੌਕੇ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਵਿਚ ਚੰਗੇ ਸ਼ਾਸਨ ਰਾਹੀਂ ਆਰਥਿਕ ਉਭਾਰ ਦਾ ਖ਼ਾਕਾ ਪੇਸ਼ ਕੀਤਾ ਹੈ। ਆਪਣੇ 42 ਸਫ਼ਿਆਂ ਦੇ ਚੋਣ ਮਨੋਰਥ ਪੱਤਰ ਵਿਚ ਭਾਜਪਾ ਨੇ ਕਿਹਾ ਹੈ ਕਿ ਇਸ ਦੀ ਸਰਕਾਰ ਰਣਨੀਤਕ ਤੌਰ 'ਤੇ ਕਿਰਤੀ ਪੱਖੀ ਮੈਨੂਫੈਕਚਰਿੰਗ ਤੇ ਟੂਰਿਜ਼ਮ ਜਿਹੇ ਪੱਖਾਂ 'ਤੇ ਜ਼ੋਰ ਦੇਵੇਗੀ। ਹਿੰਦੂਤਵ ਵਾਲੇ ਮੁੱਦੇ ਇਸ ਮਨੋਰਥ ਪੱਤਰ ਵਿਚ ਸ਼ਾਮਲ ਕਰਨ ਨੂੰ ਲੈ ਕੇ ਛਿੜੇ ਮਤਭੇਦਾਂ ਸਦਕਾ ਇਕ ਹਫਤਾ ਪਛੜ ਕੇ ਆਏ ਮੈਨੀਫੈਸਟੋ ਲਈ ਕਰਾਏ ਸਮਾਗਮ ਵਿਚ




ਪਾਰਟੀ ਦੇ ਸੀਨੀਅਰ ਆਗੂ ਐਲ.ਕੇ. ਅਡਵਾਨੀ, ਨਰੇਂਦਰ ਮੋਦੀ, ਰਾਜਨਾਥ ਸਿੰਘ, ਸੁਸ਼ਮਾ ਸਵਰਾਜ ਤੇ ਮੁਰਲੀ ਮਨੋਹਰ ਜੋਸ਼ੀ ਨੇ ਇਹ ਦਸਤਾਵੇਜ਼ ਜਾਰੀ ਕੀਤਾ। ਆਰ.ਐਸ.ਐਸ. ਦੇ ਹਿੰਦੂਤਵ ਮੁੱਦੇ ਚੋਣ ਮਨੋਰਥ ਪੱਤਰ ਦਾ ਸ਼ਿੰਗਾਰ ਬਣੇ। 'ਕਲਚਰਲ ਹੈਰੀਟੇਜ' ਸਿਰਲੇਖ ਹੇਠ ਭਾਜਪਾ ਨੇ ਕਿਹਾ ਹੈ ਕਿ ਇਹ ਸੰਵਿਧਾਨਕ ਦੇ ਘੇਰੇ ਵਿਚ ਰਹਿ ਕੇ ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਕਰਨ ਦਾ ਹੀਲਾ ਕਰੇਗੀ। ਪਾਰਟੀ ਨੇ ਸਾਰੀਆਂ ਧਿਰਾਂ ਨਾਲ ਵਿਚਾਰ ਕਰ ਕੇ ਧਾਰਾ 370 ਖਤਮ ਕਰਨ ਦਾ ਵੀ ਸਟੈਂਡ ਦੁਹਰਾਇਆ ਹੈ। ਭਾਜਪਾ ਇਸ ਵਾਰ ਦੋਹਰਾ ਪੱਤਾ ਖੇਡ ਰਹੀ ਹੈ। ਉਹ ਨਾ ਤਾਂ ਕੱਟੜ ਹਿੰਦੂ ਵੋਟ ਨੂੰ ਨਾਰਾਜ਼ ਕਰਨਾ ਚਾਹੁੰਦੀ ਹੈ ਤੇ ਨਾ ਹੀ ਘੱਟ-ਗਿਣਤੀਆਂ ਤੇ ਉਦਾਰ ਵੋਟ ਗਵਾਉਣਾ ਚਾਹੁੰਦੀ ਹੈ। ਇਸ ਮੌਕੇ ਮੁਰਲੀ

*(ਬਾਕੀ ਸਫਾ 8 'ਤੇ)*




*ਪੰਜਾਬ ਟਾਈਮਜ਼ ਦੀ 14ਵੀਂ ਵਰ੍ਹੇਗੰਢ ਮੌਕੇ ਕਰਵਾਈ ਗਈ 'ਪੰਜਾਬ ਟਾਈਮਜ਼ ਨਾਈਟ' ਮੌਕੇ ਗਾਇਕ ਮੰਗਜੀਤ ਸਿੰਘ ਮੰਗਾ ਅਤੇ ਤਰਸੇਮ ਅਟਵਾਲ ਦੇ ਗੀਤਾਂ ਦੇ ਸਰੂਰ ਵਿਚ ਆਏ ਕੈਲੀਫੋਰਨੀਆ ਤੋਂ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ (ਵਿਸਤ੍ਰਿਤ ਰਿਪੋਰਟ ਅਗਲੇ ਅੰਕ ਵਿਚ)*

# ਕੋਬਰਾਪੋਸਟ: ਭਾਜਪਾ ਦੀਆਂ ਸਭ ਸਕੀਮਾਂ ਧਰੀਆਂ-ਧਰਾਈਆਂ ਰਹਿ ਗਈਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪਿਛਲੇ 10 ਸਾਲਾਂ ਦੌਰਾਨ ਕਾਂਗਰਸ ਦੀਆਂ ਨਾਕਾਮੀਆਂ ਨੂੰ ਮੁੱਦਾ ਬਣਾ ਸੱਤਾ 'ਤੇ ਕਾਬਜ਼ ਹੋਣ ਲਈ ਕਾਹਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਕੋਬਰਾਪੋਸਟ ਨੇ ਡੰਗ ਮਾਰਿਆ ਹੈ। ਇਸ ਵਾਰ ਭਾਜਪਾ ਬੋਚ-ਬੋਚ ਕਦਮ ਪੁੱਟ ਰਹੀ ਹੈ ਅਤੇ ਚੋਣ ਮੁਹਿੰਮ ਦੀ ਪੂਰੀ ਨਿਗਰਾਨੀ ਗੁਪਤ ਰੂਪ ਵਿਚ ਆਰ.ਐਸ.ਐਸ. ਵੱਲੋਂ ਕੀਤੀ ਜਾ ਰਹੀ ਹੈ। ਇਥੋਂ ਤੱਕ ਕਿ ਉਮੀਦਵਾਰਾਂ ਦੀ ਚੋਣ ਲਈ ਹੋਈਆਂ ਮੀਟਿੰਗਾਂ ਵਿਚ ਵੀ ਆਰ.ਐਸ.ਐਸ. ਦੇ ਮੁਖੀ ਮੋਹਨ ਭਗਵਤ ਨੇ ਖੁਦ ਹਿੱਸਾ ਲਿਆ ਪਰ ਹਿੰਦੂਤਵ ਦੇ ਮੁੱਦੇ ਨੂੰ ਥੋੜ੍ਹਾ ਛੁਪਾ ਕੇ ਹੀ ਰੱਖਿਆ।

ਭਾਜਪਾ ਦੀ ਸਿਆਸੀ ਖੇਡ ਵਧੀਆ ਚੱਲ ਰਹੀ ਸੀ ਪਰ ਐਨ ਮੌਕੇ 'ਤੇ ਕੋਬਰਾਪੋਸਟ ਦੇ ਸਟਿੰਗ ਅਪਰੇਸ਼ਨ ਨੇ ਇਸ ਹਿੰਦੂਵਾਦੀ ਪਾਰਟੀ ਨੂੰ ਇਕ ਵਾਰ ਫਿਰ ਕਟਹਿਰੇ ਵਿਚ ਲਿਆ ਖੜ੍ਹਾ ਕੀਤਾ। ਕੋਬਰਾਪੋਸਟ ਮੁਤਾਬਕ 1992 ਵਿਚ ਬਾਬਰੀ ਮਸਜਿਦ ਨੂੰ ਯੋਜਨਾਬੱਧ ਤਰੀਕੇ ਨਾਲ ਡੇਗਿਆ ਗਿਆ ਸੀ। ਕੋਬਰਾਪੋਸਟ ਨੇ ਰਾਮ ਮੰਦਰ ਅੰਦੋਲਨ ਨਾਲ ਜੁੜੇ 23 ਲੋਕਾਂ ਦਾ ਸਟਿੰਗ ਆਪਰੇਸ਼ਨ ਕੀਤਾ ਜਿਸ ਨੂੰ 'ਆਪਰੇਸ਼ਨ ਜਨਮ ਭੂਮੀ' ਦਾ ਨਾਂ ਦਿੱਤਾ।

ਕੋਬਰਾਪੋਸਟ ਦੇ ਸੰਪਾਦਕ ਅਨਿਰੁਧ ਬਹਿਲ ਨੇ ਦਾਅਵਾ ਕੀਤਾ ਕਿ ਬਾਬਰੀ ਮਸਜਿਦ ਦੇ ਢਾਂਚੇ ਨੂੰ ਸਾਜ਼ਿਸ਼ ਤਹਿਤ ਡੇਗਿਆ ਗਿਆ। ਕੋਬਰਾਪੋਸਟ ਦੇ ਇਨ੍ਹਾਂ ਖੁਲਾਸਿਆਂ ਮਗਰੋਂ ਭਾਜਪਾ ਦਾ ਫਿਰਕੂਵਾਦੀ ਚਿਹਰਾ ਚੋਣ ਪ੍ਰਚਾਰ ਦਾ ਮੁੱਖ ਮੁੱਦਾ ਬਣ ਗਿਆ। ਭਾਜਪਾ ਇਸ ਵਾਰ

*(ਬਾਕੀ ਸਫਾ 8 'ਤੇ)*


**REAL ESTATE & HOME LOANS**
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chafing Dishes
- China & Silverware
- Linen Rental
- Waiters & Bartenders

Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

## ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ

# ਪੰਜਾਬੀ ਸਭਿਆਚਾਰ ਨੂੰ ਸਾਂਭਣ ਦੇ ਯਤਨਾਂ ਦੀ ਸਿਲਵਰ ਜੁਬਲੀ

**ਸੈਕਰਾਮੈਂਟੋ (ਹਰਜਿੰਦਰ ਪੰਧੇਰ):** ਪਰਦੇਸ ਵਸਦਿਆਂ ਆਪਣੀ ਮਿੱਟੀ ਦੀ ਖੁਸ਼ਬੂ ਚੇਤੇ ਆਉਣੀ ਕੁਦਰਤੀ ਹੈ, ਉਥੋਂ ਦੇ ਰਸਮੋ-ਰਿਵਾਜ਼, ਦਿਨ-ਦਿਹਾਰ, ਯਾਰੀਆਂ-ਦੋਸਤੀਆਂ, ਪਰਿਵਾਰਕ ਰਿਸ਼ਤਿਆਂ, ਲੋਕ ਨ੍ਰਿਤਾਂ ਅਤੇ ਆਪਣੇ ਨਿਵੇਕਲੇ ਸਭਿਆਚਾਰ ਦਾ ਹੇਰਵਾ ਸਾਨੂੰ ਸਤਾਉਂਦਾ ਹੈ। ਗਿਧੇ, ਭੰਗੜੇ, ਮੇਲੇ, ਮੌਸਮੀ ਤਿਉਹਾਰ, ਰੁੱਖ, ਗਲੀਆਂ, ਦੋਸਤਾਂ ਮਿਤਰਾਂ ਨਾਲ ਹੰਢਾਏ ਪਲ ਸਾਡੀ ਨੀਂਦ ਚੁਰਾਉਣ ਲਗਦੇ ਨੇ। ਗੱਲ ਕੀ, ਚੱਕੀ ਦਾ ਗੇੜ ਪੁਠਾ ਚੱਲਣ ਲੱਗਦਾ ਹੈ। ਇਕ ਦਿਨ ਅਸੀਂ ਆਪਣੀ ਜੰਮਣ ਭੋਇੰ ਛੱਡ ਕੇ ਸੁਨਹਿਰੇ ਭਵਿੱਖ ਦੀ ਤਲਾਸ਼ ਵਿਚ ਪਰਦੇਸ ਪਹੁੰਚਦੇ ਹਾਂ ਪਰ ਜਦੋਂ ਏਧਰ ਦੀਆਂ ਹਕੀਕਤਾਂ ਨਾਲ ਵਾਹ ਪਿਆ ਫਿਰ ਪਿਛਾਂਹ ਦੌੜਨ ਦੀ ਸੋਚਣ ਲਗਦੇ ਹਾਂ। ਇਥੋਂ ਹੀ ਸ਼ੁਰੂ ਹੁੰਦਾ ਹੈ, ਗੁਰੂ ਘਰ ਬਣਾਉਣ, ਮੇਲੇ ਮੁਸਾਬੇ ਕਰਾਉਣ, ਕਬੱਡੀਆਂ ਅਤੇ ਸਭਿਆਚਾਰਕ ਮੇਲੇ ਕਰਵਾਉਣ ਦਾ ਦੌਰ। ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵੀ ਇਸੇ ਲੜੀ ਦਾ ਇਕ ਮਣਕਾ ਹੈ। ਇਸ ਨੇ ਹਰ ਵਰ੍ਹੇ ਵਿਸਾਖੀ ਮੇਲਾ ਕਰਾਉਣ ਦੀ ਪਿਰਤ ਤੋਰੀ। ਇਸ ਮੇਲੇ ਦੌਰਾਨ ਗੀਤ-ਸੰਗੀਤ ਦੇ ਨਾਲ ਗਿੱਧੇ-ਭੰਗੜੇ ਅਤੇ ਹੋਰ ਲੋਕ ਨਾਚਾਂ ਰਾਹੀਂ ਪੰਜਾਬੀ ਸਭਿਆਚਾਰ ਨੂੰ ਸਾਂਭਣ ਦੀ ਕੋਸ਼ਿਸ਼ ਕਰਨੀ ਸ਼ੁਰੂ ਕੀਤੀ। ਇਸੇ ਹੀ ਲੜੀ ਵਿਚ ਪਿਛਲੇ ਕਈ ਸਾਲਾਂ ਤੋਂ ਸੰਸਥਾ ਵਲੋਂ ਤੀਆਂ ਦਾ ਮੇਲਾ ਕਰਵਾਇਆ ਜਾਂਦਾ ਹੈ।

25 ਵਰ੍ਹੇ ਪਹਿਲਾਂ ਜਦੋਂ ਇਸ ਸੰਸਥਾਂ ਨੇ ਵਿਸਾਖੀ ਮੇਲਾ ਕਰਾਉਣਾ ਸ਼ੁਰੂ ਕੀਤਾ ਤਾਂ ਉਸ ਸਮੇਂ ਇਸ ਇਲਾਕੇ ਵਿਚ ਕਿਸੇ ਮੇਲੇ ਦਾ ਨਾਂ ਥੇਹ ਵੀ ਨਹੀਂ ਸੀ। ਇਸ ਸੰਸਥਾ ਦੇ ਰੂਹੇ ਰਵਾਂ ਰਛਪਾਲ ਸਿੰਘ ਫਰਵਾਲਾ ਦੇ ਮਨ ਵਿਚ ਇਸ ਸੰਸਥਾ ਦਾ ਝੰਡਾ ਬਰਦਾਰ ਬਣਨ ਦਾ ਖਿਆਲ ਬਚਪਨ ਤੋਂ ਸਭਿਆਚਾਰ ਪ੍ਰਤੀ ਮੋਹ ਹੈ।

ਕਿਵੇਂ ਭੁਲਾਵਾਂ
ਤੂਤਾਂ ਵਾਲੇ ਖੂਹ ਦੀਆਂ ਟਿੰਡਾਂ ਨੂੰ।
ਕਿਵੇਂ ਭੁਲਾਵਾਂ
ਰੱਬ ਵਰਗੇ ਮੇਰੇ ਵਸਦੇ ਪਿੰਡਾਂ ਨੂੰ।
ਰਾਤ ਚਾਨਣੀ ਵਿਚ, ਕੋਠੇ ਉਤੇ ਮੰਜੇ ਹੁੰਦੇ ਸੀ।
ਆਉਂਦਾ ਯਾਦ ਪੰਜਾਬ
ਬੜੇ ਦਿਨ ਚੰਗੇ ਹੁੰਦੇ ਸੀ।

ਸ਼ੁਰੂ ਦੇ ਸਾਲ ਸੰਨ 1990 ਵਿਚ ਇਸ ਸੰਸਥਾ ਨਾਲ ਕੁਝ ਗਿਣੇ ਚੁਣੇ ਬੰਦੇ ਹੀ ਸਨ। ਇਨ੍ਹਾਂ ਵਿਚ ਪਰਮਜੀਤ ਧਾਲੀਵਾਲ, ਸਤਿਨਾਮ ਸਿੰਘ, ਡਾ. ਜਸਬੀਰ ਕੰਗ, ਡਾ. ਘੁੰਮਣ ਤੇ ਡਾ. ਅਜੀਤ ਸਿੰਘ ਭੰਡਾਲ ਦਾ ਨਾਂ ਸ਼ਾਮਲ ਹੈ। ਸੋਹਣ ਸਿੰਘ ਢੋਲਾ ਨੇ ਸਟੇਜ ਸਕੱਤਰ ਦੇ ਤੌਰ 'ਤੇ ਸਾਥ ਦਿਤਾ। ਉਨ੍ਹਾਂ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਦੀਆਂ ਟੀਮਾਂ ਨੂੰ ਆਪਣੀ ਦੇਖ-ਰੇਖ ਹੇਠ ਸਿਖਲਾਈ ਦੇਣ ਦਾ ਹਲਫ ਲਿਆ। ਸੰਨ 2000 ਤੋਂ ਬੀਬੀ ਮਨਦੀਪ ਕੌਰ ਫਰਵਾਲਾ, ਬਲਦੇਵ ਕੌਰ, ਬੀਬੀ ਰਛਪਾਲ ਪਰਹਾਰ ਤੇ ਉਸ ਦੀ ਟੀਮ ਵਲੋਂ ਸ਼ੁਰੂ ਕੀਤੀਆਂ ਗਈਆਂ ਤੀਆਂ ਵੀ ਇਸੇ ਧਾਰਨਾ ਨੂੰ ਲੈ ਕੇ ਚਲ ਰਹੀਆਂ ਹਨ। ਵਿਸਾਖੀ ਦਾ ਮੇਲਾ ਅਪਰੈਲ ਦੇ ਤੀਸਰੇ ਸਨਿਚਰਵਾਰ ਤੇ ਤੀਆਂ ਦਾ ਅਗਸਤ ਦੇ ਤੀਸਰੇ ਐਤਵਾਰ ਮਨਾਇਆ ਜਾਂਦਾ ਹੈ। ਇਨ੍ਹਾਂ ਦੋਹਾਂ ਮੇਲਿਆਂ ਦੀ ਸਟੇਜ 'ਤੇ ਹੁਣ ਤੱਕ ਛੇ ਹਜ਼ਾਰ ਤੋਂ ਵੀ ਵੱਧ ਕਲਾਕਾਰ ਆ ਚੁਕੇ ਹਨ।

ਸੰਸਥਾ ਵਲੋਂ ਹਰ ਸਾਲ ਸਮਾਜਿਕ, ਵਿਦਿਅਕ ਅਤੇ ਸਿਆਸੀ ਖੇਤਰ ਵਿਚ ਨਾਮਣਾ ਖੱਟਣ ਵਾਲੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਂਦਾ ਹੈ ਅਤੇ ਹੁਣ ਤੱਕ ਪੰਜ ਸੌ ਅਜਿਹੀਆਂ ਹਸਤੀਆਂ ਦਾ ਸਨਮਾਨ ਹੋ ਚੁਕਾ ਹੈ ਜਿਨ੍ਹਾਂ ਨੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਲਈ ਕਿਸੇ ਨਾ ਕਿਸੇ ਰੂਪ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਮੁੱਖ ਮਹਿਮਾਨ ਦੇ ਤੌਰ 'ਤੇ ਹਰ ਵਰ੍ਹੇ ਕਿਸੇ ਅਸੈਂਬਲੀਮੈਨ ਜਾਂ ਕਿਸੇ ਮੁੱਖ ਪ੍ਰਸ਼ਾਸਨਿਕ ਅਧਿਕਾਰੀ ਨੂੰ ਸਦਿਆ ਜਾਂਦਾ ਹੈ। ਸੰਸਥਾ ਨੂੰ ਕੈਲੀਫੋਰਨੀਆ ਸਟੇਟ ਅਵਾਰਡ ਅਤੇ ਸੈਕਰਾਮੈਂਟੋ ਕਾਉਂਟੀ ਵਲੋਂ ਵੀ ਸਨਮਾਨ ਪ੍ਰਾਪਤ ਹੋ ਚੁਕਾ ਹੈ। ਮੇਲੇ ਦਾ ਪ੍ਰਭਾਵ ਤੇ ਪ੍ਰਬੰਧ ਇੰਨਾ ਵਧੀਆ ਹੈ ਕਿ ਸਪਾਂਸਰਾਂ ਦੀ ਇਕ ਵਡੀ ਟੀਮ ਹਮੇਸ਼ਾ ਇਸ ਸੰਸਥਾ ਨਾਲ ਜੁੜੀ ਚਲੀ ਆ ਰਹੀ ਹੈ। ਇਸ ਦਾ ਇਕ ਵਡਾ ਕਾਰਨ ਆਮਦਨ ਖਰਚ ਦੇ ਵੇਰਵੇ ਦੀ ਪਾਰਦਰਸ਼ਤਾ ਵੀ ਹੈ। ਮੇਲੇ ਦੌਰਾਨ ਲਗਦੇ ਵੱਖ ਵੱਖ ਪੰਜਾਬੀ ਸਟਾਲ ਇਕ ਅਦਭੁਤ ਨਜ਼ਾਰਾ ਪੇਸ਼ ਕਰਦੇ ਹਨ।

ਪੰਜਾਬੀ ਕਲਚਰਲ ਸੁਸਾਇਟੀ ਵਲੋਂ ਆਪਣੀ ਸਿਲਵਰ ਜੁਬਲੀ ਆਉਂਦੀ 19 ਅਪਰੈਲ ਨੂੰ ਐਸ.ਈ.ਐਸ. ਹਾਲ, ਐਲਕਗਰੋਵ ਵਿਚ ਸ਼ਾਮੀਂ 3 ਵਜੇ ਤੋਂ ਕਰਵਾਏ ਜਾ ਰਹੇ ਵਿਸਾਖੀ ਮੇਲੇ ਦੌਰਾਨ ਮਨਾਈ ਜਾਵੇਗੀ। ਇਸ ਮੌਕੇ ਅਕਾਸ਼ ਵਿਚ 26 ਗੁਬਾਰੇ ਛੱਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਜਾਵੇਗਾ।

ਮੇਲੇ ਦੀਆਂ ਤਿਆਰੀਆਂ ਨੂੰ ਪਿਛਲੇ ਹਫਤੇ ਇਥੇ ਸੁਰਿੰਦਰ ਸਿੰਘ ਬਿੰਦਰਾ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਸੰਸਥਾ ਦੇ ਅਹੁਦੇਦਾਰਾਂ ਨੇ ਅੰਤਿਮ ਰੂਪ ਦਿੱਤਾ। ਸਮੂਹ ਮੈਂਬਰਾਂ ਨੇ ਇਸ ਨਾਲ ਤਸੱਲੀ ਦਾ ਪ੍ਰਗਟਾਵਾ ਕੀਤਾ। ਸਿਲਵਰ ਜੁਬਲੀ ਮੌਕੇ ਕਈ ਸਕੂਲਾਂ ਕਾਲਜਾਂ ਦੀਆਂ ਨਵੀਆਂ ਟੀਮਾਂ ਆਪਣੀਆਂ ਨਿਵੇਕਲੀਆਂ ਆਈਟਮਾਂ ਲੈ ਕੇ ਪਹੁੰਚ ਰਹੀਆਂ ਹਨ। ਪੰਜਾਬੀ ਗਾਇਕ ਸਾਫ ਸੁਥਰੀ ਗਾਇਕੀ ਦੇ ਰੰਗ ਪੇਸ਼ ਕਰਨਗੇ। ਰਵਾਇਤ ਅਨੁਸਾਰ ਇਸ ਵਾਰ ਪੰਜਾਬੀ ਦੇ ਸਿਰਕੱਢ ਅੱਖਬਾਰ 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ, ਯੂਬਾ ਸਿਟੀ ਦੇ ਕੌਂਸਲਰ ਤਜਿੰਦਰ ਸਿੰਘ ਮਾਨ, ਡਾ. ਨਰਿੰਦਰ ਸਿੰਘ ਧਾਲੀਵਾਲ, ਬੋਪਾਰਾਏ ਭਰਾਵਾਂ ਦਾ ਸਨਮਾਨ ਕੀਤਾ ਜਾਵੇਗਾ। ਮੇਲੇ ਦੀ ਕੋਈ ਦਾਖਲਾ ਫੀਸ ਨਹੀਂ। ਸਕਿਉਰਿਟੀ ਦਾ ਪੂਰਾ ਪ੍ਰਬੰਧ ਹੋਵੇਗਾ। ਸੰਸਥਾ ਦੀ ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਰਛਪਾਲ ਸਿੰਘ ਫਰਵਾਲਾ, ਪ੍ਰੇਮ ਕੁਮਾਰ ਚੁੰਬਰ, ਸੁਖਰਾਜ ਔਲਖ, ਕਮਲ ਬੰਗਾ, ਸੁਰਿੰਦਰ ਬਿੰਦਰਾ, ਜਸਵੰਤ ਸਿੰਘ ਸ਼ਾਦ, ਅਜੈਬ ਸਿੰਘ, ਬਲਵੰਤ ਸਿੰਘ, ਅਮਰੀਕ ਸਿੰਘ, ਜਸਵਿੰਦਰ ਲਾਲ ਅਤੇ ਅਵਤਾਰ ਸਿੰਘ ਡੋਡ ਸ਼ਾਮਲ ਹੋਏ।



*ਪੰਜਾਬੀ ਕਲਚਰਲ ਸੁਸਾਇਟੀ ਦੀ ਟੀਮ ਰਛਪਾਲ ਸਿੰਘ ਫਰਵਾਲਾ ਦੇ ਨਾਲ*

## ਸੋਹਣ ਸਿੰਘ ਭਕਨਾ ਦੇ ਪਰਿਵਾਰ ਵੱਲੋਂ ਕੈਪਟਨ ਦੀ ਹਮਾਇਤ

**ਅਟਾਰੀ:** ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਕਾਂਗਰਸੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ ਗਦਰੀ ਬਾਬਾ ਸੋਹਣ ਸਿੰਘ ਭਕਨਾ ਦੇ ਪਰਿਵਾਰ ਨੇ ਆਪਣੇ ਸਾਥੀਆਂ ਨਾਲ ਰਮਨਜੀਤ ਸਿੰਘ ਸਿੱਕੀ ਵਿਧਾਇਕ ਖਡੂਰ ਸਾਹਿਬ ਦੀ ਹਾਜ਼ਰੀ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਹਮਾਇਤ ਕਰਨ ਦਾ ਐਲਾਨ ਕੀਤਾ।

ਇਸ ਮੌਕੇ ਬਾਬਾ ਭਕਨਾ ਦੇ ਪੋਤਰੇ ਸਰਪੰਚ ਹਜ਼ਾਰਾ ਸਿੰਘ ਗਿੱਲ ਨੇ ਰਮਨਜੀਤ ਸਿੰਘ ਸਿੱਕੀ ਨੂੰ ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਦੀ ਤਸਵੀਰ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।


ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

ਖਾਲਸਾ ਸਾਜਨਾ ਦਿਵਸ ਦੀ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ



Tri-Valley Sikh Center
Gurdwara Sahib

ਟਰਾਈ ਵੈਲੀ ਸਿੱਖ ਸੈਂਟਰ ਗੁਰਦੁਆਰੇ ਦੀਆਂ ਸੰਗਤਾਂ ਵਲੋਂ
ਵਿਸਾਖੀ ਮੌਕੇ ਵਿਸ਼ੇਸ਼ ਸਮਾਗਮ

ਐਤਵਾਰ, 13 ਅਪਰੈਲ 2014

Dublin Civic Center – City Hall
100 Civic Plaza Dublin CA 94568

ਪ੍ਰੋਗਰਾਮ
ਸਵੇਰੇ 10 ਤੋਂ 10:30–ਭੋਗ ਸਹਿਜ ਪਾਠ ਅਤੇ ਚੌਪਈ ਸਾਹਿਬ ਦਾ ਪਾਠ
ਸਵੇਰੇ 10:30 ਤੋਂ 10:45–ਕੀਰਤਨ ਅਤੇ ਪੰਥਕ ਵਿਚਾਰ
ਸਵੇਰੇ 10:45 ਤੋਂ 11:30–ਬੱਚਿਆਂ ਦਾ ਪ੍ਰੋਗਰਾਮ
ਸਵੇਰੇ 11:30 ਤੋਂ 12:15–ਸ਼ਬਦ ਕੀਰਤਨ
ਦੁਪਹਿਰ 12:15 ਤੋਂ 1:00–ਢਾਡੀ ਵਾਰਾਂ
ਦੁਪਹਿਰ 1:00 ਤੋਂ 1:45–ਭਾਈ ਗੁਰਪ੍ਰੀਤ ਸਿੰਘ ਦੇ ਜਥੇ ਵਲੋਂ ਸ਼ਬਦ ਕੀਰਤਨ
ਬਾਅਦ ਦੁਪਹਿਰ 1:45 ਤੋਂ 2:15–ਅਰਦਾਸ ਅਤੇ ਹੁਕਮਨਾਮਾ
*ਸਵੇਰੇ 10:30 ਤੋਂ ਚਾਹ–ਨਾਸ਼ਤਾ ਅਤੇ ਦੁਪਹਿਰ 12:00 ਵਜੇ ਤੋਂ ਲੰਗਰ ਹੋਵੇਗਾ*

Ph: 925-364-4125
Email: TriValleySikhCenter@gmail.com Website: TriValleySikhCenter.com
*Please send a note with your name, address & phone number to TVSC email so we can add you to the email distribution list.*

# ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕੌਮਾਂਤਰੀ ਕਬੱਡੀ ਕੱਪ ਮੇਲਾ 23 ਅਗਸਤ ਨੂੰ

### *ਪਹਿਲਾ ਇਨਾਮ 21000 ਡਾਲਰ ਦਾ*

**ਫਰੀਮਾਂਟ (ਬਿਊਰੋ):** ਕੈਲੀਫੋਰਨੀਆ ਦੀ ਉਘੀ ਖੇਡ ਸੰਸਥਾ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਆਪਣਾ 10ਵਾਂ ਅੰਤਰਰਾਸ਼ਟਰੀ ਕਬੱਡੀ ਕੱਪ ਟੂਰਨਾਮੈਂਟ 23 ਅਗਸਤ 2014



*ਅਮੋਲਕ ਸਿੰਘ ਗਾਖਲ*

ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਚ ਕਰਵਾਇਆ ਜਾਵੇਗਾ। ਇਸ ਟੂਰਨਾਮੈਂਟ ਵਿਚ ਪਹਿਲਾ ਇਨਾਮ 21000 ਡਾਲਰ ਅਤੇ ਦੂਜਾ ਇਨਾਮ 18000 ਹੋਵੇਗਾ। ਭਾਰਤ ਤੋਂ ਬਾਹਰ ਕਿਸੇ ਕਬੱਡੀ ਟੂਰਨਾਮੈਂਟ ਦੇ ਪਹਿਲੇ-ਦੂਜੇ ਇਨਾਮ ਲਈ ਹੁਣ ਤੱਕ ਦੀ ਇਹ ਸਭ ਤੋਂ ਵੱਡੀ ਰਕਮ ਹੈ।

ਇਸ ਟੂਰਨਾਮੈਂਟ ਵਿਚ ਹਿੱਸਾ ਲੈਣ ਵਾਲੀਆਂ ਟੀਮਾਂ ਨੂੰ 15000-15000 ਡਾਲਰ ਦਿੱਤੇ ਜਾਣਗੇ। ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਅਮੈਰਿਕਾ, ਕੈਨੇਡਾ, ਇੰਡੀਆ ਅਤੇ ਇੰਗਲੈਂਡ ਤੋਂ 6 ਕੌਮਾਂਤਰੀ ਪੱਧਰ ਦੀਆਂ ਕਬੱਡੀ ਟੀਮਾਂ ਭਿੜਨਗੀਆਂ ਜਿਨ੍ਹਾਂ ਵਿਚ ਕਬੱਡੀ ਦੇ ਨਾਮੀ ਰੇਡਰ ਅਤੇ ਜਾਫੀ ਆਪਣੀ ਖੇਡ ਦੇ ਜੌਹਰ ਦਿਖਾਉਣਗੇ। ਟੂਰਨਾਮੈਂਟ ਦਾ ਉਦਘਾਟਨ ਆਪਣੇ ਵੇਲਿਆਂ ਦੇ ਧੱਕੜ ਕਬੱਡੀ ਖਿਡਾਰੀ ਸਰਬਣ ਸਿੰਘ ਬੱਲ ਕਰਨਗੇ।

ਸ. ਗਾਖਲ ਨੇ ਕਿਹਾ ਕਿ ਇਹ ਕਬੱਡੀ ਟੂਰਨਾਮੈਂਟ ਅਮਰੀਕਾ ਵਿਚ ਆਪਣੀ ਕਿਸਮ ਦਾ ਕਬੱਡੀ ਟੂਰਨਾਮੈਂਟ ਹੋਵੇਗਾ ਅਤੇ ਖਿਡਾਰੀਆਂ ਨੂੰ ਨਸ਼ਿਆਂ ਤੋਂ ਮੁਕਤ ਕਰਨ ਦੇ ਮਨੋਰਥ ਨਾਲ ਨਸ਼ਿਆਂ ਦਾ ਸੇਵਨ ਕਰਨ ਵਾਲੇ ਖਿਡਾਰੀਆਂ ਵਿਰੁਧ ਸਖਤ ਰਵੱਈਆ ਅਪਨਾਇਆ ਜਾਵੇਗਾ। ਸ. ਗਾਖਲ ਨੇ ਸਮੂਹ ਪੰਜਾਬੀ ਭਾਈਚਾਰੇ ਨੂੰ ਵਿਸਾਖੀ ਦੀ ਵਧਾਈ ਵੀ ਦਿੱਤੀ। ਜ਼ਿਕਰਯੋਗ ਹੈ ਕਿ ਯੂਨਾਈਟਿਡ ਸਪੋਰਟਸ ਕਲੱਬ ਲੰਮੇ ਸਮੇਂ ਤੋਂ ਉਚ ਪੱਧਰੀ ਕਬੱਡੀ ਟੂਰਨਾਮੈਂਟ ਕਰਵਾਉਂਦਾ ਆ ਰਿਹਾ ਹੈ।

# 'ਆਪ' ਮੁਖੀ ਕੇਜਰੀਵਾਲ ਉਤੇ ਫਿਰ ਹਮਲਾ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ ਉਪਰ ਇਕ ਵਾਰ ਫਿਰ ਹਮਲਾ ਕਰ ਦਿੱਤਾ ਗਿਆ। ਹਮਲਾਵਰ ਦੀ ਪਛਾਣ ਆਟੋ ਰਿਕਸ਼ਾ ਚਾਲਕ




ਲਾਲੀ ਵਜੋਂ ਹੋਈ ਹੈ ਜਿਸ ਦੀ ਮੌਕੇ 'ਤੇ ਪਾਰਟੀ ਕਾਰਕੁਨਾਂ ਨੇ ਫੜ ਕੇ ਖੂਬ ਭੁਗਤ ਸੰਵਾਰੀ ਅਤੇ ਬਾਅਦ ਵਿਚ ਪੁਲਿਸ ਹਵਾਲੇ ਕਰ ਦਿੱਤਾ। ਸ੍ਰੀ ਕੇਜਰੀਵਾਲ ਦੀ ਖੱਬੀ ਅੱਖ ਉਪਰ ਜ਼ੋਰਦਾਰ ਮੁੱਕਾ ਵੱਜਣ ਕਾਰਨ ਸੋਜ਼ਿਸ਼ ਆ ਗਈ ਸੀ। ਉਨ੍ਹਾਂ ਦੀ ਐਨਕ ਵੀ ਟੁੱਟ ਗਈ। ਵਾਰ ਵਾਰ ਹਮਲਿਆਂ ਬਾਰੇ ਸ੍ਰੀ ਕੇਜਰੀਵਾਲ ਨੇ ਟਵੀਟ ਕੀਤਾ ਹੈ ਕਿ ਆਖਰ ਇਹ ਹਮਲੇ ਕਿਉਂ ਹੋ ਰਹੇ ਹਨ? ਇਸ ਘਟਨਾ ਦੇ ਤੁਰੰਤ ਬਾਅਦ ਰੋਡ ਸ਼ੋਅ ਖਤਮ ਕਰ ਕੇ ਉਹ ਆਪਣੇ ਸਾਥੀਆਂ ਸਮੇਤ ਰਾਜ ਘਾਟ ਪਹੁੰਚੇ ਅਤੇ ਉੱਥੇ ਮੋਨ ਵਰਤ ਉਪਰ ਬੈਠ ਗਏ। ਪਾਰਟੀ ਆਗੂ ਮਨੀਸ਼ ਸਿਸੋਧੀਆ ਨੇ ਦੱਸਿਆ ਕਿ ਸ੍ਰੀ ਕੇਜਰੀਵਾਲ ਦੀ ਅੱਖ ਉਪਰ ਕਾਫੀ ਚੋਟ ਆਈ ਹੈ। ਅੱਖ ਪੂਰੀ ਤਰ੍ਹਾਂ ਸੁੱਜ ਗਈ ਹੈ। ਉਨ੍ਹਾਂ ਦੀ ਐਨਕ ਹਮਲੇ ਸਮੇਂ ਹੇਠਾਂ ਡਿੱਗ ਕੇ ਟੁੱਟ ਗਈ।

ਦੱਸਿਆ ਜਾ ਰਿਹਾ ਹੈ ਕਿ ਹਮਲਾਵਰ ਬਾਹਰੀ ਦਿੱਲੀ ਦੇ ਅਮਨ ਵਿਹਾਰ ਦਾ ਵਸਨੀਕ ਹੈ। ਪੁਲਿਸ ਅਨੁਸਾਰ ਹਮਲਾਵਰ ਦਾ ਕਹਿਣਾ ਸੀ ਕਿ ਸ੍ਰੀ ਕੇਜਰੀਵਾਲ ਨੇ ਵਾਅਦੇ ਪੂਰੇ ਨਹੀਂ ਕੀਤੇ ਜਿਸ ਕਾਰਨ ਉਸ ਖ਼ਿਲਾਫ਼ ਗੁੱਸਾ ਸੀ। ਹਮਲਾਵਰ ਨੇ ਪਹਿਲਾਂ ਕੇਜਰੀਵਾਲ ਦੇ ਗਲ 'ਚ ਹਾਰ ਪਾਇਆ ਤੇ ਫਿਰ ਜ਼ੋਰਦਾਰ ਦੋ ਮੁੱਕੇ ਜੜ ਦਿੱਤੇ। ਇਸ ਘਟਨਾ ਦੀ ਵਿਆਪਕ ਨਿੰਦਾ ਹੋਈ ਹੈ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਇਹ ਹਮਲੇ ਭਾਜਪਾ ਕਰਵਾ ਰਹੀ ਹੈ।

# ਲਿਬੜਾ ਦੀ ਅਕਾਲੀ ਦਲ ਵਿਚ ਵਾਪਸੀ

**ਚੰਡੀਗੜ੍ਹ:** ਹਲਕਾ ਫਤਹਿਗੜ੍ਹ ਸਾਹਿਬ ਤੋਂ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੁਖਦੇਵ ਸਿੰਘ ਲਿਬੜਾ ਦੀ ਅਕਾਲੀ ਦਲ ਵਿਚ ਵਾਪਸੀ ਹੋ ਗਈ ਹੈ। ਸ. ਲਿਬੜਾ ਡਾ. ਮਨਮੋਹਨ ਸਿੰਘ ਦੀ ਸਰਕਾਰ ਨੂੰ ਬਚਾਉਣ ਲਈ ਕਾਂਗਰਸ ਦੇ ਹੱਕ ਵਿਚ ਵੋਟ ਪਾਈ ਸੀ ਜਿਸ ਕਾਰਨ ਉਨ੍ਹਾਂ ਨੂੰ ਦਲ ਤੋਂ ਕੱਢ ਦਿੱਤਾ ਗਿਆ ਸੀ ਤੇ ਮਗਰਲੀਆਂ ਪਾਰਲੀਮਾਨੀ ਚੋਣਾਂ ਦੌਰਾਨ ਉਨ੍ਹਾਂ ਨੂੰ ਕਾਂਗਰਸ ਵੱਲੋਂ ਉਕਤ ਹਲਕੇ ਤੋਂ ਟਿਕਟ ਦਿੱਤੀ ਗਈ ਸੀ ਜਿਸ 'ਤੇ ਉਹ ਜੇਤੂ ਰਹੇ ਸਨ। ਇਸ ਵਾਰ ਕਾਂਗਰਸ ਪਾਰਟੀ ਦੀ ਟਿਕਟ ਨਾ ਮਿਲਣ ਕਾਰਨ ਸ. ਲਿਬੜਾ ਕਾਫ਼ੀ ਮਾਯੂਸ ਹਨ।

American Travel & Tours
4127 Bay Street, Suite 5, Fremont, CA-94538
For best domestic and international fares
Fremont: (24/7): 510-509-8890
preety@americantravels.us
San Jose: 408-916-1234, Tracy: 209-451-2000
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਬੋਲਦੇ ਹਾਂ
Mon-Fri 9:00am-6:00pm
Saturday- 10:00am-2:00pm
Sunday- Upon Appointment
American
Fax: 916-451-8656 www.americantravels.us
Sacramento office: 5246 Fruitridge Rd., Sacramento, CA 95820

# ਕੇਜਰੀਵਾਲ ਤੇ ਨਰਿੰਦਰ ਮੋਦੀ ਦੀ ਟੱਕਰ ਤੋਂ 'ਆਪ' ਨੂੰ ਵੱਡੀ ਆਸ

**ਵਾਰਾਨਸੀ:** ਆਮ ਆਦਮੀ ਪਾਰਟੀ ਦੇ ਸਰਪ੍ਰਸਤ ਅਰਵਿੰਦ ਕੇਜਰੀਵਾਲ ਵੱਲੋਂ ਨਰਿੰਦਰ ਮੋਦੀ ਨੂੰ ਦਿੱਤੀ ਗਈ ਚੁਣੌਤੀ ਪਿੱਛੇ ਉਨ੍ਹਾਂ ਦੀ ਪਾਰਟੀ ਦੀ ਵੱਡੀ ਯੋਜਨਾ ਉੱਤਰ ਪ੍ਰਦੇਸ਼ ਤੇ ਦੇਸ਼ ਦੇ ਬਾਕੀ ਮੁਸਲਿਮ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਹੈ। 'ਆਪ' ਦਾ ਮਕਸਦ ਉਨ੍ਹਾਂ ਭਾਜਪਾ ਵਿਰੋਧੀ ਵੋਟਾਂ ਨੂੰ ਹਾਸਲ ਕਰਨਾ ਹੈ ਜੋ ਹੋਰ ਧਰਮ ਨਿਰਪੱਖ ਪਾਰਟੀਆਂ ਨੂੰ ਪੈ ਸਕਦੀਆਂ ਹਨ।

'ਆਪ' ਦੇ ਇਕ ਸੂਤਰ ਮੁਤਾਬਕ ਜੇਕਰ ਕੇਜਰੀਵਾਲ ਭਾਜਪਾ ਉਮੀਦਵਾਰ ਮੋਦੀ ਵਿਰੁੱਧ ਖੜ੍ਹੇ ਹੁੰਦੇ ਹਨ ਤਾਂ ਇਸ ਨਾਲ ਰਾਜਨੀਤਕ ਦਲਾਂ ਵਿਚਕਾਰ ਚੋਣਾਂ ਦੀ ਲੜਾਈ ਦਾ ਧਰੁੱਵੀਕਰਨ ਬਹੁਤ ਜ਼ਿਆਦਾ ਹੋਵੇਗਾ ਤੇ ਇਸ ਦਾ ਫਾਇਦਾ 'ਆਪ' ਨੂੰ ਮਿਲਣ ਦੀ ਸੰਭਾਵਨਾ ਹੈ ਕਿਉਂਕਿ ਕੇਜਰੀਵਾਲ ਮੋਦੀ ਨਾਲ ਸਿੱਧੀ ਟੱਕਰ ਲੈਂਦੇ ਇਕੋ ਹੀ ਨੇਤਾ ਨਜ਼ਰ ਆਉਣਗੇ।

ਭਾਵੇਂ ਭਾਜਪਾ ਆਪਣੀਆਂ ਸੀਟਾਂ ਹਾਸਲ ਕਰ ਲਵੇਗੀ ਪਰ ਅਸਲੀ ਹਾਰ ਸਮਾਜਵਾਦੀ ਪਾਰਟੀ, ਬਸਪਾ ਤੇ ਕਾਂਗਰਸ ਦੀ ਹੋਵੇਗੀ ਕਿਉਂਕਿ ਸਾਰੇ ਘੱਟ ਗਿਣਤੀ ਲੋਕਾਂ ਨੂੰ 'ਆਪ' ਉਨ੍ਹਾਂ ਵਿਰੁੱਧ ਆਵਾਜ਼ ਉਠਾਉਂਦੀ ਨਜ਼ਰ ਆਵੇਗੀ। ਅਸਲੀ ਪ੍ਰਭਾਵ ਇਨ੍ਹਾਂ ਪਾਰਟੀਆਂ 'ਤੇ ਪਵੇਗਾ ਕਿਉਂਕਿ 'ਆਪ' ਦਾ ਭਰੋਸਾ ਘੱਟ ਗਿਣਤੀਆਂ ਦੀਆਂ ਵੋਟਾਂ 'ਤੇ ਹੈ। ਖਾਸ ਤੌਰ 'ਤੇ ਉਸ ਵੇਲੇ ਜਦੋਂ ਮੁਜ਼ੱਫਰਨਗਰ ਦੰਗੇ ਇਥੋਂ ਦੇ ਲੋਕਾਂ ਦੇ ਦਿਮਾਗ ਵਿਚ ਤਾਜ਼ਾ ਹਨ।



ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੇ ਹਉ ਕਰਹੁੰ ਨਿਵਾਸ॥

ੴ ਸਤਿਗੁਰ ਪ੍ਰਸਾਦਿ॥

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਖਾਲਸਾ ਜੀ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੇ ਤਿਓਹਾਰ ਦੀ

# ਲੱਖ ਲੱਖ ਵਧਾਈ



ਦੇਵ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ

ਵਲੋਂ

ਪ੍ਰੀਤਮ ਸਿੰਘ ਗਰੇਵਾਲ
ਦੇਵ ਗਰੇਵਾਲ
ਅਤੇ ਸਮੂਹ ਪਰਿਵਾਰ

*Grewal Enterprises*

**San Jose, CA**

**Ph:408-406-0703**



Send money to your loved ones this Vaisakhi.
Cash pick up in minutes.*
MoneyGram.
bringing you closer
moneygram.com 800-926-9400
/moneygram
@moneygramMe
Available for pick up at any of these locations:
भारतीय डाक
India Post
SUPREME SECURITIES LTD.
State Bank of India
THE BANKER TO EVERY INDIAN
UAE XCHANGE®
Thomas Cook
Travel Smooth
thomascook.in
• Foreign Exchange •
*Subject to agent operating hours, availability and local laws and regulations. Licensed as a Money Transmitter by the Banking Department of the State of New York. MoneyGram, the Globe and MoneyGram Bringing You Closer are marks of MoneyGram. All other marks are the property of their owners. © 2014 MoneyGram.
0114-17AMT

# ਰਲਦੇ ਮਿਲਦੇ ਨਾਂਵਾਂ ਵਾਲੇ ਉਮੀਦਵਾਰ ਉਤਾਰਨ ਦਾ ਦਾਅ

**ਬਠਿੰਡਾ:** ਸਿਆਸੀ ਲਿਹਾਜ਼ ਨਾਲ ਪੰਜਾਬ ਦੇ ਸਭ ਤੋਂ ਅਹਿਮ ਮੰਨੇ ਜਾਂਦੇ ਲੋਕ ਸਭਾ ਹਲਕੇ ਬਠਿੰਡੇ ਤੋਂ ਇਸ ਵਾਰ ਸਿਆਸੀ ਪਾਰਟੀਆਂ ਉਮੀਦਵਾਰਾਂ ਦੇ ਨਾਂ 'ਤੇ ਦਾਅ ਖੇਡ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਨੇ ਜਿਥੇ ਵੋਟਰਾਂ ਨੂੰ ਭੁਲੇਖਾ ਪਾਉਣ ਲਈ ਇਸ ਸੰਸਦੀ ਸੀਟ ਤੋਂ ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ.ਪੀ.ਪੀ) ਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਦੇ ਨਾਂ ਦੇ ਵਿਅਕਤੀ ਇਕ ਨੂੰ ਨਾਮਜ਼ਦਗੀ ਕਾਗਜ਼ ਦਾਖ਼ਲ ਕਰਾ ਦਿੱਤੇ ਹਨ, ਉਥੇ ਇਹ ਵੀ ਕਿਆਸ ਅਰਾਈਆਂ ਲਾਈਆਂ ਜਾ ਰਹੀਆਂ ਹਨ ਕਿ ਪੀ.ਪੀ.ਪੀ ਤੇ ਭਾਈਵਾਲ ਪਾਰਟੀਆਂ ਵੀ ਕੁਝ ਇਸੇ ਤਰ੍ਹਾਂ ਦਾ ਦਾਅ ਖੇਡ ਸਕਦੀਆਂ ਹਨ ਕਿਉਂਕਿ ਪਿੰਡ ਬਾਦਲ ਤੋਂ ਇਕ ਵੋਟਰ ਇੰਦਰਜੀਤ ਸਿੰਘ ਦੀ ਪਤਨੀ ਦਾ ਨਾਂ ਵੀ ਹਰਸਿਮਰਤ ਕੌਰ ਹੈ।





ਮਨਪ੍ਰੀਤ ਬਾਦਲ ਉਂਝ ਕਹਿ ਚੁੱਕੇ ਹਨ ਕਿ ਉਹ ਅਕਾਲੀ ਦਲ ਦੀ ਤਰਜ਼ 'ਤੇ ਕਿਸੇ ਹਰਸਿਮਰਤ ਕੌਰ ਨੂੰ ਆਜ਼ਾਦ ਉਮੀਦਵਾਰ ਵਜੋਂ ਕਾਗਜ਼ ਦਾਖ਼ਲ ਨਹੀਂ ਕਰਾਉਣਗੇ। ਜ਼ਿਕਰਯੋਗ ਹੈ ਕਿ ਇਸ ਹਲਕੇ ਵਿਚ ਮਨਪ੍ਰੀਤ ਸਿੰਘ ਨਾਂ ਦੇ 2630 ਵੋਟਰ ਹਨ। ਇਨ੍ਹਾਂ ਵਿਚੋਂ ਨੌਂ ਵੋਟਰਾਂ ਦੇ ਪਿਤਾ ਦਾ ਨਾਂ ਵੀ ਗੁਰਦਾਸ ਸਿੰਘ ਹੈ। ਗੁਰਦਾਸ ਸਿੰਘ ਉਰਫ ਦਾਸ ਦਾ ਪੁੱਤਰ ਮਨਪ੍ਰੀਤ ਸਿੰਘ ਬਾਦਲ ਇਕੋ ਹੀ ਹੈ ਜੋ ਬਠਿੰਡਾ ਸੰਸਦੀ ਸੀਟ ਤੋਂ ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ.ਪੀ.ਪੀ) ਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਵਜੋਂ ਚੋਣ ਲੜ ਰਿਹਾ ਹੈ।

ਇਸ ਹਲਕੇ ਵਿਚ 22 ਮਹਿਲਾ ਵੋਟਰਾਂ ਦਾ ਨਾਂ ਹਰਸਿਮਰਤ ਕੌਰ ਹੈ ਪਰ ਇਨ੍ਹਾਂ ਵਿਚੋਂ ਕਿਸੇ ਵੀ ਹਰਸਿਮਰਤ ਕੌਰ ਦੇ ਪਤੀ ਦਾ ਨਾਂ ਸੁਖਬੀਰ ਸਿੰਘ ਨਹੀਂ ਹੈ। ਇਨ੍ਹਾਂ 2630 ਵੋਟਰਾਂ ਨੂੰ ਜੇਕਰ ਨਾਂ ਦਾ ਲਿਹਾਜ਼ ਕੀਤਾ ਤਾਂ ਮਨਪ੍ਰੀਤ ਸਿੰਘ ਬਾਦਲ ਨੂੰ ਲਾਹਾ ਮਿਲ ਸਕਦਾ ਹੈ। ਲੰਬੀ ਹਲਕੇ ਵਿਚ ਤਿੰਨ ਮਨਪ੍ਰੀਤ ਅਜਿਹੇ ਹਨ,ਜਿਨ੍ਹਾਂ ਦੇ ਪਿਤਾ ਦਾ ਨਾਂ ਗੁਰਦਾਸ ਸਿੰਘ ਹੈ। ਪਿੰਡ ਲੰਬੀ, ਫਤੂਹੀਖੇੜਾ ਤੇ ਭਿਟੀਵਾਲਾ ਦੇ ਇਹ ਮਨਪ੍ਰੀਤ ਸਧਾਰਨ ਵੋਟਰ ਹਨ। ਪਿੰਡ ਮਿਡੂ ਖੇੜਾ ਵਿਚ ਹਰਸਿਮਰਤ ਕੌਰ ਨਾਂ ਦੀ ਇਕ ਵੋਟਰ ਹੈ। ਲੰਬੀ ਹਲਕੇ ਵਿਚ 325 ਵੋਟਰਾਂ ਦਾ ਨਾਂ ਮਨਪ੍ਰੀਤ ਹੈ। ਬਠਿੰਡਾ ਸ਼ਹਿਰ ਦੇ ਬਾਬਾ ਦੀਪ ਸਿੰਘ ਨਗਰ ਦਾ ਇਕ ਵਾਸੀ ਵੀ ਮਨਪ੍ਰੀਤ ਸਿੰਘ ਪੁੱਤਰ ਗੁਰਦਾਸ ਸਿੰਘ ਹੈ। ਇਸ ਸ਼ਹਿਰੀ ਹਲਕੇ ਵਿਚ ਕੁੱਲ 300 ਵੋਟਰਾਂ ਦਾ ਨਾਂ ਮਨਪ੍ਰੀਤ ਸਿੰਘ ਹੈ। ਸ਼ਹਿਰ ਵਿਚ ਅੱਠ ਮਹਿਲਾ ਵੋਟਰਾਂ ਦਾ ਨਾਂ ਹਰਸਿਮਰਤ ਕੌਰ ਹੈ। ਬਠਿੰਡਾ ਦਿਹਾਤੀ ਹਲਕੇ ਦੇ ਪਿੰਡ ਕਾਲਝਰਾਨੀ ਵਿਚ ਵੀ ਇਕ ਗੁਰਦਾਸ ਸਿੰਘ ਦੇ ਪੁੱਤਰ ਦਾ ਨਾਂ ਮਨਪ੍ਰੀਤ ਸਿੰਘ ਹੈ। ਇਥੇ ਹਰਸਿਮਰਤ ਕੌਰ ਨਾਂ ਦੀ ਇਕ ਵੋਟਰ ਹੈ। ਦਿਹਾਤੀ ਹਲਕੇ ਵਿਚ ਕੁੱਲ 330 ਵੋਟਰਾਂ ਦਾ ਨਾਂ ਮਨਪ੍ਰੀਤ ਸਿੰਘ ਹੈ।

ਮਾਨਸਾ ਦੇ ਪਿੰਡ ਭਾਈਦੇਸਾ ਤੇ ਮੱਤੀ ਵਿਚ ਵੀ ਮਨਪ੍ਰੀਤ ਸਿੰਘ ਪੁੱਤਰ ਗੁਰਦਾਸ ਸਿੰਘ ਹਨ। ਇਸ ਹਲਕੇ ਵਿਚ 460 ਵੋਟਰਾਂ ਦਾ ਨਾਂ ਮਨਪ੍ਰੀਤ ਸਿੰਘ ਹੈ ਜਦੋਂਕਿ ਦੋ ਮਹਿਲਾ ਵੋਟਰਾਂ ਦਾ ਨਾਅ ਹਰਸਿਮਰਤ ਕੌਰ ਹੈ। ਬੁਢਲਾਡਾ ਸ਼ਹਿਰ ਦੇ ਵਾਰਡ ਨੰਬਰ ਅੱਠ, ਪਿੰਡ ਦਾਤੇਵਾਸ ਤੇ ਆਲਮਪੁਰ ਮੰਦਰਾਂ ਵਿਚ ਵੀ ਤਿੰਨ ਵੋਟਰਾਂ ਦਾ ਨਾਂ ਹਰਸਿਮਰਤ ਕੌਰ ਹਨ ਜਦੋਂਕਿ ਬੋਹਾ ਵਿਚ ਇਕ ਵੋਟਰ ਮਨਪ੍ਰੀਤ ਸਿੰਘ ਪੁੱਤਰ ਗੁਰਦਾਸ ਸਿੰਘ ਹੈ।

## ਫਾਂਸੀ ਦੇ ਤਖ਼ਤੇ ਤੋਂ ਸੰਸਦ ਪਹੁੰਚੇ ਸੀ ਅਤਿੰਦਰਪਾਲ

**ਪਟਿਆਲਾ:** ਫਾਂਸੀ ਦੇ ਤਖ਼ਤੇ 'ਤੇ ਖੜ੍ਹੇ ਖਾੜਕੂ ਆਗੂ ਅਤਿੰਦਰਪਾਲ ਸਿੰਘ ਨੂੰ 1989 ਦੀਆਂ ਲੋਕ ਸਭਾ ਚੋਣਾਂ ਨੇ ਨਵੀਂ ਜ਼ਿੰਦਗੀ ਦਿੱਤੀ ਸੀ। ਅਤਿੰਦਰਪਾਲ ਸਿੰਘ ਪਟਿਆਲਾ ਲੋਕ ਸਭਾ ਹਲਕੇ ਆਜ਼ਾਦ ਉਮੀਦਵਾਰ ਵਜੋਂ ਜੇਲ੍ਹ ਵਿਚੋਂ ਹੀ ਜਿੱਤ ਗਏ ਜਦੋਂਕਿ ਅਕਾਲੀ ਦਲ ਸਮੇਤ ਬਾਕੀ ਸਾਰੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ। ਇਸ ਜਿੱਤ ਮਗਰੋਂ ਅਤਿੰਦਰਪਾਲ ਸਿੰਘ ਨੇ ਬਤੌਰ ਮੈਂਬਰ ਪਾਰਲੀਮੈਂਟ ਸਹੁੰ ਵੀ ਤਿਹਾੜ ਜੇਲ੍ਹ ਵਿਚੋਂ ਆ ਕੇ ਚੁੱਕੀ ਸੀ।

ਅਤਿੰਦਰਪਾਲ ਸਿੰਘ ਅਜਿਹਾ ਲੋਕ ਸਭਾ ਮੈਂਬਰ ਵੀ ਹੋ ਨਿੱਬੜਿਆ ਜਿਸ ਨੇ ਸਹੁੰ ਚੁੱਕਣ ਮਗਰੋਂ ਵੀ ਜੇਲ੍ਹ ਵਿਚ ਰਹਿ ਕੇ ਆਪਣੇ ਖ਼ਿਲਾਫ਼ ਚੱਲ ਰਹੇ ਕੇਸ ਅਦਾਲਤ ਵਿਚ ਲੜਨ ਦਾ ਫੈਸਲਾ ਲਿਆ। ਨੌਂ ਮਹੀਨੇ ਬਾਅਦ ਬਾਇੱਜ਼ਤ ਬਰੀ ਹੋਣ ਮਗਰੋਂ ਹੀ ਇਸ ਲੋਕ ਸਭਾ ਮੈਂਬਰ ਦੀ ਰਿਹਾਈ ਸੰਭਵ ਹੋਈ। ਅਤਿੰਦਰਪਾਲ ਸਿੰਘ ਵਿਰੁੱਧ ਦੇਸ਼ ਦੀ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਦੋਸ਼ ਸੀ ਤੇ ਇਸ ਚੋਣ ਵੇਲੇ ਕੇਸ ਇਸ ਮੋੜ 'ਤੇ ਸੀ ਕਿ ਅਦਾਲਤ ਵੱਲੋਂ ਅਤਿੰਦਰਪਾਲ ਸਿੰਘ ਨੂੰ ਫਾਂਸੀ ਦਾ ਹੁਕਮ ਵੀ ਸੁਣਾਇਆ ਜਾ ਸਕਦਾ ਸੀ।

ਇਸ ਚੋਣ ਅਖਾੜੇ ਦੌਰਾਨ ਇਸ ਉਮੀਦਵਾਰ ਦੀ ਚੋਣ ਮੁਹਿੰਮ ਆਪ-ਮੁਹਾਰੇ ਹੀ ਮਘ ਗਈ ਸੀ ਤੇ ਕੁਝ ਦਿਨਾਂ ਵਿਚ ਹੀ ਹਮਦਰਦੀ ਦੀ ਲਹਿਰ ਬਣ ਕੇ ਉਭਰ ਗਈ। ਉਦੋਂ ਚੋਣ ਪਿੜ ਵਿਚ ਅਤਿੰਦਪਾਲ ਸਿੰਘ ਤੋਂ ਇਲਾਵਾ ਕਾਂਗਰਸ ਵੱਲੋਂ ਵਿਨੋਦ ਸ਼ਰਮਾ, ਅਕਾਲੀ ਦਲ (ਬਾਦਲ) ਵੱਲੋਂ ਬਲਵੰਤ ਸਿੰਘ ਰਾਮੂਵਾਲੀਆ, ਅਕਾਲੀ ਦਲ (ਬਰਨਾਲਾ) ਵੱਲੋਂ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ, ਅਕਾਲੀ ਦਲ (ਅੰਮ੍ਰਿਤਸਰ) ਦੀ ਤਰਫੋਂ ਚਰਨਜੀਤ ਸਿੰਘ ਵਾਲੀਆ ਤੇ ਬਹੁਜਨ ਸਮਾਜ ਪਾਰਟੀ ਵੱਲੋਂ ਹਰਦਿਆਲ ਸਿੰਘ ਕੰਬੋਜ ਬਤੌਰ ਉਮੀਦਵਾਰ ਮੈਦਾਨ ਵਿਚ ਸਨ।

## ਜਥੇਦਾਰ ਲਾਲਪੁਰਾ ਨੇ ਸੰਸਦ 'ਚ ਜਾਣ ਤੋਂ ਕੀਤਾ ਸੀ ਇਨਕਾਰ

**ਤਰਨ ਤਾਰਨ:** ਸ਼੍ਰੋਮਣੀ ਅਕਾਲੀ ਦਲ ਨੂੰ 12ਵੀਂ ਲੋਕ ਸਭਾ ਦੀ ਫਰਵਰੀ 1998 ਨੂੰ ਹੋਈ ਚੋਣ ਵਿਚ ਉਸ ਵੇਲੇ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ ਕਿ ਜਦੋਂ ਪਾਰਟੀ ਦੇ ਤਰਨ ਤਾਰਨ ਹਲਕੇ ਤੋਂ ਜੇਤੂ ਉਮੀਦਵਾਰ ਪ੍ਰੇਮ ਸਿੰਘ ਲਾਲਪੁਰਾ ਨੇ ਪੰਜਾਬ ਦੀ ਰਾਜਨੀਤੀ ਵਿਚ ਹੀ ਰਹਿਣ ਨੂੰ ਪਹਿਲ ਦਿੰਦੇ ਹੋਏ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਸ. ਲਾਲਪੁਰਾ ਦੀ ਇਸ ਨਾਂਹ ਕਾਰਨ ਪਾਰਟੀ ਨੂੰ ਉਪ ਚੋਣ ਲਈ ਇਕ ਵਾਰ ਫਿਰ ਜ਼ੋਰ ਲਾਉਣਾ ਪਿਆ।

ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਨੇ ਫਰਵਰੀ, 1998 ਵਿਚ ਵਿਧਾਇਕ ਪ੍ਰੇਮ ਸਿੰਘ ਲਾਲਪੁਰਾ ਨੂੰ ਚੋਣ ਮੈਦਾਨ ਵਿਚ ਉਨ੍ਹਾਂ ਦੀ ਸਹਿਮਤ ਨਾਲ ਉਤਾਰਿਆ ਸੀ। ਸ. ਲਾਲਪੁਰਾ ਇਸ ਤੋਂ ਪਹਿਲਾਂ 1972 ਵਿਚ ਪੰਜਵੀਂ ਲੋਕ ਸਭਾ ਦੀ ਇਸ ਹਲਕੇ ਤੋਂ ਚੋਣ ਲੜ ਚੁੱਕੇ ਸਨ ਪਰ ਉਦੋਂ ਉਹ ਕਾਂਗਰਸ ਦੇ ਉਮੀਦਵਾਰ ਡਾ. ਗੁਰਦਿਆਲ ਸਿੰਘ ਢਿੱਲੋਂ ਤੋਂ ਹਾਰ ਗਏ ਸਨ। 1998 ਦੀ ਲੋਕ ਸਭਾ ਦੀ ਚੋਣ ਵਿਚ ਲਾਲਪੁਰਾ ਨੇ ਕਾਂਗਰਸ ਦੇ ਉਮੀਦਵਾਰ ਗੁਰਿੰਦਰ ਸਿੰਘ ਕੈਰੋਂ ਨੂੰ ਬੁਰੀ ਤਰ੍ਹਾਂ ਨਾਲ ਲਤਾੜਿਆ ਸੀ। ਸ. ਲਾਲਪੁਰਾ ਨੂੰ ਕੁੱਲ ਪੋਲ ਹੋਈਆਂ ਵੋਟਾਂ ਵਿਚੋਂ 3,55,653 (60.20 ਫੀਸਦੀ) ਵੋਟ ਮਿਲੇ ਜਦੋਂਕਿ ਸ. ਕੈਰੋਂ ਨੂੰ 2,13,735 (36.18 ਫੀਸਦੀ) ਵੋਟਾਂ ਮਿਲੀਆਂ।

ਲੋਕ ਸਭਾ ਦਾ ਮੈਂਬਰ ਬਣਨ ਲਈ ਸੰਵਿਧਾਨਕ ਤੌਰ 'ਤੇ ਸ. ਲਾਲਪੁਰਾ ਨੂੰ ਵਿਧਾਇਕੀ ਤੋਂ ਅਸਤੀਫ਼ਾ ਦੇਣਾ ਬਣਦਾ ਸੀ ਪਰ ਜਿਵੇਂ ਹੀ ਸ. ਲਾਲਪੁਰਾ ਨੂੰ ਲੋਕ ਸਭਾ ਦੇ ਮੈਂਬਰ ਚੁਣੇ ਜਾਣ ਦਾ ਐਲਾਨ ਕੀਤਾ ਗਿਆ, ਉਹ ਸਿੱਧੇ ਆਪਣੇ ਜੱਦੀ ਪਿੰਡ ਲਾਲਪੁਰਾ ਵਿਚ ਆਪਣੇ ਘਰ ਜਾ ਵੜੇ। ਉਨ੍ਹਾਂ ਵੱਲੋਂ ਆਪਣੇ ਘਰ ਅੰਦਰ ਹੀ ਛੁਪੇ ਰਹਿਣ ਨੂੰ ਲੈ ਕੇ ਹਾਕਮ ਪਾਰਟੀ ਡਾਢੀ ਚਿੰਤਾ ਵਿਚ ਫਸ ਗਈ। ਦੇਸ਼ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਸੀ ਕਿ ਕਿਸੇ ਵੀ ਪਾਰਟੀ ਜਾਂ ਫਿਰ ਧਿਰ ਕੋਲ ਕੇਂਦਰ ਵਿਚ ਸਰਕਾਰ ਦਾ ਗਠਨ ਕਰਨ ਲਈ ਸਪਸ਼ਟ ਬਹੁਮਤ ਨਹੀਂ ਸੀ ਪਰ ਭਾਰਤੀ ਜਨਤਾ ਭਾਰਤੀ ਜ਼ਿਆਦਾ ਮੈਂਬਰਾਂ ਵਾਲੀ ਪਾਰਟੀ ਜ਼ਰੂਰ ਬਣ ਚੁੱਕੀ ਸੀ।

ਕੌਮੀ ਪੱਧਰ 'ਤੇ ਚੱਲ ਰਹੀਆਂ ਗਿਣਤੀਆਂ-ਮਿਣਤੀਆਂ ਵਿਚ ਸੱਤਾ ਹਾਸਲ ਕਰਨ ਲਈ ਇਕ-ਇਕ ਵੋਟ ਦੀ ਸਖ਼ਤ ਜ਼ਰੂਰਤ ਸੀ। ਹਾਕਮ ਧਿਰ ਨੇ ਪਾਰਟੀ ਦੇ ਵੱਖ-ਵੱਖ ਆਗੂਆਂ ਰਾਹੀਂ ਸ. ਲਾਲਪੁਰਾ ਨੂੰ ਵਿਧਾਇਕ ਦੇ ਅਹੁਦੇ ਤੋਂ ਤਿਆਗ ਪੱਤਰ ਦੇ ਕੇ ਲੋਕ ਸਭਾ ਦੇ ਮੈਂਬਰ ਦੀ ਸਹੁੰ ਚੁੱਕਣ ਵਾਸਤੇ ਰਾਜ਼ੀ ਕਰਨ ਲਈ ਭੇਜਿਆ ਸੀ ਪਰ ਸ. ਲਾਲਪੁਰਾ ਨੇ ਅਜਿਹੀ ਨਾਂਹ ਆਖ ਦਿੱਤੀ ਕਿ ਉਹ ਹਾਂ ਆਖਣ ਲਈ ਰਜ਼ਾਮੰਦ ਹੀ ਨਹੀਂ ਹੋਏ। ਸ. ਲਾਲਪੁਰਾ ਵੱਲੋਂ ਲੋਕ ਸਭਾ ਵਿਚ ਨਾ ਜਾਣ ਕਰਕੇ ਤਰਨ ਤਾਰਨ ਸੀਟ ਖਾਲੀ ਕਰਾਰ ਦੇ ਦਿੱਤੀ ਗਈ। ਇਸ ਲਈ ਜ਼ਿਮਨੀ ਚੋਣ ਜੂਨ, 1998 ਨੂੰ ਹੋਈ। ਅਕਾਲੀ ਦਲ ਨੇ ਆਪਣਾ ਉਮੀਦਵਾਰ ਤਰਲੋਚਨ ਸਿੰਘ ਤੁੜ ਨੂੰ ਬਣਾਇਆ।

## ਭਾਰਤ ਵੱਲੋਂ ਬਦਲੇ ਦੀ ਕਰਵਾਈ ਤੋਂ ਇਨਕਾਰ

**ਵਸ਼ਿੰਗਟਨ:** ਬੀਤੇ ਮਹੀਨੇ ਅਮਰੀਕਾ ਦੇ ਪੁਲਿਸ ਅਧਿਕਾਰੀ ਦੀ ਗ੍ਰਿਫਤਾਰੀ ਬਾਰੇ ਭਾਰਤ ਨੇ ਸਪਸ਼ਟ ਕੀਤਾ ਹੈ ਕਿ ਇਸ ਗ੍ਰਿਫਤਾਰੀ ਦਾ ਭਾਰਤੀ ਕੂਟਨੀਤਕ ਅਧਿਕਾਰੀ ਦੇਵਯਾਨੀ ਖੋਬਰਾਗੜੇ ਦੇ ਮਾਮਲੇ ਨਾਲ ਕੋਈ ਸਬੰਧ ਨਹੀਂ ਹੈ। ਅਮਰੀਕੀ ਪੁਲਿਸ ਅਧਿਕਾਰੀ ਮੈਨੀ ਐਨਕਾਰਨੇਸ਼ਨ ਨੂੰ 11 ਮਾਰਚ ਨੂੰ 9 ਐਮ.ਐਮ. ਦੀਆਂ 3 ਗੋਲੀਆਂ ਸਮੇਤ ਇੰਦਰਾ ਗਾਂਧੀ ਇੰਟਰਨੈਸ਼ਨਲ ਹਵਾਈ ਅੱਡੇ 'ਤੇ ਗ੍ਰਿਫਤਾਰ ਕੀਤਾ ਸੀ ਜਿਸ ਨੂੰ ਉਸੇ ਦਿਨ ਹੀ ਦਿੱਲੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ ਜਿਸ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ ਸੀ। ਇਕ ਸੀਨੀਅਰ ਅਧਿਕਾਰੀ ਅਨੁਸਾਰ 40 ਸਾਲਾ ਮੈਨੀ ਆਪਣੀ ਪੂਨੇ ਰਹਿੰਦੀ ਪਤਨੀ ਨੂੰ ਮਿਲਣ ਆਇਆ ਸੀ ਪਰ ਆਪਣੇ ਕੋਲ ਅਸਲਾ ਰੱਖਣਾ ਭਾਰਤ ਦੇ ਕਾਨੂੰਨ ਦੇ ਉਲਟ ਹੈ। ਮੈਨੀ ਨੂੰ 17 ਅਪਰੈਲ ਨੂੰ ਮੁੜ ਅਦਾਲਤ ਵਿਚ ਹਾਜ਼ਰ ਹੋਣ ਲਈ ਕਿਹਾ ਗਿਆ ਹੈ। ਉਧਰ ਅਮਰੀਕੀ ਮੀਡੀਆ ਨੇ ਕਿਹਾ ਹੈ ਕਿ ਵੀਜ਼ਾ ਫਰਾਡ ਮਾਮਲੇ ਵਿਚ ਖੋਬਰਾਗੜੇ ਨੂੰ ਗ੍ਰਿਫਤਾਰ ਕਰਨ ਦੀ ਘਟਨਾ ਤੋਂ ਬਾਅਦ ਭਾਰਤ ਬਦਲਾ ਲੈ ਰਿਹਾ ਹੈ। ਇਸੇ ਦੌਰਾਨ ਅਮਰੀਕਾ ਨੇ ਕਿਹਾ ਹੈ ਕਿ ਹੁਣ ਬੀਤੇ ਦੇ ਤਣਾਅ ਵਿਚੋਂ ਨਿਕਲਣ ਤੇ ਅੱਗੇ ਵਧਣ ਦਾ ਸਮਾਂ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਰੀ ਹਰਫ ਨੇ ਵਸ਼ਿੰਗਟਨ ਵਿਚ ਕਿਹਾ ਹੈ ਕਿ ਅਸੀਂ ਪਿਛਲੇ ਮਹੀਨਿਆਂ ਤੋਂ ਚਲੇ ਆਉਂਦੇ ਤਣਾਅ ਵਿਚੋਂ ਨਿਕਲਣਾ ਚਹੁੰਦੇ ਹਾਂ ਤੇ ਅੱਗੇ ਵਧਣਾ ਚਾਹੁੰਦੇ ਹਾਂ।

## ਸੋਸ਼ਲ ਸਾਈਟਸ ਵੀ ਬਣੀਆਂ ਚੋਣ ਪ੍ਰਚਾਰ ਦਾ ਸਾਧਨ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਉਮੀਦਵਾਰਾਂ ਵੱਲੋਂ ਸੋਸ਼ਲ ਸਾਈਟਸ 'ਤੇ ਵੱਖੋ ਵੱਖਰੇ ਢੰਗ ਨਾਲ ਚੋਣ ਪ੍ਰਚਾਰ ਜ਼ੋਰਾਂ 'ਤੇ ਹੈ। ਪਾਰਟੀਆਂ ਦੇ ਸਮਰਥਕਾਂ ਤੇ ਵਰਕਰਾਂ ਵੱਲੋਂ ਆਪੋ ਆਪਣੇ ਉਮੀਦਵਾਰ ਦੇ ਹੱਕ ਵਿਚ ਨਿੱਤ ਦਿਨ ਨਵੇਂ-ਨਵੇਂ ਪੋਸਟਰ, ਵੱਖ-ਵੱਖ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੁੰਦੀਆਂ ਖ਼ਬਰਾਂ ਦੀਆਂ ਕਟਿੰਗਾਂ ਤੇ ਕਾਰਟੂਨ ਆਦਿ ਸੋਸ਼ਲ ਸਾਈਟਸ 'ਤੇ ਪਾਏ ਜਾ ਰਹੇ ਹਨ ਜਿਨ੍ਹਾਂ ਨੂੰ ਜਿਥੇ ਪਸੰਦ ਕੀਤਾ ਜਾ ਰਿਹਾ ਹੈ ਉਥੇ ਤਰ੍ਹਾਂ-ਤਰ੍ਹਾਂ ਦੇ ਕੁਮੈਂਟਸ ਵੀ ਦਰਜ ਕੀਤੇ ਜਾ ਰਹੇ ਹਨ। ਸੋਸ਼ਲ ਸਾਈਟਸ ਵਿਚੋਂ ਫੇਸਬੁੱਕ, ਵਟਸਐਪ, ਟਵਿੱਟਰ ਆਦਿ ਦੀ ਵਰਤੋਂ ਖੁੱਲ੍ਹ ਕੇ ਕੀਤੀ ਜਾ ਰਹੀ ਹੈ। ਪਾਰਟੀਆਂ ਦੇ ਵਰਕਰਾਂ ਤੇ ਸਮਰਥਕਾਂ ਵੱਲੋਂ ਚੋਣ ਪਿੜ ਵਿਚ ਨਿੱਤਰੇ ਉਮੀਦਵਾਰਾਂ ਦੀਆਂ ਤਸਵੀਰਾਂ ਸੋਸ਼ਲ ਸਾਈਟਸ 'ਤੇ ਪਾ ਕੇ ਕੁਮੈਂਟਸ ਮੰਗੇ ਜਾ ਰਹੇ ਹਨ ਕਿ ਇਨ੍ਹਾਂ ਵਿਚੋਂ ਤੁਹਾਡਾ ਪਸੰਦੀਦਾ ਉਮੀਦਵਾਰ ਕਿਹੜਾ ਹੈ, ਇਨ੍ਹਾਂ ਵਿਚੋਂ ਕਿਹੜਾ ਉਮੀਦਵਾਰ ਜਿੱਤੇਗਾ ਤੇ ਕਿਹੜਾ ਉਮੀਦਵਾਰ ਦੂਜੇ ਜਾਂ ਤੀਜੇ ਸਥਾਨ 'ਤੇ ਆਵੇਗਾ। ਇਸ ਤਰ੍ਹਾਂ ਇਨ੍ਹਾਂ ਸਾਈਟਸ 'ਤੇ ਵੋਟਰਾਂ ਦੀ ਪ੍ਰਤੀਕਿਰਿਆ ਜਾਣ ਕੇ ਇਕ ਤਰ੍ਹਾਂ ਨਾਲ ਚੋਣ ਸਰਵੇ ਵੀ ਕੀਤਾ ਜਾ ਰਿਹਾ ਹੈ। ਰਾਜਨੀਤਕ ਤੇ ਸਮਾਜਿਕ ਸਰਗਰਮੀਆਂ ਦੀਆਂ ਤਸਵੀਰਾਂ ਤੇ ਖ਼ਬਰਾਂ ਵੀ ਫੇਸਬੁੱਕ ਦਾ ਸ਼ਿੰਗਾਰ ਬਣ ਰਹੀਆਂ ਹਨ। ਸਮਰਥਕ ਆਪਣੇ ਉਮੀਦਵਾਰ ਦੀ ਹਰ ਪ੍ਰਾਪਤੀ ਨੂੰ ਸੋਸ਼ਲ ਸਾਈਟਸ ਦੇ ਜ਼ਰੀਏ ਵੋਟਰਾਂ ਤੱਕ ਪਹੁੰਚਾ ਰਹੇ ਹਨ। ਜੇਕਰ ਕਿਸੇ ਉਮੀਦਵਾਰ ਦੇ ਜਨਤਕ ਚੋਣ ਜਲਸੇ ਵਿਚ ਭਰਵਾਂ ਇਕੱਠ ਹੁੰਦਾ ਹੈ ਤਾਂ ਉਹ ਜਾਂ ਉਸ ਦੇ ਸਮਰਥਕ ਫੇਸਬੁੱਕ 'ਤੇ ਭਰਵੇਂ ਇਕੱਠ ਦੀ ਤਸਵੀਰ ਨੂੰ ਤੁਰੰਤ ਅਪਲੋਡ ਕਰ ਦਿੰਦੇ ਹਨ ਤਾਂ ਜੋ ਉਮੀਦਵਾਰ ਦੀ ਬੱਲੇ-ਬੱਲੇ ਹੋ ਜਾਵੇ। ਦੇਸ਼ ਤੇ ਪੰਜਾਬ ਦੇ ਵੱਡੇ-ਵੱਡੇ ਸਿਆਸੀ ਮਹਾਰਥੀਆਂ ਨੂੰ ਨਕਲੀ ਤਸਵੀਰਾਂ ਤੇ ਕਾਰਟੂਨਾਂ ਦੇ ਜ਼ਰੀਏ ਨੀਵਾਂ ਦਿਖਾਉਣ ਦਾ ਰੁਝਾਨ ਵੀ ਜ਼ੋਰਾਂ 'ਤੇ ਚੱਲ ਰਿਹਾ ਹੈ। ਮਜ਼ਾਹੀਆ ਕਿਸਮ ਦੀਆਂ ਤਸਵੀਰਾਂ ਦੇ ਜ਼ਰੀਏ ਮਜ਼ਾਕ ਵੀ ਉਡਾਇਆ ਜਾ ਰਿਹਾ ਹੈ। ਸੋਸ਼ਲ ਸਾਈਟਸ 'ਤੇ ਖੂਬ ਚੋਣ ਮਸਾਲਾ ਵੇਖਣ ਨੂੰ ਮਿਲ ਰਿਹਾ ਹੈ।



## ਪੂਤਿਨ ਤੇ ਅਲੈਗਜ਼ੈਂਦਰੋਵਾ 'ਚ ਤੋੜ-ਵਿਛੋੜਾ

**ਮਾਸਕੋ:** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਤੇ ਉਨ੍ਹਾਂ ਦੀ ਪਤਨੀ ਲਿਉਡਮਿਲਾ ਅਲੈਗਜ਼ੈਂਦਰੋਵਾ ਵਿਚਕਾਰ ਤਲਾਕ ਹੋ ਗਿਆ ਹੈ। ਦੋਵਾਂ ਨੇ ਪਿਛਲੇ ਸਾਲ ਜੂਨ ਵਿਚ ਤੋੜ-ਵਿਛੋੜੇ ਦਾ ਫੈਸਲਾ ਕਰ ਲਿਆ ਸੀ। ਹੁਣ ਇਸ ਦੀ ਪੁਸ਼ਟੀ ਕਰੈਮਲਿਨ ਸਰਕਾਰ ਨੇ ਵੀ ਕਰ ਦਿੱਤੀ ਹੈ। ਰਾਸ਼ਟਰਪਤੀ ਦੇ ਬੁਲਾਰੇ ਦਮਿਤਰੀ ਪੈਸਕੋਵ ਨੇ ਖ਼ਬਰ ਏਜੰਸੀ ਇਤਰ ਤਾਸ ਨੂੰ ਤਲਾਕ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪੂਤਿਨ ਤੇ ਉਨ੍ਹਾਂ ਦੀ ਪਤਨੀ ਵਿਚਕਾਰ ਤਲਾਕ ਹੋ ਗਿਆ ਹੈ।

ਦੋਵਾਂ ਨੇ ਪਿਛਲੇ ਸਾਲ ਜੂਨ ਵਿਚ ਅਚਾਨਕ ਤਲਾਕ ਲੈਣ ਦਾ ਐਲਾਨ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ। ਮਾਸਕੋ ਵਿਚ ਇਕ ਪ੍ਰੋਗਰਾਮ ਦੌਰਾਨ ਪੂਤਿਨ ਨੇ ਉਸ ਸਮੇਂ ਕਿਹਾ ਸੀ ਕਿ ਤਲਾਕ ਲੈਣ ਦਾ ਫੈਸਲਾ ਸਾਂਝਾ ਹੈ ਜਦਕਿ ਉਨ੍ਹਾਂ ਦੀ ਪਤਨੀ ਨੇ ਤਲਾਕ ਲਈ ਮੁੱਖ ਕਾਰਨ ਇਹ ਦੱਸਿਆ ਸੀ ਕਿ ਪੂਤਿਨ ਤੇ ਉਨ੍ਹਾਂ ਦਾ ਮਿਲਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਪੂਤਿਨ ਦੀਆਂ ਦੋ ਧੀਆਂ ਹਨ ਤੇ ਲਿਉਡਮਿਲਾ ਨਾਲ ਰਹਿੰਦੀਆਂ ਹਨ। ਲਿਉਡਮਿਲਾ ਪਿਛਲੇ ਲੰਮੇ ਸਮੇਂ ਤੋਂ ਜਨਤਕ ਤੌਰ 'ਤੇ ਗਾਇਬ ਹੋ ਗਈ ਹੈ। ਪੂਤਿਨ ਦੀਆਂ ਦੋਵੇਂ ਧੀਆਂ ਨੂੰ ਲੋਕ ਨਹੀਂ ਜਾਣਦੇ ਹਨ ਕਿਉਂਕਿ ਉਨ੍ਹਾਂ ਨੂੰ ਲੋਕਾਂ ਤੋਂ ਦੂਰ ਰੱਖਿਆ ਜਾਂਦਾ ਹੈ।

## ਸ਼ਾਹੀ ਸਹੂਲਤਾਂ ਮਾਣਦੇ ਨੇ ਭਾਰਤ ਦੇ ਸੰਸਦ ਮੈਂਬਰ

**ਚੰਡੀਗੜ੍ਹ:** ਦੇਸ਼ ਦੀ ਸੰਸਦ ਵਿਚ ਲੋਕਾਂ ਦੇ ਹੱਕਾਂ ਦੀ ਵਕਾਲਤ ਕਰਨ ਵਾਲੇ ਮੈਂਬਰ ਉੱਚ ਦਰਜੇ ਦੀਆਂ ਸਹੂਲਤਾਂ ਮਾਣਦੇ ਹਨ। ਇਹ ਸਹੂਲਤਾਂ ਦੇਸ਼ ਦੇ ਹੋਰ ਕਿਸੇ ਵੀ ਨਾਗਰਿਕ ਨੂੰ ਨਿਯਮਾਂ ਮੁਤਾਬਕ ਨਹੀਂ ਮਿਲਦੀਆਂ। ਸੂਚਨਾ ਅਧਿਕਾਰ ਤਹਿਤ ਹਾਸਲ ਜਾਣਕਾਰੀ ਅਨੁਸਾਰ ਹਰੇਕ ਸੰਸਦ ਮੈਂਬਰ ਨੂੰ ਹਰ ਮਹੀਨੇ 50 ਹਜ਼ਾਰ ਰੁਪਏ ਤਨਖ਼ਾਹ, ਦੋ ਹਜ਼ਾਰ ਰੁਪਏ ਰੋਜ਼ਾਨਾ ਭੱਤਾ ਤੇ 45 ਹਜ਼ਾਰ ਰੁਪਏ ਪ੍ਰਤੀ ਮਹੀਨਾ ਦਫ਼ਤਰੀ ਖਰਚਾ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਇਸ ਤੋਂ ਇਲਾਵਾ ਹਰੇਕ ਸੰਸਦ ਮੈਂਬਰ ਨੂੰ ਦੇਸ਼ ਦੇ ਕਿਸੇ ਵੀ ਹਿੱਸੇ ਵਿਚੋਂ ਦਿੱਲੀ ਆਉਣ ਲਈ ਰੇਲਵੇ ਦੇ ਵਾਤਾਨੁਕੂਲ ਪਹਿਲੇ ਦਰਜੇ ਵਿਚ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਹੈ। ਹਰ ਐਮ.ਪੀ. ਹਵਾਈ ਸਫ਼ਰ ਰਾਹੀਂ ਦਿੱਲੀ ਆ ਸਕਦਾ ਹੈ। ਇਸ ਦਾ ਖਰਚਾ ਸਰਕਾਰ ਝੱਲਦੀ ਹੈ। ਜੇਕਰ ਕੋਈ ਐਮ.ਪੀ. ਸੜਕ ਦੇ ਰਸਤੇ ਸਫ਼ਰ ਕਰਦਾ ਹੈ ਤਾਂ ਉਸ ਨੂੰ 16 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਕਿਰਾਇਆ ਭੱਤਾ ਸਰਕਾਰ ਮੁਹੱਈਆ ਕਰਵਾਉਂਦੀ ਹੈ।

ਹਰੇਕ ਐਮ.ਪੀ. ਨੂੰ 105 ਰੁਪਏ ਵਿਚ ਸ਼ਾਹੀ ਆਵਾਸ ਮੁਹੱਈਆ ਕਰਵਾਉਣ ਬਾਰੇ ਵੀ ਬਾਕਾਇਦਾ ਤੌਰ 'ਤੇ ਨਿਯਮ ਬਣਾਏ ਗਏ ਹਨ। ਇਸ ਸ਼ਾਹੀ ਆਵਾਸ ਵਿਚ ਸੋਫ਼ਾ ਸੈੱਟ, ਪਰਦੇ, ਪਾਏਦਾਨ, ਕੂੜੇਦਾਨ ਤੇ ਗਮਲੇ ਰੱਖਣ ਦਾ ਖਰਚਾ ਵੀ ਭਾਰਤ ਸਰਕਾਰ ਝੱਲਦੀ ਹੈ। ਮੁਫ਼ਤ ਵਾਂਗ ਮਿਲੀ ਇਸ ਰਿਹਾਇਸ਼ਗਾਹ ਵਿਚ ਫਰਨੀਚਰ ਦਾ 60 ਹਜ਼ਾਰ ਰੁਪਏ ਖਰਚਾ ਵੀ ਸਰਕਾਰ ਹੀ ਅਦਾ ਕਰਦੀ ਹੈ।

ਐਮ.ਪੀ. ਦੇ ਘਰ ਲੱਗੇ ਪਰਦੇ ਤੇ ਸਾਫ਼ ਸਫ਼ਾਈ ਦੇ ਸਮੁੱਚੇ ਖਰਚੇ ਵੀ ਹਰ ਤਿੰਨ ਮਹੀਨੇ ਬਾਅਦ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਹਰ ਸੰਸਦ ਮੈਂਬਰ ਆਪਣੇ ਜੀਵਨ ਸਾਥੀ ਲਈ ਵੀ ਉੱਚ ਪੱਧਰ ਦੀਆਂ ਸਹੂਲਤਾਂ ਲੈਣ ਦਾ ਹੱਕਦਾਰ ਹੈ। ਸੰਸਦ ਮੈਂਬਰ ਇਕ ਸਾਲ ਵਿਚ 1.50 ਲੱਖ ਟੈਲੀਫ਼ੋਨ ਕਾਲਾਂ ਮੁਫ਼ਤ ਕਰ ਸਕਦਾ ਹੈ ਜਦੋਂ ਕਿ ਹਰ ਮਹੀਨੇ ਚਾਰ ਹਜ਼ਾਰ ਲਿਟਰ ਪਾਣੀ ਤੇ ਹਰ ਸਾਲ 50 ਹਜ਼ਾਰ ਯੂਨਿਟ ਬਿਜਲੀ ਸੰਸਦ ਮੈਂਬਰ ਨੂੰ ਮੁਫ਼ਤ ਮੁਹੱਈਆ ਕਰਵਾਉਣੀ ਸਰਕਾਰ ਦੀ ਜ਼ਿੰਮੇਵਾਰੀ ਹੈ। ਸੰਸਦ ਮੈਂਬਰਾਂ ਦੀ ਸਹੂਲਤ ਲਈ ਪਾਰਲੀਮੈਂਟ ਕੰਪਲੈਕਸ ਅੰਦਰ ਕੌਮੀਕ੍ਰਿਤ ਬੈਂਕ, ਆਮਦਨ ਕਰ ਵਿਭਾਗ ਦੇ ਦਫ਼ਤਰ ਤੇ ਪੈਟਰੋਲੀਅਮ ਵਿਭਾਗ ਦੇ ਸਟੋਰ ਤੇ ਵੱਡੇ ਸ਼ਾਪਿੰਗ ਮਾਲ ਖੋਲ੍ਹੇ ਗਏ ਹਨ ਜਿੱਥੋਂ ਉਹ ਟੈਕਸ ਮੁਕਤ ਸਾਮਾਨ ਦੀ ਖਰੀਦੋ ਫਰੋਖ਼ਤ ਕਰ ਸਕਦੇ ਹਨ।



ਸੰਸਦ ਵਿਚ ਹੀ ਪੰਜ ਤਾਰਾ ਪੱਧਰ ਦੀ ਮੈੱਸ ਤਿਆਰ ਕੀਤੀ ਗਈ ਹੈ ਜਿੱਥੇ ਮੈਂਬਰਾਂ ਨੂੰ ਲਜ਼ੀਜ਼ ਖਾਣੇ ਮਾਮੂਲੀ ਭਾਅ 'ਤੇ ਪਰੋਸਣ ਦਾ ਪ੍ਰਬੰਧ ਹੈ। ਬਾਜ਼ਾਰ ਵਿਚ 300 ਰੁਪਏ ਵਿਚ ਮਿਲਣ ਵਾਲੀ ਮੱਛੀ ਦੀ ਪਲੇਟ ਪਾਰਲੀਮੈਂਟ ਦੀ ਮੈੱਸ ਵਿਚ 17 ਰੁਪਏ ਵਿਚ ਦਿੱਤੀ ਜਾਂਦੀ ਹੈ ਜਦੋਂ ਕਿ ਕੌਫ਼ੀ ਦਾ ਕੱਪ ਇਕ ਰੁਪਏ ਤੇ ਸਮੋਸਾ ਦੋ ਰੁਪਏ ਦਾ ਹੈ। ਹੋਰ ਕੋਈ ਵੀ ਸਾਮਾਨ 30 ਰੁਪਏ ਤੋਂ ਮਹਿੰਗਾ ਨਹੀਂ ਹੈ।

# ਅਮੀਰ ਮੁਲਕਾਂ ਨੂੰ ਆਲਮੀ ਤਪਸ਼ ਬਾਰੇ ਭੁਲੇਖੇ ਛੱਡਣ ਦੀ ਸਲਾਹ

**ਨਵੀਂ ਦਿੱਲੀ:** ਸੰਯੁਕਤ ਰਾਸ਼ਟਰ ਦੀ ਆਈ.ਪੀ.ਸੀ.ਸੀ ਦੀ ਵਾਤਾਵਰਨ ਬਾਰੇ ਹਾਲੀਆ ਰਿਪੋਰਟ ਵਿਚ ਆ ਰਹੇ ਖ਼ਤਰਿਆਂ ਬਾਰੇ ਬੜੀ ਗੰਭੀਰਤਾ ਨਾਲ ਚਿਤਾਵਨੀ ਦਿੱਤੀ ਗਈ ਹੈ। ਯੋਕੋਹਾਮਾ ਵਿਚ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੇਕਰ ਅਮੀਰ ਮੁਲਕ ਸੋਚਦੇ ਹਨ ਕਿ ਉਹ ਆਲਮੀ ਤਪਸ਼ ਦੇ ਮਾਰੂ ਪ੍ਰਭਾਵਾਂ ਤੋਂ ਬਚੇ ਰਹਿਣਗੇ ਤਾਂ ਉਨ੍ਹਾਂ ਨੂੰ ਮੁੜ ਵਿਚਾਰਨ ਦੀ ਲੋੜ ਹੈ। ਵਾਤਾਵਰਨ ਦੀ ਤਬਦੀਲੀ ਖੇਤੀ, ਮਨੁੱਖੀ ਸਿਹਤ, ਆਲੇ-ਦੁਆਲੇ, ਜ਼ਮੀਨ, ਸਮੁੰਦਰਾਂ ਤੇ ਜਲ ਸਪਲਾਈ ਦਾ ਘਾਣ ਕਰਨ ਦੇ ਨਾਲ-ਨਾਲ ਕੁਝ ਲੋਕਾਂ ਦੀ ਰੋਜ਼ੀ-ਰੋਟੀ ਵੀ ਖੋਹ ਚੁੱਕੀ ਹੈ। ਇਹ ਧਰਤੀ ਦੇ ਸਾਰੇ ਖਿੱਤਿਆਂ ਨੂੰ ਗ੍ਰਿਫਤ ਵਿਚ ਲੈ ਰਹੀ ਹੈ। ਛੋਟੇ ਟਾਪੂਆਂ ਤੋਂ ਵੱਡੇ ਮਹਾਂਦੀਪ ਤੱਕ ਅਮੀਰ ਤੋਂ ਗਰੀਬ ਮੁਲਕਾਂ ਤੱਕ ਸਭ ਥਾਈਂ ਇਸ ਦੀ ਮਾਰ ਪੈ ਰਹੀ ਹੈ।

ਵਾਤਾਵਰਨ ਵਿਚ ਤਬਦੀਲੀ ਬਾਰੇ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਧਰਤੀ ਦਾ ਕੋਈ ਬਾਸ਼ਿੰਦਾ ਇਨ੍ਹਾਂ ਤਬਦੀਲੀਆਂ ਤੋਂ ਅਛੂਤਾ ਨਹੀਂ ਰਹਿ ਸਕਦਾ। ਰਿਪੋਰਟ ਵਿਚ ਵਿਸ਼ਵ ਭਰ ਦੇ ਸਭ ਤੋਂ ਵੱਧ ਖ਼ਤਰੇ ਦੀ ਮਾਰ ਹੇਠ ਆਏ ਲੋਕਾਂ, ਸਨਅਤਾਂ ਤੇ ਖੇਤਰਾਂ ਦੀ ਸ਼ਨਾਖਤ ਵੀ ਕੀਤੀ ਗਈ ਹੈ। ਰਿਪੋਰਟ ਵਿਚ ਉਨ੍ਹਾਂ ਲੋਕਾਂ, ਸਨਅਤਾਂ ਤੇ ਵਾਤਾਵਰਨ-ਪ੍ਰਣਾਲੀਆਂ ਦੀ ਸ਼ਨਾਖਤ ਕੀਤੀ ਗਈ ਹੈ ਜਿਨ੍ਹਾਂ ਉਪਰ ਆਲਮੀ ਤਪਸ਼ ਦਾ ਸਭ ਤੋਂ ਵੱਧ ਅਸਰ ਪੈਣ ਦੀ ਸੰਭਾਵਨਾ ਹੈ। ਭਾਰਤ ਤੇ ਚੀਨ ਵਿਚ ਨਾ ਸਿਰਫ ਪੀਣ ਦੇ ਪਾਣੀ ਦੀ ਬੇਇੰਤਹਾ ਕਿੱਲਤ ਪੈਦਾ ਹੋ ਜਾਵੇਗੀ ਸਗੋਂ ਖੁਰਾਕੀ ਅਨਾਜਾਂ ਦੀ ਪੈਦਾਵਾਰ ਵੀ ਘਟ ਜਾਵੇਗੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੇਕਰ ਤਾਪਮਾਨ ਦੋ ਤੋਂ ਚਾਰ ਡਿਗਰੀ ਸੈਲਸੀਅਸ ਤੱਕ ਵੀ ਵਧਦਾ ਹੈ ਤਾਂ ਹੜ੍ਹਾਂ ਦਾ ਖਤਰਾ ਵਧ ਜਾਵੇਗਾ ਤੇ ਤਿੱਖੀ ਧੁੱਪ ਕਾਰਨ ਇਮਾਰਤਾਂ ਤਿੜਕ ਜਾਣਗੀਆਂ। ਲਿਹਾਜ਼ਾ, ਇਮਾਰਤਾਂ ਨੂੰ ਧੁੱਪ ਤੇ ਅੰਤਾਂ ਦੀ ਤਪਸ਼ ਨਾਲ ਸਿੱਝਣ ਦੇ ਕਾਬਲ ਬਣਾਉਣਾ ਪਵੇਗਾ। ਕਹਿਰਾਂ ਦੀ ਗਰਮੀ ਨਾਲ ਵਧ ਮਨੁੱਖੀ ਜਾਨਾਂ ਜਾਣੀਆਂ ਯਕੀਨੀ ਹਨ। ਨਾਲ ਹੀ ਚਮੜੀ ਦੇ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵੀ ਵਧ ਜਾਵੇਗੀ। ਇਸ ਲਈ ਹੁਣ ਤੋਂ ਹੀ ਨਵੀਆਂ ਦਵਾਈਆਂ ਤੇ ਗਰਮੀ ਤੋਂ ਬਚਣ ਦੇ ਨਵੇਂ ਸਾਧਨਾਂ ਦੀ ਈਜਾਦ ਦਾ ਕੰਮ ਸ਼ੁਰੂ ਹੋ ਜਾਣਾ ਚਾਹੀਦਾ ਹੈ।

## ਭਾਰਤੀ ਮੂਲ ਦੇ ਕਾਰੋਬਾਰੀ 'ਤੇ ਪਤਨੀ ਦੀ ਹੱਤਿਆ ਦਾ ਦੋਸ਼

**ਜੋਹਨਸਬਰਗ:** ਲੰਡਨ 'ਚ ਭਾਰਤੀ ਮੂਲ ਦਾ ਕਾਰੋਬਾਰੀ ਸ਼ਿਰੇਨ ਦੀਵਾਨੀ 2010 'ਚ ਹੋਏ ਆਪਣੀ ਪਤਨੀ ਐਨੀ ਦੀ ਹੱਤਿਆ ਦੇ ਮਾਮਲੇ 'ਚ ਦੱਖਣੀ ਅਫਰੀਕੀ ਅਦਾਲਤ 'ਚ ਪੇਸ਼ ਹੋਇਆ। ਇਸ ਦੌਰਾਨ ਅਦਾਲਤ ਨੇ ਉਸ 'ਤੇ ਕਤਲ ਦਾ ਦੋਸ਼ ਲਾਇਆ ਹੈ। ਇਸ ਤੋਂ ਬਾਅਦ ਦੀਵਾਨੀ ਨੂੰ ਰਿਮਾਂਡ 'ਤੇ ਭੇਜ ਦਿੱਤਾ ਗਿਆ ਜਿਸ ਦੌਰਾਨ ਉਹ ਸਾਈਕੈਟਰਿਕ ਹਸਪਤਾਲ 'ਚ ਰਹੇਗਾ। ਅਦਾਲਤ ਵਿਚ ਦੀਵਾਨੀ ਚੁੱਪ-ਚਾਪ ਬੈਠਾ ਰਿਹਾ।

ਇਸ ਕੇਸ ਦੀ ਅਗਲੀ ਸੁਣਵਾਈ 12 ਮਈ ਨੂੰ ਹੋਵੇਗੀ। ਬੀਤੇ ਦਿਨੀਂ ਹੀ ਇੰਗਲੈਂਡ ਨੇ ਦੀਵਾਨੀ ਨੂੰ ਦੱਖਣੀ ਅਫਰੀਕਾ ਨੂੰ ਸੌਂਪਿਆ ਸੀ। ਦੀਵਾਨੀ ਨੂੰ ਸਖਤ ਸੁਰੱਖਿਆ ਪ੍ਰਬੰਧ ਹੇਠ ਵੈਸਟਰਨ ਕੇਪਟਾਊਨ ਦੀ ਹਾਈਕੋਰਟ ਵਿਚ ਪੇਸ਼ ਕੀਤਾ ਗਿਆ ਜਿਥੇ ਜਾਂਚ ਟੀਮ ਵਲੋਂ ਉਸ ਤੋਂ ਪੁੱਛ-ਗਿੱਛ ਕੀਤੀ ਗਈ। ਨਿਆਂ ਵਿਭਾਗ ਦੇ ਬੁਲਾਰੇ ਮੁਤਾਬਕ ਦੀਵਾਨੀ ਨੂੰ ਚਾਰਟਰਡ ਜਹਾਜ਼ ਰਾਹੀਂ ਕੇਪਟਾਊਨ ਲਿਆਂਦਾ ਗਿਆ।

ਕੱਰੀ ਕੁਕ ਤੇ ਹੈਲਪਰ ਦੀ ਲੋੜ ਹੈ
ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
ਸੰਪਰਕ ਕਰੋ:
316-691-8300 ਜਾਂ 316-518-5382
12-15

ਇੰਡੀਅਨ ਰੈਸਟੋਰੈਂਟ ਲਈ ਸਟਾਫ ਦੀ ਲੋੜ ਹੈ
ਕੈਨਸਸ ਸਿਟੀ, ਮਿਜ਼ੌਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ, ਸਹਾਇਕ ਕੱਰੀ ਕੁੱਕ, ਵੇਟਰ ਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ
ਫੋਨ: 816-806-6065


Security Cameras
Special promotion
for limited time only
1000 TVL camera for the price of 700 TVL camera
Limit 4 for each customer only
*For more Details, Contact:*
Balbir S Sidhu-209-495-3905 (Cell)
Toll Free (888) 233-4566
DVRunlimited Inc.
Fax-(209) 982-9133

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

When Banks Say-No, We Say-ਹਾਂ ਜੀ
We provide Cash (ਕੈਸ਼) Flow to transport companies any size-**Big or Small**
We will fund the sale of your freight invoice(s) quickly

Compare our **fees and services** with our competitors.
**We will not be undersold**.
**Invoice of any size is welcome**
(ਇਨਵਾਇਸ ਦਾ ਸਾਈਜ਼ ਕੋਈ ਵੀ ਹੋਵੇ)
*Less paperwork and hassle free approvals*
ਸੰਪਰਕ ਕਰੋ
ਬਰਜਿੰਦਰ ਸਿੰਘ, ਫੋਨ: 716-312-1212
American Factoring Group, Inc.
Visit us on the web: www.factor101.com

**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 95 ਡਾਲਰ, ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲੋਕ ਸਭਾ ਚੋਣਾਂ ਵਿਚ ਪਰਿਵਾਰਵਾਦ ਦਾ ਬੋਲਬਾਲਾ

**ਚੰਡੀਗੜ੍ਹ:** ਪੰਜਾਬ ਵਿਚ ਮੁੱਖ ਸਿਆਸੀ ਧਿਰਾਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਉਨ੍ਹਾਂ ਉਮੀਦਵਾਰਾਂ 'ਤੇ ਹੀ ਦਾਅ ਖੇਡ ਰਹੀਆਂ ਹਨ ਜਿਨ੍ਹਾਂ ਦੇ ਪਰਿਵਾਰ ਪਿਛਲੇ ਕਈ ਦਹਾਕਿਆਂ ਤੋਂ ਰਾਜਨੀਤੀ ਵਿਚ ਸਰਗਰਮ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਨਾਲ ਸਬੰਧਤ ਦੋ ਜੀਅ ਆਹਮੋ ਸਾਹਮਣੇ ਮੈਦਾਨ ਵਿਚ ਡਟੇ ਹੋਏ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰਸਿਮਰਤ ਕੌਰ ਬਾਦਲ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ ਜਦਕਿ ਮੁੱਖ ਮੰਤਰੀ ਦੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਕਾਂਗਰਸ ਦੀ ਹਮਾਇਤ ਨਾਲ ਬਠਿੰਡਾ ਤੋਂ ਚੋਣ ਲੜ ਰਹੇ ਹਨ।

ਦੂਜੇ ਪਾਸੇ ਸੂਬੇ ਦੇ ਚੋਣ ਇਤਿਹਾਸ ਵਿਚ ਕਿਸੇ ਵੱਡੀ ਸਿਆਸੀ ਪਾਰਟੀ ਨੇ ਪਹਿਲੀ ਵਾਰੀ ਪਤੀ-ਪਤਨੀ ਨੂੰ ਚੋਣ ਲੜਾਈ ਹੈ। ਕਾਂਗਰਸ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭਾਜਪਾ ਦੇ ਅਰੁਣ ਜੇਤਲੀ ਦੇ ਮੁਕਾਬਲੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਤੇ ਉਨ੍ਹਾਂ ਦੀ ਪਤਨੀ ਪਰਨੀਤ ਕੌਰ ਨੂੰ ਸ਼ਾਹੀ ਪਰਿਵਾਰ ਦੇ ਰਵਾਇਤੀ ਲੋਕ ਸਭਾ ਹਲਕਾ ਪਟਿਆਲਾ ਤੋਂ ਟਿਕਟ ਦਿੱਤੀ ਗਈ ਹੈ। ਕਾਂਗਰਸ ਨੇ ਫ਼ਿਰੋਜ਼ਪੁਰ ਤੋਂ ਸੁਨੀਲ ਜਾਖੜ ਨੂੰ ਚੋਣ ਪਿੜ ਵਿਚ ਉਤਾਰਿਆ ਹੈ। ਉਨ੍ਹਾਂ ਦੇ ਪਿਤਾ ਬਲਰਾਮ ਜਾਖੜ ਕਾਂਗਰਸ ਵਿਚ ਵੱਡੇ ਅਹੁਦਿਆਂ 'ਤੇ ਰਹੇ ਹਨ। ਵੱਡੇ ਜਾਖੜ ਫਿਰੋਜ਼ਪੁਰ ਤੋਂ ਲੋਕ ਸਭਾ ਚੋਣ ਲੜੇ ਸਨ। ਲੁਧਿਆਣਾ ਤੋਂ ਕਾਂਗਰਸ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਵੀ ਪਰਿਵਾਰਵਾਦ ਦੀ ਉਦਾਹਰਨ ਹਨ। ਉਨ੍ਹਾਂ ਦੇ ਦਾਦਾ ਬੇਅੰਤ ਸਿੰਘ ਮੁੱਖ ਮੰਤਰੀ, ਤਾਇਆ ਮੰਤਰੀ ਤੇ ਇਕ ਚਚੇਰਾ ਭਰਾ ਗੁਰਕੀਰਤ ਸਿੰਘ ਵਿਧਾਇਕ ਹੈ। ਉਨ੍ਹਾਂ ਨੂੰ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਨੇ ਆਨੰਦਪੁਰ ਸਾਹਿਬ ਤੋਂ ਚੋਣ ਲੜਾਈ ਸੀ।


ਹਰਸਿਮਰਤ ਕੌਰ ਬਾਦਲ


ਕੈਪਟਨ ਅਮਰਿੰਦਰ ਸਿੰਘ


ਰਵਨੀਤ ਸਿੰਘ ਬਿੱਟੂ

ਸ਼੍ਰੋਮਣੀ ਅਕਾਲੀ ਦਲ ਦੀ ਫ਼ਰੀਦਕੋਟ ਤੋਂ ਉਮੀਦਵਾਰ ਪਰਮਜੀਤ ਕੌਰ ਗੁਲਸ਼ਨ ਵੀ ਪਰਿਵਾਰਕ ਸਿਆਸਤ ਨੂੰ ਅੱਗੇ ਵਧਾ ਰਹੇ ਹਨ। ਉਨ੍ਹਾਂ ਦੇ ਪਤੀ ਜਸਟਿਸ (ਸੇਵਾਮੁਕਤ) ਨਿਰਮਲ ਸਿੰਘ ਬਸੀ ਪਠਾਣਾ ਹਲਕੇ ਤੋਂ ਅਕਾਲੀ ਦਲ ਦੇ ਵਿਧਾਇਕ ਹਨ। ਕਾਂਗਰਸ ਦੇ ਗੁਰਦਾਸਪੁਰ ਤੋਂ ਉਮੀਦਵਾਰ ਪ੍ਰਤਾਪ ਸਿੰਘ ਬਾਜਵਾ, ਹੁਸ਼ਿਆਰਪੁਰ ਤੋਂ ਮਹਿੰਦਰ ਸਿੰਘ ਕੇ.ਪੀ. ਤੇ ਸੰਗਰੂਰ ਤੋਂ ਵਿਜੇਇੰਦਰ ਸਿੰਗਲਾ ਵੀ ਪਰਿਵਾਰਵਾਦ ਦੀ ਰਾਜਨੀਤੀ ਦਾ ਹੀ ਹਿੱਸਾ ਹਨ। ਕਾਂਗਰਸ ਪ੍ਰਧਾਨ ਦੇ ਪਿਤਾ ਸਤਨਾਮ ਸਿੰਘ ਬਾਜਵਾ ਕਾਂਗਰਸ ਤੇ ਅਕਾਲੀ ਦਲ ਵਿਚ ਵੱਡੇ ਅਹੁਦਿਆਂ 'ਤੇ ਰਹੇ। ਦਰਸ਼ਨ ਸਿੰਘ ਕੇ.ਪੀ. ਵੀ ਕਾਂਗਰਸ ਦੇ ਵੱਡੇ ਆਗੂਆਂ ਵਿਚ ਸਨ। ਜਲੰਧਰ ਤੋਂ ਚੌਧਰੀ ਸੰਤੋਖ ਸਿੰਘ ਦੇ ਪਿਤਾ ਮਾਸਟਰ ਗੁਰਬੰਤਾ ਸਿੰਘ ਕਾਂਗਰਸ ਦੇ ਮੋਹਰੀ ਆਗੂਆਂ ਵਿਚੋਂ ਸਨ ਤੇ ਉਨ੍ਹਾਂ ਦੇ ਭਰਾ ਚੌਧਰੀ ਜਗਜੀਤ ਸਿੰਘ ਵੀ ਕਾਂਗਰਸ ਦੇ ਸੀਨੀਅਰ ਆਗੂਆਂ ਵਿਚ ਸ਼ਾਮਲ ਹਨ। ਸੰਤ ਰਾਮ ਸਿੰਗਲਾ ਪਟਿਆਲਾ ਤੋਂ ਸੰਸਦ ਮੈਂਬਰ ਰਹਿ ਚੁੱਕੇ ਹਨ ਤੇ ਉਨ੍ਹਾਂ ਦੇ ਪੁੱਤਰ ਵਿਜੇਇੰਦਰ ਸਿੰਗਲਾ ਨੇ ਦੂਜੀ ਵਾਰੀ ਟਿਕਟ ਹਾਸਲ ਕੀਤੀ ਹੈ।

## ਭਰਜਾਈ ਦੇ ਕਤਲ ਦੇ ਦੋਸ਼ ਵਿਚ ਡੇਰਾ ਮੁਖੀ ਗ੍ਰਿਫਤਾਰ

**ਜਲੰਧਰ:** ਪੈਸੇ ਦਿਵਾਉਣ ਦੇ ਬਹਾਨੇ ਬੁਲਾ ਕੇ ਆਪਣੀ ਭਰਜਾਈ ਨੂੰ ਮਾਰਨ ਦੇ ਦੋਸ਼ ਵਿਚ ਪਿੰਡ ਬੋਲੀਨਾ ਦੇ ਡੇਰਾ ਬਾਬਾ ਭਗਤ ਰਾਮ ਦੇ ਮੁਖੀ ਗਿਆਨੀ ਮਹਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਨੇ ਆਪਣੀ ਭਰਜਾਈ ਕਮਲਜੀਤ ਕੌਰ ਨੂੰ ਮਾਰ ਕੇ ਲਾਸ਼ ਗਟਰ ਵਿਚ ਸੁੱਟ ਦਿੱਤੀ ਸੀ। ਥਾਣਾ ਮੁਖੀ ਬਿਮਲ ਕਾਂਤ ਨੇ ਦੱਸਿਆ ਕਿ ਮਹਿੰਦਰ ਸਿੰਘ ਦੇ ਰਿਮਾਂਡ ਉਪਰੰਤ ਪੁੱਛ-ਗਿੱਛ ਦੌਰਾਨ ਉਸ ਦੀ ਨਿਸ਼ਾਨਦੇਹੀ 'ਤੇ ਕਮਲਜੀਤ ਕੌਰ ਪਤਨੀ ਮਰਹੂਮ ਗੁਰਮੀਤ ਸਿੰਘ ਵਾਸੀ ਪ੍ਰਿਥਵੀ ਨਗਰ ਦੀ ਐਕਟਿਵਾ, ਪੁਲਿਸ ਵੱਲੋਂ ਜਲੰਧਰ ਛਾਉਣੀ ਰੇਲਵੇ ਸਟੇਸ਼ਨ ਤੋਂ ਬਰਾਮਦ ਕੀਤੀ ਗਈ। ਇਸ ਤੋਂ ਇਲਾਵਾ ਉਹ ਕੈਂਚੀ ਵੀ ਪੁਲਿਸ ਨੇ ਲੱਭ ਲਈ ਜਿਸ ਨਾਲ ਮੁਲਜ਼ਮ ਵੱਲੋਂ ਮ੍ਰਿਤਕਾ ਵੱਲੋਂ ਪਹਿਨੇ ਗਏ ਕੱਪੜੇ ਕੱਟੇ ਗਏ ਸਨ। ਮੁਲਜ਼ਮ ਵੱਲੋਂ ਕੱਪੜੇ ਸਾੜ ਕੇ ਜੌਹਲਾਂ ਪਿੰਡ ਦੇ ਛੱਪੜ ਵਿਚ ਸੁੱਟੇ ਗਏ ਸਨ। ਥਾਣਾ ਮੁਖੀ ਮੁਤਾਬਕ ਮਹਿੰਦਰ ਸਿੰਘ ਦਾ ਪਿਛੋਕੜ ਪਹਿਲਾਂ ਵੀ ਸਮਾਜ ਵਿਰੋਧੀ ਗਤੀਵਿਧੀਆਂ ਵਾਲਾ ਰਿਹਾ ਹੈ। ਵਰਨਣਯੋਗ ਹੈ ਕਿ ਗਿਆਨੀ ਮਹਿੰਦਰ ਸਿੰਘ ਨੇ ਆਪਣੀ ਭਰਜਾਈ ਦਾ ਦੋ ਵਿਅਕਤੀਆਂ ਨਾਲ ਨਾਜਾਇਜ਼ ਸਬੰਧਾਂ ਦੇ ਸ਼ੱਕ ਦੇ ਆਧਾਰ 'ਤੇ 4 ਅਪਰੈਲ ਨੂੰ ਉਕਤ ਪਿੰਡ ਦੇ ਇਕ ਧਾਰਮਿਕ ਸਥਾਨ 'ਤੇ ਗਲਾ ਘੁੱਟ ਕੇ ਕਤਲ ਕਰ ਦਿੱਤਾ ਗਿਆ ਸੀ ਅਤੇ ਲਾਸ਼ ਗਟਰ ਵਿਚ ਸੁੱਟ ਦਿੱਤੀ ਗਈ।



# ਭਾਰਤੀ ਜਨਤਾ ਪਾਰਟੀ ਅਸਲੀ ਰੰਗ 'ਚ

*(ਸਫਾ ਇਕ ਦੀ ਬਾਕੀ)*

ਮਨੋਹਰ ਜੋਸ਼ੀ ਨੇ ਕਿਹਾ ਕਿ ਚੋਣ ਮਨੋਰਥ ਪੱਤਰ ਕੇਵਲ ਵਿਕਾਸ ਅਤੇ ਚੰਗੇ ਸ਼ਾਸਨ ਦੇ ਮੁੱਦਿਆਂ 'ਤੇ ਆਧਾਰਤ ਹੈ। ਪਾਰਟੀ ਨੇ ਰਾਮ ਮੰਦਰ ਦਾ ਮੁੱਦਾ 'ਸੱਭਿਆਚਾਰਕ ਵਿਰਾਸਤ' ਅਧਿਆਏ ਵਿਚ ਰੱਖਿਆ ਹੈ ਅਤੇ ਪਾਰਟੀ ਨੂੰ ਸੱਭਿਆਚਾਰਕ ਪੱਖੋਂ ਜੋ ਅਹਿਮ ਲੱਗਿਆ, ਉਹ ਦੱਸ ਦਿੱਤਾ ਗਿਆ ਹੈ। ਇਕਸਾਰ ਸਿਵਲ ਕੋਡ ਬਾਰੇ ਉਨ੍ਹਾਂ ਕਿਹਾ ਕਿ ਭਾਜਪਾ ਦਾ ਮੰਨਣਾ ਹੈ ਕਿ ਭਾਰਤ ਵਿਚ ਉਦੋਂ ਤੱਕ ਲਿੰਗ ਬਰਾਬਰੀ ਨਹੀਂ ਹੋ ਜਾਂਦੀ, ਜਦੋਂ ਤੱਕ ਇਹ ਇਕਸਾਰ ਸਿਵਲ ਕੋਡ ਲਾਗੂ ਨਹੀਂ ਕਰਦਾ। ਹਿੰਦੂਤਵ ਵਾਲੇ ਮੁੱਦੇ ਚੋਣ ਮਨੋਰਥ ਪੱਤਰ ਵਿਚ ਸ਼ਾਮਲ ਕਰਨ 'ਤੇ ਭਾਜਪਾ ਦੀ ਕਰੜੀ ਆਲੋਚਨਾ ਕਰਦਿਆਂ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ ਹੈ ਕਿ ਇਸ ਦਾ ਫਿਰਕੂ ਏਜੰਡਾ ਦੇਸ਼ ਲਈ ਗੰਭੀਰ ਖਤਰਾ ਹੈ। ਇਹ ਏਜੰਡਾ ਮੁਲਕ ਦੀ ਏਕਤਾ ਤੇ ਅਖੰਡਤਾ ਲਈ ਬਹੁਤ ਵੱਡਾ ਖਤਰਾ ਹੈ, ਇਕ ਕਾਂਗਰਸ ਹੀ ਹੈ ਜੋ ਦੇਸ਼ ਨੂੰ ਇਕਜੁੱਟ ਰੱਖ ਸਕਦੀ ਹੈ।

**ਬਾਦਲ ਵੱਲੋਂ ਮੈਨੀਫੈਸਟੋ ਦਾ ਸਵਾਗਤ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਾਰਤੀ ਜਨਤਾ ਪਾਰਟੀ ਵੱਲੋਂ ਜਾਰੀ ਕੀਤੇ ਚੋਣ ਮਨੋਰਥ ਪੱਤਰ ਦਾ ਸਵਾਗਤ ਕਰਦਿਆਂ ਇਸ ਨੂੰ ਆਧੁਨਿਕ ਵਿਕਾਸ ਤੇ ਪ੍ਰਸ਼ਾਸਕੀ ਦੂਰਅੰਦੇਸ਼ੀ ਵਾਲਾ ਦਸਤਾਵੇਜ਼ ਕਰਾਰ ਦਿੱਤਾ ਹੈ। ਇਸ ਚੋਣ ਮਨੋਰਥ ਪੱਤਰ ਵਿਚ ਦੇਸ਼ ਵਿਚ ਘੱਟ-ਗਿਣਤੀਆਂ ਦੀ ਸੁਰੱਖਿਆ, ਭਲਾਈ ਤੇ ਉਨ੍ਹਾਂ ਦੇ ਅਧਿਕਾਰਾਂ ਦੀ ਰਾਖੀ ਉਤੇ ਵਿਸ਼ੇਸ਼ ਜ਼ੋਰ ਦੇਣ 'ਤੇ ਉਹ ਖ਼ੁਸ਼ ਹਨ।

## ਬਾਦਲ ਫਿਰਕਾਪ੍ਰਸਤੀ ਬਾਰੇ ਪੱਖ ਸਪਸ਼ਟ ਕਰਨ: ਕੈਪਟਨ

**ਚੰਡੀਗੜ੍ਹ:** ਸਾਬਕਾ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਖਿਆ ਕਿ ਉਹ ਭਾਜਪਾ ਦੇ ਚੋਣ ਮਨੋਰਥ ਪੱਤਰ ਵਿਚ ਸ਼ਾਮਲ ਤਿੰਨ ਵਿਵਾਦਗ੍ਰਸਤ ਮੁੱਦਿਆਂ 'ਤੇ ਆਪਣਾ ਪੱਖ ਸਪਸ਼ਟ ਕਰਨ। ਭਾਜਪਾ ਦੇ ਚੋਣ ਮਨੋਰਥ ਪੱਤਰ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸ. ਬਾਦਲ ਕੋਲੋਂ ਭਾਜਪਾ ਦੇ ਚੋਣ ਮਨੋਰਥ ਪੱਤਰ ਵਿਚ ਐਲਾਨੇ ਇਕਸਾਰ ਸਿਵਲ ਕੋਡ, ਧਾਰਾ 370 ਦੀ ਸਮਾਪਤੀ ਤੇ ਅਯੁੱਧਿਆ ਵਿਚ ਵਿਵਾਦਤ ਸਥਾਨ 'ਤੇ ਮੰਦਰ ਦੇ ਨਿਰਮਾਣ ਬਾਰੇ ਉਨ੍ਹਾਂ ਦਾ ਪੱਖ ਜਾਣਨਾ ਚਾਹੁੰਦੇ ਹਨ। ਉਨ੍ਹਾਂ ਸ੍ਰੀ ਅਰੁਨ ਜੇਤਲੀ ਨੂੰ ਵੀ ਆਖਿਆ ਕਿ ਉਹ ਵੀ ਸਪਸ਼ਟ ਕਰਨ ਕਿ ਕੀ ਉਹ ਇਨ੍ਹਾਂ ਤਿੰਨਾਂ ਮੁੱਦਿਆਂ ਦਾ ਪੰਜਾਬ ਵਿਚ ਸਮਰਥਨ ਕਰਨਗੇ? ਉਨ੍ਹਾਂ ਕਿਹਾ ਕਿ ਉਹ ਖਾਸ ਕਰ ਕੇ ਸ. ਬਾਦਲ ਕੋਲੋਂ ਸਵਾਲ ਪੁੱਛ ਰਹੇ ਹਨ ਜਿਨ੍ਹਾਂ ਹਮੇਸ਼ਾ ਸਿੱਖਾਂ ਲਈ ਵੱਖਰੇ ਪਰਸਨਲ ਲਾਅ ਦੀ ਮੰਗ ਕੀਤੀ ਹੈ ਤੇ ਧਾਰਾ 370 ਨੂੰ ਹਟਾਉਣ ਦਾ ਸਖ਼ਤ ਵਿਰੋਧ ਕਰਦਿਆਂ ਸੂਬਿਆਂ ਨੂੰ ਵਧੇਰੇ ਅਧਿਕਾਰ ਦੇਣ ਦਾ ਸਮਰਥਨ ਕੀਤਾ ਹੈ।

# ਕੋਬਰਾਪੋਸਟ: ਭਾਜਪਾ ਦੀਆਂ ਸਭ ਸਕੀਮਾਂ ਧਰੀਆਂ-ਧਰਾਈਆਂ ਰਹਿ ਗਈਆਂ

*(ਸਫਾ ਇਕ ਦੀ ਬਾਕੀ)*

ਹਿੰਦੂਤਵ ਦੇ ਅਸਤਰ ਨੂੰ ਲੁਕਾ ਕੇ ਰੱਖਣਾ ਚਾਹੁੰਦੀ ਸੀ। ਇਸ ਲਈ ਨਰੇਂਦਰ ਮੋਦੀ ਦੇ ਗੁਜਰਾਤ ਵਿਕਾਸ ਮਾਡਲ ਦੇ ਸਹਾਰੇ ਬਾਜ਼ੀ ਮਾਰਨ ਦੀ ਦੌੜ ਵਿਚ ਸੀ ਪਰ ਕੋਬਰਾਪੋਸਟ ਦੇ ਖੁਲਾਸੇ ਮਗਰੋਂ ਹਾਲਾਤ ਕੁਝ ਬਦਲ ਗਏ ਹਨ। ਥੱਕੀ ਹਾਰੀ ਕਾਂਗਰਸ ਨੇ ਫਿਰਕੂਪ੍ਰਸਤੀ ਦੇ ਮੁੱਦੇ 'ਤੇ ਵਿਰੋਧੀ ਧਿਰ ਭਾਜਪਾ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਨਰੇਂਦਰ ਮੋਦੀ ਦਾ ਵਿਕਾਸ ਮਾਡਲ ਵੀ ਰੁਲ ਗਿਆ ਤੇ ਐਨ.ਡੀ.ਏ. ਦੀਆਂ ਭਾਈਵਾਲ ਪਾਰਟੀਆਂ ਨੂੰ ਵੀ ਸਵਾਲਾਂ ਦੀ ਬੁਛਾੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੋਬਰਾਪੋਸਟ ਮੁਤਾਬਕ ਸੰਘ ਪਰਿਵਾਰ ਦੀਆਂ ਵੱਖ-ਵੱਖ ਬਰਾਂਚਾਂ ਨੇ 6 ਦਸੰਬਰ, 1992 ਨੂੰ ਅਯੁੱਧਿਆ ਵਿਚ ਵਿਵਾਦ ਵਾਲੇ ਢਾਂਚੇ ਨੂੰ ਡੇਗਣ ਲਈ ਯੋਜਨਾ ਬਣਾਈ। ਯੋਜਨਾ ਬੜੇ ਗੁਪਤ ਤਰੀਕੇ ਨਾਲ ਫ਼ੌਜੀ ਯੋਜਨਾ ਦੀ ਤਰਜ਼ 'ਤੇ ਬਣਾਈ ਗਈ ਸੀ। ਇਸ ਲਈ ਕਾਰਕੁਨਾਂ ਨੂੰ ਬਾਕਾਇਦਾ ਸਿਖਲਾਈ ਅਤੇ ਹਰ ਪ੍ਰਕਾਰ ਦੀ ਮਦਦ ਦਿੱਤੀ ਗਈ।

ਸਿਖਲਾਈ ਪ੍ਰਾਪਤ ਕਾਰਕੁਨ ਭੀੜ ਵਿਚ ਸ਼ਾਮਲ ਹੋ ਗਏ ਤੇ ਵਿਵਾਦ ਵਾਲਾ ਢਾਂਚਾ ਡੇਗ ਦਿੱਤਾ। ਭਾਜਪਾ ਬੇਸ਼ੱਕ ਇਸ ਨੂੰ ਸਿਆਸੀ ਸਟੰਟ ਕਰਾਰ ਦੇ ਰਹੀ ਹੈ, ਪਰ ਇਹ ਰਿਪੋਰਟ ਲਿਬਰਹਾਨ ਅਯੁੱਧਿਆ ਕਮਿਸ਼ਨ ਦੀਆਂ ਲੱਭਤਾਂ ਦੀ ਪੁਸ਼ਟੀ ਕਰਦੀ ਹੈ ਕਿ ਬਾਬਰੀ ਮਸਜਿਦ ਢਾਹੇ ਜਾਣ ਦੀ ਤਿਆਰੀ ਗੁੱਪ-ਚੁੱਪ ਤਰੀਕੇ ਨਾਲ ਪਹਿਲਾਂ ਹੀ ਯੋਜਨਾਬੱਧ ਢੰਗ ਨਾਲ ਕੀਤੀ ਗਈ ਸੀ, ਤੇ ਸੰਘ ਪਰਿਵਾਰ ਲਈ ਕਲਿਆਣ ਸਿੰਘ ਦੀ ਸਰਕਾਰ ਇਸ ਪੱਖੋਂ ਬਹੁਤ ਸਹਾਈ ਹੋਈ ਸੀ। ਗੁਜਰਾਤ ਵਿਚ ਬਜਰੰਗ ਦਲ ਨੇ 38 ਕਾਡਰਾਂ ਲਈ ਮਹੀਨੇ ਦਾ ਸਿਖਲਾਈ ਪ੍ਰੋਗਰਾਮ ਰੱਖਿਆ ਤੇ ਫ਼ੌਜ ਤੋਂ ਸੇਵਾ ਮੁਕਤ ਹੋਏ ਉਚ ਅਧਿਕਾਰੀਆਂ ਨੇ ਉਨ੍ਹਾਂ ਨੂੰ ਸਿਖਲਾਈ ਦਿੱਤੀ।

ਕੋਬਰਾਪੋਸਟ ਨੇ ਇਸ ਦਾਅਵੇ ਨੂੰ ਖਾਰਜ ਕੀਤਾ ਹੈ ਕਿ ਭੀੜ ਕਾਬੂ ਤੋਂ ਬਾਹਰ ਹੋ ਗਈ ਸੀ ਤੇ ਉਸ ਨੇ 16ਵੀਂ ਸਦੀ ਦਾ ਵਿਵਾਦ ਵਾਲਾ ਢਾਂਚਾ ਡੇਗ ਦਿੱਤਾ ਸੀ। ਕੋਬਰਾਪੋਸਟ ਦੇ ਦਾਅਵੇ ਮੁਤਾਬਕ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ, ਉਤਰ ਪ੍ਰਦੇਸ਼ ਦੇ ਉਸ ਵੇਲੇ ਦੇ ਮੁੱਖ ਮੰਤਰੀ ਕਲਿਆਣ ਸਿੰਘ ਤੇ ਪ੍ਰਧਾਨ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਤੋਂ ਇਲਾਵਾ ਸ਼ਿਵ ਸੈਨਾ ਸੁਪਰੀਮੋ ਬਾਲ ਠਾਕਰੇ ਨੂੰ ਵਿਵਾਦ ਵਾਲਾ ਢਾਂਚਾ ਡੇਗਣ ਬਾਰੇ ਰਚੀ ਯੋਜਨਾ ਦੀ ਪੂਰੀ ਜਾਣਕਾਰੀ ਸੀ।

ਦੋਵਾਂ ਰਿਪੋਰਟਾਂ ਦੇ ਸਿੱਟੇ ਇਹ ਹਨ ਕਿ ਇਸ ਦੀਆਂ ਤਿਆਰੀਆਂ ਪਹਿਲਾਂ ਹੀ ਕੀਤੀਆਂ ਗਈਆਂ ਸਨ ਤੇ ਪ੍ਰਸ਼ਾਸਨ ਤੇ ਪੁਲਿਸ ਨੇ ਮਸਜਿਦ ਢਾਹੁਣ ਦੇ ਕੰਮ ਵਿਚ ਯੋਗਦਾਨ ਪਾਇਆ। ਜਸਟਿਸ ਲਿਬਰਹਾਨ ਨੇ ਇਹ ਜ਼ੋਰ ਦੇ ਕੇ ਕਿਹਾ ਸੀ ਕਿ ਦਸੰਬਰ 1992 ਨੂੰ ਸੰਕਟ ਦੇ ਐਨ ਸਿਖਰ ਮੌਕੇ ਵੀ ਕਲਿਆਣ ਸਿੰਘ ਨੇ ਮਿਥ ਕੇ ਚੁੱਪ ਧਾਰੀ ਰੱਖੀ ਤੇ ਕੋਈ ਵੀ ਅਜਿਹਾ ਉਪਰਾਲਾ ਨਹੀਂ ਹੋਣ ਦਿੱਤਾ ਜੋ ਅਯੁੱਧਿਆ ਮੁਹਿੰਮ ਜਾਂ ਢਾਂਚਾ ਢਾਹੇ ਜਾਣ, ਪੱਤਰਕਾਰਾਂ ਤੇ ਨਿਰਦੋਸ਼ਾਂ ਉਤੇ ਹਮਲੇ ਰੋਕਣ ਵਿਚ ਅੜਿੱਕਾ ਬਣਦਾ।

ਰਿਪੋਰਟ ਅਨੁਸਾਰ ਮੁੱਖ ਮੰਤਰੀ ਤੇ ਉਸ ਦਾ ਕੈਬਨਿਟ ਹੀ ਸਾਰੇ ਸਿਸਟਮ ਦੇ ਢਹਿ-ਢੇਰੀ ਹੋਣ ਦਾ ਕਾਰਨ ਬਣੇ। ਸਰਕਾਰ ਨੇ ਤੈਅ ਕੀਤੇ ਢੰਗ ਨਾਲ ਉਹ ਸਾਰੇ ਅਧਿਕਾਰੀ ਹਟਾਏ ਜੋ ਇਸ ਕੰਮ ਵਿਚ ਅੜਿੱਕਾ ਬਣ ਸਕਦੇ ਸਨ। ਰਿਪੋਰਟ ਅਨੁਸਾਰ ਕਲਿਆਣ ਸਿੰਘ ਨੂੰ ਘਟਨਾਕ੍ਰਮ ਦਾ ਪਹਿਲਾਂ ਹੀ ਪਤਾ ਸੀ। ਪੰਜ ਦਸੰਬਰ 1992 ਦੀ ਰਾਤ ਨੂੰ ਉਨ੍ਹਾਂ ਨੂੰ ਪਤਾ ਸੀ ਕਿ ਢਾਂਚਾ ਡੇਗ ਦਿੱਤਾ ਜਾਵੇਗਾ।

ਸਮਝਿਆ ਜਾ ਰਿਹਾ ਹੈ ਕਿ ਇਕ ਵਾਰ ਤਾਂ ਕਲਿਆਣ ਸਿੰਘ ਨੇ 6 ਦਸੰਬਰ ਨੂੰ ਉਦੋਂ ਸਵੇਰੇ ਅਸਤੀਫਾ ਦੇਣ ਦਾ ਮਨ ਬਣਾ ਲਿਆ ਸੀ, ਜਦੋਂ ਉਸ ਨੂੰ ਢਾਂਚਾ ਢਾਹੁਣ ਲਈ ਹਮਲਾ ਸ਼ੁਰੂ ਹੋਣ ਦਾ ਪਤਾ ਲੱਗਿਆ ਪਰ ਆਰ.ਐਸ.ਐਸ. ਦੇ ਵੀ. ਸ਼ੇਸ਼ਾਦਰੀ ਤੇ ਮੁਰਲੀ ਮਨੋਹਰ ਜੋਸ਼ੀ ਜਿਹਿਆਂ ਨੇ ਉਸ ਨੂੰ ਅਜਿਹਾ ਨਾ ਕਰਨ ਦਿੱਤਾ ਤੇ ਲਖਨਊ ਵਿਚ ਭਾਜਪਾ ਆਗੂਆਂ ਨੇ ਇਕ ਤਰ੍ਹਾਂ ਉਦੋਂ ਤੱਕ ਬੰਦੀ ਹੀ ਬਣਾਈ ਰੱਖਿਆ ਜਦੋਂ ਤੱਕ ਕੰਮ ਤਮਾਮ ਨਹੀਂ ਹੋ ਗਿਆ।

ਵਿਰੋਧ ਕਰ ਸਕਣ ਵਾਲੇ ਅਫਸਰਾਂ ਨੂੰ ਹਟਾਉਣ ਬਾਰੇ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਹਮਦਰਦ ਪ੍ਰਸ਼ਾਸਨ ਤੇ ਪੁਲਿਸ ਨੇ ਜੋਸ਼ ਵਿਚ ਆਏ ਲੋਕਾਂ ਦਾ ਕੰਮ ਸੁਖਾਲਾ ਕਰ ਦਿੱਤਾ। ਆਪਣੀ ਸੰਵਿਧਾਨਕ ਡਿਊਟੀ ਨਿਭਾਉਣ ਦੀ ਬਜਾਏ ਉਹ ਕਾਰ ਸੇਵਕਾਂ ਨੂੰ ਉਹ ਸਿਰਦਰਦੀ ਨਿਬੇੜਨ ਲਈ ਹੁੱਝਾਂ ਮਾਰਦੇ ਰਹੇ ਜੋ ਉਨ੍ਹਾਂ ਲਈ ਬਾਬਰੀ ਮਸਜਿਦ ਬਣ ਚੁੱਕੀ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਕਤਲੇਆਮ 84: ਸੋਨੀਆ ਵੱਲੋਂ ਅਦਾਲਤ ਨੂੰ ਪਾਸਪੋਰਟ ਦੀ ਕਾਪੀ ਦੇਣ ਤੋਂ ਇਨਕਾਰ

**ਨਿਊ ਯਾਰਕ:** ਸੋਨੀਆ ਗਾਂਧੀ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕੇਸ ਵਿਚ ਦਸਤਾਵੇਜ਼ੀ ਸਬੂਤ ਵਜੋਂ ਆਪਣੇ ਪਾਸਪੋਰਟ ਦੀ ਕਾਪੀ ਅਮਰੀਕੀ ਅਦਾਲਤ ਨੂੰ ਦੇਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਹੈ ਕਿ ਭਾਰਤ ਸਰਕਾਰ ਨੇ ਨਿੱਜੀ ਸੁਰੱਖਿਆ ਤੇ ਗੁਪਤਤਾ ਦੇ ਆਧਾਰ 'ਤੇ ਉਸ ਨੂੰ ਅਜਿਹਾ ਕਰਨੋਂ ਰੋਕ ਦਿੱਤਾ ਹੈ। ਅਮਰੀਕੀ ਜ਼ਿਲ੍ਹਾ ਜੱਜ ਬਰਿਆਨ ਕੋਗਨ ਨੇ ਪਿਛਲੇ ਮਹੀਨੇ ਸੋਨੀਆ ਗਾਂਧੀ ਨੂੰ 7 ਅਪਰੈਲ ਤੱਕ ਕੋਈ ਦਸਤਾਵੇਜ਼ੀ ਸਬੂਤ ਮੁਹੱਈਆ ਕਰਵਾਉਣ ਲਈ ਕਿਹਾ ਸੀ ਤਾਂ ਕਿ ਅਦਾਲਤ ਉਸ ਦੀ ਅਮਰੀਕਾ ਵਿਚ ਹਾਜ਼ਰੀ ਬਾਰੇ ਤੈਅ ਕਰ ਸਕੇ।



ਇਹ ਅਦਾਲਤੀ ਹੁਕਮ ਸਿੱਖਸ ਫਾਰ ਜਸਟਿਸ (ਐਫ.ਐਫ.ਜੇ.) ਵੱਲੋਂ ਪਾਏ ਮੁਕੱਦਮੇ ਦੇ ਆਧਾਰ 'ਤੇ ਹੋਏ ਸਨ। ਜਥੇਬੰਦੀ ਨੇ ਦਾਅਵਾ ਕੀਤਾ ਸੀ ਕਿ ਜਦੋਂ ਸੋਨੀਆ ਗਾਂਧੀ ਪਿਛਲੇ ਸਾਲ ਸਤੰਬਰ ਵਿਚ ਸ਼ਹਿਰ ਦੇ ਮੈਮੋਰੀਅਲ ਸਲੋਆਨ ਕੈਟਰਿੰਗ ਕੈਂਸਰ ਸੈਂਟਰ ਵਿਚ ਸਰਕਾਰੀ ਜਾਂਚ ਲਈ ਪੁੱਜੀ ਸੀ, ਤਾਂ ਇਸ ਨੇ ਇਸ ਨੂੰ ਅਦਾਲਤੀ ਸੰਮਨ ਦਿੱਤੇ ਸਨ। ਗਾਂਧੀ ਵਿਰੁੱਧ ਇਹ ਮੁਕੱਦਮਾ ਇਸ ਟੇਕ 'ਤੇ ਖੜ੍ਹਾ ਹੈ ਕਿ 9 ਸਤੰਬਰ ਨੂੰ ਸਿੱਖ ਜਥੇਬੰਦੀ ਦੇ ਦਾਅਵੇ ਅਨੁਸਾਰ ਉਸ ਨੂੰ ਸੰਮਨ ਦਿੱਤੇ ਗਏ ਸਨ ਜਾਂ ਨਹੀਂ ਜਾਂ ਉਹ ਉਸ ਸਮੇਂ ਦੌਰਾਨ ਅਮਰੀਕਾ ਵਿਚ ਹਾਜ਼ਰ ਨਹੀਂ ਸੀ।

ਐਸ.ਐਫ.ਜੇ. ਨੇ ਕਾਂਗਰਸੀ ਪਾਰਟੀ ਦੇ ਆਗੂਆਂ ਕਮਲ ਨਾਥ, ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਤੋਂ ਹੋਰਾਂ ਦੀ 1984 ਦੇ ਕਤਲੇਆਮ ਵਿਚ ਭੂਮਿਕਾ ਲਈ ਮੁਕੱਦਮੇ ਚਲਾਏ ਜਾਣ ਤੋਂ ਬਚਾਉਣ ਕਾਰਨ ਸੋਨੀਆ ਗਾਂਧੀ ਤੋਂ ਸਜ਼ਾ ਪੱਖੋਂ ਹੋਈ ਢਿੱਲਮੱਠ ਲਈ ਹਰਜਾਨੇ ਦੀ ਮੰਗ ਕੀਤੀ ਹੈ।

# ਪਾਕਿ ਵਿਚ 9 ਮਹੀਨਿਆਂ ਦੇ ਬੱਚੇ ਖ਼ਿਲਾਫ਼ ਕੇਸ ਦਰਜ

**ਲਾਹੌਰ:** ਪਾਕਿਸਤਾਨ ਵਿਚ 9 ਮਹੀਨੇ ਦੇ ਬੱਚੇ ਖ਼ਿਲਾਫ਼ ਪੁਲਿਸ ਟੀਮ 'ਤੇ ਹਮਲਾ ਕਰਕੇ ਕਤਲ ਕਰਨ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਨੇ ਲਾਹੌਰ ਦੇ ਕਸਬੇ ਵਿਚ ਛਾਪੇਮਾਰੀ ਦੌਰਾਨ ਕਥਿਤ ਤੌਰ 'ਤੇ ਅਜਿਹਾ ਕਾਰਾ ਕਰਨ ਵਾਲੇ 9 ਮਹੀਨਿਆਂ ਦੇ ਮੂਸਾ ਤੇ ਉਸ ਦੇ ਪਿਤਾ ਅਹਿਮਦ ਨੂੰ ਗ੍ਰਿਫ਼ਤਾਰ ਕੀਤਾ ਸੀ।

ਦੋਵਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਫ਼ਾਕਤ ਅਲੀ ਨੇ ਮੂਸਾ ਨੂੰ 12 ਅਪਰੈਲ ਤੱਕ ਜ਼ਮਾਨਤ ਦਿੰਦਿਆਂ, ਪੁਲਿਸ ਨੂੰ ਬੱਚੇ ਦੇ ਬਿਆਨ ਕਲਮਬੱਧ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੁਲਜ਼ਮ ਦੇ ਵਕੀਲ ਇਰਫ਼ਾਨ ਤਰਾਰ ਦਾ ਕਹਿਣਾ ਹੈ ਕਿ ਪੁਲਿਸ ਜਦੋਂ ਮੂਸਾ ਨੂੰ ਬੇਕਸੂਰ ਸਾਬਤ ਕਰੇਗੀ ਤਾਂ ਹੀ ਉਸ ਨੂੰ ਪੱਕੀ ਜ਼ਮਾਨਤ ਮਿਲੇਗੀ।

# ਕਾਤਲ ਦੀ ਸ਼ਨਾਖ਼ਤ ਲਈ ਕੁੱਤਾ ਗਵਾਹ ਵਜੋਂ ਪੇਸ਼

**ਲੰਡਨ:** ਫਰਾਂਸ ਦੀ ਅਦਾਲਤ ਵਿਚ 9 ਸਾਲ ਦੇ ਕੁੱਤੇ ਨੂੰ ਕਤਲ ਦੇ ਦੋਸ਼ੀ ਦੀ ਪਛਾਣ ਲਈ ਗਵਾਹ ਵਜੋਂ ਸੱਦਿਆ ਗਿਆ। ਇਸ ਕੁੱਤੇ ਦੇ ਮਾਲਕ ਦੇ ਕਾਤਲ ਦੀ ਪਛਾਣ ਲਈ ਉਸ ਨੂੰ ਕਟਹਿਰੇ ਵਿਚ ਲਿਆਂਦਾ ਗਿਆ ਸੀ। ਟੈਂਗੋ ਨਾਂ ਦੇ ਇਸ ਲੈਬਰੇਡੋਰ ਨੂੰ ਕੇਂਦਰੀ ਫਰਾਂਸ ਦੇ ਸ਼ਹਿਰ ਟੂਅਰਜ਼ ਦੀ ਅਦਾਲਤ ਵਿਚ ਉਸ ਦੇ ਮਾਲਕ ਦੇ ਮਸ਼ਕੂਕ ਕਾਤਲ ਦੀ ਪਛਾਣ ਕਰਨ ਲਈ ਮੁੱਢਲੀ ਸੁਣਵਾਈ ਮੌਕੇ ਬੁਲਾਇਆ ਗਿਆ ਸੀ। ਜੱਜ ਨੇ ਮਸ਼ਕੂਕ ਨੂੰ ਹੁਕਮ ਦਿੱਤਾ ਕਿ ਉਹ ਕੁੱਤੇ ਨੂੰ ਇਕ ਬੱਲੇ ਨਾਲ ਡਰਾਵੇ ਤਾਂ ਕਿ ਟੈਂਗੋ ਦੀਆਂ ਪ੍ਰਤੀਕਿਰਿਆਵਾਂ ਤੋਂ ਸਚਾਈ ਦਾ ਪਤਾ ਲਾਇਆ ਜਾ ਸਕੇ।

ਇਹ ਟੈਸਟ ਸਹੀ ਰੱਖਣ ਦੇ ਮਨਸ਼ੇ ਨਾਲ ਇਕ ਹੋਰ ਇਸੇ ਉਮਰ ਤੇ ਨਸਲ ਦੇ ਕੁੱਤੇ ਨਾਰਮਨ ਨੂੰ 'ਕੰਟਰੋਲ ਗਰੁੱਪ' ਵਜੋਂ ਵੀ ਅਦਾਲਤ ਵਿਚ ਲਿਆਂਦਾ ਗਿਆ ਸੀ। ਸੂਤਰਾਂ ਅਨੁਸਾਰ ਇਹ ਤਜਰਬਾ ਸਫ਼ਲ ਨਹੀਂ ਹੋ ਸਕਿਆ। ਫਰਾਂਸ ਵਿਚ ਕੁੱਤਿਆਂ ਨੂੰ ਅਕਸਰ ਅਦਾਲਤ ਵਿਚ ਲਿਆਂਦਾ ਜਾਂਦਾ ਹੈ।


**Want to Sell Your Home**

**We can sell your home fast @ best price.**

**ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ**



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

**Please call me to find out value of your home.**
**If you are thinking to Buy or Sell a Home, please give us a chance**

*Call: Sohanpreet 'Sam' Chahal*
**@916-612-5773**

Serving from Bay Area to Sacramento

**Multi-Million Dollars Producer-2007 to 2012**

**Golden State Realty**

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707



**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

*ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ*
*ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ*

*ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ*
*ਗੁਰਬੰਸ ਗਿੱਲ, ਫੋਨ: 209-815-1869*



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**



**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**

**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

**ਸੰਪਰਕ ਕਰੋ: ਪਾਲ ਫੋਨ 1-800-705-3863**

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

**Transportation Funding Group, Inc.**

Minneapolis , MN 55426

# ਭਾਜਪਾ ਸਿੱਖ ਕਿਸਾਨਾਂ ਦੇ ਉਜਾੜੇ ਲਈ ਜ਼ਿੰਮੇਵਾਰ: ਕੈਪਟਨ

**ਅੰਮ੍ਰਿਤਸਰ:** ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਦੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਨੇ ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਨੂੰ ਮੁੜ ਟਿਕਟ ਨਾ ਦੇ ਕੇ ਅੰਮ੍ਰਿਤਸਰ ਤੋਂ ਬਾਹਰ ਕਰਨ ਤੇ ਗੁਜਰਾਤ ਦੇ ਕੱਛ ਇਲਾਕੇ ਵਿਚੋਂ ਸਿੱਖ ਕਿਸਾਨਾਂ ਦੇ ਉਜਾੜੇ ਦਾ ਹਵਾਲਾ ਦਿੰਦਿਆਂ ਭਾਜਪਾ ਨੂੰ ਘੱਟ ਗਿਣਤੀ ਵਿਰੋਧੀ ਪਾਰਟੀ ਕਰਾਰ ਦਿੱਤਾ।

ਅੰਮ੍ਰਿਤਸਰ ਵਿਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਨੇ ਗੁਜਰਾਤ ਦੇ ਕੱਛ ਇਲਾਕੇ ਵਿਚੋਂ ਪੰਜਾਬੀ ਕਿਸਾਨਾਂ ਦਾ ਉਜਾੜਾ ਕੀਤਾ ਹੈ ਤੇ ਗੁਜਰਾਤ ਤੋਂ ਹੀ ਰਾਜ ਸਭਾ ਮੈਂਬਰ ਅਰੁਣ ਜੇਤਲੀ ਜੋ ਹੁਣ ਅੰਮ੍ਰਿਤਸਰ ਤੋਂ ਚੋਣ ਲੜ ਰਹੇ ਹਨ, ਨੇ ਇਸ ਮਾਮਲੇ ਬਾਰੇ ਕਦੇ ਮੁੱਦਾ ਨਹੀਂ ਉਠਾਇਆ ਹੈ। ਉਨ੍ਹਾਂ ਨੇ ਨਰਿੰਦਰ ਮੋਦੀ ਨੂੰ ਵੀ ਘੱਟ ਗਿਣਤੀਆਂ ਵਿਰੋਧੀ ਦੱਸਦਿਆਂ ਗੁਜਰਾਤ ਵਿਚ 2002 ਵਿਚ ਵਾਪਰੇ ਫਿਰਕੂ ਦੰਗਿਆਂ ਦਾ ਹਵਾਲਾ ਦਿੱਤਾ। ਇਸ ਤੋਂ ਇਲਾਵਾ ਸਿੱਖ ਕਿਸਾਨਾਂ ਦਾ ਉਜਾੜਾ ਤੇ ਈਸਾਈ ਭਾਈਚਾਰੇ ਨਾਲ ਮਾੜੇ ਵਤੀਰੇ ਦਾ ਹਵਾਲਾ ਵੀ ਰੱਖਿਆ।

ਉਨ੍ਹਾਂ ਨੇ ਨਵਜੋਤ ਸਿੰਘ ਸਿੱਧੂ ਦਾ ਮਾਮਲਾ ਉਭਾਰਦਿਆਂ ਆਖਿਆ ਕਿ ਉਸ ਨੇ ਸ਼ਹਿਰ ਦੇ ਵਿਕਾਸ ਲਈ ਜੱਦੋਜਹਿਦ ਕੀਤੀ ਸੀ ਪਰ ਉਸ ਨੂੰ ਟਿਕਟ ਨਾ ਦੇ ਕੇ ਸ਼ਹਿਰ ਤੋਂ ਹੀ ਬਾਹਰ ਕਰ ਦਿੱਤਾ ਗਿਆ ਹੈ। ਮੌਜੂਦਾ ਸਰਕਾਰ ਨੇ ਸ਼ਹਿਰ ਦੇ ਵਿਕਾਸ ਲਈ ਕੁਝ ਨਹੀਂ ਕੀਤਾ। ਉਨ੍ਹਾਂ ਨੇ ਸ੍ਰੀ ਜੇਤਲੀ ਨੂੰ ਪੁੱਛਿਆ ਕਿ ਉਹ ਸ਼ਹਿਰ ਦੇ ਵਿਕਾਸ ਲਈ ਕੀ ਕਰ ਸਕਦੇ ਹਨ ਜਦੋਂਕਿ ਉਨ੍ਹਾਂ ਦੀ ਪਾਰਟੀ ਦਾ ਸੰਸਦ ਮੈਂਬਰ ਪਹਿਲਾਂ ਹੀ ਅਕਾਲੀਆਂ ਨੇ ਸਿਰਫ਼ ਇਸ ਕਰਕੇ 'ਆਊਟ' ਕਰ ਦਿੱਤਾ ਕਿਉਂਕਿ ਉਹ ਸ਼ਹਿਰ ਦਾ ਵਿਕਾਸ ਮੰਗਦਾ ਸੀ।

ਸ੍ਰੀ ਜੇਤਲੀ ਵੱਲੋਂ ਕੌਮੀ ਮੁੱਦਿਆਂ 'ਤੇ ਬਹਿਸ ਕਰਨ ਲਈ ਦਿੱਤੇ ਗਏ ਸੱਦੇ ਨੂੰ ਸਵੀਕਾਰ ਕਰਦਿਆਂ ਸਾਬਕਾ ਮੁੱਖ ਮੰਤਰੀ ਨੇ ਆਖਿਆ ਕਿ ਇਸ ਬਹਿਸ ਵਿਚ ਸਥਾਨਕ ਮੁੱਦੇ ਵੀ ਸ਼ਾਮਲ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਉਹ ਪੰਜਾਬ ਨਾਲ ਸਬੰਧਤ ਹਨ ਤੇ ਹੁਣ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਹਨ, ਇਸ ਲਈ ਸਥਾਨਕ ਤੇ ਸੂਬਾਈ ਮੁੱਦਿਆਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਕੌਮੀ ਮੁੱਦਿਆਂ ਨਾਲੋਂ ਵਧੇਰੇ ਸਥਾਨਕ ਤੇ ਸੂਬਾਈ ਮੁੱਦਿਆਂ ਨੂੰ ਤਰਜੀਹ ਦਿੰਦੇ ਹਨ।

ਸ੍ਰੀ ਜੇਤਲੀ ਵੱਲੋਂ ਵਿਧਾਨ ਸਭਾ ਵਿਚ ਘੱਟ ਹਾਜ਼ਰੀ ਦੇ ਉਠਾਏ ਸਵਾਲ ਦਾ ਜੁਆਬ ਦਿੰਦਿਆਂ ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਸ੍ਰੀ ਜੇਤਲੀ ਆਪਣੇ ਰਿਕਾਰਡ ਦੀ ਵੀ ਜਾਂਚ ਕਰਨ। ਉਨ੍ਹਾਂ ਸ੍ਰੀ ਜੇਤਲੀ ਨੂੰ ਯਾਦ ਕਰਾਇਆ ਕਿ ਕਿਵੇਂ ਭਾਜਪਾ ਵੱਲੋਂ ਸੰਸਦ ਦੀ ਕਾਰਵਾਈ ਨੂੰ ਚੱਲਣ ਤੋਂ ਰੋਕਿਆ ਗਿਆ ਸੀ ਜਿਸ ਰਾਹੀਂ ਦੇਸ਼ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਸੀ। ਵਿਧਾਨ ਸਭਾ ਵਿਚ ਆਪਣੀ ਹਾਜ਼ਰੀ ਬਾਰੇ ਜਵਾਬ ਦਿੰਦਿਆਂ ਸਾਬਕਾ ਮੁੱਖ ਮੰਤਰੀ ਨੇ ਆਖਿਆ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਵਿਧਾਨ ਸਭਾ ਵਿਚ ਘੱਟ ਹਾਜ਼ਰੀ ਲਵਾਈ ਹੈ ਪਰ ਇਸ ਦੇ ਪਿੱਛੇ ਹਾਕਮ ਧਿਰ ਦਾ ਵੱਡਾ ਹੱਥ ਸੀ।

ਪਹਿਲਾਂ ਰੈਲੀ ਵਿਚ ਉਨ੍ਹਾਂ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਉੱਤੇ ਸਿਆਸਤ ਵਿਚ ਅਪਰਾਧੀਕਰਨ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਕਾਂਗਰਸੀ ਕਾਰਕੁਨਾਂ ਨਾਲ ਕੋਈ ਵਧੀਕੀ ਹੋਈ ਤਾਂ ਸਮਾਂ ਆਉਣ 'ਤੇ ਇਸ ਦਾ ਢੁਕਵਾਂ ਜਵਾਬ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਆਪਣੇ ਰਵਾਇਤੀ ਅੰਦਾਜ਼ ਵਿਚ ਸਖ਼ਤ ਸ਼ਬਦਾਂ ਦੀ ਵਰਤੋਂ ਵੀ ਕੀਤੀ। ਉਨ੍ਹਾਂ ਨੇ ਅਕਾਲੀ-ਭਾਜਪਾ ਗਠਜੋੜ ਨੂੰ ਮੌਕਾਪ੍ਰਸਤ ਕਰਾਰ ਦਿੰਦਿਆਂ ਆਖਿਆ ਕਿ ਪੰਜਾਬ ਵਿਚ ਦੋਵਾਂ ਪਾਰਟੀਆਂ ਦਾ ਗਠਜੋੜ ਹੈ ਜਦੋਂਕਿ ਹਰਿਆਣਾ ਵਿਚ ਦੋਵੇਂ ਪਾਰਟੀਆਂ ਇਕ-ਦੂਜੇ ਦੇ ਆਹਮੋ-ਸਾਹਮਣੇ ਹਨ।



## ਕੈਪਟਨ ਕੋਲ 82.53 ਕਰੋੜ ਦੀ ਜਾਇਦਾਦ

**ਚੰਡੀਗੜ੍ਹ:** ਅੰਮ੍ਰਿਤਸਰ ਤੋਂ ਕਾਂਗਰਸੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਨੇ ਨਾਮਜ਼ਦਗੀ ਪੱਤਰ ਵਿਚ ਆਪਣੀ ਕੁਲ 82.53 ਕਰੋੜ ਰੁਪਏ ਦੀ ਜਾਇਦਾਦ ਦਰਸਾਈ ਹੈ। ਨਾਮਜ਼ਦਗੀ ਪੱਤਰ ਨਾਲ ਨੱਥੀ ਕੀਤੇ ਹਲਫ਼ੀਆ ਬਿਆਨ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਨਿੱਜੀ ਤੇ ਵਿਰਾਸਤੀ ਅਣਵੰਡੀ ਜਾਇਦਾਦ ਵਜੋਂ ਕੁੱਲ 82.53 ਕਰੋੜ ਰੁਪਏ ਦੀ ਸੰਪਤੀ ਦਰਸਾਈ ਹੈ ਜਦੋਂਕਿ 2012 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਇਹ ਕੁੱਲ ਸੰਪਤੀ 43.51 ਕਰੋੜ ਰੁਪਏ ਦੀ ਐਲਾਨੀ ਗਈ ਸੀ। ਸਾਬਕਾ ਮੁੱਖ ਮੰਤਰੀ ਦੀ ਅਚੱਲ ਸੰਪਤੀ 79.30 ਕਰੋੜ ਰੁਪਏ ਦੀ ਹੈ, ਜਿਸ ਵਿਚ ਵਿਰਾਸਤੀ ਅਣਵੰਡੀ ਜਾਇਦਾਦ 78.9 ਕਰੋੜ ਰੁਪਏ ਦੀ ਤੇ ਨਿੱਜੀ ਜਾਇਦਾਦ 1.21 ਕਰੋੜ ਰੁਪਏ ਦੀ ਹੈ ਜਦੋਂਕਿ ਚੱਲ ਸੰਪਤੀ 3.23 ਕਰੋੜ ਰੁਪਏ ਦੀ ਹੈ, ਜਿਸ ਵਿਚ 2.39 ਕਰੋੜ ਰੁਪਏ ਦੀ ਵਿਰਾਸਤੀ ਅਣਵੰਡੀ ਜਾਇਦਾਦ ਤੇ 84.88 ਲੱਖ ਰੁਪਏ ਦੀ ਨਿੱਜੀ ਜਾਇਦਾਦ ਸ਼ਾਮਲ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਦੋ ਸਾਲਾਂ ਵਿਚ ਹੀ ਕੁੱਲ ਜਾਇਦਾਦ ਵਿਚ ਵਾਧੇ ਦਾ ਕਾਰਨ ਪਟਿਆਲਾ ਸਥਿਤ ਨਿਊ ਮੋਤੀ ਬਾਗ ਪੈਲੇਸ ਦੇ ਵਪਾਰਕ ਮੁੱਲ ਵਿਚ ਵਾਧਾ ਹੋਣਾ ਦੱਸਿਆ ਗਿਆ ਹੈ। ਇਸ ਦਾ ਮੁੱਲ 2012 ਵਿਚ 35 ਕਰੋੜ ਦੱਸਿਆ ਗਿਆ ਸੀ ਜਦੋਂਕਿ ਹੁਣ 71.30 ਕਰੋੜ ਦਰਸਾਇਆ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੁਬਈ ਸਥਿਤ ਇਕ ਰਿਹਾਇਸ਼ੀ ਫਲੈਟ ਵੀ ਦਰਸਾਇਆ ਹੈ ਜਿਸ ਦੀ ਕੀਮਤ 96 ਲੱਖ ਰੁਪਏ ਹੈ ਜੋ ਉਨ੍ਹਾਂ 2008 ਵਿਚ 80 ਲੱਖ ਰੁਪਏ ਦਾ ਖਰੀਦਿਆ ਸੀ। ਉਨ੍ਹਾਂ ਕੋਲ ਸ਼ਿਮਲਾ ਵਿਚ 2.6 ਕਰੋੜ ਰੁਪਏ ਮੁੱਲ ਦਾ ਇਕ ਫਾਰਮ ਹਾਊਸ ਵੀ ਹੈ ਤੇ ਇਸ ਤੋਂ ਇਲਾਵਾ ਅਚੱਲ ਜਾਇਦਾਦ ਵਿਚ ਖੇਤੀਬਾੜੀ ਤੇ ਗ਼ੈਰ ਖੇਤੀਬਾੜੀ ਜ਼ਮੀਨ ਵੀ ਸ਼ਾਮਲ ਹੈ। ਉਸ ਕੋਲ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਵਿਚ ਜ਼ਮੀਨ ਹੈ, ਕੈਪਟਨ ਅਮਰਿੰਦਰ ਸਿੰਘ ਕੋਲ ਭਾਵੇਂ 82 ਕਰੋੜ ਰੁਪਏ ਦੀ ਕੁੱਲ ਜਾਇਦਾਦ ਹੈ ਪਰ ਉਨ੍ਹਾਂ ਕੋਲ ਆਪਣਾ ਕੋਈ ਨਿੱਜੀ ਵਾਹਨ ਨਹੀਂ ਹੈ।

## ਮਜੀਠੀਆ ਨੇ ਮਚਾਈ ਹਨੇਰਗਰਦੀ

**ਅਜਨਾਲਾ:** ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਅੰਦਰ ਵਗ ਰਹੇ ਨਸ਼ਿਆਂ ਦੇ ਦਰਿਆ ਨੂੰ ਠੱਲ੍ਹਣ ਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਮੁਕਤੀ ਦਿਵਾਉਣ ਲਈ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰਾਂ ਨੂੰ ਕਰਾਰੀ ਹਾਰ ਦੇਣ ਦਾ ਸੱਦਾ ਦਿੱਤਾ ਹੈ। ਪੰਡੋਰੀ ਵਿਚ ਇਕੱਠ ਨੂੰ ਸੰਬੋਧਨ ਕਰਦਿਆਂ ਕੈਪਟਨ ਨੇ ਕਿਹਾ ਕਿ ਸਿੰਥੈਟਿਕ ਡਰੱਗ ਕੇਸ ਵਿਚ ਭਾਵੇਂ ਬਾਦਲ ਸਰਕਾਰ ਨੇ ਆਪਣੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਕਲੀਨ ਚਿੱਟ ਦੇ ਦਿੱਤੀ ਹੈ ਪਰ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਅਦਾਲਤ ਵਿਚ ਚਾਰਜਸ਼ੀਟ ਪੇਸ਼ ਹੋਣ ਸਮੇਂ ਸਭ ਕੁਝ ਜਨਤਕ ਹੋ ਜਾਵੇਗਾ। ਮਜੀਠੀਆ ਨੇ ਪੰਜਾਬ ਅੰਦਰ ਹਨੇਰਗਰਦੀ ਮਚਾਈ ਹੈ ਤੇ ਕਾਂਗਰਸੀਆਂ ਨੂੰ ਕੁੱਟਿਆ ਤੇ ਲੁੱਟਿਆ ਹੈ। ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਮਜੀਠੀਆ ਕੋਲੋਂ ਡਰਨ ਦੀ ਲੋੜ ਨਹੀਂ। ਅਕਾਲੀ-ਭਾਜਪਾ ਉਮੀਦਵਾਰ ਅਰੁਣ ਜੇਤਲੀ ਪੰਜਾਬੀ ਤੇ ਅੰਮ੍ਰਿਤਸਰੀ ਹੋਣ ਦਾ ਦਾਅਵਾ ਕਰ ਰਿਹਾ ਹੈ ਪਰ ਉਸ ਨੂੰ ਤਾਂ ਪੂਰੀ ਪੰਜਾਬੀ ਵੀ ਬੋਲਣੀ ਨਹੀਂ ਆਉਂਦੀ।

## ਸਿੱਖਾਂ ਦੇ ਵਿਰੋਧੀਆਂ ਦਾ ਸਾਥ ਦੇ ਰਿਹੈ ਬਾਦਲ: ਕਾਂਗਰਸ

ਚੰਡੀਗੜ੍ਹ (ਬਿਊਰੋ): ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਿੱਖਾਂ ਉਪਰ ਜ਼ੋਰ ਪਾ ਰਿਹਾ ਹੈ ਕਿ ਉਹ ਆਪਣੀਆਂ ਵੋਟਾਂ ਨਰਿੰਦਰ ਮੋਦੀ ਵਰਗੇ ਕੱਟੜ ਨੇਤਾ ਨੂੰ ਇਹ ਜਾਣਦੇ ਹੋਏ ਵੀ ਦੇਣ ਕਿ ਉਹ ਕੱਛ (ਗੁਜਰਾਤ) ਦੇ ਇਲਾਕੇ ਵਿਚੋਂ ਸਿੱਖ ਕਿਸਾਨ ਪਰਿਵਾਰਾਂ ਨੂੰ ਉਜਾੜਨ ਲਈ ਪੂਰੀ ਵਾਹ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਜਗਰਾਉਂ ਵਿਚ 23 ਫਰਵਰੀ ਨੂੰ ਹੋਈ ਰੈਲੀ ਦੌਰਾਨ ਕੀਤੇ ਵਾਅਦੇ ਦੇ 45 ਦਿਨ ਬੀਤ ਜਾਣ ਦੇ ਬਾਵਜੂਦ ਸ੍ਰੀ ਮੋਦੀ ਸਿੱਖ ਕਿਸਾਨਾਂ ਨੂੰ ਰਾਹਤ ਦੇਣ ਦੇ ਆਪਣੇ ਸ਼ਬਦਾਂ ਨੂੰ ਪੂਰਾ ਨਹੀਂ ਕਰ ਸਕੇ।

ਸ. ਖਹਿਰਾ ਨੇ ਕਿਹਾ ਕਿ ਅੰਮ੍ਰਿਤਸਰ ਤੋਂ ਨਵਜੋਤ ਸਿੰਘ ਸਿੱਧੂ ਦੀ ਟਿਕਟ ਖੋਹ ਕੇ ਕੀਤੀ ਗਈ ਬੇਇੱਜ਼ਤੀ ਨੇ ਵੀ ਮੋਦੀ ਦੇ ਸਿੱਖ-ਵਿਰੋਧੀ ਆਗੂ ਹੋਣ ਦੀ ਹਕੀਕਤ ਸਾਹਮਣੇ ਲਿਆਂਦੀ ਹੈ। ਭਾਜਪਾ ਨੇ ਉੱਤਰੀ ਜਾਂ ਮੱਧ ਭਾਰਤ ਵਿਚ ਕੋਈ ਵੀ ਸਿੱਖ ਚਿਹਰਾ ਚੋਣ ਮੈਦਾਨ ਵਿਚ ਨਹੀਂ ਉਤਾਰਿਆ। ਇਸੇ ਤਰ੍ਹਾਂ ਸ੍ਰੀ ਮੋਦੀ ਤੇ ਚੰਡੀਗੜ੍ਹ ਤੋਂ ਭਾਜਪਾ ਉਮੀਦਵਾਰ ਕਿਰਨ ਖੇਰ ਨਾਲ ਸਟੇਜ ਸਾਂਝੀ ਕਰਦੇ ਹੋਏ ਸੁਖਬੀਰ ਬਾਦਲ ਨੇ ਸਿੱਖ ਵੋਟਰਾਂ ਨੂੰ ਭਾਜਪਾ ਦੇ ਹੱਕ ਵਿਚ ਵੋਟਾਂ ਪਾਉਣ ਲਈ ਕਿਹਾ।

ਉਨ੍ਹਾਂ ਨੇ ਇਸ ਗੱਲ ਨੂੰ ਅਣਗੌਲੇ ਕਰ ਦਿੱਤਾ ਕਿ ਕਿਰਨ ਖੇਰ ਚੁਣੇ ਜਾਣ ਉਤੇ ਚੰਡੀਗੜ੍ਹ ਨੂੰ ਰਾਜ ਦਾ ਦਰਜਾ ਦਿਵਾਉਣ ਦੇ ਵਾਅਦੇ ਕਰ ਰਹੀ ਹੈ, ਜਦਕਿ ਅਕਾਲੀ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਮੰਨਦੇ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਬਾਦਲ-ਮਜੀਠੀਆ ਪਰਿਵਾਰਾਂ ਦੇ ਗੁਲਾਮ, ਵਿਕਾਊ ਸਾਮਾਨ ਜਾਂ ਨਿੱਜੀ ਜਾਇਦਾਦ ਵਾਂਗ ਨਹੀਂ ਵਰਤਿਆ ਜਾ ਸਕਦਾ।

# ਨਵਜੋਤ ਸਿੱਧੂ ਵੱਲੋਂ ਬਾਦਲ ਦੀ ਅਪੀਲ ਖਾਰਜ

**ਅੰਮ੍ਰਿਤਸਰ:** ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਅਰੁਣ ਜੇਤਲੀ ਦੀ ਚੋਣ ਮੁਹਿੰਮ ਵਿਚ ਸ਼ਾਮਲ ਹੋਣ ਲਈ ਕੀਤੀ ਅਪੀਲ ਨੂੰ ਖਾਰਜ ਕਰ ਦਿੱਤੀ ਹੈ। ਸ. ਸਿੱਧੂ ਇਸ ਤੋਂ ਪਹਿਲਾਂ ਵੀ ਅੰਮ੍ਰਿਤਸਰ ਵਿਚ ਚੋਣ ਪ੍ਰਚਾਰ ਮੁਹਿੰਮ ਵਿਚ ਸ਼ਾਮਲ ਹੋਣ ਤੋਂ ਮਨ੍ਹਾ ਕਰ ਚੁੱਕੇ ਹਨ। ਸ. ਸਿੱਧੂ ਨੇ ਆਖਿਆ ਕਿ ਉਹ ਸ੍ਰੀ ਜੇਤਲੀ ਦੇ ਸ਼ੁੱਭ ਚਿੰਤਕ ਹਨ ਤੇ ਇਸੇ ਲਈ ਅੰਮ੍ਰਿਤਸਰ ਆ ਕੇ ਪ੍ਰਚਾਰ ਮੁਹਿੰਮ ਵਿਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਕਿਉਂਕਿ ਉਨ੍ਹਾਂ ਦੇ ਆਉਣ ਨਾਲ ਸ੍ਰੀ ਜੇਤਲੀ ਦੀ ਚੋਣ ਪ੍ਰਚਾਰ ਮੁਹਿੰਮ ਵਿਚ ਅੜਿੱਕੇ ਖੜ੍ਹੇ ਹੋ ਸਕਦੇ ਹਨ।



ਉਨ੍ਹਾਂ ਆਖਿਆ ਕਿ ਇਥੇ ਕਈ ਆਗੂ ਅਜਿਹੇ ਹਨ ਜੋ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਨ ਤੇ ਉਹ ਅੰਮ੍ਰਿਤਸਰ ਨਾ ਆ ਕੇ ਅਜਿਹੇ ਆਗੂਆਂ ਨੂੰ ਸੁਰੱਖਿਅਤ ਮਾਹੌਲ ਮੁਹੱਈਆ ਕਰ ਰਹੇ ਹਨ। ਭਾਜਪਾ ਵੱਲੋਂ ਚੋਣ ਪ੍ਰਚਾਰ ਲਈ ਜਿਥੇ ਵੀ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਉਥੇ ਤਨਦੇਹੀ ਨਾਲ ਜ਼ਿੰਮੇਵਾਰੀ ਨਿਭਾਉਣਗੇ। ਉਨ੍ਹਾਂ ਨੂੰ ਬਨਾਰਸ ਵਿਚ ਨਰਿੰਦਰ ਮੋਦੀ ਤੇ ਲਖਨਊ ਵਿਚ ਰਾਜਨਾਥ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਲਈ ਆਖਿਆ ਗਿਆ ਹੈ, ਜਿਥੇ ਉਹ ਅਪ੍ਰੈਲ ਦੇ ਅੱਧ ਵਿਚ ਜਾਣਗੇ।

ਮੁੱਖ ਮੰਤਰੀ ਸ. ਬਾਦਲ ਵੱਲੋਂ ਪਿੱਠ ਨਾ ਦਿਖਾਉਣ ਬਾਰੇ ਦਿੱਤੇ ਬਿਆਨ ਬਾਰੇ ਉਨ੍ਹਾਂ ਆਖਿਆ ਕਿ ਨਵਜੋਤ ਸਿੱਧੂ ਨੇ ਕਦੇ ਪਿੱਠ ਨਹੀਂ ਦਿਖਾਈ ਹੈ ਤੇ ਇਸ ਮਾਮਲੇ ਵਿਚ ਉਹ ਖੁੱਲ੍ਹੀ ਕਿਤਾਬ ਵਾਂਗ ਹਨ ਜਿਸ ਬਾਰੇ ਹਰੇਕ ਵਿਅਕਤੀ ਚੰਗੀ ਤਰ੍ਹਾਂ ਜਾਣਦਾ ਹੈ। ਪਾਰਟੀ ਨੂੰ ਜਦੋਂ ਵੀ ਮੇਰੀ ਜ਼ਰੂਰਤ ਪਈ ਹੈ, ਮੈਂ ਹਰ ਵੇਲੇ ਕੁਰਬਾਨੀ ਲਈ ਤਿਆਰ ਰਿਹਾ ਹਾਂ। ਸ਼ੁਰੂ ਵਿਚ ਆਪਣਾ ਪਰਿਵਾਰ ਤੇ ਕ੍ਰਿਕਟ ਦੋਵੇਂ ਤਿਆਗ ਦਿੱਤੇ ਸਨ ਤੇ ਹੁਣ ਜਦੋਂ ਪਾਰਟੀ ਨੇ ਅੰਮ੍ਰਿਤਸਰ ਲੋਕ ਸਭਾ ਹਲਕਾ ਛੱਡਣ ਲਈ ਆਖਿਆ ਹੈ ਤਾਂ ਉਹ ਵੀ ਛੱਡ ਦਿੱਤਾ ਹੈ।

ਅਕਾਲੀ ਆਗੂ ਉਨ੍ਹਾਂ ਨੂੰ ਪੰਜਾਬ ਵਿਚ ਨਹੀਂ ਦੇਖਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਹੁਣ ਪੰਜਾਬ ਆਉਣਾ ਵੀ ਬੰਦ ਕਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਸ ਤੋਂ ਇਲਾਵਾ ਤਿਆਗਣ ਵਾਸਤੇ ਹੋਰ ਕੁਝ ਨਹੀਂ ਰਹਿ ਗਿਆ। ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਉਨ੍ਹਾਂ ਦੀ ਪਤਨੀ ਤੇ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਸ੍ਰੀ ਜੇਤਲੀ ਦੇ ਹੱਕ ਵਿਚ ਚੋਣ ਪ੍ਰਚਾਰ ਕਰ ਰਹੇ ਹਨ।

# ਮਨਪ੍ਰੀਤ ਬਾਦਲ 'ਪੰਜੇ' ਉਤੇ ਚੋਣ ਲੜਨ ਲਈ ਰਾਜ਼ੀ

**ਮਾਨਸਾ:** ਪੀਪਲਜ਼ ਪਾਰਟੀ ਆਫ (ਪੀ.ਪੀ.ਪੀ) ਪੰਜਾਬ ਦੇ ਪ੍ਰਧਾਨ ਤੇ ਬਠਿੰਡਾ ਹਲਕੇ ਤੋਂ ਕਾਂਗਰਸ ਤੇ ਕਮਿਊਨਿਸਟ ਪਾਰਟੀ ਗਠਜੋੜ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਕਾਂਗਰਸ ਦੇ ਚੋਣ ਨਿਸ਼ਾਨ 'ਪੰਜੇ' 'ਤੇ ਹੀ ਚੋਣ ਲੜਨ ਲਈ ਰਾਜ਼ੀ ਹੋ ਗਿਆ ਹੈ। ਇਸ ਐਲਾਨ ਪਿੱਛੋਂ ਕਾਂਗਰਸ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਬਠਿੰਡਾ ਲੋਕ ਸਭਾ ਹਲਕੇ ਤੋਂ ਆਪਣਾ ਅਧਿਕਾਰਤ ਉਮੀਦਵਾਰ ਐਲਾਨ ਦਿੱਤਾ। ਮਨਪ੍ਰੀਤ ਬਾਦਲ ਆਪਣੀ ਭਰਜਾਈ ਹਰਸਿਮਰਤ ਬਾਦਲ ਖ਼ਿਲਾਫ਼ ਚੋਣ ਲੜ ਰਹੇ ਹਨ।

ਇਸ ਬਾਰੇ ਪੰਜਾਬ ਮਾਮਲਿਆਂ ਬਾਰੇ ਕਾਂਗਰਸ ਦੇ ਇੰਚਾਰਜ ਸ਼ਕੀਲ ਅਹਿਮਦ ਨੇ ਕਿਹਾ ਕਿ ਕੋਈ ਵੀ ਆਗੂ ਆਪਣੀ ਪਾਰਟੀ ਦਾ ਰਲੇਵਾਂ ਕੀਤੇ ਬਗੈਰ ਵੀ ਕਿਸੇ ਚੋਣ ਨਿਸ਼ਾਨ 'ਤੇ ਚੋਣ ਲੜ ਸਕਦਾ ਹੈ। ਪੀ.ਪੀ.ਪੀ ਦੇ ਰਲੇਵੇਂ ਦਾ ਮੁੱਦਾ ਭਵਿੱਖ ਨਾਲ ਜੁੜਿਆ ਹੋਇਆ ਹੈ ਤੇ ਇਸ ਦਾ ਫੈਸਲਾ ਪੀ.ਪੀ.ਪੀ ਦੇ ਪ੍ਰਧਾਨ 'ਤੇ ਨਿਰਭਰ ਕਰਦਾ ਹੈ। ਫਿਲਹਾਲ ਅਜਿਹੀ ਕੋਈ ਗੱਲ ਨਹੀਂ ਹੈ। ਹੋਰਾਂ ਪਾਰਟੀਆਂ ਦੇ ਆਗੂਆਂ ਵੱਲੋਂ ਕਾਂਗਰਸ ਦੇ ਨਿਸ਼ਾਨ 'ਤੇ ਚੋਣ ਲੜਨ ਦੀਆਂ ਮਿਸਾਲਾਂ ਕਾਫੀ ਹਨ।



ਤਾਮਿਲ ਮਨਿਲਾ ਕਾਂਗਰਸ ਦੇ ਆਗੂ ਪੀ. ਚਿਦੰਬਰਮ ਨੇ ਇਵੇਂ ਹੀ ਚੋਣ ਲੜੀ ਸੀ ਤੇ ਬਾਅਦ ਵਿਚ ਇਸ ਦਾ ਮੂਲ ਪਾਰਟੀ ਕਾਂਗਰਸ ਵਿਚ ਰਲੇਵਾਂ ਹੋ ਗਿਆ ਸੀ। ਪੀ.ਪੀ.ਪੀ ਨੇ ਪਿਛਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਪਤੰਗ ਨਿਸ਼ਾਨ 'ਤੇ ਲੜੀਆਂ ਸਨ। ਪੰਜਾਬ ਵਿਚ ਵੋਟਾਂ 30 ਅਪਰੈਲ ਨੂੰ ਪੈਣਗੀਆਂ।

ਮਨਪ੍ਰੀਤ ਨੇ ਕਿਹਾ ਕਿ ਭਾਵੇਂ ਉਨ੍ਹਾਂ ਦਾ ਪਹਿਲਾਂ 'ਪਤੰਗ' ਦੇ ਨਿਸ਼ਾਨ 'ਤੇ ਚੋਣ ਲੜਨ ਦਾ ਇਰਾਦਾ ਸੀ ਪਰ ਬਠਿੰਡਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਜ਼ਿਸ਼ ਅਧੀਨ ਉਨ੍ਹਾਂ ਦੇ ਨਾਂ ਵਾਲੇ ਪਿੰਡ ਬਾਦਲ ਦੇ ਹੀ ਇਕ ਵਿਅਕਤੀ ਦੇ ਨਾਮਜ਼ਦਗੀ ਪੱਤਰ ਦਾਖਲ ਕਰਵਾਏ ਹਨ ਜਿਸ ਕਰ ਕੇ ਗਠਜੋੜ ਨੇ ਮਹਿਸੂਸ ਕੀਤਾ ਹੈ ਕਿ ਚੋਣ 'ਪੰਜੇ' ਦੇ ਨਿਸ਼ਾਨ 'ਤੇ ਹੀ ਲੜੀ ਜਾਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਪਿੰਡ ਬਾਦਲ ਦੇ ਹੀ ਇਕ ਮਨਪ੍ਰੀਤ ਸਿੰਘ ਨਾਂ ਦੇ ਵਿਅਕਤੀ ਦੇ ਨਾਮਜ਼ਦਗੀ ਪੱਤਰ ਦਾਖਲ ਕਰਵਾ ਕੇ ਆਪਣੀ ਪਹਿਲੀ ਨੈਤਿਕ ਹਾਰ ਮੰਨ ਲਈ ਹੈ।

ਉਨ੍ਹਾਂ ਖ਼ਦਸ਼ਾ ਜ਼ਾਹਿਰ ਕੀਤਾ ਕਿ ਇਸ ਵਿਅਕਤੀ ਨੂੰ ਅਕਾਲੀ ਦਲ ਵੱਲੋਂ ਚੋਣ ਨਿਸ਼ਾਨ 'ਪਤੰਗ' ਅਲਾਟ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਕਿ ਵੋਟਰਾਂ ਵਿਚ ਭਰਮ ਭੁਲੇਖੇ ਪੈਦਾ ਕੀਤੇ ਜਾ ਸਕਣ। ਮਨਪ੍ਰੀਤ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਦਾ ਗਠਜੋੜ ਇਸ ਹਲਕੇ ਤੋਂ ਹਰਸਿਮਰਤ ਕੌਰ ਨਾਂ ਦੀ ਕਿਸੇ ਵੀ ਔਰਤ ਨੂੰ ਸਾਜ਼ਿਸ਼ੀ ਢੰਗ ਨਾਲ ਮੈਦਾਨ ਵਿਚ ਨਹੀਂ ਲਿਆਵੇਗਾ।

## ਪਾਕਿ ਵੱਲੋਂ 385 ਸ਼ਰਧਾਲੂਆਂ ਨੂੰ ਵੀਜ਼ਾ ਦੇਣ ਤੋਂ ਨਾਂਹ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਵਿਸਾਖੀ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥੇ ਦੀ ਸੂਚੀ ਵਿਚੋਂ ਕੇਂਦਰ ਸਰਕਾਰ ਤੇ ਪਾਕਿਸਤਾਨ ਸਫ਼ਾਰਤਖਾਨੇ ਨੇ 385 ਨਾਂ ਕੱਟ ਦਿੱਤੇ ਹਨ।

ਪਾਕਿ ਦੇ ਇਸ ਇਨਕਾਰ ਦੀ ਸ਼੍ਰੋਮਣੀ ਕਮੇਟੀ ਨੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਰੂਪ ਸਿੰਘ ਮੁਤਾਬਕ ਕੇਂਦਰ ਸਰਕਾਰ ਵੱਲੋਂ 201 ਤੇ ਪਾਕਿਸਤਾਨ ਸਫ਼ਾਰਤਖਾਨੇ ਵੱਲੋਂ 184 ਸ਼ਰਧਾਲੂਆਂ ਦੇ ਨਾਂ ਬਿਨਾਂ ਕੋਈ ਕਾਰਨ ਦੱਸੇ ਸੂਚੀ ਵਿਚੋਂ ਕੱਟ ਦਿੱਤੇ ਹਨ ਤੇ ਇਨ੍ਹਾਂ ਨੂੰ ਵੀਜ਼ੇ ਨਹੀਂ ਦਿੱਤੇ ਗਏ।

ਇਸ ਕਾਰਨ ਸਿੱਖ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸਿਰਮੌਰ ਸੰਸਥਾ ਹੈ ਤੇ ਇਸ ਸੰਸਥਾ ਦੇ ਕੋਟੇ ਵਿਚੋਂ ਵੱਡੀ ਗਿਣਤੀ ਸ਼ਰਧਾਲੂਆਂ ਦੇ ਨਾਂ ਕੱਟਣਾ ਜਾਇਜ਼ ਨਹੀਂ ਹੈ।

# ਵਿਦਵਾਨ ਡਾ. ਗੁਰਭਗਤ ਸਿੰਘ ਨਹੀਂ ਰਹੇ

**ਨਵੀਂ ਦਿੱਲੀ:** ਵਿਸ਼ਵ ਪੱਧਰ ਦੇ ਆਲੋਚਕ ਡਾ. ਗੁਰਭਗਤ ਸਿੰਘ ਦਾ ਦਿੱਲੀ ਵਿਖੇ ਦਿਹਾਂਤ ਹੋ ਗਿਆ। ਉਹ ਪਿਛਲੇ ਕਈ ਦਿਨਾਂ ਤੋਂ ਬਿਮਾਰ ਸਨ ਤੇ ਆਪਣੇ ਭਤੀਜਿਆਂ ਕੋਲ ਦਿੱਲੀ ਆ ਕੇ ਰਹਿਣ ਲੱਗੇ ਸਨ। ਪੰਜਾਬੀ ਯੂਨੀਵਰਸਿਟੀ ਵਿਖੇ ਅੰਗਰੇਜ਼ੀ ਵਿਭਾਗ ਦੇ ਮੁਖੀ ਰਹੇ ਉਘੇ ਚਿੰਤਕ, ਅੰਤਰਰਾਸ਼ਟਰੀ ਵਿਦਵਾਨ ਤੇ ਪੰਜਾਬੀ ਦੇ ਬੌਧਿਕ ਬਿੰਬ ਡਾ. ਗੁਰਭਗਤ ਸਿੰਘ ਪੱਛਮੀ ਪਹੁੰਚ ਵਿਧੀਆਂ ਤੇ ਅੰਤਰ ਦ੍ਰਿਸ਼ਟੀਆਂ ਦੇ ਧਾਰਨੀ ਸਨ। ਉਨ੍ਹਾਂ ਸਿੱਖ ਇਤਿਹਾਸ ਤੇ ਸਮਾਜ ਸ਼ਾਸਤਰ ਦੇ ਪ੍ਰਸੰਗ ਨੂੰ ਸਥਾਪਤ ਕਰਨ ਲਈ ਵਡੇਰੇ ਯਤਨ ਜੁਟਾਏ ਤੇ ਪਿਛਲੇ ਕੁਝ ਸਾਲਾਂ ਤੋਂ ਉਹ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਕਰ ਰਹੇ ਸਨ। ਡਾ. ਗੁਰਭਗਤ ਸਿੰਘ ਉਘੇ ਲੇਖਕ ਰਹੇ ਸਵ. ਸੁਤਿੰਦਰ ਸਿੰਘ ਨੂਰ ਦੇ ਭਰਾ ਸਨ ਤੇ ਵਿਆਹ ਨਾ ਕੀਤਾ ਹੋਣ ਕਰਕੇ ਉਹ ਪਟਿਆਲਾ ਦੇ ਅਰਬਨ ਅਸਟੇਟ ਵਿਖੇ ਇਕੱਲੇ ਹੀ ਰਹਿੰਦੇ ਸਨ। ਕਈ ਦਿਨਾਂ ਤੱਕ ਭਾਵੇਂ ਉਹ ਪਟਿਆਲਾ ਦੇ ਅਮਰ ਹਸਪਤਾਲ ਵਿਚ ਦਾਖ਼ਲ ਰਹੇ, ਪਰ ਹਾਲਤ ਵਿਗੜਦੀ ਵੇਖ ਸ੍ਰੀ ਨੂਰ ਦੇ ਪਰਿਵਾਰ ਨੇ ਉਨ੍ਹਾਂ ਨੂੰ ਦਿੱਲੀ ਦੇ ਹਸਪਤਾਲ ਵਿਚ ਤਬਦੀਲ ਕਰਵਾ ਦਿੱਤਾ ਸੀ। ਉਨ੍ਹਾਂ ਦੇ ਨੇੜੇ ਰਹੇ ਧਰਮ ਅਧਿਐਨ ਵਿਭਾਗ ਦੇ ਅਧਿਆਪਕ ਡਾ. ਗੁਰਮੀਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ 1200 ਤੋਂ ਵੱਧ ਅੰਗਾਂ ਦਾ ਅੰਗਰੇਜ਼ੀ ਅਨੁਵਾਦ ਕਰ ਲਿਆ ਸੀ।



## ਨਾਟਕਕਾਰ ਤੇ ਨਿਰਦੇਸ਼ਕ ਚਰਨ ਸਿੰਘ ਸਿੰਧਰਾ ਸਵਰਗਵਾਸ

**ਸੈਨ ਹੋਜ਼ੇ (ਬਿਊਰੋ):** ਆਪਣੀ ਵਿਲੱਖਣ ਸ਼ੈਲੀ ਰਾਹੀਂ ਸਿੱਖ ਇਤਿਹਾਸ ਨੂੰ ਨਾਟਕਾਂ ਦੇ ਰੂਪ ਵਿਚ ਸਟੇਜਾਂ 'ਤੇ ਬਾਖ਼ੂਬੀ ਦਰਸਾਉਣ ਵਾਲੇ ਪ੍ਰਸਿੱਧ ਲੇਖਕ, ਨਿਰਦੇਸ਼ਕ ਅਤੇ ਗੀਤਕਾਰ ਸ. ਚਰਨ ਸਿੰਘ ਸਿੰਧਰਾ ਲੰਘੀ 6 ਅਪਰੈਲ ਨੂੰ ਸ਼ਾਮੀਂ 7:30 ਵਜੇ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ ਹਨ। ਉਹ 83 ਵਰ੍ਹਿਆਂ ਦੇ ਸਨ।



*ਚਰਨ ਸਿੰਘ ਸਿੰਧਰਾ*

'ਮਰਦ ਅਗੰਮੜਾ', 'ਨਿੱਕੀਆਂ ਜਿੰਦਾਂ-ਵੱਡੇ ਸਾਕੇ' ਜਿਹੇ ਮਹਾਨ ਇਤਿਹਾਸਕ ਨਾਟਕਾਂ ਨੂੰ ਉਨ੍ਹਾਂ 'ਅਵਾਜ਼ ਤੇ ਰੋਸ਼ਨੀ' ਵਿਧੀ ਰਾਹੀਂ ਪੇਸ਼ ਕਰਕੇ ਸੰਸਾਰ ਪੱਧਰ 'ਤੇ ਨਾਮਣਾ ਖੱਟਿਆ। ਕੁਝ ਵਰ੍ਹੇ ਪਹਿਲਾਂ ਆਪਣੀ ਆਖਰੀ ਅਮਰੀਕਨ ਫੇਰੀ ਮੌਕੇ ਉਨ੍ਹਾਂ 'ਬਾਲ ਸਾਹਿਤ ਅਤੇ ਕਲਾ ਰੰਗ-ਮੰਚ' ਦੀ ਸਥਾਪਨਾ ਕਰਕੇ ਉਕਤ ਧਾਰਮਿਕ ਨਾਟਕ ਕੈਲੀਫੋਰਨੀਆ ਦੇ ਕਈ ਸ਼ਹਿਰਾਂ ਵਿਚ ਦਿਖਾਏ। ਉਨ੍ਹਾਂ ਦੇ ਅਚਾਨਕ ਚਲਾਣਾ ਕਰ ਜਾਣ 'ਤੇ ਵਰਲਡ ਸਿੱਖ ਫੈਡਰੇਸ਼ਨ, ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਅਤੇ ਹੋਰ ਬਹੁਤ ਸਾਰੀਆਂ ਜਥੇਬੰਦੀਆਂ ਨੇ ਸ. ਸਿੰਧਰਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਹੈ ਕਿ ਖਾਲਸਾ ਪੰਥ ਉਨ੍ਹਾਂ ਨੂੰ ਹਮੇਸ਼ਾ ਯਾਦ ਕਰਦਾ ਰਹੇਗਾ।

# ਕੋਇਲ ਰਾਣਾ ਨੇ ਜਿੱਤਿਆ ਮਿਸ ਇੰਡੀਆ ਦਾ ਤਾਜ

**ਮੁੰਬਈ:** ਜੈਪੁਰ ਦੀ ਕੋਇਲ ਰਾਣਾ ਨੇ ਫੈਮਿਨਾ ਮਿਸ ਇੰਡੀਆ 2014 ਦਾ ਖਿਤਾਬ ਆਪਣੇ ਨਾਂ ਕਰ ਲਿਆ। ਦੂਜੇ ਸਥਾਨ 'ਤੇ ਮੁੰਬਈ ਦੀ ਜਾਤਾਲੇਕਾ ਮਲਹੋਤਰਾ ਅਤੇ ਤੀਜੇ ਸਥਾਨ 'ਤੇ ਗੋਆ ਦੀ ਗੇਲ ਨਿਕੋਲ ਡੀ ਸਿਲਵਾ ਰਹੀ। ਮੁੰਬਈ ਦੇ ਯਸ਼ਰਾਜ ਸਟੂਡੀਓ 'ਚ ਹੋਏ ਇਸ ਸਮਾਰੋਹ ਵਿਚ 24 ਮੁਟਿਆਰਾਂ ਨੇ ਹਿੱਸਾ ਲਿਆ। ਮਿਸ ਇੰਡੀਆ ਕੋਇਲ ਰਾਣਾ ਨੂੰ ਸਾਬਕਾ ਮਿਸ ਇੰਡੀਆ ਨਵਨੀਤ ਕੌਰ ਨੇ ਤਾਜ ਪਹਿਨਾਇਆ।

ਕੋਇਲ ਨੇ 15 ਸਾਲ ਦੀ ਉਮਰ ਵਿਚ ਹੀ ਮਿਸ ਟੀਨ ਇੰਡੀਆ-2008 ਦਾ ਖਿਤਾਬ ਜਿੱਤਿਆ ਸੀ। ਸਮਾਰੋਹ ਦੌਰਾਨ ਮਿਸ ਵਰਲਡ (2013) ਮੀਗਨ ਯੰਗ ਵੀ ਹਾਜ਼ਰ ਸੀ। ਇਸ ਸਮਾਰੋਹ 'ਚ ਕਈ ਬਾਲੀਵੁੱਡ ਹਸਤੀਆਂ ਨੇ ਵੀ ਸ਼ਿਰਕਤ ਕੀਤੀ ਜਿਨ੍ਹਾਂ ਵਿਚ ਸੋਨਾਕਸ਼ੀ ਸਿਨਹਾ, ਸ਼ਰਧਾ ਕਪੂਰ, ਜੈਕਲਿਨ ਫਰਨਾਂਡਿਜ, ਜ਼ੀਨਤ ਅਮਾਨ, ਰਿਤੇਸ਼ ਦੇਸ਼ਮੁੱਖ, ਸ਼ਾਹਿਦ ਕਪੂਰ, ਗਾਇਕ ਮੀਕਾ ਸਿੰਘ, ਅਭੈ ਦਿਓਲ, ਮਲਾਇਕਾ ਅਰੋੜਾ ਖਾਨ, ਫੈਸ਼ਨ ਡਿਜ਼ਾਇਨਰ ਮਨੀਸ਼ ਮਲਹੋਤਰਾ ਤੇ ਮੁੱਕੇਬਾਜ਼ ਵੀਜੇਂਦਰ ਸਿੰਘ ਮੁੱਖ ਸਨ।

## ਡਾ. ਜਗਤਾਰ, ਸੰਤ ਰਾਮ ਉਦਾਸੀ ਤੇ ਪਾਸ਼ ਦੀ ਯਾਦ 'ਚ ਕਵੀ ਦਰਬਾਰ 20 ਨੂੰ

**ਨਿਊਵਾਰਕ, ਕੈਲੀਫੋਰਨੀਆ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਵਲੋਂ ਪੰਜਾਬੀ ਦੇ ਤਿੰਨ ਸਿਰਮੌਰ ਸ਼ਾਇਰਾਂ-ਡਾ. ਜਗਤਾਰ, ਸੰਤ ਰਾਮ ਉਦਾਸੀ ਅਤੇ ਪਾਸ਼ ਦੀ ਯਾਦ ਵਿਚ ਇਕ ਸ਼ਾਨਦਾਰ ਬਹੁਭਾਸ਼ੀ ਕਵੀ ਦਰਬਾਰ 20 ਅਪਰੈਲ, ਐਤਵਾਰ ਸਵੇਰੇ 11 ਤੋਂ ਸ਼ਾਮ 4 ਵਜੇ ਤਕ ਸਥਾਨਕ ਮਹਿਰਾਨ ਰੈਸਟੋਰੈਂਟ ਵਿਚ ਕਰਵਾਇਆ ਜਾਵੇਗਾ।

ਸੰਸਥਾ ਨੇ ਇਸ ਕਵੀ ਦਰਬਾਰ ਵਿਚ ਪੰਜਾਬੀ ਤੇ ਭਾਰਤੀ, ਪਾਕਿਸਤਾਨੀ ਸਾਹਿਤ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿਤਾ ਹੈ। ਕਵੀ ਦਰਬਾਰ ਵਿਚ ਪੰਜਾਬੀ, ਹਿੰਦੀ ਤੇ ਉਰਦੂ ਸ਼ਾਇਰ ਆਪਣੀਆਂ ਨਜ਼ਮਾਂ ਪੜ੍ਹਨਗੇ। ਅਕੈਡਮੀ ਵੱਲੋਂ ਲੰਚ ਅਤੇ ਚਾਹ ਪਾਣੀ ਦਾ ਇੰਤਜ਼ਾਮ ਹੋਵੇਗਾ। ਸਾਹਿਤ ਅਕੈਡਮੀ ਦੀ ਸੱਦੇ ਉਤੇ ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਕੌਰ ਖਾਸ ਤੌਰ 'ਤੇ ਪਹੁੰਚ ਰਹੀ ਹੈ। ਉਘੇ ਗਾਇਕ ਸੁਖਦੇਵ ਸਾਹਿਲ ਡਾ. ਜਗਤਾਰ, ਸੰਤ ਰਾਮ ਉਦਾਸੀ ਅਤੇ ਪਾਸ਼ ਦੀਆਂ ਗ਼ਜ਼ਲਾਂ ਤੇ ਨਜ਼ਮਾਂ ਪੇਸ਼ ਕਰਨਗੇ। ਹੋਰ ਜਾਣਕਾਰੀ ਲਈ ਸੁਖਵਿੰਦਰ ਕੰਬੋਜ ਫੋਨ (925) 470-6698, ਕੁਲਵਿੰਦਰ ਫੋਨ (510) 367-2090 ਜਾਂ ਸੁਰਿੰਦਰ ਸੀਰਤ ਫੋਨ (510) 847-1698 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਭਾਰਤ 'ਚ 1627 ਸਿਆਸੀ ਪਾਰਟੀਆਂ ਰਜਿਸਟਰਡ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਦੇ ਐਲਾਨ ਨਾਲ ਹੀ ਕੋਈ 34 ਦੇ ਕਰੀਬ ਨਵੀਆਂ ਜਥੇਬੰਦੀਆਂ 16 ਦਿਨਾਂ ਦੇ ਅੰਦਰ ਆਪਣੇ-ਆਪ ਨੂੰ ਚੋਣ ਕਮਿਸ਼ਨ ਕੋਲ ਸਿਆਸੀ ਪਾਰਟੀਆਂ ਵਜੋਂ ਰਜਿਸਟਰ ਕਰਾਉਣ ਲਈ ਯਤਨਸ਼ੀਲ ਹਨ।

ਇਸ ਵੇਲੇ ਭਾਰਤ ਵਿਚ ਰਜਿਸਟਰਡ, ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੀ ਗਿਣਤੀ 1627 ਹੈ। ਚੋਣ ਕਮਿਸ਼ਨ ਅਨੁਸਾਰ 10 ਮਾਰਚ ਤੱਕ ਅਜਿਹੀਆਂ ਕੁੱਲ 1593 ਪਾਰਟੀਆਂ ਸਨ। 11 ਤੋਂ 21 ਮਾਰਚ ਤੱਕ 24 ਹੋਰ ਪਾਰਟੀਆਂ ਨੇ ਰਜਿਸਟਰੇਸ਼ਨ ਕਰਾਈ ਹੈ। 26 ਮਾਰਚ ਤੱਕ 10 ਹੋਰ ਪਾਰਟੀਆਂ ਸਿਆਸੀ ਪਾਰਟੀ ਵਜੋਂ ਰਜਿਸਟਰ ਹੋਈਆਂ। ਇਨ੍ਹਾਂ ਰਜਿਸਟਰ ਪਰ ਗ਼ੈਰ-ਮਾਨਤਾ ਪ੍ਰਾਪਤ ਪਾਰਟੀਆਂ ਆਪਣੇ ਵਿਸ਼ੇਸ਼ ਚੋਣ ਨਿਸ਼ਾਨ 'ਤੇ ਚੋਣ ਨਹੀਂ ਲੜ ਰਹੀਆਂ। ਇਨ੍ਹਾਂ ਨੂੰ ਚੋਣ ਪੈਨਲ ਵੱਲੋਂ ਮਿਲਣ ਵਾਲੇ ਚੋਣ ਨਿਸ਼ਾਨਾਂ ਦੀ ਸੂਚੀ ਵਿਚੋਂ ਹੀ ਕੋਈ ਚੁਣਨਾ ਪਵੇਗਾ। ਚੋਣ ਕਮਿਸ਼ਨ ਦੇ ਹਾਲੀਆ ਸਰਕੂਲਰ ਅਨੁਸਾਰ ਇਸ ਵੇਲੇ ਅਜਿਹੇ 87 ਚੋਣ ਨਿਸ਼ਾਨ ਉਪਲਬਧ ਹਨ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Ph:(408) 687-1899**
**(408) 729-6691**
Fax:(408)292-6200

**EX Member:**
*The California Homeopathic Society*
National Center For Homeopathy- USA

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***



**Convenience Store For Sale**

**Turn key convenience store with a lot of potential for sale in Bakersfield. 3400 Sqf. of space. Good location.**
**Price $129,900 plus inventory**

**ਕਨਵੀਨੀਐਂਸ ਸਟੋਰ ਵਿਕਾਊ ਹੈ**

**ਬੇਕਰਜ਼ਫੀਲਡ ਵਿਚ ਟਰਨ ਕੀ ਕਨਵੀਨੀਐਂਸ ਸਟੋਰ, ਵਿਕਰੀ ਵਧਾਉਣ ਦੀ ਵੱਡੀ ਸੰਭਾਵਨਾ, ਕਰੀਬ 3400 ਵਰਗ ਫੁੱਟ ਸਪੇਸ, ਵਧੀਆ ਲੋਕੇਸ਼ਨ**
**ਕੀਮਤ: $129,900+ਇਨਵੈਂਟਰੀ**
*ਰੀਅਲ ਐਸਟੇਟ ਬਾਰੇ ਆਪਣੀਆਂ ਸਾਰੀਆਂ ਲੋੜਾਂ ਲਈ*
**ਸੰਪਰਕ ਕਰੋ: ਜਿੰਮੀ ਬਸਰਾ**

**Cell: 661-205-5450**

**Miramar International, Fax: 866-605-4167**





ੴ ਬੇਅ ਏਰੀਆ ਸਿਖ ਅਲਾਇੰਸ ਓਰਗ ੴ

**Bay Area Sikh Alliance Org.** (BASA)

Regd. # 3527218

Honorable Supreme Council Members Gurdwara Sahib Fremont,
Bhai Tarsem Singh Ji
Bhai Gurinder Singh Ji
Bhai Lakhbir Singh Ji
Bhai Jasdev Singh Ji
Bhai Harjit Singh Ji

March 23, 2014


It is the prime duty and responsibility of Gurdwara Sahib Fremont elected Supreme Council and executive committee to provide audited financial reports every year to the congregation. Unfortunately it never happened in the past. Yearly financial reports (2008, 2009, 2010, 2011, 2012, and 2013) of Gurdwara Sahib Fremont, provided to the congregation are unaudited, misleading numbers and inaccurate information was found in the given profit and loss statements. Financial reports were not given on time to the congregation. The congregation is dissatisfied and has numerous unanswered questions on the profit and loss statements. It is a violation of Nonprofit Organization rules and regulations under which Fremont Gurdwara Sahib is permitted to do business. Management must follow the rules and regulations set by the law. Gurdwara Sahib is a publically funded institution and elected members have duty to serve professionally.

Newly elected Supreme Council has proposed congregation members to request audit. Law requires management should provide audited financial reports to the congregation. Bhai Sahib, Bhai Tarsem Singh Ji, Bhai Gurinder Singh Ji, Bhai Lakhbir Singh Ji, Bhai Jasdev Singh Ji, Bhai Harjit Singh Ji, Bay Area Sikh Alliance Organization happily accept your request to help audit 2008, 2009, 2010, 2011, 2012 and 2013 financial reports on behalf of Sangat (congregation). It is not just one person but the congregation (Sangat) wants transparent financial records. Bay Area Sikh Alliance Organization of California wants to help the Gurdwara Sahib Fremont Supreme Council to establish transparent accounting system. Bay Area Sikh Alliance Organization of California, its Voters, and Supporters request the following information from Supreme Council Gurdwara Sahib Fremont:

1. Audit must be requested by Gurdwara Sahib Fremont Supreme Council as law requires. If management can't fulfill their duty, Supreme Council must give letter of authorization to Sangat members for audit request.
2. Supreme Council must provide written agreement that all required documents to perform audit for 2008, 2009, 2010, 2011, 2012, 2013 financial reports, will be available instantly to the auditor as requested from current Supreme Council..
3. **We request to establish all this by April 30, 2014**.
4. May 1, 2014 audit will start.

Bhai Sahib Ji, we believe, congregation demand transparent account from their elected Supreme Council. It is happening first time in the history of the Gurdwara Sahib Fremont. We admire your decision to force audit (2008, 2009, 2010, 2011, 2012 and 2013) financial reports of Gurdwara Sahib Fremont. Funds are untraceable from profit and loss statements (2008, 2009, 2010, 0211, 2012 and 2013) provided to congregation by Gurdwara Sahib Fremont Supreme Council. We believe Sangat will be extremely happy when the audited reports of 2008, 2009, 2010, 2011, 2012 and 2013 are available for the congregation review. With due respect, we request, let's move forward. All communication in writing should be directed to Amarjit Singh Sidhu general sectary BASAO at email: basaorganization@gmail.com


Sincerely
Congregation Members



Received by:

# ਗੁਰਦੁਆਰਾ ਸਾਹਿਬ ਫਰੀਮਾਂਟ ਦੇ ਅਕਾਊਂਟ ਆਡਿਟ ਕਰਨ ਦਾ ਮਸਲਾ ਸੰਗਤਾਂ ਦੀ ਕਚਹਿਰੀ ਵਿਚ

ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਵਲੋਂ ਦਿਤੇ ਗਏ ਇਸ ਲੈਟਰ ਦਾ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਵਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਇਹ ਮਸਲਾ ਸੰਗਤਾਂ ਦੀ ਕਚਹਿਰੀ ਵਿਚ ਰਖਦਿਆਂ ਸਾਡੀ ਸੁਪਰੀਮ ਕੌਂਸਲ ਦੇ ਮੈਂਬਰਾਂ ਭਾਈ ਤਰਸੇਮ ਸਿੰਘ, ਭਾਈ ਜਸਦੇਵ ਸਿੰਘ, ਭਾਈ ਲਖਵੀਰ ਸਿੰਘ, ਭਾਈ ਗੁਰਿੰਦਰ ਸਿੰਘ ਤੇ ਭਾਈ ਹਰਜੀਤ ਸਿੰਘ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦਾ ਅਕਾਊਂਟ ਛੇਤੀ ਤੋਂ ਛੇਤੀ ਕਿਸੇ ਮਾਨਤਾਪ੍ਰਾਪਤ ਆਡਿਟਰ ਕੋਲੋਂ ਆਡਿਟ ਕਰਵਾ ਕੇ ਸੰਗਤਾਂ ਨੂੰ ਆਡਿਟ ਦੀ ਸਰਟੀਫਾਈ ਕਾਪੀ ਦਿੱਤੀ ਜਾਵੇ। ਇਹ ਆਪ ਜੀ ਦੀ ਇਖਲਾਕੀ ਅਤੇ ਕਾਨੂੰਨੀ ਜ਼ਿੰਮੇਵਾਰੀ ਹੈ ਜੋ ਨਿਭਾਉਣ ਤੋਂ ਆਪ ਨੂੰ ਕੰਨੀ ਨਹੀਂ ਕਤਰਾਉਣੀ ਚਾਹੀਦੀ। ਸੰਗਤ ਦੇ ਸਾਹਮਣੇ ਆਡਿਟ ਰਿਪੋਰਟ ਪੇਸ਼ ਨਾ ਕਰਨਾ ਕਾਨੂੰਨੀ ਜ਼ੁਰਮ ਹੈ। ਬੇਨਤੀ ਹੈ ਕਿ ਭਾਈ ਸੰਗਤ ਦੀ ਗੱਲ ਧਿਆਨ ਨਾਲ ਸੁਣੋ ਤੇ ਆਡਿਟ ਰਿਪੋਰਟ ਛੇਤੀ ਤੋਂ ਛੇਤੀ ਦਿਓ, ਨਹੀਂ ਤਾਂ ਸੰਗਤਾਂ ਉਂਗਲ ਚੁਕਣਗੀਆਂ। ਧੰਨਵਾਦ।




ਸਿੱਖ ਪੰਚਾਇਤ ਦੇ ਮੈਂਬਰਾਂ-ਭਾਈ ਕਸ਼ਮੀਰ ਸਿੰਘ ਸਾਹੀ, ਪ੍ਰੋ. ਪ੍ਰੀਤਮ ਸਿੰਘ, ਡਾ. ਪ੍ਰਿਤਪਾਲ ਸਿੰਘ, ਭਾਈ ਰਾਮ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਐਸ ਪੀ ਸਿੰਘ, ਭਾਈ ਜਸਜੀਤ ਸਿੰਘ, ਭਾਈ ਜਸਦੀਪ ਸਿੰਘ ਤੇ ਬੀਬੀ ਗੁਰਬਖਸ਼ ਕੌਰ ਕਾਹਲੋਂ; ਸੁਪਰੀਮ ਕੌਂਸਲ ਦੇ ਮੈਂਬਰਾਂ-ਭਾਈ ਤਰਸੇਮ ਸਿੰਘ, ਭਾਈ ਜਸਦੇਵ ਸਿੰਘ, ਭਾਈ ਲਖਵੀਰ ਸਿੰਘ, ਭਾਈ ਗੁਰਿੰਦਰ ਸਿੰਘ ਤੇ ਭਾਈ ਹਰਜੀਤ ਸਿੰਘ ਦੇ ਧਿਆਨ ਦੇਣ ਯੋਗ

ਆਪ ਸਾਰੇ ਮੈਂਬਰਾਂ ਨੇ ਹੇਠਾਂ ਦਿੱਤੀਆਂ ਚੈਕਾਂ ਦੀਆਂ ਕਾਪੀਆਂ ਅਖਬਾਰਾਂ ਵਿਚ ਗਲਤ ਤਰੀਕੇ ਨਾਲ ਵਰਤ ਕੇ ਕਾਨੂੰਨ ਦੀ ਉਲੰਘਣਾ ਕੀਤੀ ਹੈ। ਭਾਈ ਰਾਮ ਸਿੰਘ ਸੁਪਰੀਮ ਕੌਂਸਲ ਦੇ ਚੇਅਰਮੈਨ ਸਨ, ਉਨ੍ਹਾਂ ਨੇ ਇਹ ਚੈਕ ਰੇਡੀਓ ਆਪਨਾ ਪੰਜਾਬ ਤੋਂ ਐਡ ਲਵਾ ਕੇ ਪੈਸੇ ਦਿੱਤੇ ਸਨ। ਦੂਸਰਾ ਚੈਕ ਸਿਟੀ ਆਫ ਫਰੀਮਾਂਟ ਦੀ 50ਵੀਂ ਵਰ੍ਹੇਗੰਢ 'ਤੇ ਗੁਰਦੁਆਰਾ ਸਾਹਿਬ ਵਲੋਂ ਕਬੱਡੀ ਟੀਮ ਦੇ ਮੈਚਾਂ ਵਾਸਤੇ ਦਿੱਤਾ ਗਿਆ ਸੀ। ਭਾਈ ਰਾਮ ਸਿੰਘ ਦੇ ਮੀਟਿੰਗ ਦੀ ਕਾਰਵਾਈ ਰਜਿਸਟਰ ਵਿਚ ਇਹ ਸਭ ਕੁਝ ਦਰਜ ਹੈ। ਸਾਡੀ ਇਨ੍ਹਾਂ ਸਾਰੇ ਮੈਂਬਰਾਂ ਨੂੰ ਬੇਨਤੀ ਹੈ ਕਿ ਲਿਖਤੀ ਮੁਆਫੀ ਮੰਗੀ ਜਾਵੇ, ਨਹੀਂ ਤਾਂ ਕਾਨੂੰਨ ਅਨੁਸਾਰ ਢੁਕਵੀਂ ਕਾਰਵਾਈ ਕੀਤੀ ਜਾਵੇਗੀ।

## ਵਲੋਂ: ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ

*Paid Advt.*

## Matrimonial

### ਕੰਨਿਆ ਦੀ ਲੋੜ

ਹਿੰਦੂ ਅਗਰਵਾਲ, ਉਮਰ 26 ਸਾਲ, ਕੱਦ 5'-10", ਅਮਰੀਕਾ ਤੋਂ ਐਮ ਬੀ ਏ, ਵਰਕ ਪਰਮਿਟ 'ਤੇ ਜਾਬ ਅਤੇ ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 516-547-5021


---

ਕੰਬੋਜ਼ ਸਿੱਖ ਅਮਰੀਕੀ ਸਿਟੀਜ਼ਨ, ਇਲੈਕਟ੍ਰੀਕਲ ਇੰਜੀਨੀਅਰ, ਸਟੋਰ ਮਾਲਕ ਕੱਦ 6'-1", 30 ਸਾਲਾ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 559-745-5287 ਜਾਂ ਈ-ਮੇਲ: sjudge@gmail.com


# ਨਹਿਰੂ ਦੀਆਂ ਗਲਤੀਆਂ ਕਾਰਨ ਹੋਈ ਭਾਰਤ-ਚੀਨ ਜੰਗ

**ਬੀਜਿੰਗ:** ਭਾਰਤ-ਚੀਨ ਵਿਚਕਾਰ 1962 ਵਿਚ ਹੋਏ ਯੁੱਧ ਨਾਲ ਸਬੰਧਤ ਗੁਪਤ ਰਿਪੋਰਟ ਦਾ ਅੰਸ਼ ਪਿਛਲੇ ਦਿਨੀਂ ਸਰਵਜਨਕ ਕਰਨ ਵਾਲੇ ਆਸਟ੍ਰੇਲੀਆ ਦੇ ਬਜ਼ੁਰਗ ਪੱਤਰਕਾਰ ਨੇਵੇਲ ਮੈਕਸਵੈੱਲ ਦਾ ਕਹਿਣਾ ਹੈ ਕਿ 1962 ਦੇ ਯੁੱਧ ਵਿਚ ਭਾਰਤ ਪੀੜਤ ਨਹੀਂ ਸੀ ਸਗੋਂ ਭਾਰਤ ਦੇ ਤੱਤਕਾਲੀਨ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀਆਂ ਗ਼ਲਤੀਆਂ ਕਾਰਨ ਚੀਨ ਨੂੰ ਯੁੱਧ ਦਾ ਸਾਹਮਣਾ ਕਰਨਾ ਪਿਆ।

ਮੈਕਸਵੈੱਲ ਨੇ ਹਾਂਗਕਾਂਗ ਦੇ ਅਖ਼ਬਾਰ 'ਸਾਊਥ ਚਾਈਨਾ ਮਾਰਨਿੰਗ ਪੋਸਟ' ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਹਾਡਰਸਨ ਬਰੂਕਸ ਰਿਪੋਰਟ (ਐਚ.ਬੀ.ਆਰ.) ਨੂੰ ਪੜ੍ਹਨ ਤੋਂ ਸਾਫ਼ ਹੁੰਦਾ ਹੈ ਕਿ ਨਹਿਰੂ ਦੀ ਨੀਤੀ ਵਿਚ ਕਈ ਖੋਟਾਂ ਸਨ। ਮੈਕਸਵੈੱਲ ਤੋਂ ਜਦੋਂ ਇਹ ਪੁੱਛਿਆ ਗਿਆ ਕਿ ਇੰਨੇ ਸਾਲਾਂ ਬਾਅਦ ਐਚ.ਬੀ.ਆਰ. ਦਾ ਖੁਲਾਸਾ ਕਰ ਕੇ ਉਹ ਕੀ ਹਾਸਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਪਿਛਲੇ 50 ਸਾਲ ਤੋਂ ਭਾਰਤੀ ਮਿੱਥ ਪ੍ਰਚਾਰ ਵਿਰੁੱਧ ਸਬੂਤ ਇਕੱਠੇ ਕਰਨ ਵਿਚ ਲੱਗਾ ਹੋਇਆ ਸੀ।


*ਜਵਾਹਰ ਲਾਲ ਨਹਿਰੂ ਚੀਨੀ ਲੀਡਰ ਚਾਓ ਐਨ ਲਾਈ ਨਾਲ।*

ਉਹ ਚਾਹੁੰਦਾ ਹੈ ਕਿ ਭਾਰਤੀਆਂ ਨੂੰ ਸੱਚ ਦਾ ਪਤਾ ਲੱਗੇ ਕਿ ਉਨ੍ਹਾਂ ਦੀ ਸਰਕਾਰ ਤੇ ਖਾਸ ਕਰ ਕੇ ਨਹਿਰੂ ਦੀਆਂ ਗ਼ਲਤੀਆਂ ਕਰ ਕੇ ਚੀਨ ਨੂੰ ਯੁੱਧ ਕਰਨਾ ਪਿਆ। ਨਹਿਰੂ ਨੂੰ ਲੱਗਦਾ ਸੀ ਕਿ ਭਾਰਤ ਆਪਣੀਆਂ ਸਰਹੱਦਾਂ ਦਾ ਨਿਰਧਾਰਨ ਆਪ ਕਰੇਗਾ।

ਉਨ੍ਹਾਂ ਨੇ ਸਰਹੱਦ ਮਸਲੇ 'ਤੇ ਚੀਨ ਨੂੰ ਕਦੀ ਭਰੋਸੇ ਵਿਚ ਲੈਣ ਦੀ ਕੋਸ਼ਿਸ਼ ਨਹੀਂ ਕੀਤੀ। ਮੈਕਸਵੈੱਲ ਨੇ ਕਿਹਾ ਕਿ ਉਨ੍ਹਾਂ ਨੇ ਰਿਪੋਰਟ ਆਨਲਾਈਨ ਜਾਰੀ ਕੀਤੀ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਭਾਰਤ ਸਰਕਾਰ ਇਸ ਨੂੰ ਗੁਪਤ ਰੱਖਣ ਦਾ ਬਹਾਨਾ ਬਣਾਉਂਦੇ ਹੋਏ ਝੂਠਾ ਦਾਅਵਾ ਨਹੀਂ ਕਰ ਸਕਦੀ ਕਿ ਇਹ ਰਾਸ਼ਟਰੀ ਸੁਰੱਖਿਆ ਦੇ ਲਿਹਾਜ਼ ਤੋਂ ਕੀਤਾ ਗਿਆ ਸੀ।

ਜਦੋਂ ਮੈਕਸਵੈੱਲ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੇ ਰਿਪੋਰਟ ਦਾ ਕੁਝ ਹਿੱਸਾ ਹੀ ਕਿਉਂ ਉਜਾਗਰ ਕੀਤਾ ਤੇ ਬਾਕੀ ਭਾਗ ਕਿਥੇ ਹੈ ਤਾਂ ਉਨ੍ਹਾਂ ਕਿਹਾ ਕਿ ਜੋ ਉਨ੍ਹਾਂ ਕੋਲ ਸੀ, ਉਹ ਅਪਲੋਡ ਕਰ ਦਿੱਤਾ ਤੇ ਉਨ੍ਹਾਂ ਨੇ ਦੂਜਾ ਭਾਗ ਕਦੇ ਨਹੀਂ ਵੇਖਿਆ। ਮੈਕਸਵੈੱਲ ਨੇ ਕਿਹਾ ਕਿ ਉਨ੍ਹਾਂ ਨੇ ਸਿਰਫ ਨਹਿਰੂ ਦੀ ਸਰਹੱਦ ਨੀਤੀ ਦੀ ਆਲੋਚਨਾ ਕੀਤੀ ਹੈ ਪਰ ਵਿਅਕਤੀਗਤ ਤੌਰ 'ਤੇ ਉਹ ਉਨ੍ਹਾਂ ਨੂੰ ਬਹੁਤ ਪਸੰਦ ਕਰਦਾ ਸੀ।


## ਤੰਦੂਰੀਏ ਦੀ ਫੌਰਨ ਲੋੜ ਹੈ

**ਆਇਓਵਾ ਸਟੇਟ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਦੀ ਫੌਰੀ ਤੌਰ 'ਤੇ ਲੋੜ ਹੈ।**
**ਚੰਗੀ ਤਨਖਾਹ ਤੇ ਮੁਫਤ ਰਿਹਾਇਸ਼**

*ਸੰਪਰਕ ਕਰੋ, ਮਿਸਟਰ ਸਿੰਘ*

**ਫੋਨ: 515-291-1961**


## ਭਾਰਤੀ ਮੂਲ ਦੇ ਡਾਕਟਰ ਨੂੰ ਮਿਲੀ ਰਾਹਤ

**ਲੰਡਨ:** ਭਾਰਤੀ ਮੂਲ ਦੇ ਡਾਕਟਰ ਨੂੰ ਇਕ ਮਰਦ ਮਰੀਜ਼ ਨਾਲ ਓਰਲ ਸੈਕਸ ਕਰਨ ਦੇ ਇਲਜ਼ਾਮਾਂ ਤੋਂ ਰਾਹਤ ਮਿਲ ਗਈ ਹੈ। ਯੂਕੇ ਟ੍ਰਿਬਿਊਨਲ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਡਾਕਟਰ ਮਾਨਵ ਅਰੋੜਾ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ। ਮਾਨਵ ਅਰੋੜਾ ਨੇ ਮਰੀਜ਼ ਦੇ ਦਾਅਵਿਆਂ ਨੂੰ ਖਾਰਜ ਕਰਦਿਆਂ ਕਿਹਾ ਸੀ ਕਿ ਜਦੋਂ ਉਸ ਨੂੰ ਦੱਸਿਆ ਗਿਆ ਕਿ ਇਲਾਜ ਲਈ ਹਸਪਤਾਲ ਵਿਚ ਰਹਿਣਾ ਪਏਗਾ ਤਾਂ ਉਹ ਗੁੱਸੇ ਵਿਚ ਆ ਗਿਆ। ਵਿਅਕਤੀ ਦੀ ਲੱਤ 'ਤੇ ਜ਼ਖ਼ਮ ਸੀ ਤੇ ਇਲਾਜ ਲਈ ਨਾਰਥ ਟੀਮ ਯੂਨੀਵਰਸਿਟੀ ਹਸਪਤਾਲ ਵਿਚ ਲਿਆਂਦਾ ਗਿਆ ਸੀ।

## ਭਾਰਤ ਵਿਚ ਮਲੇਰੀਏ ਦਾ ਪੱਕਾ ਬਸੇਰਾ

**ਨਵੀਂ ਦਿੱਲੀ:** ਦੱਖਣ-ਪੂਰਬੀ ਏਸ਼ੀਆ ਦੇ 10 ਦੇਸ਼ਾਂ ਵਿਚੋਂ ਭਾਰਤ ਇਕ ਹੈ ਜਿਥੇ ਖਤਰਨਾਕ ਬਿਮਾਰੀ ਮਲੇਰੀਆ ਨੇ ਘਰ ਕੀਤਾ ਹੋਇਆ ਹੈ ਤੇ ਆਪਣੇ ਪ੍ਰਕੋਪ ਨਾਲ ਹਜ਼ਾਰਾਂ ਭਾਰਤੀਆਂ ਦੀ ਜਾਨ ਲਈ ਹੈ। ਵਿਸ਼ਵ ਸਿਹਤ ਸੰਗਠਨ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਵਿਸ਼ਵ ਦੀ 40 ਫੀਸਦੀ ਅਬਾਦੀ ਇਸ ਖੇਤਰ ਵਿਚ ਮਲੇਰੀਏ ਦੀ ਮਾਰ ਹੇਠ ਹੈ।


## ਹਿੰਦੂ ਧਾਰਮਿਕ ਲਾਂਗਰੀ ਦੀ ਲੋੜ ਹੈ

ਭਾਰਤੀ ਹਿੰਦੂ ਟੈਂਪਲ ਕੋਲੰਬਸ-ਓਹਾਇਓ ਲਈ ਇਕ ਅਨੁਭਵੀ ਕੁੱਕ ਦੀ ਲੋੜ ਹੈ ਜੋ ਹਰ ਤਰ੍ਹਾਂ ਦੀਆਂ ਭਾਰਤੀ ਮਿਠਾਈਆਂ, ਸਨੈਕਸ ਅਤੇ ਪਕਵਾਨ ਤਿਆਰ ਕਰ ਸਕਦਾ ਹੋਵੇ। ਅਮਰੀਕਾ ਤੇ ਕੈਨੇਡਾ ਵਿਚ ਰਹਿੰਦੇ ਕੁੱਕ ਦਰਖਾਸਤ ਦੇ ਸਕਦੇ ਹਨ। ਮੰਦਿਰ ਵਲੋਂ ਚੰਗੀ ਤਨਖਾਹ, ਸਿਹਤ, ਅੱਖਾਂ, ਦੰਦਾਂ ਦੀ ਇੰਸ਼ੋਰੈਂਸ ਤੋਂ ਇਲਾਵਾ ਲਾਈਫ ਇੰਸ਼ੋਰੈਂਸ ਦਿਤੀ ਜਾਂਦੀ ਹੈ। ਭਾਰਤ ਜਾਣ ਲਈ ਖਰਚਾ ਤੇ ਘਰ ਖਰੀਦਣ ਲਈ ਮਦਦ ਆਦਿ ਬਹੁਤ ਸਾਰੀਆਂ ਸਹੂਲਤਾਂ ਉਪਲਬਧ ਹਨ। ਅਰਜੀਆਂ 30 ਅਪਰੈਲ 2014 ਤੱਕ ਹੇਠਾਂ ਦਿੱਤੀ ਈਮੇਲ ਜਾਂ ਪਤੇ ਉਤੇ ਭੇਜੀਆਂ ਜਾ ਸਕਦੀਆਂ ਹਨ।

## Hindu Religious Cook Wanted

The Bharatiya Hindu Temple of Columbus, Ohio is looking for a skilled Cook who has experience in cooking all kinds of Indian sweets, snacks, and dishes. Cooks living in the United States and Canada can apply. Temple provides competitive salary, health, life, vision, dental insurance, trip for India, house allowance (or payment towards their mortgage if they decide to buy home), and many other benefits. The deadline is April 30, 2014, or until the position is filled. Applicants are requested to email their resume and three letters of recommendation at

**Pandey108@yahoo.com** or mail it to:
**Bharatiya Hindu Temple, P.O. Box 1466, Powell, OH 43065**



## MRP TRAVEL


*Lowest International and Domestic Fares*
ARC **FLY ANY AIRLINE OF YOUR CHOICE** IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133
*CST: 2097308-40*

*Passport & Visa services also available*



*India Vacation tour package also available.*

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



## S&S Freight Dispatch Service
## Wanted Owner Operators



**We have loads available for Van, Reefer and Flatbeds in all 48 states.**

**Our operations staff will secure all your loads, never worry about finding a load. We will have your reload available before you are empty.**

**Quick Pay Available, Fuel Advance**
**You can contact us in Punjabi or English**

**Please call for further details-Ph: 541-777-7427**

## ਓਨਰ ਅਪਰੇਟਰਾਂ ਦੀ ਲੋੜ ਹੈ

**ਸਾਡੇ ਪਾਸ ਸਾਰੀਆਂ 48 ਸਟੇਟਾਂ ਲਈ ਵੈਨ, ਰੀਫਰ ਅਤੇ ਫਲੈਟਬੈਡ ਲੋਡ ਹਰ ਸਮੇਂ ਤਿਆਰ ਹੁੰਦੇ ਹਨ। ਸਾਡਾ ਸਟਾਫ ਤੁਹਾਡੇ ਲਈ ਲੋਡ ਲੈਣ ਵਾਸਤੇ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦਾ ਹੈ, ਤੁਹਾਨੂੰ ਲੋਡ ਚੁੱਕਣ ਵਿਚ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਵਾਪਸੀ ਲਈ ਲੋਡ ਤਿਆਰ ਮਿਲੇਗਾ।**
*ਕੁਇਕ ਪੇ ਅਤੇ ਫਿਊਲ ਐਡਵਾਂਸ ਮਿਲੇਗਾ*

**ਸੰਪਰਕ ਕਰੋ: 541-777-7427**



## Prince's Barber Shop

**37477 Fremont Blvd, suite C, Fremont, CA 94536**

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**



**Cell: (510)-677-9942**
**Shop: (510)-505-9605**
*www.princebarbershop.com*

ਪੰਜਾਬ ਟਾਈਮਜ਼

*ਸਨਿਚਰਵਾਰ, 12 ਅਪਰੈਲ 2014*

## ਚੋਣਾਂ ਦੇ ਦਿਨੀਂ ਜ਼ਹਿਰ ਦੀ ਖੇਤੀ

ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਵਜੋਂ ਮਸ਼ਹੂਰ ਭਾਰਤ ਵਿਚ ਚੋਣਾਂ ਦੇ ਇਨ੍ਹੀਂ ਦਿਨੀਂ ਨਿਘਾਰ ਦੀ ਹਰ ਸੀਮਾ ਪਾਰ ਕੀਤੀ ਜਾ ਰਹੀ ਹੈ। ਮੁੱਖ ਸਿਆਸੀ ਧਿਰਾਂ-ਕਾਂਗਰਸ ਅਤੇ ਭਾਜਪਾ ਤੋਂ ਇਲਾਵਾ ਕਈ ਹੋਰ ਖੇਤਰੀ ਪਾਰਟੀਆਂ ਦੇ ਆਗੂ ਵੀ ਆਪਣੇ ਵਿਰੋਧੀਆਂ ਖਿਲਾਫ ਇਕ ਤਰ੍ਹਾਂ ਨਾਲ ਜ਼ਹਿਰ ਹੀ ਉਗਲ ਰਹੇ ਹਨ। ਇਸ ਮਾਮਲੇ ਵਿਚ ਘੱਟ ਭਾਵੇਂ ਕਾਂਗਰਸ ਦੇ ਆਗੂ ਵੀ ਨਹੀਂ ਹਨ ਜੋ ਖੁਦ ਨੂੰ ਦੁੱਧ ਧੋਤੇ ਸਾਬਤ ਕਰਨ ਦਾ ਯਤਨ ਵੀ ਕਰ ਰਹੇ ਹਨ, ਪਰ ਭਾਜਪਾ ਦੇ ਆਗੂ ਵਾਰ-ਵਾਰ ਭੜਕਾਊ ਭਾਸ਼ਣਾਂ ਨਾਲ ਵੱਖ-ਵੱਖ ਫਿਰਕਿਆਂ ਵਿਚ ਪਾੜਾ ਵਧਾ ਰਹੇ ਹਨ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਨਾਲ ਮੁਲਾਕਾਤ ਨੇ ਇਕ ਖਾਸ ਫਿਰਕੇ ਨਾਲ ਨੇੜਤਾ ਦਾ ਦਿਖਾਵਾ ਕੀਤਾ ਹੈ, ਤਾਂ ਭਾਜਪਾ ਆਗੂ ਅਮਿਤ ਸ਼ਾਹ ਨੇ ਅਗਾਂਹ ਬਦਲਾ ਲੈਣ ਬਾਰੇ ਭਾਸ਼ਣ ਦਾਗ ਦਿੱਤਾ ਹੈ। ਇਕ ਹੋਰ ਭਾਜਪਾ ਆਗੂ ਵਸੁੰਧਰਾ ਰਾਜੇ ਨੇ ਤਾਂ ਇਕ ਕਾਂਗਰਸ ਆਗੂ ਦੇ ਭਾਸ਼ਣ ਦਾ ਜਵਾਬ ਦਿੰਦਿਆਂ ਇਹ ਵੀ ਕਹਿ ਦਿੱਤਾ ਕਿ ਚੋਣਾਂ ਤੋਂ ਬਾਅਦ ਦੇਖ ਲਵਾਂਗੇ ਕਿ ਕੌਣ ਕਿਸ ਦੇ ਟੋਟੇ ਕਰਦਾ ਹੈ! ਸਿਤਮਜ਼ਰੀਫੀ ਇਹ ਕਿ ਇਹ ਸਾਰਾ ਕੁਝ ਵੋਟਾਂ ਬਟੋਰਨ ਲਈ ਕੀਤਾ ਜਾ ਰਿਹਾ ਹੈ। ਵੋਟਾਂ ਦੀ ਇਸ ਰਾਜਨੀਤੀ ਵਿਚ ਨੈਤਿਕਤਾ ਤਾਕ ਵਿਚ ਰੱਖ ਦਿੱਤੀ ਗਈ ਹੈ। ਇਨ੍ਹਾਂ ਸਭ ਮਾਮਲਿਆਂ ਵਿਚ ਭਾਜਪਾ ਦਾ ਰੁਖ ਬੇਹੱਦ ਹਮਲਾਵਰ ਰਿਹਾ ਹੈ। ਰਹਿੰਦੀ ਕਸਰ ਇਸ ਵੱਲੋਂ ਜਾਰੀ ਮੈਨੀਫੈਸਟੋ ਨੇ ਕੱਢ ਦਿੱਤੀ ਹੈ। ਇਸ ਮੈਨੀਫੈਸਟੋ ਵਿਚ ਉਹ ਤਿੰਨੇ ਮੁੱਦੇ ਸ਼ਾਮਲ ਕਰ ਲਏ ਗਏ ਹਨ ਜਿਨ੍ਹਾਂ ਦੇ ਆਧਾਰ ਉਤੇ ਭਾਜਪਾ ਆਪਣੀਆਂ ਖਾਸ ਵੋਟਾਂ ਲਈ ਪਹਿਲਾਂ ਗੋਲਬੰਦੀ ਕਰਦੀ ਰਹੀ ਹੈ। ਇਹ ਤਿੰਨ ਮੁੱਦੇ ਰਾਮ ਮੰਦਿਰ, ਇਕਸਾਰ ਸਿਵਲ ਕੋਡ ਅਤੇ ਧਾਰਾ 370 ਹਨ। ਰਾਮ ਮੰਦਿਰ ਦੀ ਉਸਾਰੀ ਦਾ ਮੁੱਦਾ ਉਭਾਰਨ ਦਾ ਮਕਸਦ ਇਹੀ ਹੈ ਕਿ ਭਾਜਪਾ ਹਿੰਦੂਤਵ ਦੇ ਮੁੱਦੇ ਉਤੇ ਪਹਿਲਾਂ ਵਾਂਗ ਕਾਇਮ ਹੈ, ਹਾਲਾਂਕਿ ਸੱਤਾ ਹਾਸਲ ਕਰਨ ਦੀ ਖਾਤਰ ਇਹ ਪਾਰਟੀ ਇਸ ਮੁੱਦੇ ਨੂੰ ਗਾਹੇ-ਬਗਾਹੇ ਪਿਛਾਂਹ ਧੱਕਦੀ ਰਹੀ ਹੈ; ਪਰ ਹੁਣ ਚੋਣ ਮੈਨੀਫੇਸਟੋ ਵਿਚ ਇਹ ਮੁੱਦਾ ਦਰਜ ਕਰ ਕੇ ਇਸ ਨੇ ਹਿੰਦੂ ਵੋਟਾਂ ਉਤੇ ਆਪਣਾ ਨਿਸ਼ਾਨਾ ਲਾਇਆ ਹੈ। ਜ਼ਾਹਿਰ ਹੈ ਕਿ ਕਾਂਗਰਸ ਅਤੇ ਭਾਜਪਾ ਵੋਟਾਂ ਦੇ ਧਰੁਵੀਕਰਨ ਲਈ ਨੈਤਿਕਤਾ ਦੀਆਂ ਸਾਰੀਆਂ ਸੀਮਾਵਾਂ ਪਾਰ ਕਰ ਰਹੀਆਂ ਹਨ। ਕਾਂਗਰਸ ਜੇ ਮੁਸਲਮਾਨਾਂ ਦੀਆਂ ਵੋਟਾਂ ਲਈ ਅਹੁਲ ਰਹੀ ਹੈ ਤਾਂ ਭਾਜਪਾ ਆਪਣੀ ਟੇਕ ਹਿੰਦੂ ਵੋਟਾਂ ਉਤੇ ਰੱਖ ਰਹੀ ਹੈ। ਇਸ ਮਾਮਲੇ ਵਿਚ ਭਾਜਪਾ ਕਿਉਂਕਿ ਕਾਂਗਰਸ ਤੋਂ ਦੋ ਕਦਮ ਅੱਗੇ ਹੀ ਹੈ, ਇਸੇ ਕਰ ਕੇ ਮੈਨੀਫੈਸਟੋ ਵਿਚ ਪਰਮਾਣੂ ਪ੍ਰੋਗਰਾਮ ਦਾ ਮੁੱਦਾ ਵੀ ਆਣ ਵੜਿਆ ਹੈ। ਪਰਮਾਣੂ ਪ੍ਰੋਗਰਾਮ ਵਿਚ ਤਬਦੀਲੀ ਬਾਰੇ ਗੱਲ ਕਰਨ ਦਾ ਸਿੱਧਾ ਜਿਹਾ ਮਤਲਬ 'ਆਪਣੇ ਵੋਟਰਾਂ' ਨੂੰ ਗੁਆਂਢੀ ਮੁਲਕ ਪਾਕਿਸਤਾਨ ਦਾ ਚੇਤਾ ਕਰਵਾਉਣਾ ਹੈ। ਇਹ ਭਾਜਪਾ ਦੀ ਪੁਰਾਣੀ ਰਣਨੀਤੀ ਹੈ। 'ਪੱਕੀਆਂ ਵੋਟਾਂ' ਲਈ ਇਹ ਹਰ ਚੋਣ ਵਿਚ ਪਾਕਿਸਤਾਨ ਨੂੰ ਮੁੱਦਾ ਬਣਾਉਂਦੀ ਰਹੀ ਹੈ। ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰੇਂਦਰ ਮੋਦੀ ਦੇ ਨਵੇਂ-ਪੁਰਾਣੇ ਭਾਸ਼ਣਾਂ ਵਿਚ ਪਾਕਿਸਤਾਨ ਦਾ ਜ਼ਿਕਰ ਅਕਸਰ ਆ ਜਾਂਦਾ ਹੈ।

ਦਰਅਸਲ, ਭਾਜਪਾ ਦੀ ਸਮੁੱਚੀ ਚੋਣ ਮੁਹਿੰਮ ਨਰੇਂਦਰ ਮੋਦੀ ਦੀ ਰਣਨੀਤੀ ਦੇ ਆਧਾਰ ਉਤੇ ਹੀ ਚੱਲ ਰਹੀ ਹੈ। ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਭਾਜਪਾ ਦੇ ਮੈਨੀਫੈਸਟੋ ਉਪਰ ਵੀ ਮੋਦੀ ਦੀ ਗੂੜ੍ਹੀ ਛਾਪ ਹੈ। ਇਸ ਛਾਪ ਦਾ ਅਸਲ ਕਾਰਨ ਇਹੀ ਹੈ ਕਿ ਮੋਦੀ ਦੀ ਪਿੱਠ ਉਤੇ ਆਰ.ਐਸ.ਐਸ. ਹੈ ਜੋ ਹਿੰਦੂਤਵ ਦੇ ਮੁੱਦੇ ਨੂੰ ਵਾਰ-ਵਾਰ ਉਭਾਰਦਾ ਰਿਹਾ ਹੈ। ਸਾਲ 200 ਵਿਚ ਜਦੋਂ ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ ਸੀ ਅਤੇ ਭਾਜਪਾ ਦੇ 'ਉਦਾਰ' ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਨੇ ਮੋਦੀ ਨੂੰ ਰਾਜਨੀਤਕ ਧਰਮ ਨਿਭਾਉਣ ਦੀ ਸਲਾਹ ਦਿੱਤੀ ਸੀ ਤਾਂ ਆਰ.ਐਸ.ਐਸ. ਝੱਟ ਮੋਦੀ ਦੀ ਪਿੱਠ ਉਤੇ ਆਣ ਖੜ੍ਹਿਆ ਸੀ। ਮੋਦੀ ਦੇ ਇਸ ਹਮਲਾਵਰ ਰੁਖ ਦੀ ਨੁਕਤਾਚੀਨੀ ਹਰ ਸੰਜੀਦਾ ਸ਼ਖਸ ਉਸ ਸਮੇਂ ਤੋਂ ਕਰਦਾ ਆ ਰਿਹਾ ਹੈ। ਇਸ ਨੁਕਤਾਚੀਨੀ ਵਿਚ ਜਿਹੜਾ ਤੌਖਲਾ ਪ੍ਰਗਟਾਇਆ ਹੁੰਦਾ ਸੀ, ਉਹ ਹੁਣ ਭਾਜਪਾ ਦੇ ਮੈਨੀਫੈਸਟੋ ਨੇ ਸੱਚ ਸਾਬਤ ਕਰ ਦਿੱਤਾ ਹੈ। ਇਹ ਗੱਲ ਜੱਗ-ਜ਼ਾਹਿਰ ਹੋ ਗਈ ਹੈ ਕਿ ਸੱਤਾ ਪ੍ਰਾਪਤੀ ਲਈ ਭਾਜਪਾ ਆਪਣਾ ਅਸਲ ਏਜੰਡਾ ਭਾਵੇਂ ਗਾਹੇ-ਬਗਾਹੇ ਪਿਛੇ ਪਾ ਲੈਂਦੀ ਹੈ, ਪਰ ਇਸ ਨੇ ਇਹ ਏਜੰਡਾ ਕਤਈ ਛੱਡਿਆ ਨਹੀਂ ਹੈ। ਇਸ ਮੁੱਦੇ ਉਤੇ ਸਭ ਤੋਂ ਵੱਧ ਹੈਰਾਨੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਚੱਲ ਰਹੇ ਸ਼੍ਰੋਮਣੀ ਅਕਾਲੀ ਦਲ ਤੋਂ ਹੁੰਦੀ ਹੈ ਜੋ ਅੱਖਾਂ ਮੀਚ ਕੇ ਮੋਦੀ ਦੇ ਗੁਣ ਗਾ ਰਿਹਾ ਹੈ। ਹੁਣ ਤਾਂ ਅਕਾਲੀ ਆਗੂ ਪੰਜਾਬ ਵਿਚ ਮੋਦੀ ਦੇ ਨਾਂ ਉਤੇ ਵੀ ਵੋਟਾਂ ਮੰਗਣ ਲੱਗ ਪਏ ਹਨ। ਇਕ ਪਾਸੇ ਤਾਂ ਅਕਾਲੀ ਆਗੂ 1984 ਦੇ ਸਿੱਖ ਕਤਲੇਆਮ ਲਈ ਕਾਂਗਰਸ ਉਤੇ ਵਾਰ-ਵਾਰ ਹਮਲੇ ਕਰਦੇ ਹਨ, ਦੂਜੇ ਪਾਸੇ ਉਸੇ ਤਰ੍ਹਾਂ ਦੇ ਇਕ ਹੋਰ ਭਿਅੰਕਰ ਕਾਂਡ ਜੋ 2002 ਵਿਚ ਗੁਜਰਾਤ ਵਿਚ ਵਾਪਰਿਆ ਅਤੇ ਜਿਸ ਵਿਚ 1000 ਦੇ ਕਰੀਬ ਮੁਸਲਮਾਨਾਂ ਦਾ ਘਾਣ ਕੀਤਾ ਗਿਆ, ਦੀ ਗੱਲ ਹੀ ਨਹੀਂ ਛੋਂਹਦੇ। ਉਸ ਕਾਂਡ ਦੀ ਗੱਲ ਕਰਨੀ ਤਾਂ ਦੂਰ ਰਹੀ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤਾਂ ਪੰਜਾਬ ਦੇ ਵਿਕਾਸ ਮਾਡਲ ਦੀ ਥਾਂ ਗੁਜਰਾਤ ਦੇ 'ਕਾਮਯਾਬ' ਵਿਕਾਸ ਮਾਡਲ ਦੀਆਂ ਮਿਸਾਲਾਂ ਦੇ ਰਿਹਾ ਹੈ। ਸਪਸ਼ਟ ਹੈ ਕਿ ਵੋਟਾਂ ਦੀ ਰਾਜਨੀਤੀ ਅਤੇ ਚੋਣਾਂ ਜਿੱਤਣ ਦੀ ਦੌੜ ਨੇ ਇਨ੍ਹਾਂ ਆਗੂਆਂ ਦੀਆਂ ਅੱਖਾਂ ਉਤੇ ਪੱਟੀਆਂ ਬੰਨ੍ਹ ਦਿੱਤੀਆਂ। ਉਂਜ ਵੀ ਇਹ ਆਗੂ ਉਹੀ ਕੁਝ ਦੇਖਣਾ ਪਸੰਦ ਕਰਦੇ ਹਨ, ਜੋ ਇਨ੍ਹਾਂ ਦੀ ਰਾਜਨੀਤੀ ਨੂੰ ਸੂਤ ਬੈਠਦਾ ਹੈ। ਇਸੇ ਕਰ ਕੇ ਹੀ ਰਾਜਨੀਤੀ ਦੇ ਪਿੜ ਵਿਚੋਂ ਨੈਤਿਕਤਾ ਖੰਭ ਲਾ ਕੇ ਉਡ ਗਈ ਹੈ ਅਤੇ ਸਾਰਾ ਕੁਝ ਵੋਟਾਂ ਦੀ ਰਾਜਨੀਤੀ ਦੁਆਲੇ ਘੁੰਮਣ ਲੱਗ ਪਿਆ ਹੈ। ਲੋਕਾਂ ਨਾਲ ਜੁੜੇ ਮੁੱਦੇ ਬਹੁਤ ਪਿਛਾਂਹ ਧੱਕੇ ਗਏ ਹਨ। ਇਸ ਲਈ ਭਾਰਤੀ ਜਮਹੂਰੀਅਤ ਜੋ ਲੋਕਾਂ ਦੀ, ਲੋਕਾਂ ਲਈ, ਲੋਕਾਂ ਵੱਲੋਂ ਹੋਣੀ ਚਾਹੀਦੀ ਸੀ, ਉਤੇ ਵੱਡਾ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *'ਫੇਸ-ਬੁਕ' ਦੇ ਬੱਬਰ ਸ਼ੇਰੋ!*

ਗਲੀ ਗਲੀ ਤਕ ਪਹੁੰਚ ਹੈ ਬੁਰਛਿਆਂ ਦੀ, ਧਨ ਦੇ ਆਸਰੇ ਪਾਉਂਦੇ ਨੇ 'ਨ੍ਹੇਰ ਵੀਰੋ।
ਤੁਹਾਨੂੰ 'ਪਾਈਆ ਛਟਾਂਕਾਂ' 'ਚ ਵੰਡਿਆਂ ਨੂੰ, ਉਹ ਟੱਕਰਦੇ ਅੱਗਿਉਂ 'ਸੇਰ' ਵੀਰੋ।
ਵੱਤਰ ਤਿਆਰ ਕਰ ਦਿੱਤੀ 'ਕੇਜਰੀ' ਨੇ, ਮੌਕਾ ਆਉਣਾ ਨ੍ਹੀਂ ਇਦਾਂ ਦਾ ਫੇਰ ਵੀਰੋ।
ਸਾਂਝਾ ਦੇਸ਼ ਹੈ ਰਲ ਮਿਲ ਕੇ ਭਲਾ ਕਰਨਾ, ਭੁੱਲ ਜਾਉ ਹੁਣ ਤੇਰ ਤੇ ਮੇਰ ਵੀਰੋ।
ਜੰਮ ਜੰਮ 'ਪੋਸਟਾਂ' ਪਾਉ ਬਈ 'ਨੈਟ' ਉਤੇ, ਸੱਚ ਕਹਿਣ ਤੋਂ ਲਾਇਉ ਨਾ ਦੇਰ ਵੀਰੋ।
ਆਹਮੋ-ਸਾਹਮਣੇ ਮਿਲੋ ਵੀ ਵੋਟਰਾਂ ਨੂੰ, 'ਫੇਸ-ਬੁਕ' 'ਤੇ ਗਰਜਦੇ ਸ਼ੇਰ ਵੀਰੋ!

# ਜਮਹੂਰੀਅਤ, ਚੋਣਾਂ ਅਤੇ ਵਿਚਾਰਾਂ ਦੀ ਆਜ਼ਾਦੀ

ਬੂਟਾ ਸਿੰਘ
ਫੋਨ: 91-94634-74342

ਸਤਾਹਟ ਵਰ੍ਹੇ ਪਹਿਲਾਂ ਸਾਰਿਆਂ ਦੀ ਜਮਹੂਰੀਅਤ ਵਿਚ ਹਿੱਸੇਦਾਰੀ ਯਕੀਨੀ ਬਣਾਉਣਾ ਜਿਸ ਰਾਜ-ਢਾਂਚੇ ਦਾ ਪਰਮੋ-ਧਰਮ ਐਲਾਨਿਆ ਗਿਆ ਸੀ, ਉਹ ਇਸ ਵਕਤ 16ਵੀਆਂ ਲੋਕ ਸਭਾ ਚੋਣਾਂ ਦੀ ਤਿਆਰੀ 'ਚ ਹੈ। ਜਿਥੇ ਅਵਾਮ ਕੋਲ ਵੋਟ ਦਾ ਹੱਕ ਇਸਤੇਮਾਲ ਕਰਨ ਲਈ ਲੋੜੀਂਦੀ ਸਮਾਜੀ-ਸਿਆਸੀ ਤਾਕਤ ਹੀ ਨਹੀਂ ਹੈ, ਜਿਥੇ ਮੁਲਕ ਦੀ ਕਿਸਮਤ ਤੈਅ ਕਰਨ ਵਾਲੇ ਫ਼ੈਸਲਿਆਂ ਵਿਚ ਅਵਾਮ ਦੀ ਕੋਈ ਹਿੱਸੇਦਾਰੀ ਨਹੀਂ ਹੈ, ਉਥੇ ਇਕੱਲੀਆਂ ਚੋਣਾਂ ਜਮਹੂਰੀਅਤ ਦੇ ਜਾਵੀਏ ਤੋਂ ਕੀ ਕੋਈ ਅਹਿਮੀਅਤ ਰੱਖਦੀਆਂ ਹਨ? ਜਿਥੇ ਚੋਣ ਦੇ ਮਾਇਨੇ ਮਹਿਜ਼ ਇਹ ਹਨ ਕਿ ਅਗਲੇ ਪੰਜ ਸਾਲ ਲਈ ਸੱਤਾਧਾਰੀ ਕੌਣ ਹੋਣਗੇ। ਰਾਜਤੰਤਰ ਦਾ ਚਾਬਕ ਕਿਨ੍ਹਾਂ ਦੇ ਹੱਥ ਵਿਚ ਹੋਵੇਗਾ ਜੋ ਇਸ ਮੁਲਕ ਦੇ ਅਵਾਮ ਦੀਆਂ ਪਿੱਠਾਂ 'ਤੇ ਸਵਾਰ ਹੋ ਕੇ ਲੁੱਟ-ਮਾਰ, ਦਾਬੇ, ਧੱਕੇ-ਵਿਤਕਰੇ ਅਤੇ ਬੇਇਨਸਾਫ਼ੀ ਦੇ ਸਿਲਸਿਲੇ ਨੂੰ ਜਾਰੀ ਰੱਖਣਗੇ। ਜਿਸ ਸਿਲਸਿਲੇ ਵਿਚ ਨਾਗਰਿਕ 'ਚੁਣੇ ਹੋਏ' ਨੁਮਾਇੰਦਿਆਂ ਅਤੇ ਰਾਜਕੀ ਨੌਕਰਸ਼ਾਹੀ ਦੀ ਮਿਹਰ ਦੇ ਪਾਤਰ ਬਣ ਕੇ ਰਹਿ ਜਾਂਦੇ ਹਨ। ਜੋ ਨਕੇਲ ਪਾਏ ਬੇਵੱਸ ਢੱਗੇ ਵਾਂਗ ਚੋਣਾਂ ਦੌਰਾਨ ਕੀਤੇ ਵਾਅਦਿਆਂ ਤੇ ਲਾਰਿਆਂ ਦੇ ਵਫ਼ਾ ਹੋਣ ਅਤੇ ਹੁਕਮਰਾਨਾਂ ਵਲੋਂ ਕਦੇ ਕਦਾਈਂ ਐਲਾਨੀਆਂ ਜਾਂਦੀਆਂ ਕੁਝ ਕੁ ਸਹੂਲਤਾਂ ਤੇ ਰਿਆਇਤਾਂ ਦੀ ਖੈਰ ਉਡੀਕਦੇ ਰਹਿੰਦੇ ਹਨ।

ਇਸ ਦੌਰਾਨ ਜੇ ਉਹ ਹਕੂਮਤ ਦੇ ਖ਼ਿਲਾਫ਼ ਰੋਸ ਪ੍ਰਗਟਾਉਣ ਜਾਂ ਹੁਕਮਰਾਨਾਂ ਨੂੰ ਸਵਾਲ ਕਰਨ ਦਾ ਹੌਸਲਾ ਜੁਟਾਉਂਦੇ ਹਨ ਤਾਂ ਦਫ਼ਾ 144, ਡਾਂਗਾਂ/ਗੋਲੀਆਂ ਦੀ ਵਾਛੜ, ਫਰਜ਼ੀ ਮੁਕੱਦਮਿਆਂ, ਫਰਜ਼ੀ ਮੁਕਾਬਲਿਆਂ, ਹਵਾਲਾਤਾਂ ਦੇ ਤਸ਼ੱਦਦ ਅਤੇ ਜੇਲ੍ਹਾਂ ਵਿਚ ਡੱਕੇ ਜਾਣ ਦੀਆਂ ਸਜ਼ਾਵਾਂ ਦੀ ਸ਼ਕਲ 'ਚ ਵੰਨ-ਸੁਵੰਨੇ ਫਾਸ਼ੀਵਾਦੀ ਰਾਜਕੀ ਹਮਲਿਆਂ ਦਾ ਸੰਤਾਪ ਝੱਲਦੇ ਹਨ।

ਚੋਣਾਂ ਦੇ ਚੰਦ ਦਿਨਾਂ ਨੂੰ ਛੱਡ ਕੇ ਬਾਕੀ ਪੰਜ ਸਾਲ ਦੁਨੀਆਂ ਦੀ ਇਸ 'ਸਭ ਤੋਂ ਵੱਡੀ ਜਮਹੂਰੀਅਤ' ਦੀ ਅਸਲ ਤਾਸੀਰ ਨੂੰ ਸਮਝਣ ਦਾ ਸਹੀ ਵਕਤ ਹੁੰਦਾ ਹੈ ਜਦੋਂ ਪੰਜ ਸਾਲ ਲਈ ਆਪਣੇ ਹੱਥ ਵਢਾ ਚੁੱਕੇ ਅਵਾਮ ਦੀ ਬੇਵਸੀ ਸਪਸ਼ਟ ਨਜ਼ਰੀਂ ਪੈਂਦੀ ਹੈ। ਆਪਣੇ ਹੀ ਲੋਕਾਂ ਦੇ ਖ਼ਿਲਾਫ਼ ਹੁਕਮਰਾਨਾਂ ਦਾ ਵਾਰ-ਵਾਰ ਵਿਸ਼ੇਸ਼ ਹਥਿਆਰਬੰਦ ਪੁਲਿਸ ਤੇ ਫ਼ੌਜ ਲਾਉਂਦੇ ਜਾਣਾ ਅਤੇ ਸਟੇਟ ਦੇ ਕਿਸੇ ਹਿੱਸੇ ਵਲੋਂ ਇਸ ਦੇ ਵਿਰੋਧ 'ਚ ਕੋਈ ਆਵਾਜ਼ ਨਾ ਉਠਣਾ ਦਿਖਾਉਂਦਾ ਹੈ ਕਿ ਸਟੇਟ ਜਮਹੂਰੀ ਨਹੀਂ, ਤਾਨਾਸ਼ਾਹ ਹੈ; ਪਰ ਚੋਣਾਂ ਨੂੰ ਹੀ ਜਮਹੂਰੀਅਤ ਦੱਸਣ ਵਾਲਾ ਸਿਆਸੀ ਕੋੜਮਾ ਜਮਹੂਰੀਅਤ ਨੂੰ ਸਿੱਧਾ ਖਾਰਜ ਕਰ ਦੇਣ ਵਾਲੇ ਇਸ ਘਿਣਾਉਣੇ ਦਸਤੂਰ ਬਾਰੇ ਕਦੇ ਮੂੰਹ ਨਹੀਂ ਖੋਲ੍ਹਦਾ। ਜਿਨ੍ਹਾਂ ਵਿਚੋਂ ਤਬਦੀਲੀ-ਪਸੰਦ ਸਿਆਸਤ ਪ੍ਰਤੀ ਸਥਾਪਤੀ ਦਾ ਵਤੀਰਾ ਅਤੇ ਸਿਆਸੀ ਕੈਦੀਆਂ ਦੇ ਹੱਕਾਂ ਦੀ ਪ੍ਰਵਾਨਗੀ ਇਕ ਅਹਿਮ ਪਹਿਲੂ ਹੈ ਜੋ ਮੁੱਖਧਾਰਾ ਸਿਆਸਤ ਵਿਚ ਕਦੇ ਮੁੱਦਾ ਨਹੀਂ ਬਣਦਾ।

ਹਿੰਦੁਸਤਾਨ ਦਾ ਨਾਂ ਉਨ੍ਹਾਂ ਮੁਲਕਾਂ ਵਿਚੋਂ ਸਿਰਕੱਢਵਾਂ ਹੈ ਜਿਨ੍ਹਾਂ ਦੇ ਨਿਜ਼ਾਮ ਜਮਹੂਰੀਅਤ ਦੇ ਬੁਨਿਆਦੀ ਅਸੂਲਾਂ ਦੀਆਂ ਧੱਜੀਆਂ ਉਡਾਉਣ ਪੱਖੋਂ ਸਭ ਤੋਂ ਵੱਧ ਬਦਨਾਮ ਹਨ। ਆਪਣੀ ਪਸੰਦ ਦੇ ਸਿਆਸੀ ਵਿਚਾਰ ਰੱਖਣ ਦੀ ਆਜ਼ਾਦੀ ਜਮਹੂਰੀਅਤ ਦੀ ਬੁਨਿਆਦ ਮੰਨੀ ਜਾਂਦੀ ਹੈ, ਪਰ ਇੱਕੀਵੀਂ ਸਦੀ ਵਿਚ ਖ਼ਾਸ ਸਿਆਸੀ ਵਿਚਾਰ ਰੱਖਣ ਕਰ ਕੇ ਦੇਸ਼-ਧ੍ਰੋਹ ਦੇ ਇਲਜ਼ਾਮਾਂ ਹੇਠ ਜੇਲ੍ਹਾਂ ਵਿਚ ਸੜ ਰਹੇ ਲੋਕਾਂ ਦੀ ਤਾਦਾਦ ਸ਼ਾਇਦ ਸਭ ਤੋਂ ਵੱਧ ਇਸੇ ਮੁਲਕ ਵਿਚ ਹੈ ਅਤੇ ਸਭ ਤੋਂ ਵੱਧ ਪਾਬੰਦੀਸ਼ੁਦਾ ਜਥੇਬੰਦੀਆਂ ਵੀ ਇਥੇ ਹੀ ਹਨ। ਉੱਪਰੋਂ ਸਿਤਮ-ਜ਼ਰੀਫ਼ੀ ਇਹ ਕਿ ਸਿਆਸੀ ਖ਼ਿਆਲਾਂ ਕਾਰਨ ਜੇਲ੍ਹਾਂ 'ਚ ਬੰਦ ਕੀਤੇ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਸਿਆਸੀ ਕੈਦੀ ਵੀ ਨਹੀਂ ਮੰਨਿਆ ਜਾਂਦਾ।

ਹੁਕਮਰਾਨ ਚੰਗੀ ਤਰ੍ਹਾਂ ਜਾਣਦੇ ਹਨ ਕਿ ਅਤਿਵਾਦ ਦੀ ਜੰਮਣ-ਭੋਇੰ ਸਟੇਟ ਦਾ ਨੰਗਾ ਅਨਿਆਂ, ਸਮਾਜੀ ਨਾ-ਬਰਾਬਰੀ ਅਤੇ ਸੀਨਾਜ਼ੋਰੀ ਹੀ ਹੈ। ਜਿਸ ਨੂੰ ਉਹ ਅਤਿਵਾਦ ਜਾਂ ਦਹਿਸ਼ਤਪਸੰਦੀ ਕਹਿ ਕੇ ਭੰਡਦੇ ਹਨ, ਉਹ ਦਰ ਹਕੀਕਤ ਗ਼ੈਰ-ਰਵਾਇਤੀ ਸਿਆਸਤ ਹੈ। ਜੋ ਮੁੱਖਧਾਰਾ ਸਿਆਸਤ ਤੋਂ ਬਿਲਕੁਲ ਵੱਖਰਾ ਸਿਆਸੀ ਰੁਝਾਨ ਹੈ। ਸਮਾਜ ਦਾ ਕੋਈ ਹਿੱਸਾ ਜੇ ਨਿਜ਼ਾਮ ਦੀ ਰਾਜਸੀ ਕਾਰਗੁਜ਼ਾਰੀ, ਰਾਜਕੀ ਨੀਤੀਆਂ ਅਤੇ ਸਥਾਪਤ ਸਿਆਸੀ ਦਸਤੂਰ ਤੋਂ ਬਦਜ਼ਨ ਹੋ ਕੇ ਅਤਿਵਾਦ ਦਾ ਰਾਹ ਅਖ਼ਤਿਆਰ ਕਰਦਾ ਹੈ ਤਾਂ ਇਸ ਦਾ ਮਾਇਨਾ ਹੀ ਇਹ ਹੈ ਕਿ ਉਹ ਰਵਾਇਤੀ ਸਿਆਸਤ ਤੋਂ ਸੰਤੁਸ਼ਟ ਨਹੀਂ ਅਤੇ ਵੱਖਰੀ ਸਿਆਸਤ ਜ਼ਰੀਏ ਆਪਣੇ ਮਸਲਿਆਂ ਦਾ ਹੱਲ ਕਰਨਾ ਲੋਚਦਾ ਹੈ। ਪਾਬੰਦੀ ਦਾ ਭਾਵ ਵੀ ਇਹੀ ਹੈ ਕਿ ਪਾਬੰਦੀਸ਼ੁਦਾ ਕਰਾਰ ਦਿੱਤੀਆਂ ਗਈਆਂ ਜਥੇਬੰਦੀਆਂ ਦੇ ਉਦੇਸ਼ ਰਾਜਸੀ ਹਨ ਜੋ ਸਥਾਪਤੀ ਦੇ ਰਾਜਸੀ ਉਦੇਸ਼ਾਂ ਤੋਂ ਵੱਖਰੇ ਹਨ।

ਆਪਣਾ ਸਭ ਕੁਝ ਦਾਅ 'ਤੇ ਲਾ ਕੇ ਇਤਿਹਾਪਸੰਦ ਸਿਆਸਤ ਰਾਹੀਂ ਸਮਾਜੀ ਤਬਦੀਲੀ ਲਿਆਉਣ ਲਈ ਤੁਰੇ ਸੰਵੇਦਨਸ਼ੀਲ ਹਿੱਸਿਆਂ ਦਾ ਇਸ ਪਿੱਛੇ ਆਪਣਾ ਕੋਈ ਨਿੱਜੀ ਮਨੋਰਥ ਜਾਂ ਖ਼ੁਦਗਰਜ਼ੀ ਨਹੀਂ ਹੁੰਦੀ। ਸਮਾਜੀ ਸਰੋਕਾਰਾਂ ਪ੍ਰਤੀ ਸੰਵੇਦਨਸ਼ੀਲਤਾ, ਰਵਾਇਤੀ ਸਿਆਸਤ ਤੋਂ ਮੋਹ-ਭੰਗ ਅਤੇ ਸਥਾਪਤੀ ਤੋਂ ਬਦਜ਼ਨੀ ਹੀ ਉਨ੍ਹਾਂ ਨੂੰ ਗ਼ੈਰ-ਰਵਾਇਤੀ ਸਿਆਸਤ ਲਈ ਪ੍ਰੇਰਤ ਕਰਦੀ ਹੈ। ਉਲਟਾ ਇਹ ਸਥਾਪਤੀ ਦੀਆਂ ਰਾਜਸੀ ਤਾਕਤਾਂ ਹਨ ਜਿਨ੍ਹਾਂ ਦੇ ਆਪਣੇ ਸੌੜੇ ਮੁਫ਼ਾਦ ਲੋੜੀਂਦੇ ਸਮਾਜੀ-ਸਿਆਸੀ ਤਬਦੀਲੀ ਨਾਲ ਟਕਰਾਉਂਦੇ ਹੋਣ ਕਾਰਨ ਹਾਲਾਤ ਜਿਉਂ ਦੇ ਤਿਉਂ ਬਣਾਈ ਰੱਖਣਾ ਚਾਹੁੰਦੇ ਹਨ ਅਤੇ ਤਬਦੀਲੀ ਦੀ ਰੀਝ ਨੂੰ ਕੁਚਲ ਕੇ ਤਰੱਕੀ ਦਾ ਰਾਹ ਰੋਕਦੇ ਹਨ। ਆਪਣੇ ਇਸੇ ਸੌੜੇ ਸਵਾਰਥ ਤੇ ਖ਼ੁਦਗਰਜ਼ੀ ਵਿਚੋਂ ਉਹ ਸਿਆਸੀ ਉਦੇਸ਼ਾਂ ਨੂੰ ਜੁਰਮ ਬਣਾਉਂਦੇ ਆਏ ਹਨ। ਉਹ ਸਿਆਸੀ ਤੱਤਾਂ ਨੂੰ ਆਪਣੇ ਨਿੱਜੀ ਵਿਰੋਧਾਂ ਜਾਂ ਮੁਫ਼ਾਦਾਂ ਕਾਰਨ ਵਿਅਕਤੀਗਤ ਜੁਰਮ ਕਰਨ ਵਾਲੇ ਆਮ ਮੁਜਰਮਾਂ ਨਾਲ ਜਾਣ-ਬੁੱਝ ਕੇ ਰਲਗੱਡ ਕਰਦੇ ਹਨ ਅਤੇ ਇਸ ਚਲਾਕੀ ਜ਼ਰੀਏ ਜਵਾਬਦੇਹੀ ਤੋਂ ਬਚ ਨਿਕਲਦੇ ਹਨ। ਸਿਆਸੀ



ਲਹਿਰਾਂ ਪ੍ਰਤੀ ਅੰਗਰੇਜ਼ ਬਸਤੀਵਾਦੀਆਂ ਦੀ ਸ਼ਾਤਰਾਨਾ ਨੀਤੀ ਹੀ 1947 ਦੀ ਸੱਤਾ-ਬਦਲੀ ਤੋਂ ਲੈ ਕੇ ਹਿੰਦੁਸਤਾਨੀ ਹੁਕਮਰਾਨ ਜਮਾਤ ਦੀ ਨੀਤੀ ਹੈ। ਜਿਸ ਦੇ ਸਹਾਰੇ ਉਹ ਆਪਣੀਆਂ ਨਾਕਾਮੀਆਂ ਅਤੇ ਨਾਲਾਇਕੀਆਂ ਛੁਪਾਉਂਦੇ ਹਨ ਤੇ ਤਬਦੀਲੀ-ਪਸੰਦੀ ਦੇ ਰੁਝਾਨ ਨੂੰ ਭੰਡਦੇ ਤੇ ਜਵਾਬਦੇਹੀ ਤੋਂ ਬਚਦੇ ਆਏ ਹਨ।

ਇਸ ਮੁਲਕ ਨੂੰ ਆਜ਼ਾਦ ਕਰਾਉਣ ਲਈ ਤੁਰੇ ਬੇਸ਼ੁਮਾਰ ਦੇਸ਼ ਭਗਤਾਂ ਨੂੰ ਹੋਰ ਕੁਰਬਾਨੀਆਂ ਦੇ ਨਾਲ ਨਾਲ ਧਾੜਵੀ ਅੰਗਰੇਜ਼ ਰਾਜ ਦੀਆਂ ਜੇਲ੍ਹਾਂ ਵਿਚ ਸਿਆਸੀ ਕੈਦੀਆਂ ਦਾ ਦਰਜਾ ਹਾਸਲ ਕਰਨ ਲਈ ਜਾਨ-ਹੂਲਵੇਂ ਸੰਘਰਸ਼ ਕਰਨੇ ਪਏ ਸਨ। ਜਿਸ ਵਿਚ ਕਈ ਗ਼ਦਰੀਆਂ ਤੇ ਸ਼ਹੀਦ ਭਗਤ ਸਿੰਘ ਦੇ ਸਾਥੀ ਜਤਿਨ ਦਾਸ ਨੂੰ ਮਹੀਨਿਆਂ ਬੱਧੀ ਤਿਲ-ਤਿਲ ਮਰਦਿਆਂ ਆਪਣੀ ਜਾਨ ਕੁਰਬਾਨ ਕਰਨੀ ਪਈ ਸੀ। ਜਿਵੇਂ ਆਜ਼ਾਦੀ ਦੇ ਵਾਅਦੇ ਵਫ਼ਾ ਨਹੀਂ ਹੋਏ, ਉਸੇ ਤਰ੍ਹਾਂ ਤਬਦੀਲੀ-ਪਸੰਦ ਸਿਆਸਤ ਨੂੰ ਜਮਹੂਰੀ ਪ੍ਰਵਾਨਗੀ ਦਾ ਸਵਾਲ ਵੀ ਉਵੇਂ ਦਾ ਉਵੇਂ ਖੜ੍ਹਾ ਹੈ।

ਅਜਿਹੇ ਹਾਲਾਤ ਵਿਚ ਨਕਸਲੀ/ਮਾਓਵਾਦੀ ਹੋਣਾ ਜਾਂ ਕਸ਼ਮੀਰ, ਉਤਰ-ਪੂਰਬੀ ਰਿਆਸਤਾਂ ਦੇ ਅਵਾਮ ਦਾ ਸਵੈ-ਨਿਰਣੇ ਦਾ ਹੱਕ ਮੁੜ-ਬਹਾਲ ਕਰਨ ਦੇ ਵਿਚਾਰ ਰੱਖਣਾ ਦੁਨੀਆਂ ਦੀ 'ਸਭ ਤੋਂ ਵੱਡੀ ਜਮਹੂਰੀਅਤ' ਦੀਆਂ ਨਜ਼ਰਾਂ ਵਿਚ ਦੇਸ਼-ਧ੍ਰੋਹ ਹੈ। ਇਥੇ ਕਿਸੇ ਬੰਦੇ ਨੂੰ ਜੇਲ੍ਹ ਵਿਚ ਡੱਕਣ ਲਈ ਇੰਨਾ ਹੀ ਕਾਫ਼ੀ ਹੈ ਕਿ ਉਹ ਫਲਾਣੀ ਪਾਬੰਦੀਸ਼ੁਦਾ ਜਥੇਬੰਦੀ ਨਾਲ ਸਬੰਧਤ ਹੈ। ਇਸ ਬਾਬਤ ਪੁਲਿਸ ਕਾਨੂੰਨੀ ਤੌਰ 'ਤੇ ਕੋਈ ਸਬੂਤ ਜਾਂ ਗਵਾਹ ਪੇਸ਼ ਕਰਨ ਦੀ ਵੀ ਪਾਬੰਦ ਨਹੀਂ ਹੈ। ਪੁਲਿਸ ਦਾ ਇਹ ਕਹਿਣਾ ਹੀ ਕਾਫ਼ੀ ਮੰਨਿਆ ਜਾਂਦਾ ਹੈ ਕਿ ਫਲਾਣੇ ਬੰਦੇ ਦੇ ਪਾਬੰਦੀਸ਼ੁਦਾ ਜਥੇਬੰਦੀ ਨਾਲ ਸਬੰਧਤ ਹੋਣ ਦਾ ਸ਼ੱਕ ਹੈ; ਜਾਂ ਇਹ ਕਿ ਉਸ ਕੋਲੋਂ ਪਾਬੰਦੀਸ਼ੁਦਾ ਸਾਹਿਤ ਮਿਲਿਆ। ਮਾਓਵਾਦੀ ਪ੍ਰਭਾਵ ਵਾਲੇ ਨੌਂ ਸੂਬਿਆਂ ਅਤੇ ਕਸ਼ਮੀਰ ਤੇ ਉਤਰ-ਪੂਰਬੀ ਰਿਆਸਤਾਂ ਅੰਦਰ ਪਾਬੰਦੀਸ਼ੁਦਾ ਨਾਲ ਸਬੰਧਤ ਦੇ ਬਹਾਨੇ ਜੇਲ੍ਹਾਂ ਵਿਚ ਐਨੇ ਲੋਕ ਬੰਦ ਕੀਤੇ ਹੋਏ ਹਨ ਕਿ ਉਨ੍ਹਾਂ ਦੀ ਸਹੀ ਗਿਣਤੀ ਦਾ ਹੀ ਪਤਾ ਨਹੀਂ ਲਗਦਾ।

ਇਕੱਲੇ ਝਾਰਖੰਡ ਵਿਚ ਹੀ ਤਕਰੀਬਨ 6000 ਆਦਿਵਾਸੀ ਇਸ ਇਲਜ਼ਾਮ ਹੇਠ ਕਈ-ਕਈ ਵਰ੍ਹਿਆਂ ਤੋਂ ਜੇਲ੍ਹਾਂ ਵਿਚ ਸੜ ਰਹੇ ਹਨ ਜਿਨ੍ਹਾਂ ਤੋਂ ਪੁਲਿਸ ਦੇ ਦਾਅਵੇ ਅਨੁਸਾਰ ਪਾਬੰਦੀਸ਼ੁਦਾ ਜਥੇਬੰਦੀ ਦਾ ਸਾਹਿਤ ਫੜਿਆ ਗਿਆ ਸੀ। ਉਹ ਸਾਹਿਤ ਕੀ ਸੀ, ਇਸ ਦੀ ਕੋਈ ਤਫ਼ਸੀਲ ਦੇਣ ਦੀ ਵੀ ਜ਼ਰੂਰਤ ਨਹੀਂ ਸਮਝੀ ਜਾਂਦੀ। ਪੇਸ਼ ਕੀਤੀ ਜਾਂਦੀ ਤਫ਼ਸੀਲ ਬੇਹੂਦਗੀ ਤੋਂ ਬਿਨਾਂ ਕੁਝ ਨਹੀਂ ਹੁੰਦੀ। ਪੰਜਾਬ ਵਿਚ ਪਿੱਛੇ ਜਿਹੇ ਮਾਓਵਾਦੀਆਂ ਨਾਲ ਸਬੰਧਤ ਹੋਣ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕੀਤੇ ਇਕ ਮਜ਼ਦੂਰ ਆਗੂ ਤੋਂ ਬਰਾਮਦ ਕੀਤੇ 'ਪਾਬੰਦੀਸ਼ੁਦਾ ਸਾਹਿਤ' ਦੀ ਜੋ ਸੂਚੀ ਬਰਨਾਲਾ ਅਦਾਲਤ ਵਿਚ ਪੁਲਿਸ ਵਲੋਂ ਪੇਸ਼ ਕੀਤੀ ਗਈ ਸੀ, ਉਸ ਵਿਚ ਨਾਨਕ ਸਿੰਘ ਦਾ ਨਾਵਲ 'ਇਕ ਮਿਆਨ ਦੋ ਤਲਵਾਰਾਂ' ਅਤੇ ਤਰਕਸ਼ੀਲ ਕਿਤਾਬਾਂ ਸ਼ਾਮਲ ਸਨ।

ਸਾਢੇ ਛੇ ਦਹਾਕੇ ਬਾਅਦ ਵੀ ਇਸ ਮੁਲਕ ਦੀ ਸੁਪਰੀਮ ਕੋਰਟ ਦੇ ਜੱਜਾਂ ਨੂੰ ਇੱਥੋਂ ਦੇ ਰਾਜਤੰਤਰ ਨੂੰ ਜਮਹੂਰੀਅਤ ਦਾ ਇਹ ਮੁੱਢਲਾ ਪਾਠ ਪੜ੍ਹਾਉਣ ਲਈ ਵਾਰ-ਵਾਰ ਤਰੱਦਦ ਕਰਨਾ ਪੈ ਰਿਹਾ ਹੈ ਕਿ 'ਮਹਿਜ਼ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣ ਨਾਲ ਹੀ ਕੋਈ ਬੰਦਾ ਮੁਜਰਮ ਨਹੀਂ ਬਣ ਜਾਂਦਾ' (ਸੁਪਰੀਮ ਕੋਰਟ, 3 ਫਰਵਰੀ 2011) ਜਾਂ 'ਮਹਿਜ਼ ਮਾਓਵਾਦੀ ਸਾਹਿਤ ਰੱਖਣ ਨਾਲ ਹੀ ਕੋਈ ਬੰਦਾ ਮਾਓਵਾਦੀ ਨਹੀਂ ਹੋ ਜਾਂਦਾ' (ਡਾ. ਬਿਨਾਇਕ ਸੇਨ ਜ਼ਮਾਨਤ ਕੇਸ ਦਾ ਫ਼ੈਸਲਾ, 15 ਅਪਰੈਲ 2011)।

ਜਮਹੂਰੀਅਤ ਦੀ ਤਾਂ ਮੂਲ ਭਾਵਨਾ ਹੀ ਇਹ ਹੈ ਕਿ ਜਮਹੂਰੀ ਨਿਜ਼ਾਮ ਵਿਚ ਨਾਗਰਿਕ ਸਥਾਪਤੀ ਬਾਰੇ ਬੇਖ਼ੌਫ਼ ਹੋ ਕੇ ਆਪਣੇ ਖ਼ਿਆਲ ਜ਼ਾਹਿਰ ਕਰਨ, ਇਸ ਦੇ ਰਾਜਸੀ ਦਸਤੂਰ ਨੂੰ ਰੱਦ ਕਰਨ ਅਤੇ ਆਪਣੀ ਮਨਪਸੰਦ ਵਿਚਾਰਧਾਰਾ ਨੂੰ ਪ੍ਰਚਾਰਨ ਲਈ ਆਜ਼ਾਦ ਹੁੰਦੇ ਹਨ। ਇਸ ਤੋਂ ਵੀ ਅੱਗੇ ਜੇ ਉਹ ਸਥਾਪਤੀ ਤੋਂ ਸੰਤੁਸ਼ਟ ਨਹੀਂ ਤਾਂ ਇਸ ਨੂੰ ਚੁਣੌਤੀ ਦੇਣ ਤੇ ਉਲਟਾਉਣ ਦਾ ਹੱਕ ਵੀ ਰੱਖਦੇ ਹਨ, ਪਰ ਹਿੰਦੁਸਤਾਨ ਦੀ 'ਜਮਹੂਰੀਅਤ' ਦਾ ਬਾਬਾ ਆਦਮ ਨਿਰਾਲਾ ਹੀ ਹੈ। ਇਥੇ ਸਥਾਪਤੀ ਦੀ ਹਾਂ ਵਿਚ ਹਾਂ ਮਿਲਾਉਣ ਵਾਲੇ ਘਿਨਾਉਣੇ ਮੁਜਰਮ ਦੇਸ਼ ਭਗਤ ਹਨ; ਜਿਵੇਂ ਨਰੇਂਦਰ ਮੋਦੀ, ਮਾਯਾ ਕੋਡਨਾਨੀ ਜਾਂ ਸੱਜਣ ਕੁਮਾਰ ਆਦਿ। ਨਾਗਰਿਕ ਉਦੋਂ ਤਕ ਹੀ ਦੇਸ਼ ਭਗਤ ਹਨ ਜਦੋਂ ਤਕ ਉਹ ਸਥਾਪਤੀ ਦੀ ਹਰ ਲੁੱਟ-ਮਾਰ ਤੇ ਧੱਕੇਸ਼ਾਹੀ ਚੁੱਪ-ਚਾਪ ਸਹਿੰਦੇ ਹਨ। ਜੇ ਉਹ ਸੱਤਾਧਾਰੀਆਂ ਦੀਆਂ ਨੀਤੀਆਂ ਨੂੰ ਆਪਣੇ ਹਿੱਤਾਂ ਲਈ ਨੁਕਸਾਨਦੇਹ ਮੰਨ ਕੇ ਇਨ੍ਹਾਂ ਦੇ ਖ਼ਿਲਾਫ਼ ਆਵਾਜ਼ ਉਠਾਉਂਦੇ ਹਨ ਅਤੇ ਆਪਣੇ ਗੁਜ਼ਾਰੇ ਦੇ ਵਸੀਲਿਆਂ- ਜੰਗਲ, ਜ਼ਮੀਨ ਤੇ ਜਲ ਸੋਮਿਆਂ- ਨੂੰ ਬਚਾਉਣ ਲਈ ਲੜਦੇ ਹਨ ਤਾਂ ਉਹ ਦੇਸ਼-ਧ੍ਰੋਹੀ ਕਰਾਰ ਦਿੱਤੇ ਜਾਂਦੇ ਹਨ। ਸਥਾਪਤੀ ਪੱਖੀ ਤਾਕਤਾਂ ਦੇ ਹੱਥ ਵਿਚ ਅਵਾਮ ਦੀ ਬਦਜ਼ਨੀ ਨੂੰ ਦਬਾਉਣ ਦਾ ਇਹ ਬਹੁਤ ਹੀ ਕਾਰਗਰ ਹਥਿਆਰ ਹੈ।

ਬੇਚੈਨ ਅਵਾਮ ਵਲੋਂ ਉਠਾਏ ਮੁੱਦਿਆਂ ਨੂੰ ਸੱਤਾਧਾਰੀ ਗੱਲਬਾਤ ਰਾਹੀਂ ਸੁਲਝਾਉਣ ਦਾ ਜਮਹੂਰੀ ਢੰਗ ਦਰਕਿਨਾਰ ਕਰ ਕੇ ਹਰ ਮਸਲੇ ਨੂੰ 'ਅਮਨ-ਕਾਨੂੰਨ' ਦਾ ਮਸਲਾ ਬਣਾ ਦਿੰਦੇ ਹਨ। ਵਿਆਪਕ ਅਵਾਮੀ ਹਮਾਇਤ ਵਾਲੀਆਂ ਜਥੇਬੰਦੀਆਂ ਨੂੰ ਪਾਬੰਦੀਸ਼ੁਦਾ ਐਲਾਨ ਦਿੰਦੇ ਹਨ। ਇਸ ਬਹਾਨੇ ਦੇਸ਼-ਦੁਨੀਆ ਨੂੰ ਗੁੰਮਰਾਹ ਕਰ ਕੇ ਅਵਾਮ ਨੂੰ ਕੁਚਲਣ ਲਈ ਪੁਲਿਸ ਤੇ ਫ਼ੌਜ ਅਤੇ ਜੇਲ੍ਹਾਂ ਦਾ ਬੇਦਰੇਗ ਇਸਤੇਮਾਲ ਕਰਦੇ ਹਨ। 1947 ਤੋਂ ਪਿੱਛੋਂ ਇਸ ਮੁਲਕ ਦੀ ਰਾਜਕੀ ਹਦੂਦ ਵਿਚਲਾ ਸ਼ਾਇਦ ਹੀ ਕੋਈ ਇਲਾਕਾ ਹੋਵੇਗਾ ਜਿਸ ਨੂੰ ਇਹ ਸੰਤਾਪ ਨਾ ਝੱਲਣਾ ਪਿਆ ਹੋਵੇ।

*(ਬਾਕੀ ਸਫਾ 16 'ਤੇ)*

# ਵੋਟ, ਵਾਅਦੇ ਤੇ ਵਫਾਈ

***ਮਝੈਲ ਸਿੰਘ ਸਰਾਂ ਬੜੇ ਸਹਿਜ ਭਾਅ ਇੰਜ ਲਿਖੀ ਜਾਂਦੇ ਹਨ ਜਿਵੇਂ ਕਿਸੇ ਬਰੋਟੇ ਹੇਠ ਬੈਠਾ ਕੋਈ ਬਜ਼ੁਰਗ ਗੱਲਾਂ ਕਰ ਰਿਹਾ ਹੋਵੇ ਪਰ ਆਪਣੇ ਇਸ ਅੰਦਾਜ਼ ਵਿਚ ਮਝੈਲ ਸਿੰਘ ਸਰਾਂ ਦੁਖਦੀਆਂ ਰਗਾਂ ਉਤੇ ਡੂੰਘੀਆਂ ਚੋਟਾਂ ਲਾਈ ਜਾਂਦੇ ਹਨ। ਕਈ ਵਾਰ ਤਾਂ ਇਹ ਚੋਟਾਂ ਇੰਨੀਆਂ ਗੁੱਝੀਆਂ ਹੁੰਦੀਆਂ ਹਨ ਕਿ ਇਨ੍ਹਾਂ ਦੀ ਗੁੱਝੀ ਪੀੜ ਨਿਸ਼ਾਨੇ ਹੇਠਲੀ ਧਿਰ ਨੂੰ ਲੰਮਾ ਸਮਾਂ ਮਹਿਸੂਸ ਹੁੰਦੀ ਰਹਿੰਦੀ ਹੈ। ਕੁਝ ਅਜਿਹਾ ਹੀ ਅੰਦਾਜ਼ ਪਾਠਕਾਂ ਨੂੰ ਇਸ ਲੇਖ ਵਿਚ ਨਜ਼ਰ ਆਵੇਗਾ। -ਸੰਪਾਦਕ***

ਢਾਈ ਅੱਖਰਾਂ ਦਾ ਲਫਜ਼ 'ਵੋਟ' ਅੱਜ ਦੁਨੀਆਂ ਦੇ ਜਮਹੂਰੀਅਤ-ਪਸੰਦ ਮੁਲਕਾਂ ਵਿਚ ਸਭ ਤੋਂ ਵੱਧ ਤਾਕਤਵਰ ਸ਼ਬਦ ਦਾ ਰੂਪ ਧਾਰ ਗਿਆ ਹੈ। ਬੜੇ ਖੱਬੀਖਾਨ ਹਾਕਮਾਂ ਦਾ ਤਖਤਾ ਪਲਟਣ ਦੀ ਸਮਰੱਥਾ ਹੈ ਇਸ ਛੋਟੇ ਜਿਹੇ ਲਫ਼ਜ਼ ਕੋਲ। ਭਾਰਤ ਵਿਚ ਤਾਂ ਰੱਬ ਨਾਲੋਂ ਵੀ ਵੱਧ ਪੂਜਾ ਹੁੰਦੀ ਹੈ ਇਸ ਵੋਟ ਦੇ ਨਾਂ 'ਤੇ। ਵੋਟ ਖਾਤਰ ਬੇਥਾਹ ਗੁਪਤਦਾਨ ਦਿੱਤਾ ਜਾਂਦਾ ਹੈ ਡੇਰਿਆਂ, ਮੰਦਿਰਾਂ ਤੇ ਹੋਰ ਨਿਕ-ਸੁਕ ਨੂੰ। ਇਹ ਵੋਟ ਵੀ ਕੀ ਸ਼ੈਅ ਆ, ਜਿਹਨੂੰ ਇਹਦਾ ਭੁਸ ਪੈ ਗਿਆ; ਫਿਰ ਉਹਦਾ ਧਰਮ, ਰਿਸ਼ਤਾ, ਜ਼ਮੀਰ ਬੱਸ ਇਹਦੇ ਦੁਆਲੇ ਹੀ ਘੁੰਮਦੇ ਹਨ। ਇਕੋ ਰਾਤ ਵਿਚਾਲੇ ਪੱਗ ਦੇ ਰੰਗ ਹੀ ਨਹੀਂ ਬਦਲਦੇ, ਵਿਸ਼ਵਾਸ ਦਾ ਘਾਤ ਵੀ ਕਰ ਦਿੱਤਾ ਜਾਂਦਾ ਹੈ। ਭਾਵੇਂ ਲੱਖ ਐਬ ਹੋਣ, ਬੱਸ ਇਕ ਛਤਰੀ ਤੋਂ ਉਡ ਕੇ ਦੂਜੀ 'ਤੇ ਬਹਿਣ ਦੀ

**ਮਝੈਲ ਸਿੰਘ ਸਰਾਂ**

ਦੇਰ ਆ, ਇਹ ਵੋਟ ਦੁੱਧ ਧੋਤਾ ਸਾਬਿਤ ਕਰਨ ਵਿਚ ਦੇਰ ਨਹੀਂ ਲਾਉਂਦੀ। ਵੋਟ ਦੀ ਲਲ੍ਹਕ ਦਾ ਮਾਰਿਆ ਇਥੋਂ ਤੱਕ ਵੀ ਥੱਲੇ ਜਾ ਸਕਦਾ ਹੈ ਕਿ ਘਰ ਦਾ ਭੇਤੀ ਬਣ ਕੇ ਸਰਬਤ ਦਾ ਭਲਾ ਮੰਗਣ ਵਾਲੀ ਸੱਚੇ ਪਰਵਰਦਗਾਰ ਦੀ ਪਵਿੱਤਰ ਜਗ੍ਹਾ 'ਤੇ ਫੌਜੀ ਹਮਲਾ ਕਰਾਉਣ ਦੀਆਂ ਵੀ ਸਲਾਹਾਂ ਦੇਵੇ, ਤੇ ਹੱਲਾਸ਼ੇਰੀ ਦੇ ਕੇ ਨੌਜਵਾਨਾਂ ਨੂੰ ਬਲੀ ਦੇ ਬੂਥੇ ਧੱਕ ਕੇ ਬੜਾ ਭੋਲਾ ਤੇ ਨਿਮਾਣਾ ਬਣ ਕੇ ਉਨ੍ਹਾਂ ਦੇ ਮਾਪਿਆਂ ਦੀਆਂ ਵੋਟਾਂ ਨਾਲ ਅੱਜ ਤੱਕ ਹਾਕਮ ਬਣੀ ਫਿਰੇ, ਕਿ ਤੁਹਾਨੂੰ ਨਿਆਂ ਦੇਵਾਂਗਾ।

ਭਾਰਤ ਵਰਗੇ ਮੁਲਕ ਨੇ ਤਾਂ ਆਪਣੇ 'ਸੰਤ ਸੁਭਾਅ' ਨੂੰ ਵੋਟ ਪਾਉਣ ਨੂੰ ਵੀ ਧਾਰਮਿਕ ਰੰਗਣ ਦੇ ਕੇ ਉਜਾਗਰ ਕੀਤਾ, ਤੇ ਨਾਂ ਰੱਖ ਦਿੱਤਾ ਮਤਦਾਨ, ਤੇ ਬੰਦੇ ਦਾ ਨਾਂ ਮੱਤਦਾਤਾ। ਹੁਣ ਜਿਥੇ ਦਾਨ ਤੇ ਦਾਤਾ ਵਰਗੇ ਲੁਭਾਉਣੇ ਲਫ਼ਜ਼ ਆਉਣ, ਫਿਰ ਭਲਾ ਕਾਹਨੂੰ ਕੋਈ ਪਿੱਛੇ ਰਹਿੰਦਾ ਦਾਨ ਦੇ ਕੇ ਦਾਤਾ ਕਹਾਉਣ ਨੂੰ। ਬੜਾ ਫ਼ਖ਼ਰ ਮਹਿਸੂਸ ਹੁੰਦਾ ਸਾਨੂੰ ਪੰਜਾਬੀਆਂ ਨੂੰ ਦਾਤਾ ਕਹਾ ਕੇ। ਤਾਂ ਹੀ ਤਾਂ ਗੁਰਦੁਆਰਿਆਂ ਦੇ ਫ਼ਰਸ਼ਾਂ ਉਤੇ ਦਾਤਿਆਂ ਦੇ ਨਾਮ ਦੀਆਂ ਪੱਥਰ-ਪਲੇਟਾਂ ਵਿਚ ਰੋਜ਼ ਵਾਧਾ ਹੋਈ ਜਾਂਦਾ ਹੈ। ਮੁਲਕ ਦੇ ਹਾਕਮ ਵੀ ਸਿਰ ਉਚਾ ਕਰ ਕੇ ਕਹਿੰਦੇ ਆ ਕਿ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ, ਭਾਵ (ਮੱਤ) ਦਾਤਿਆਂ ਦੀ ਸੋਨੇ ਦੀ ਚਿੜੀ ਦੇ ਸੇਵਾਦਾਰ ਹਨ। ਫਿਰ ਜਿਥੇ ਖੁਦ ਐਨੇ ਦਾਤੇ ਵਸਦੇ ਹੋਣ, ਉਥੇ ਕਿਉਂ ਰੋਟੀ-ਦਾਲ ਦੀ ਸਕੀਮ ਲੈਣ ਲਈ ਲੰਮੀਆਂ ਕਤਾਰਾਂ ਲੱਗਣ? ਕਿਉਂ ਇਹ ਦਾਤੇ ਖੁਦ ਆਪਣੇ ਹੱਥੀਂ ਰੱਸਾ ਚੁੱਕੀ ਫਿਰਦੇ ਆ ਫਾਹਾ ਲੈਣ ਨੂੰ? ਕਿਉਂ ਇਨ੍ਹਾਂ ਦਾਤਿਆਂ ਨੂੰ ਰੇਲਾਂ ਦੀਆਂ ਪਟੜੀਆਂ ਅਤੇ ਸੜਕਾਂ ਉਤੇ ਹਾਏ-ਹਾਏ ਤੇ ਮੁਰਦਾਬਾਦ ਕਰਨੀ ਪੈਂਦੀ ਹੈ? ਕਿਉਂ ਮਜਬੂਰ ਹੈ ਇਹ ਦਾਤਾ ਮਰਨ ਵਰਤ 'ਤੇ ਬੈਠਣ ਲਈ? ਕਿਉਂ ਦੁੱਧ ਚੁੰਘਦੀ ਬੱਚੀ ਦੀ ਲਾਸ਼ ਲੈ ਕੇ ਬਹਿਣਾ ਪੈਂਦਾ ਕਿਸੇ ਨਿਮਾਣੀ ਮਾਂ ਨੂੰ ਸੜਕ ਉਤੇ? ਕਿਉਂ ਤੇ ਕੌਣ ਰੋਲ ਰਿਹਾ ਹੈ ਬਜ਼ੁਰਗ ਦਾਤੇ ਦੀ ਪੱਗ? ਕਿਉਂ ਇਨ੍ਹਾਂ ਦਾਤਿਆਂ ਦੀਆਂ ਕੰਜਕਾਂ ਪਾਣੀ ਦੀਆਂ ਟੈਂਕੀਆਂ 'ਤੇ ਚੜ੍ਹ ਕੇ ਖੁਦ ਨੂੰ ਜਿਉਂਦੇ ਜੀਅ ਲਾਂਬੂ ਲਾਉਣ? ਮੰਗਤਿਆਂ ਤੋਂ ਵੀ ਬਦਤਰ ਬਣਾ ਦਿੱਤੇ ਇਹ (ਮਤ) ਦਾਤੇ। ਸੱਚਾਈ ਤਾਂ ਇਹ ਆ ਕਿ ਮੱਤ ਮਾਰੀ ਗਈ ਪਿਛਲੇ 6-7 ਦਹਾਕਿਆਂ ਤੋਂ ਮਤਦਾਨ ਕਰਦਿਆਂ ਦੀ; ਪਰ ਬੜੇ ਢੀਠ ਆ ਇਹ ਮਤਦਾਨ ਲੈਣ ਵਾਲੇ, ਇਨ੍ਹਾਂ ਦੀ ਰੂਹ ਨਹੀਂ ਰੱਜੀ। ਚਰੂੰਡ ਲਿਆ (ਮਤ) ਦਾਤਿਆਂ ਨੂੰ, ਘਸਿਆਰੇ ਬਣਾ ਕੇ ਰੱਖ 'ਤੇ ਬੜੇ-ਬੜੇ ਸਬਜ਼ਬਾਗ ਦਿਖਾ ਕੇ।


ਅਮਰੀਕਾ ਦੇ ਰਾਸ਼ਟਰਪਤੀ ਰਹੇ ਅਬਰਾਹਮ ਲਿੰਕਨ ਦੀ ਪਰਿਭਾਸ਼ਾ ਕਿ 'ਲੋਕ ਰਾਜ ਵਿਚ ਜਿਹੜੀ ਹਕੂਮਤ ਬਣਦੀ ਹੈ, ਉਹ ਲੋਕਾਂ ਦੁਆਰਾ ਲੋਕਾਂ ਦੀ ਅਤੇ ਲੋਕਾਂ ਵਾਸਤੇ ਹੁੰਦੀ ਹੈ', ਬਹੁਤ ਮਕਬੂਲ ਹੈ। ਜਦੋਂ ਇਹ ਪਰਿਭਾਸ਼ਾ ਦਿੱਤੀ ਗਈ, ਉਦੋਂ ਅਮਰੀਕਾ ਘਰੇਲੂ ਯੁੱਧ ਵਿਚੋਂ ਗੁਜ਼ਰ ਰਿਹਾ ਸੀ। ਮੁੱਖ ਕਾਰਨ ਸੀ ਗੁਲਾਮੀ ਪ੍ਰਥਾ ਦਾ ਖਾਤਮਾ ਕਰਨਾ। ਇਹਦੇ ਲਈ ਰਾਸ਼ਟਰਪਤੀ ਲਿੰਕਨ ਨੂੰ ਖੁਦ ਕਤਲ ਹੋਣਾ ਪਿਆ। ਫਿਰ ਨਾਲ ਹੀ ਯੁੱਧ ਵੀ ਬੰਦ ਹੋ ਗਿਆ, ਤੇ ਗੁਲਾਮੀ ਵਾਲਾ ਕਲੰਕ ਵੀ ਮੁੱਕ ਗਿਆ। ਕਾਲੀ ਨਸਲ ਵਾਲਿਆਂ ਨੂੰ ਵੀ ਵੋਟ ਦਾ ਹੱਕ ਮਿਲ ਗਿਆ, ਤੇ ਉਹ ਵੀ ਹਕੂਮਤ ਵਿਚ ਹਿੱਸੇਦਾਰ ਬਣ ਗਏ। ਅੱਜ 150 ਸਾਲ ਹੋ ਚੁੱਕੇ, ਅਮਰੀਕਾ ਨੇ ਲਿੰਕਨ ਦੇ ਕਹੇ ਸ਼ਬਦਾਂ 'ਤੇ ਭਰੋਸਾ ਕਰ ਕੇ ਸਰਕਾਰ ਨੂੰ ਲੋਕਾਂ ਦੀ ਅਤੇ ਲੋਕਾਂ ਵਾਸਤੇ ਕਾਫ਼ੀ ਹੱਦ ਤੱਕ ਬਣਾਈ ਰੱਖਿਆ ਹੈ; ਤਾਂ ਹੀ ਅਜੇ ਤੱਕ ਨਾਬਰਾਂ ਦੀ ਕੋਈ ਜਮਾਤ ਮੁਲਕ ਦੇ ਖ਼ਿਲਾਫ਼ ਹਥਿਆਰਬੰਦ ਹੋ ਕੇ ਨਹੀਂ ਉਠੀ, ਜਦੋਂ ਕਿ ਇਸ ਮੁਲਕ ਵਿਚ ਦੁਨੀਆਂ ਭਰ ਦੇ ਹਿੱਸਿਆਂ ਤੋਂ ਅਣਗਿਣਤ ਕੌਮਾਂ ਦੇ ਲੋਕ ਆ ਕੇ ਵਸੇ ਹੋਏ ਹਨ। ਮੈਂ ਨਹੀਂ ਪਿਛਲੇ ਦਸਾਂ ਸਾਲਾਂ ਤੋਂ ਕਦੇ ਸੁਣਿਆ-ਪੜ੍ਹਿਆ ਕਿ ਫਲਾਣੇ ਸ਼ਹਿਰ ਵਿਚ ਕਰਫਿਊ ਲੱਗਿਆ। ਕਦੇ ਨਹੀਂ ਪੜ੍ਹਿਆ ਕਿ ਫੌਜ ਨੇ ਕਿਸੇ ਗਿਰਜੇ 'ਤੇ ਹਮਲਾ ਕਰ ਕੇ ਕਤਲੇਆਮ ਕੀਤਾ ਹੋਵੇ। ਤਰ੍ਹਾਂ-ਤਰ੍ਹਾਂ ਦੇ ਨਾਂਵਾਂ ਵਾਲੇ ਅਰਧ-ਸੈਨਿਕ ਬਲ ਮੈਂ ਨਹੀਂ ਸੁਣੇ, ਐਡੇ ਵੱਡੇ ਮੁਲਕ ਦੀ ਏਕਤਾ ਤੇ ਅਖੰਡਤਾ ਨੂੰ ਬਚਾਉਣ ਵਾਲੇ। ਇੱਥੇ ਇਹ ਵੀ ਨਾ ਕਹਿਣ ਲੱਗ ਪੈਣਾ ਮੈਨੂੰ, ਪਈ ਬੜਾ ਅਮਰੀਕਾ-ਭਗਤ ਬਣਿਆ ਫਿਰਦਾ। ਜੋ ਦੇਖਿਆ, ਉਹੋ ਕੁਝ ਹੀ ਲਿਖਦਾਂ।

ਹੁਣ ਸੋਚੋ ਕਿ ਭਾਰਤ ਦੀ ਚੁਣੀ ਹੋਈ ਹਕੂਮਤ ਖਿਲਾਫ ਨਾਬਰੀ ਦੀ ਨੌਬਤ ਕਿਉਂ ਆਉਂਦੀ ਹੈ? ਨਾਬਰੀ ਵਾਲਾ ਰਾਹ ਕੋਈ ਸੌਖਾ ਥੋੜ੍ਹਾ, ਹਰ ਵਕਤ ਜਾਨ ਤਲੀ 'ਤੇ ਰੱਖੀ ਫਿਰਨਾ ਪੈਂਦਾ ਹੈ। ਕਾਰਨ ਸਪਸ਼ਟ ਹੈ ਕਿ ਹਿੰਦੋਸਤਾਨੀ ਹਾਕਮਾਂ ਨੇ ਲਿੰਕਨ ਦੀ ਪਰਿਭਾਸ਼ਾ ਨੂੰ ਅਧੂਰੇ ਰੂਪ ਵਿਚ ਲਾਗੂ ਕੀਤਾ। ਸਰਕਾਰ ਬਣਦੀ ਤਾਂ ਲੋਕਾਂ ਦੀਆਂ ਵੋਟਾਂ ਨਾਲ ਹੀ ਹੈ, ਪਰ ਫਿਰ ਉਹ ਲੋਕਾਂ ਦੀ ਅਤੇ ਲੋਕਾਂ ਵਾਸਤੇ ਰਹਿੰਦੀ ਨਹੀਂ, ਤੇ ਇਸੇ ਪਾੜੇ ਵਿਚੋਂ ਪੈਦਾ ਹੁੰਦੇ ਹਨ ਨਾਬਰ। ਖੋਟ ਕਿਥੇ ਰਲਿਆ, ਇਹ ਦੇਖਣਾ ਬੜਾ ਲਾਜ਼ਮੀ ਹੈ। ਮੁਲਕ ਦੀ ਜੰਗ-ਏ-ਆਜ਼ਾਦੀ ਵਿਚ ਹਿੱਸਾ ਪਾਉਣ ਵਾਲਿਆਂ ਦੀ ਨੀਅਤ ਵਿਚ ਤਾਂ ਰੱਤੀ ਭਰ ਵੀ ਖੋਟ ਨਹੀਂ ਸੀ। ਉਹ ਤਾਂ ਸਿਰਾਂ 'ਤੇ ਕੱਫਣ ਬੰਨ੍ਹ ਕੇ ਲੜੇ, ਘਰ-ਘਾਟ ਉਜਾੜ ਲਏ, ਜ਼ਿੰਦਗੀ ਰੋਲ ਲਈ ਆਪਣੀ ਕਾਲੇ ਪਾਣੀਆਂ ਦੀ ਜੇਲ੍ਹ ਵਿਚ, ਝੂਲ ਗਏ ਫਾਂਸੀ ਦੇ ਫੰਦਿਆਂ 'ਤੇ। ਮੁਲਕ ਦੇ ਬਣਨ ਵਾਲੇ ਮੋਹਤਬਰਾਂ ਦੇ ਦਿੱਤੇ ਕੌਲ-ਕਰਾਰਾਂ ਅਤੇ ਵਾਅਦਿਆਂ 'ਤੇ ਭਰੋਸਾ ਕੀਤਾ ਕਿ ਤੁਹਾਡਾ ਵੀ ਆਜ਼ਾਦ ਮੁਲਕ ਵਿਚ ਇਕ ਖਿੱਤਾ ਹੋਵੇਗਾ ਜਿਥੇ ਤੁਸੀਂ ਆਜ਼ਾਦੀ ਦਾ ਨਿੱਘ ਮਾਣੋਗੇ। ਖੋਟੇ ਨਿਕਲੇ ਦਿਲ ਦੇ, ਮੁੱਕਰ ਗਏ ਕੀਤੇ ਵਾਅਦਿਆਂ ਤੋਂ ਆਜ਼ਾਦ ਹੁੰਦਿਆਂ ਸਾਰ। ਸੋ, ਨਾਬਰੀ ਦਾ ਬੂਟਾ ਇਨ੍ਹੀਂ ਖੁਦ ਲਾਇਆ, ਆਪਣੇ ਹੱਥੀਂ।

ਦਰਅਸਲ 1947 ਵਿਚ ਮੁਲਕ ਦੀ ਆਜ਼ਾਦੀ ਨਾਲੋਂ ਜ਼ਿਆਦਾ ਪੁਨਰ-ਸੁਰਜੀਤੀ ਹੋਈ ਹਿੰਦੂ ਸਾਮਰਾਜ ਦੀ ਜਿਹੜੀ ਕੋਈ 1000 ਸਾਲ ਪਹਿਲਾਂ ਅਰਬਾਂ ਦੇ ਹਮਲੇ ਨਾਲ ਜਾਂਦੀ ਰਹੀ ਸੀ। ਮੁੜ ਮੰਨੂਵਾਦ ਨੇ ਫਨ ਚੁੱਕ ਲਿਆ। ਫੌਜ ਦੇ ਬੂਟਾਂ ਥੱਲੇ ਕਿਤੇ ਦਰੜਿਆ ਜਾ ਰਿਹਾ ਹੈ ਇਹ ਦੁਨੀਆਂ ਦਾ ਸਭ ਤੋਂ ਵੱਡਾ ਜਮਹੂਰੀਅਤ ਦਾ ਦੇਵਤਾ, ਤੇ ਦੇਵੀਆਂ ਨੂੰ ਹਵਸ ਦਾ ਸ਼ਿਕਾਰ ਬਣਨਾ ਪੈਂਦਾ ਆਪਣੀ ਹੀ ਫੌਜ ਤੋਂ, ਤੇ ਕਿਤੇ ਨਸ਼ਿਆਂ ਦੇ ਸਮੁੰਦਰ ਵਿਚ ਡੋਬਿਆ ਜਾ ਰਿਹਾ ਹੈ ਗਿਣੀ-ਮਿਥੀ ਸਾਜ਼ਿਸ਼ ਤਹਿਤ। ਵਿਕਾਊ ਲੀਡਰਾਂ ਦੀ ਕਤਾਰ ਲੱਗੀ ਪਈ ਆ ਮੰਨੂਵਾਦ ਦੀ ਸੇਵਾ ਵਿਚ। ਪੰਜਾਂ ਸਾਲਾਂ ਬਾਅਦ ਫਿਰ ਧਮਕ ਪੈਂਦੇ ਆ, ਆਹ ਵੋਟਾਂ ਵਾਲਾ ਛੁਣ-ਛੁਣਾ ਵਜਾਉਂਦੇ।

ਆਹ ਮੂਰਖ ਬਣਾਉਣ ਵਾਲੀ ਗੱਲ ਸ਼ਾਇਦ ਵਤਨਪ੍ਰਸਤ ਕਹਾਉਣ ਵਾਲਿਆਂ ਨੂੰ ਮਾੜੀ ਲੱਗੇ, ਪਰ ਹੈ ਇਹ ਸੌ ਫੀਸਦੀ ਸੱਚ। ਤਾਜ਼ੀ ਮਿਸਾਲ ਹੀ ਸਾਂਝੀ ਕਰ ਲਈਏ। ਪਿੱਛੇ ਜਿਹੇ ਬਾਦਲਾਂ ਨੇ ਪੰਜਾਬ ਵਿਚ ਨਰੇਂਦਰ ਮੋਦੀ ਦੀ ਰੈਲੀ ਕਰਵਾਈ। ਮੋਦੀ ਸਿਰ 'ਤੇ ਕੇਸਰੀ ਪੱਗ ਰੱਖ ਕੇ ਬੋਲਿਆ ਕਿ ਇਸ ਪੱਗ ਦੀ ਹਿਫ਼ਾਜ਼ਤ ਮੈਂ ਕਰੂੰਗਾ, ਜਦੋਂ ਕਿ ਹਕੀਕਤ ਵਿਚ ਗੁਜਰਾਤ ਵਿਚ ਵਸਦੇ ਸਿੱਖਾਂ ਨੂੰ ਉਜਾੜਨ ਦਾ ਬਾਨ੍ਹਣੂੰ ਇਸੇ ਮੋਦੀ ਨੇ ਬੰਨ੍ਹਿਆ ਹੋਇਐ। ਉਸ ਦੀਆਂ ਤੱਦੀਆਂ ਕਰ ਕੇ ਅਮਰੀਕਾ ਅਜੇ ਤੱਕ ਉਸ ਨੂੰ ਵੀਜ਼ਾ ਨਹੀਂ ਦੇ ਰਿਹਾ ਪਰ ਬਾਦਲੀ ਸਿੱਖਾਂ ਨੂੰ ਉਹ ਮਸੀਹੇ ਤੋਂ ਘੱਟ ਨਜ਼ਰ ਹੀ ਨਹੀਂ ਆਉਂਦਾ। ਇਹ ਖੁਸ਼ੀ ਵਿਚ ਐਨੇ ਖੀਵੇ ਹੋ ਗਏ ਕਿ ਕਈ ਚੋਟੀ ਦੇ ਸੰਤ ਕਹਾਉਣ ਵਾਲਿਆਂ ਤੇ ਸਿੱਖਾਂ ਦੇ ਦਸਵੰਧ ਨਾਲ ਚਲਦੀ ਸ਼੍ਰੋਮਣੀ ਕਮੇਟੀ ਨੇ ਖੁਦ ਲੰਗਰ ਲਾਏ। ਮੁਸਲਮਾਨਾਂ ਦੇ ਕਤਲੇਆਮ ਦੇ ਜ਼ਿੰਮੇਵਾਰ ਇਸ ਹੁਕਮਰਾਨ ਨੂੰ ਖਾਲਸੇ ਦੀ ਸ਼ਾਨ ਕਿਰਪਾਨ ਭੇਟ ਕਰ ਕੇ ਜੈਕਾਰੇ ਛੱਡਣੇ! ਭਲਾ ਕਿਹੜੀ ਮੁਹਿੰਮ ਫਤਿਹ ਕਰ ਕੇ ਆਇਆ ਸੀ ਮੋਦੀ? ਲੋਕਾਂ, ਖਾਸ ਕਰ ਕੇ ਸਿੱਖ ਕਹਾਉਣ ਵਾਲਿਆਂ 'ਤੇ ਵੀ ਰੰਜ਼ ਹੈ, ਕਿ ਉਹ ਕਿਉਂ ਵਹੀਰਾਂ ਘੱਤੀ ਤੁਰ ਪਏ ਸੀ ਇਸ ਕਥਿਤ ਕਾਤਲ ਨੂੰ ਦੇਖਣ। ਦਿੱਲੀ ਜਾ ਕੇ ਇਹ ਰਲ ਕੇ ਚਟਕਿੱਲੀ ਲਾਉਂਦੇ ਆ ਕਿ ਮੈਂ ਫਤਿਹ ਰੈਲੀ ਕਰ ਕੇ ਬੁੱਧੂ ਬਣਾ ਆਇਆਂ, ਤੇ ਪੰਜਾਬ ਜਾ ਕੇ ਵੀ ਦਿੱਲੀ ਸਿੱਖ ਕਤਲੇਆਮ ਦੀ ਕੋਈ ਗੱਲ ਨਹੀਂ ਕੀਤੀ।

ਹੁਣ ਗੱਲ ਕਰੀਏ ਪੰਜਾਬ ਦੀ। ਵੋਟਾਂ ਖਾਤਰ ਬੜੇ ਭਰਮਾਊ ਵਾਅਦੇ ਹੋ ਰਹੇ ਹਨ। ਬਠਿੰਡਾ ਤਾਂ




ਸੁੱਖ ਨਾਲ ਪਿਛਲੇ ਮਹੀਨਿਆਂ ਵਿਚ ਨੀਂਹ ਪੱਥਰਾਂ ਨਾਲ ਭਰ ਦਿੱਤਾ। ਭਰਦੇ ਵੀ ਕਿਉਂ ਨਾ, ਬਈ ਹਾਕਮਾਂ ਦੀ ਨੂੰਹ, ਨੰਨ੍ਹੀ ਛਾਂ ਜੁ ਖੜ੍ਹੀ ਹੈ ਉਥੋਂ ਦੇ ਮਤਦਾਤਿਆਂ ਕੋਲੋਂ ਮਤ ਦਾ ਦਾਨ ਲੈਣ ਨੂੰ। ਉਦਾਂ ਤਾਂ ਪੰਜਾਬੀਆਂ ਦੇ ਸੁਭਾਅ ਵਿਚ ਹੀ ਨਹੀਂ ਕਿ ਇਹ ਜਾਣਨ ਕਿ ਮੈਨੀਫੈਸਟੋ ਨਾਂ ਦੀ ਵੀ ਕੋਈ ਸ਼ੈਅ ਹੁੰਦੀ ਹੈ। ਇਹ ਮੈਨੀਫੈਸਟੋ ਹੁੰਦਾ ਨਿਰਾ ਵਾਅਦਿਆਂ ਦਾ ਪਟਾਰਾ ਜਿਹੜਾ ਪੂਰਾ ਕਦੋਂ ਹੋਣਾ, ਉਹ ਨਹੀਂ ਪਤਾ? ਨਾਲੇ ਅਸੀਂ ਸਿੱਖ ਤਾਂ ਵੈਸੇ ਵੀ ਜ਼ੁਬਾਨੀ-ਕਲਾਮੀ ਵਾਅਦਿਆਂ 'ਤੇ ਜੈਕਾਰੇ ਛੱਡਣ ਵਾਲੇ ਹਾਂ। ਮੋਦੀ ਵਰਗੇ ਫਿਰਕਾਪ੍ਰਸਤ (ਜਿਹਦੀ ਫਿਤਰਤ ਇਹੋ ਕਹਿੰਦੀ ਹੈ ਕਿ ਘੱਟ-ਗਿਣਤੀਆਂ ਜਿਨ੍ਹਾਂ ਵਿਚ ਸਿੱਖ ਵੀ ਹੈਨ, ਲਈ ਹਿੰਦੋਸਤਾਨ ਵਿਚ ਕੋਈ ਜਗ੍ਹਾ ਨਹੀਂ), ਦੇ ਮਾਣ-ਸਨਮਾਨ ਵਿਚ ਜੈਕਾਰੇ ਛੱਡਣੇ ਕਿਹੜੀ ਸਮਝਦਾਰੀ ਹੈ ਬਈ ਜੋ ਸਿੱਖਾਂ ਨੇ ਕੀਤੀ ਹੈ?

ਹੁਣ ਵੋਟਾਂ ਦੌਰਾਨ ਪੰਜਾਬ ਵਿਚ ਚੁੱਪ-ਚੁਪੀਤੇ 4 ਕੁ ਸਰਵੇਖਣ ਕਰ ਲੈਣੇ ਆ, ਤੇ ਮਤ ਦਾਤਿਆਂ ਦੀ ਮਤ ਵੀ ਪਰਖ ਲੈਣੀ ਆ, ਤੇ ਨਾਲ ਦੀ ਨਾਲ ਕਿਹੜੇ ਕਾਰਪੋਰੇਟ ਘਰਾਣੇ ਕੋਲ ਸੂਬੇ ਨੂੰ ਗਿਰਵੀ ਰੱਖਣਾ, ਉਹਦਾ ਫੈਸਲਾ ਵੀ ਹੋ ਜਾਣਾ। ਬਾਕੀ ਜਿੱਤਣ ਹਾਰਨ ਦਾ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ। ਕਿਹੜੇ ਸਰਵੇਖਣ ਹੋਣੇ ਆ, ਉਨ੍ਹਾਂ ਦਾ ਥੋੜ੍ਹਾ ਖੁਲਾਸਾ ਕਰੀਏ। ਇਹਦੇ ਵਿਚ ਤਾਂ ਕੋਈ ਦੋ ਰਾਵਾਂ ਹੈ ਨਹੀਂ, ਕਿ ਵੋਟਾਂ ਪੈਣ ਪੰਜਾਬ ਵਿਚ ਤੇ, ਨਸ਼ੇ-ਪੱਤੇ ਨਾ ਵੰਡੇ ਜਾਣ, ਨਾ-ਮੁਮਕਿਨ ਹੈ। ਪੰਜਾਬ ਦਾ ਆਮਦਨ ਦਾ ਵੱਡਾ ਸਰੋਤ ਹੈ ਸ਼ਰਾਬ ਦੀ ਵਿਕਰੀ। ਸਰਕਾਰ ਹਰ ਸਾਲ ਆਪਣੀ ਆਬਕਾਰੀ ਪਾਲਿਸੀ ਬਣਾਉਂਦੀ ਆ ਜਿਸ ਵਿਚ ਪਿਛਲੇ ਸਮੇਂ ਦੀ ਸ਼ਰਾਬ ਦੀ ਖਪਤ ਨੂੰ ਦੇਖ ਕੇ ਅਗਲੇ ਸਾਲ ਦਾ ਕੋਟਾ ਮਿਥਿਆ ਜਾਂਦਾ। ਹੁਣ ਸਰਵੇਖਣ ਇਹ ਹੋਣਾ ਕਿ ਕਿੰਨੀ ਸ਼ਰਾਬ ਵੋਟਾਂ ਵਾਲੇ ਇਸ ਮਹੀਨੇ ਵਿਚ ਇਕ ਪਿੰਡ ਨੂੰ ਦਿੱਤੀ ਗਈ। ਉਸ ਮੁਤਾਬਿਕ ਅਗਲੇ ਸਾਲ ਸ਼ਰਾਬ ਦਾ ਕੋਟਾ ਵਧਾਇਆ ਜਾਣਾ, ਤੇ ਉਨ੍ਹਾਂ ਪਿੰਡਾਂ ਦੀ ਪਛਾਣ ਵੀ ਹੋ ਜਾਣੀ ਹੈ ਜਿਥੇ ਨਵੇਂ ਠੇਕੇ ਖੋਲ੍ਹਣੇ ਆ, ਤੇ ਉਨ੍ਹਾਂ ਠੇਕੇਦਾਰਾਂ ਦੀ ਸ਼ਨਾਖ਼ਤ ਵੀ ਕਰ ਲੈਣੀ ਹੈ ਜਿਨ੍ਹਾਂ ਨੂੰ ਨਵੇਂ ਠੇਕੇ ਦੇਣੇ ਆ; ਕਿਉਂਕਿ ਜਿਨ੍ਹਾਂ ਸਰਪੰਚਾਂ, ਨੰਬਰਦਾਰਾਂ ਰਾਹੀਂ ਵੋਟਾਂ ਵਿਚ ਸ਼ਰਾਬ ਵੰਡ ਹੁੰਦੀ, ਉਨ੍ਹਾਂ ਵਿਚੋਂ ਜਿਹੜਾ ਵੱਧ ਸੇਵਾ ਭਾਵਨਾ ਨਾਲ ਇਹ ਕਾਰਜ ਕਰ ਗਿਆ, ਉਹੀ ਅਗਲੇ ਸਾਲ ਸ਼ਰਾਬ ਦਾ ਠੇਕੇਦਾਰ।

ਦੂਜਾ ਸਰਵੇਖਣ ਇਹ ਹੈ ਕਿ ਸ਼ਰਾਬ ਦੇ ਨਾਲ-ਨਾਲ ਕਿਹੜੇ ਨਸ਼ੇ ਦੀ ਜ਼ਿਆਦਾ ਮੰਗ ਹੈ। ਕਿੰਨੇ ਕੁ ਮੁੰਡੇ ਹਰ ਪਿੰਡ ਵਿਚ ਕਿੰਨਾ ਕੁ ਨਸ਼ਾ ਲੈਂਦੇ ਹਨ। ਕਿਹੜੇ ਨਵੇਂ ਨਸ਼ੇ ਦੀ ਮੰਗ ਕਰਦੇ ਆ। ਇਹ ਸਾਰਾ ਹਿਸਾਬ-ਕਿਤਾਬ ਲਾ ਲਿਆ ਜਾਂਦਾ ਹੈ। ਉਸ ਮੁਤਾਬਿਕ ਖ਼ਪਤ ਦੀ ਪੂਰਤੀ ਲਈ 'ਭੋਲੇ' ਵਰਗੇ ਚੋਟੀ ਦੇ ਖਿਡਾਰੀ ਨੂੰ ਸਮਗਲਰ ਬਣਾ ਕੇ, ਤੇ ਰਾਬਤਾ ਬਣਾ ਕੇ ਲਗਾਤਾਰ ਸਪਲਾਈ ਦਾ ਗੁਪਤ ਪ੍ਰਬੰਧ ਬੜੇ ਹੀ ਸੁਚੱਜੇ ਢੰਗ ਨਾਲ ਕਰ ਦਿੱਤਾ ਜਾਂਦਾ। ਫਿਰ ਵੱਡੀਆਂ-ਵੱਡੀਆਂ ਰੈਲੀਆਂ ਤੇ ਅ-ਸੰਗਤ ਦਰਸ਼ਨ ਕਰਵਾ ਕੇ ਦਾਅਵਾ ਕੀਤਾ ਜਾਂਦਾ ਹੈ ਕਿ ਸੂਬਾ ਨਸ਼ਾ ਮੁਕਤ ਹੋ ਰਿਹਾ ਹੈ, ਤੇ ਬੜੀ ਬੇਸ਼ਰਮੀ ਤੇ ਬੇਹਯਾਈ ਨਾਲ ਉਹੀ ਲੀਡਰ ਕਹਿ ਰਿਹਾ ਹੁੰਦਾ ਹੈ ਜਿਹਦਾ ਨਾਂ ਭੋਲਾ, ਡਰੱਗ ਤਸਕਰੀ ਵਿਚ ਸਿੱਧਾ ਲੈਂਦਾ; ਤੇ ਅਸੀਂ ਮਤ ਦਾਤੇ, ਨੀਲੀਆਂ ਪੀਲੀਆਂ ਪੱਗਾਂ ਬੰਨ੍ਹ ਕੇ ਮੋਹਰੇ ਬਹਿ ਕੇ ਜੈਕਾਰੇ 'ਤੇ ਜੈਕਾਰਾ ਛੱਡਦੇ ਹਾਂ। ਸਾਡੇ ਮੁੰਡੇ ਮਰ ਰਹੇ ਆ ਨਸ਼ਿਆਂ ਨਾਲ, ਤੇ ਅਸੀਂ ਕਿਸ ਖੁਸ਼ੀ 'ਚ ਜੈਕਾਰਿਆਂ 'ਤੇ ਜ਼ੋਰ ਦਿੱਤਾ ਹੋਇਆ ਭਲਾ?

ਵੋਟਾਂ ਮੰਗਦੇ ਇਨ੍ਹਾਂ ਲੀਡਰਾਂ ਨੇ ਕਿਉਂਕਿ ਪਿੰਡ-ਪਿੰਡ ਜਾਣੈ, ਪੰਚਾਇਤਾਂ ਨਾਲ ਰਾਬਤਾ ਵੀ ਬਣਾਉਣੈ ਤੇ ਨਾਲ-ਨਾਲ ਇਹ ਸੂਹ ਵੀ ਕੱਢ ਲੈਣੀ ਹੈ ਕਿ ਕਿਹੜੇ ਪਿੰਡ ਕੋਲ ਸ਼ਾਮਲਾਟ ਦੀ ਕਿੰਨੀ ਜ਼ਮੀਨ ਹੈ, ਤੇ ਉਸ ਉਤੇ ਕੌਣ ਕਾਬਜ਼ ਹੈ? ਬੱਸ, ਫਿਰ ਜੋੜ-ਘਟਾਓ ਵਾਲਾ ਹਿਸਾਬ ਲੱਗ ਕੇ ਚੰਡੀਗੜ੍ਹ ਵੱਡੇ ਮਹਾਂਰਥੀ ਕੋਲ ਪਹੁੰਚ ਜਾਣਾ, ਤੇ ਵੋਟਾਂ ਵਾਲਾ ਝੰਜਟ ਮੁੱਕਦਿਆਂ ਸਾਰ ਹੀ ਸ਼ਾਮਲਾਟੀ ਜ਼ਮੀਨਾਂ ਦੀ ਸਾਰ ਵੀ ਲਈ ਜਾਣ ਲੱਗ ਪੈਣੀ ਆ। ਕਿਹੜੀ ਜ਼ਮੀਨ ਕਿਸ ਮਕਸਦ ਲਈ ਫਿੱਟ ਬੈਠਦੀ, ਸਭ ਕੰਮ ਚੰਡੀਗੜ੍ਹੋਂ ਵੱਡੇ ਦਫ਼ਤਰ ਨੇ ਆਪ ਹੀ ਮੁਕੰਮਲ ਕਰ ਕੇ ਉਹਦਾ ਭੋਗ ਪਾ ਦੇਣਾ, ਕਿਉਂਕਿ ਜ਼ਮੀਨ ਦੇ ਸ਼ਿਕਾਰੀਆਂ ਦੀਆਂ ਤਾਰਾਂ ਸਿੱਧੀਆਂ ਸੂਬੇ ਦੇ ਰਹਿਬਰਾਂ ਨਾਲ ਜੁੜੀਆਂ ਹੋਈਆਂ। ਆਹ ਵੋਟਾਂ ਵਕਤ ਇਹ ਸਰਵੇਖਣ ਵੀ ਕਰ ਲਿਆ ਜਾਂਦਾ ਕਿ ਕਿਹੜੇ ਪਿੰਡਾਂ ਦੀ ਜ਼ਮੀਨ ਸੂਬੇ ਦੇ ਵਿਕਾਸ ਦੇ ਨਾਂ 'ਤੇ ਐਕਵਾਇਰ ਕਰ ਕੇ ਲੋਕਾਂ ਤੋਂ ਸਸਤੇ ਭਾਅ ਖਰੀਦ ਕੇ ਵੱਡੀਆਂ ਕੰਪਨੀਆਂ ਨੂੰ ਦੇਣੀ ਹੈ, ਤੇ ਫਿਰ ਕੁਝ ਵਕਤ ਬਾਅਦ ਉਹ ਜ਼ਮੀਨ ਜਿਹੜੀ ਏਕੜਾਂ ਦੇ ਭਾਅ ਖਰੀਦੀ ਹੁੰਦੀ ਆ, ਗਜ਼ਾਂ ਦੇ ਹਿਸਾਬ ਪਲਾਟ ਕੱਟ ਕੇ ਜਿਥੇ ਬੇਹਿਸਾਬਾ ਮੁਨਾਫ਼ਾ ਕਮਾਇਆ ਜਾਂਦਾ, ਉਥੇ ਬੇਜ਼ਮੀਨਿਆਂ ਦੀ ਗਿਣਤੀ ਵਿਚ ਵੀ ਵਾਧਾ ਕਰ ਦਿੱਤਾ ਜਾਂਦਾ ਹੈ। ਉਧਰ ਮੱਤ ਦਾਤਿਆਂ ਨੂੰ ਜੈਕਾਰੇ ਛੱਡਣ ਤੋਂ ਹੀ ਵਿਹਲ ਨਹੀਂ ਮਿਲਦੀ!




ਚੌਥਾ ਸਰਵੇਖਣ ਇਨ੍ਹਾਂ ਵੋਟਾਂ ਵਿਚ ਹੋਣਾ ਮੱਤ ਦਾਤਿਆਂ ਦੀ ਮੱਤ ਦਾ। ਇਹ ਲੀਡਰ ਸਾਡੇ ਕੋਲ ਸਿਰਫ ਵੋਟਾਂ ਮੰਗਣ ਨਹੀਂ ਆਉਂਦੇ। ਦਰਅਸਲ ਇਹ ਆਉਂਦੇ ਆ ਸਾਡੀ ਅਕਲ ਪਰਖਣ ਕਿ ਪਿਛਲੇ ਪੰਜਾਂ ਸਾਲਾਂ ਵਿਚ ਕੋਈ ਫਰਕ ਪਿਆ, ਕਿ ਹੁਣ ਵੀ ਉਥੇ ਹੀ ਖੜ੍ਹੀ ਆ। ਇਹ ਇਸ ਗੱਲ ਤੋਂ ਹੀ ਸਭ ਪਰਖ ਜਾਂਦੇ ਆ, ਕਿ ਪਿੰਡ ਵੜਦਿਆਂ ਸਾਰ ਜੇ ਗੱਲ ਫੁੱਲਾਂ ਦੇ ਹਾਰ ਪਾ ਕੇ ਜ਼ਿੰਦਾਬਾਦ ਦੇ ਨਾਅਰੇ ਲੱਗ ਗਏ, ਤਾਂ ਸਮਝੋ ਅਕਲ ਅਜੇ ਦੂਰ ਹੀ ਹੈ। ਰਹਿੰਦੀ ਕਸਰ ਉਦੋਂ ਨਿਕਲ ਜਾਂਦੀ ਹੈ ਜਦੋਂ ਇਨ੍ਹਾਂ ਮੱਤ ਦਾਤਿਆਂ ਨੂੰ ਪੁੱਛਿਆ ਜਾਂਦੈ ਕਿ ਦੱਸੋ, ਪਿੰਡ ਲਈ ਕੀ ਕੀਤਾ ਜਾਵੇ ਕਿ ਖੁਸ਼ਹਾਲੀ ਆਵੇ ਇਸ ਪਿੰਡ ਵਿਚ ਵੀ। ਅਰਜ਼ ਕਰਨਗੇ ਕਿ ਗੁਰਦੁਆਰੇ ਨਾਲੋਂ ਵੱਧ ਮਾਨਤਾ ਫਿੱਡੇ ਸ਼ਾਹ ਦੀ ਜਗ੍ਹਾ ਦੀ ਹੈ, ਉਥੇ ਜਾਂਦਾ ਪਹਿਆ ਕੱਚਾ ਹੋਣ ਕਰ ਕੇ ਲੋਕਾਂ ਨੂੰ ਮੀਂਹ-ਕਿਣੀ ਵਿਚ ਦੀਵੇ ਜਗਾਉਣ ਜਾਣ ਵਕਤ ਔਖਿਆਈ ਹੁੰਦੀ ਆ। ਜੇ ਦੋ ਕੁ ਫਰਲਾਂਗ ਦਾ ਉਹ ਕੱਚਾ ਪਹਿਆ ਪੱਕਾ ਕਰਵਾ ਦਿਓ, ਤਾਂ ਸਾਰਾ ਪਿੰਡ ਤੁਹਾਡੇ ਗੁਣ ਗਾਵੇਗਾ। ਜਦੋਂ ਪੰਜਾਬੀ ਗਲੀਆਂ, ਨਾਲੀਆਂ, ਛੱਪੜਾਂ, ਸਿਵਿਆਂ ਦੀਆਂ ਚਾਰ ਦੀਵਾਰੀਆਂ, ਜਠੇਰਿਆਂ ਦੀਆਂ ਉਸਾਰੀਆਂ ਦੀਆਂ ਬਾਤਾਂ ਇਨ੍ਹਾਂ ਲੀਡਰਾਂ ਕੋਲ ਵੋਟਾਂ ਵਕਤ ਵੀ ਪਾਉਂਦੇ ਆ, ਤਾਂ ਇਹ ਲੀਡਰ ਫੱਟ ਸਮਝ ਜਾਂਦੇ ਕਿ ਇਹ ਅਜੇ ਵੀ ਉਨੇ ਹੀ ਬੁੱਧੂ ਆ, ਜਿੰਨੇ ਪੰਜ ਸਾਲ ਪਹਿਲਾਂ ਸੀ। ਇਹ ਸੋਚਦੇ ਆ ਕਿ ਜੇ ਲੋਕਾਂ ਨੇ ਹੁਣ ਨਹੀਂ ਪੁੱਛਿਆ ਕਿ ਜਿਹੜੇ ਪੰਜਾਬ ਦੇ ਮਸਲਿਆਂ 'ਤੇ ਮੋਰਚੇ ਲੁਆ ਕੇ ਲੱਖਾਂ ਸਿੱਖ ਨੌਜਵਾਨਾਂ ਨੂੰ ਮਰਵਾਇਆ, ਕੀ ਉਹ ਹੱਲ ਹੋ ਗਏ? ਜਿਨ੍ਹਾਂ ਦਾ ਨਾਂ ਭੋਲਾ, ਡਰੱਗ ਮਾਫੀਏ ਵਿਚ ਲੈਂਦਾ, ਉਹ ਕਿਉਂ ਅਜੇ ਵੀ ਹਾਕਮ ਬਣੇ ਬੈਠੇ ਆ? ਕਿਉਂ ਸਜ਼ਾ ਭੁਗਤ ਚੁੱਕੇ ਕੈਦੀਆਂ ਨੂੰ ਜੇਲ੍ਹ ਤੋਂ ਰਿਹਾ ਨਹੀਂ ਕੀਤਾ ਜਾਂਦਾ? ਕੌਣ ਹੈ ਜਿਹੜਾ ਚਿੱਠੀਆਂ ਲਿਖ ਕੇ ਰੋਕਦਾ ਹੈ? ਕਿਹਨੇ ਅੰਦਰਖਾਤੇ ਮੁਲਾਕਾਤਾਂ ਕਰ ਕੇ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਕਰਵਾਇਆ? ਉਹ ਕਿਹੜੀਆਂ ਤਾਕਤਾਂ ਨੇ ਜੋ ਸਾਧਾਂ ਦੀ ਪਿੱਠ 'ਤੇ ਖੜ੍ਹ ਕੇ ਸਿੱਖੀ ਦਾ ਘਾਣ ਕਰਵਾ ਰਹੀਆਂ ਨੇ? ਕੌਣ ਹੈ ਉਹ ਜਿਹੜਾ ਅੱਜ ਸ੍ਰੀ ਅਕਾਲ ਤਖ਼ਤ ਨੂੰ ਸਿੱਖਾਂ ਵਿਰੁਧ ਹੀ ਵਰਤ ਰਿਹਾ ਹੈ? ਪੰਜਾਬ ਵਿਚ ਦਿਨ-ਬਦਿਨ ਬੇਜ਼ਮੀਨੇ ਕਿਸਾਨਾਂ ਦੀ ਗਿਣਤੀ ਵਿਚ ਵਾਧਾ ਕਿਹਦੀਆਂ ਪਾਲਿਸੀਆਂ ਨਾਲ ਹੋ ਰਿਹਾ? ਸੂਬੇ ਸਿਰ ਕਰਜ਼ਾ ਵਧਣ ਦਾ ਕਾਰਨ ਕੀ ਲੋਕ ਹਨ ਜਾਂ ਸਿਆਸੀ ਅਹਿਲਕਾਰਾਂ ਦਾ ਅਯਾਸ਼ੀਪੁਣਾ? ਜਿਨ੍ਹਾਂ ਦਾ ਥੱਲਾ ਹੈਲੀਕਾਪਟਰ ਦੀ ਸੀਟ ਤੋਂ ਬਗੈਰ ਲਗਦਾ ਹੀ ਨਹੀਂ ਕਿਤੇ।

ਅਕਸਰ ਇਲਜ਼ਾਮ ਲਾ ਦਿੱਤਾ ਜਾਂਦੈ ਕਿ ਲੀਡਰ ਵਾਅਦੇ ਤਾਂ ਬੜੇ ਕਰਦੇ ਆ, ਪਰ ਵਫ਼ਾ ਨਹੀਂ ਕਰਦੇ। ਮੁਲਕ ਦੇ ਹਾਕਮਾਂ ਬਾਰੇ ਤਾਂ ਮੈਂ ਕਹਿ ਨਹੀਂ ਕੁਝ ਸਕਦਾ, ਪਰ ਆਪਣੇ ਸੂਬੇ ਦੇ ਹਾਕਮਾਂ 'ਤੇ ਇਹ ਇਲਜ਼ਾਮ ਲਾਉਣਾ ਨਹੀਂ ਬਣਦਾ। ਉਹ ਜਿਹੜੇ ਵਾਅਦੇ ਜਿਨ੍ਹਾਂ ਨਾਲ ਕਰਦੇ ਆ, ਪੂਰਾ ਕਰਨ ਲਈ ਵੀ ਪੂਰਾ ਜ਼ੋਰ ਲਾ ਦਿੰਦੇ ਆ; ਤਾਂ ਹੀ ਨਿੱਕੇ ਜਿਹੇ ਸੂਬੇ ਪੰਜਾਬ ਲਈ ਇਕੋ ਘਰ ਦੇ ਹੀ ਦੋ ਹਾਕਮ-ਇਕ ਵੱਡਾ ਤੇ ਇਕ ਛੋਟਾ, ਬਣਾਉਣੇ ਪਏ। ਤੇ ਛੋਟੇ ਹਾਕਮ ਦਾ ਤਾਂ ਕੰਮ ਹੀ ਇਹੋ ਹੈ ਕਿ ਵਾਅਦੇ ਕਰਨੇ ਤੇ ਵਫ਼ਾ ਚੜ੍ਹਾਉਣੇ। ਉਹ ਐਨਾ ਸਮਝਦਾਰ ਹੈ ਕਿ ਵਾਅਦਾ ਇਕ ਕਰਦਾ, ਤੇ ਵਫਾ ਦੋ ਹੋ ਜਾਂਦੇ ਹਨ; ਤਾਂ ਹੀ ਤਾਂ ਸੂਬੇ ਦਾ ਵਿਕਾਸ ਉਛਾਲੇ ਮਾਰਨ ਲੱਗ ਪਿਆ। ਉਨ੍ਹਾਂ ਵਾਅਦਾ ਕੀਤਾ ਸੀ ਕਿ ਹਰ ਸ਼ਹਿਰ ਨੂੰ ਜਾਣ ਵਾਲੀਆਂ ਸੜਕਾਂ 4 ਮਾਰਗੀ ਐਨੀਆਂ ਚੌੜੀਆਂ ਤੇ ਵਧੀਆ ਬਣਾ ਦੇਣੀਆਂ ਕਿ ਭਾਵੇਂ ਜਿੰਦਾਂ ਮਰਜ਼ੀ ਸ਼ਰਾਬ ਪੀ ਕੇ ਗੱਡੀ ਚਲਾਇਓ, ਕੋਈ ਖ਼ਤਰਾ ਨਹੀਂ ਹੋਵੇਗਾ। ਹੁਣ ਚੌੜੀਆਂ ਤੇ ਵਧੀਆ ਸੜਕਾਂ ਤਾਂ ਹੀ ਮੰਨੀਆਂ ਜਾਣਗੀਆਂ, ਜੇ ਸ਼ਰਾਬ ਦੇ ਠੇਕੇ ਵੱਧ ਤੋਂ ਵੱਧ ਖੋਲ੍ਹਣ ਤਾਂ ਕਿ ਸ਼ਰਾਬੀਆਂ ਦੀ ਗਿਣਤੀ ਵਧੇ। ਫਿਰ ਉਹ ਰਹਿੰਦੀਆਂ-ਖਹੂੰਦੀਆਂ ਜ਼ਮੀਨਾਂ ਵੇਚ ਕੇ ਕਾਰਾਂ ਖਰੀਦਣ। ਕਾਰਾਂ ਵੇਚਣ ਵਾਲਿਆਂ ਨੂੰ ਸੱਦਾ ਦੇ ਦਿੱਤਾ ਕਿ ਆ ਜੋ, ਵਕਤ ਵਧੀਆ। ਸੂਬਾ ਸਰਕਾਰ ਨੇ ਇਹ ਵਾਅਦਾ ਪੂਰਾ ਕਰਨ ਖਾਤਿਰ ਇਸ ਸਾਲ ਸ਼ਰਾਬ ਦੇ ਠੇਕੇ ਵਧਾ ਦਿੱਤੇ। ਹੁਣ ਸੜਕ ਵੀ ਚੌੜੀ ਹੋ ਜੂ'ਗੀ, ਤੇ ਟੌਲ ਵਾਲੇ ਵੀ ਬਿਠਾ ਦਿੱਤੇ ਜਾਣਗੇ ਕਿ ਹੁਣ ਕੋਈ ਸੁੱਕਾ ਨਾ ਨਿਕਲੇ। ਫਿਰ ਚੌੜੀ ਸੜਕ 'ਤੇ ਪੁਲਿਸ ਦਾ ਨਾਕਾ ਵੀ ਲੁਆਉਣੈ ਕਿਉਂਕਿ ਉਥੋਂ ਵੀ ਮਹੀਨਾ ਮਿਲਣਾ ਹੁੰਦਾ। ਕਿਉਂ? ਹੋਇਆ ਨਾ ਵਾਅਦਾ ਵਫ਼ਾ! ਸਾਰੇ ਖੁਸ਼, ਵਿਚੇ ਹਾਕਮ। ਇਹੋ ਜਿਹੇ ਵਾਅਦੇ ਜਿਹੜੇ

*(ਬਾਕੀ ਸਫਾ 33 'ਤੇ)*

# ਇਉਂ ਤੀਸਰ ਪੰਥ ਚਲਾਇਅਨ...

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਪੰਜਾਬ ਵਿਚ ਕਣਕ ਦੀ ਵਾਢੀ ਬੇਸ਼ੱਕ ਵਿਸਾਖੀ ਤੋਂ ਸ਼ੁਰੂ ਹੋ ਜਾਂਦੀ ਹੈ ਪਰ ਇਹ ਨਿਰਾ ਫਸਲੀ ਤਿਉਹਾਰ ਨਹੀਂ ਹੈ। ਸੰਨ 1699 ਦੀ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਤੇ ਜੋ ਇਤਿਹਾਸਕ ਅਤੇ ਅਲੌਕਿਕ ਕੌਤਕ ਦਸਵੇਂ ਗੁਰੂ ਜੀ ਨੇ ਵਰਤਾਇਆ, ਉਸ ਨੇ ਵਿਸਾਖੀ ਦੀ ਧਾਰਮਿਕ ਅਤੇ ਇਤਿਹਾਸਕ ਮਹਾਨਤਾ ਨੂੰ ਵੱਖਰਾ ਹੀ ਰੰਗ ਦੇ ਦਿੱਤਾ ਜਾਂ ਇਉਂ ਕਹਿ ਸਕਦੇ ਹਾਂ ਕਿ ਵਿਸਾਖੀ ਖਾਲਸਾ ਪੰਥ ਦਾ ਪ੍ਰਗਟ ਦਿਵਸ ਬਣ ਗਈ। ਮਸੰਦ ਥਾਪਣ ਦੀ ਪਰੰਪਰਾ ਨੌਵੇਂ ਗੁਰੂ ਜੀ ਤੱਕ ਬਾਦਸਤੂਰ ਜਾਰੀ ਰਹੀ, ਪਰ ਇਸ ਪਰੰਪਰਾ ਵਿਚ ਢੇਰ ਸਾਰੇ ਵਿਗਾੜ ਪੈਦਾ ਹੋ ਗਏ। ਮਸੰਦ ਆਪਣੀਆਂ ਪਦਵੀਆਂ ਨੂੰ ਜੱਦੀ ਪੁਸ਼ਤੀ ਵਿਰਾਸਤ ਸਮਝਣ ਲੱਗ ਪਏ। ਕਈ ਥਾਂਈਂ ਤਾਂ ਉਹ ਗੁਰੂ ਹੀ ਬਣ ਬੈਠੇ! ਇਹ ਰੋਗ ਦਸਮ ਪਾਤਸ਼ਾਹ ਦੇ ਸਮੇਂ ਤੱਕ 'ਅਸਾਧ ਰੋਗ' ਬਣ ਗਿਆ। ਗੁਰੂ ਦਰਬਾਰ ਵਿਚ ਮਸੰਦਾਂ ਦੀਆਂ ਕਰਤੂਤਾਂ ਦੀਆਂ ਸ਼ਿਕਾਇਤਾਂ ਪੁੱਜਣੀਆਂ ਸ਼ੁਰੂ ਹੋ ਗਈਆਂ। ਇਕ ਭੰਡ-ਜਥੇ ਨੇ ਤਾਂ ਦਸ਼ਮੇਸ਼ ਪਿਤਾ ਦੇ ਸਨਮੁਖ ਮਸੰਦਾਂ ਦੀ ਝਲਕੀ ਪੇਸ਼ ਕਰਕੇ ਅਸਲੀਅਤ ਹੀ ਪੇਸ਼ ਕਰ ਦਿੱਤੀ। ਇਸ ਕੁ-ਪ੍ਰਥਾ ਨੂੰ ਸਦਾ ਲਈ ਬੰਦ ਕਰ ਕੇ 'ਪੰਚ ਪ੍ਰਵਾਨ ਪੰਚ ਪ੍ਰਧਾਨ' ਦੇ ਸਿਧਾਂਤ ਦਾ ਬਾਨਣੂੰ ਬੰਨ੍ਹਣ ਲਈ, ਦਸਵੇਂ ਗੁਰੂ ਜੀ ਵੱਲੋਂ ਤਿਆਰੀ ਅਰੰਭ ਕਰ ਦਿੱਤੀ ਗਈ। ਇਨ੍ਹੀਂ ਦਿਨਾਂ ਵਿਚ ਸਿੱਖ ਸੰਗਤਾਂ ਦੇ ਨਾਂ ਜਾਰੀ ਕੀਤੇ ਹੁਕਮਨਾਮੇ ਵਿਚਲੇ ਸ਼ਬਦ ਇਸ ਗੱਲ ਦੀ ਗਵਾਹੀ ਦਿੰਦੇ ਹਨ,

"ਸ੍ਰੀ ਗੁਰੂ ਜੀਉ ਦੀ ਆਗਿਆ ਹੈ: ਭਾਈ ਕਲਿਆਣ

ਰਾਇ ਸਰਬੱਤ ਸੰਗਤਿ ਮਾਛੀਵਾੜੇ ਕੀ! ਗੁਰੂ ਰਖੈਗਾ।

ਸੰਗਤ ਮੇਰਾ 'ਖਾਲਸਾ' ਹੈ...ਜੋ ਗੁਰੂ ਕੇ ਨਵਿਤ ਕਾ ਹੋਵੈ...ਗੋਲਕ, ਦਸਵੰਧ, ਮੰਨਤ ਸੋ ਹਜ਼ੂਰਿ ਆਪ ਲੈ ਆਵਣਾ। ਮਸੰਦਾਂ ਨੋ ਮੰਨਣਾ ਨਾਹੀ...ਗੁਰੂ ਕੇ ਨਿਵਤ ਕਾ ਹੋਵੈ, ਸੋ ਵਿਸੋਏ ਨੂੰ ਹਜ਼ੂਰਿ ਲੈ ਕੇ ਦਰਸਨੁ ਆਵਣਾ...ਹੋਰਸ ਕਿਸੇ ਮਸੰਦ ਨੂੰ ਨਾਹੀ ਮੰਨਣਾ...ਮਸੰਦ, ਮਸੰਦੀਏ ਦੈ ਮਰਣੈ ਪਰਣੈ, ਗੁਰੂ ਕੈ ਸਿੱਖ ਨਾਹੀ ਜਾਣਾ...ਗੁਰੂ ਕੇ ਸਿੱਖ! ਹੁਕਮੁ ਮੰਨਗੁ ਸੋ ਨਿਹਾਲ ਹੋਗੁ॥"

ਇਨ੍ਹਾਂ ਹੁਕਮਾਂ ਦੁਆਰਾ ਦੇਸ-ਪਰਦੇਸ ਤੋਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ 29 ਮਾਰਚ 1699 ਦੀ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣ ਲਈ ਆਦੇਸ਼ ਦਿੱਤੇ ਗਏ। ਇਸ ਇਤਿਹਾਸਕ ਇਕੱਠ ਦੀਆਂ ਅਗਾਊਂ ਤਿਆਰੀਆਂ ਜ਼ੋਰ-ਸ਼ੋਰ ਨਾਲ ਅਰੰਭ ਹੋ ਗਈਆਂ। ਅਨੰਦਾਂ ਦੀ ਪੁਰੀ ਵਿਚ ਰੌਣਕਾਂ ਸ਼ੁਰੂ ਹੋ ਗਈਆਂ। ਦਰਬਾਰੀ ਕਵੀ ਸੈਨਾਪਤਿ ਨੇ 'ਸ੍ਰੀ ਗੁਰ ਸੋਭਾ' ਵਿਚ ਅਨੰਦਪੁਰ ਸਾਹਿਬ ਦੀ ਸੋਭਾ ਇਉਂ ਬਿਆਨ ਕੀਤੀ ਹੈ,

ਪੁਰ ਆਨੰਦ ਗੁਰੂ ਗੋਬਿੰਦ ਸਿੰਘ
ਅਬ ਕਬਿ ਕਰਤ ਬਖਾਨ॥
ਗਿਰਦ ਪਹਾਰ ਅਪਾਰ ਅਤਿ
ਸਤਲੁਦ੍ਰ-ਤਟਿ ਸੁਭ ਥਾਨ॥

ਸਿੱਖ ਨੂੰ ਸਿੰਘ ਬਣਾਉਣ ਲਈ ਅਤੇ 'ਧਰਮ ਚਲਾਵਨ ਸੰਤ ਉਬਾਰਨ' ਦੇ ਵਾਕ ਨੂੰ ਅਮਲੀ ਰੂਪ ਦੇਣ ਹਿੱਤ 'ਤੀਸਰ ਮਜ਼ਹਬ ਖਾਲਸਾ' ਪ੍ਰਗਟ ਕਰਨ ਲਈ ਵਿਸਾਖੀ ਦਾ ਦਿਨ ਚੁਣਿਆ ਗਿਆ। ਹੁਣ ਤੱਕ ਨੌਂ ਗੁਰੂ ਸਹਿਬਾਨ ਵੱਲੋਂ ਤਿਆਰ ਕੀਤੇ ਗਏ 'ਫੌਲਾਦ' ਦੀ 'ਕ੍ਰਿਪਾਨ' ਬਣਾਉਣ ਦਾ ਸਮਾਂ ਆ ਚੁੱਕਿਆ ਸੀ। ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ, ਬਾਲਕ ਗੋਬਿੰਦ ਰਾਇ ਨੇ ਜੋ ਐਲਾਨ ਕੀਤਾ, ਉਹ ਸੀ,

ਇਸ ਬਿਧਿ ਕੋ ਅਬਿ ਪੰਥ ਬਨਾਵੋਂ।
ਸਕਲ ਜਗਤ ਮਹਿ ਬਹੁਤ ਬਿਦਤਾਵੋਂ।
ਲਾਖਹੁੰ ਨਰ ਜੱਗ ਕੇ ਇਕ ਥਾਇ।
ਤਿਨ ਮੈਂ ਮਿਲੈ ਏਕ ਸਿੱਖ ਜਾਇ।
ਸਭ ਮਹਿ ਪ੍ਰਥਕ ਪਛਾਨਯੋ ਪਰੇ।
ਰਲੈ ਨਾ ਕਯੋਂਹੂ ਕੈਸਿਹੂ ਕਰੇ।
(ਕਵੀ ਸੰਤੋਖ ਸਿੰਘ)

ਇਸ ਨੂੰ ਸਾਕਾਰ ਕਰਨ ਲਈ ਗੁਰੂ ਜੀ ਵੱਲੋਂ ਯੋਜਨਾਬੰਦੀ ਕਰ ਲਈ ਗਈ। ਆਖਰ, 1699 ਈਸਵੀ ਦੀ ਵਿਸਾਖੀ ਦਾ ਸੁਭਾਗਾ ਦਿਨ ਚੜ੍ਹਿਆ। ਕੇਸਗੜ੍ਹ ਦੀ ਠੇਰੀ ਸਾਹਮਣੇ, ਸ਼ਾਮਿਆਨੇ ਸਜਾਏ ਗਏ। ਹਜ਼ਾਰਾਂ ਸੰਗਤਾਂ ਦਾ ਇਕੱਠ ਆਣ ਜੁੜਿਆ। ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਨਗਰੀ ਵਿਚ ਹਰ ਪਾਸੇ ਚਹਿਲ-ਪਹਿਲ ਹੋ ਗਈ। ਗੁਰੂ ਸਾਹਿਬ ਦੇ ਬੈਠਣ ਲਈ ਉਚੀ ਥਾਂ ਆਸਣ ਤਿਆਰ ਕੀਤਾ ਗਿਆ, ਜਿਸ ਦੇ ਨਾਲ ਹੀ ਇਕ ਤੰਬੂ ਖਾਸ ਤੌਰ 'ਤੇ ਲਗਵਾਇਆ ਗਿਆ। ਗੁਰੂ ਦਰਸ਼ਨਾਂ ਲਈ ਬਿਹਬਲ ਹੋਈਆਂ ਸੰਗਤਾਂ ਉਤਾਵਲੀਆਂ ਹੋ ਰਹੀਆਂ ਸਨ ਕਿ ਕਦੋਂ ਸਤਿਗੁਰੂ ਜੀ ਦੀਵਾਨ ਵਿਚ ਪਧਾਰ ਕੇ ਦਰਸ਼ਨ ਦੇਣਗੇ। ਅਚਾਨਕ ਦਸਮੇਸ਼ ਪਿਤਾ ਹੱਥ ਵਿਚ ਨੰਗੀ ਕ੍ਰਿਪਾਨ ਲੈ ਕੇ ਦਰਬਾਰ ਵਿਚ ਆਉਂਦਿਆਂ ਹੀ ਗਰਜ ਕੇ ਬੋਲੇ, "ਹੈ ਕੋਈ ਗੁਰੂ ਕਾ ਲਾਲ, ਜੋ ਧਰਮ ਲਈ ਆਪਣਾ ਸੀਸ ਦੇਣ ਲਈ ਅੱਗੇ ਆਵੇ? ਅੱਜ ਸਾਨੂੰ ਇਕ ਸੀਸ ਦੀ ਲੋੜ ਹੈ।"

ਇਹ ਅਨੋਖੀ ਮੰਗ ਸੁਣਦਿਆਂ ਸੰਗਤਾਂ ਵਿਚ ਘੁਸਰ-ਮੁਸਰ ਹੋਣ ਲੱਗ ਪਈ...ਕੁਝ ਪਲਾਂ ਬਾਅਦ ਗੁਰੂ ਜੀ ਨੇ ਫਿਰ ਪੂਰੇ ਜੋਸ਼ ਨਾਲ ਸਿਰ ਦੀ ਮੰਗ ਕੀਤੀ। ਚਾਰੇ ਪਾਸੇ ਸੰਨਾਟਾ ਛਾ ਗਿਆ...ਜਦੋਂ ਤੀਜੀ ਵਾਰ ਬੜੇ ਰੋਹ ਨਾਲ ਗੁਰੂ ਜੀ ਨੇ ਸੀਸ ਮੰਗਿਆ ਤਾਂ ਲਾਹੌਰ ਸ਼ਹਿਰ ਦਾ ਰਹਿਣ ਵਾਲਾ ਦਇਆ ਰਾਮ (ਖੱਤਰੀ) ਸੰਗਤ ਵਿਚੋਂ ਉਠ ਕੇ ਪਾਤਸ਼ਾਹ ਦੇ ਹਜ਼ੂਰ ਪੇਸ਼ ਹੋ ਕੇ ਕਹਿਣ ਲੱਗਾ, "ਗੁਰੂ ਜੀ, ਸਿਰ ਹਾਜ਼ਰ ਹੈ।"

ਫੁਰਤੀ ਨਾਲ ਦਇਆ ਰਾਮ ਨੂੰ ਬਾਹੋਂ ਫੜ ਕੇ ਗੁਰੂ ਜੀ ਤੰਬੂ ਵਿਚ ਲੈ ਗਏ। ਤੰਬੂ ਵਿਚੋਂ ਬਾਹਰ ਆਉਣ ਵੇਲੇ, ਗੁਰੂ ਜੀ ਦੇ ਹੱਥ ਫੜੀ ਕ੍ਰਿਪਾਨ ਲਹੂ ਨਾਲ ਲਿਬੜੀ ਹੋਈ ਦੇਖ ਕੇ ਬਹੁਤ ਸਾਰਿਆਂ ਦੇ ਸਾਹ ਸੁੱਕ ਗਏ। ਦੀਵਾਨ ਵਿਚ ਆਉਂਦਿਆਂ ਹੀ ਉਨ੍ਹਾਂ ਮੰਗ ਦੁਹਰਾਈ, "ਮੈਨੂੰ ਇਕ ਸਿਰ ਦੀ ਹੋਰ ਲੋੜ ਹੈ?" ਭੈਅ-ਭੀਤ ਹੋਈ ਸੰਗਤ ਇਹ ਅਜਬ ਨਜ਼ਾਰਾ ਦੇਖ ਕੇ ਹੱਕੀ-ਬੱਕੀ ਰਹਿ ਗਈ। ਪਹਿਲੇ ਨੌਂ ਗੁਰੂਆਂ ਨੇ ਕਦੀ ਇਹੋ ਜਿਹਾ ਕਰੜਾ ਇਮਤਿਹਾਨ ਨਹੀਂ ਸੀ ਲਿਆ। ਕਈਆਂ ਦੇ ਚਿਹਰੇ ਪੀਲੇ ਪੈ ਗਏ।

ਇਤਿਹਾਸਕਾਰ ਲਿਖਦੇ ਹਨ ਕਿ ਕਈ ਮੋਹਤਬਰ ਸਿੱਖ, ਇਸ ਅਲੋਕਾਰੇ ਕੌਤਕ ਖਿਲਾਫ਼ ਮਾਤਾ ਗੁਜਰੀ ਜੀ ਕੋਲ ਸ਼ਿਕਾਇਤ ਲੈ ਕੇ ਵੀ ਗਏ ਪਰ ਇਧਰ ਗੁਰੂ ਜੀ ਦੀ ਮੰਗ ਅਨੁਸਾਰ ਹਸਤਨਾਪੁਰ ਨਿਵਾਸੀ ਧਰਮ ਦਾਸ ਉਠਿਆ। ਉਸ ਨੂੰ ਵੀ ਪਕੜ ਕੇ ਸਤਿਗੁਰੂ ਜੀ ਤੰਬੂ ਵਿਚ ਲੈ ਗਏ। ਤੀਜੀ ਵਾਰ ਸੀਸ ਦੀ ਮੰਗ ਪੂਰੀ ਕਰਨ ਲਈ ਜਗਨਨਾਥ ਪੁਰੀ ਦਾ ਹਿੰਮਤ ਰਾਇ ਨਿਤਰਿਆ। ਚੌਥੀ ਵਾਰ ਦਵਾਰਕਾ ਤੋਂ ਆਇਆ ਮੁਹਕਮ ਚੰਦ ਅਤੇ ਪੰਜਵੀਂ ਵਾਰ ਸਿਰ ਦੀ ਮੰਗ ਦੇ ਜਵਾਬ ਵਿਚ ਬਿਦਰ ਵਾਸੀ ਸਾਹਿਬ ਚੰਦ, ਵਾਰੀ-ਵਾਰੀ ਉਠਦੇ ਗਏ। ਹੁਣ ਗੁਰੂ ਸਾਹਿਬ ਤੰਬੂ ਵਿਚ ਕੁਝ ਪਲ ਰੁਕਣ ਉਪਰੰਤ ਜਦੋਂ ਬਾਹਰ ਆਏ ਤਾਂ ਕ੍ਰਿਪਾਨ ਗਾਤਰੇ ਵਿਚ ਸੀ। ਗੁਰੂ ਜੀ ਬੜੇ ਹੀ ਪ੍ਰਸੰਨ ਚਿੱਤ ਅਤੇ ਗੰਭੀਰ ਮੁਦਰਾ ਵਿਚ ਸਨ। ਉਨ੍ਹਾਂ ਦੇ ਪਿੱਛੇ-ਪਿੱਛੇ ਤੰਬੂ ਵਿਚ ਲਿਜਾਏ ਗਏ ਪੰਜੇ ਸਿੱਖ ਇਕੋ ਜਿਹੇ ਵਸਤਰ ਪਹਿਨੇ ਹੋਏ ਤੁਰੇ ਆ ਰਹੇ ਸਨ। ਉਨ੍ਹਾਂ ਦੇ ਗਾਤਰੇ ਕ੍ਰਿਪਾਨਾਂ, ਨੀਲੇ ਦਸਤਾਰੇ, ਗੋਡਿਆਂ ਤੱਕ ਕਛਹਿਰੇ, ਹੱਥਾਂ ਵਿਚ ਸਰਬ ਲੋਹ ਦੇ ਕੜੇ ਪਾਏ ਹੋਏ, ਮਾਨੋ ਉਹ ਪੰਜੇ ਸਕੇ ਭਰਾ ਹੋਣ।

ਇੰਨੇ ਚਿਰ ਨੂੰ ਸਤਲੁਜ ਦੇ ਨਿਰਮਲ ਜਲ ਵਿਚੋਂ ਸਰਬ ਲੋਹ ਦਾ ਬਾਟਾ ਭਰ ਕੇ ਲਿਆਂਦਾ ਗਿਆ। ਗੁਰੂ ਜੀ ਨੇ 'ਬੀਰ-ਆਸਣ' ਸਜਾ ਕੇ ਬਾਟੇ ਵਿਚ ਦੋ ਧਾਰਾ ਖੰਡਾ ਫੇਰਨਾ ਸ਼ੁਰੂ ਕਰ ਦਿੱਤਾ। ਪੰਜਾਂ ਸਿੱਖਾਂ ਨੂੰ ਧਿਆਨ ਬਾਟੇ ਵਿਚ ਰੱਖਣ ਲਈ ਆਖ ਕੇ ਚੁਫੇਰੇ ਖੜ੍ਹਾ ਕੀਤਾ ਗਿਆ। ਖੰਡਾ ਫੇਰਦੇ ਹੋਏ ਗੁਰੂ ਜੀ ਨਾਲ ਨਾਲ ਜਪੁ ਜੀ, ਜਾਪੁ ਸਾਹਿਬ, ਸਵੱਯੇ, ਚੌਪਈ ਅਤੇ ਅਨੰਦ ਸਾਹਿਬ ਦਾ ਪਾਠ ਕਰਦੇ ਰਹੇ। ਪ੍ਰਸਿੱਧ ਇਤਿਹਾਸਕਾਰ ਡਾ. ਸੰਗਤ ਸਿੰਘ ਅਨੁਸਾਰ ਇਸ ਮੌਕੇ ਬਾਬਾ ਬੁੱਢਾ ਜੀ ਦੇ ਪੋਤਰੇ ਭਾਈ ਰਾਮ ਕੁਇਰ (ਪਿੱਛੋਂ ਨਾਮ ਗੁਰਬਖ਼ਸ਼ ਸਿੰਘ) ਦੇ ਸੁਝਾਅ 'ਤੇ ਗੁਰੂ ਕੇ ਮਹਿਲ ਮਾਤਾ ਜੀਤੋ ਜੀ ਨੇ ਪਤਾਸੇ ਲਿਆ ਕੇ ਬਾਟੇ ਵਿਚ ਪਾਏ। ਪਾਠ ਦੀ ਸਮਾਪਤੀ ਉਪਰੰਤ ਅਰਦਾਸਾ ਸੋਧ ਕੇ ਪੰਜਾਂ ਨੂੰ ਅੰਮ੍ਰਿਤ ਛਕਾਇਆ ਗਿਆ। 'ਗੁਰ ਬਿਲਾਸ ਪਾਤਸ਼ਾਹੀ ਦਸ' ਦਾ ਕਰਤਾ ਭਾਈ ਕੁਇਰ ਸਿੰਘ ਲਿਖਦਾ ਹੈ,

ਅੰਮ੍ਰਿਤ ਗੁਰੂ ਤਯਾਰ ਕਰਿ,
ਕੈ ਅਰਦਾਸ ਕੀ ਰੀਤ।
ਠਾਢੇ ਕਮਰ ਛਕਾਇਕੈ,
ਸੁਨਮੁਖ ਪੰਚ ਸੁਨੀਤ।
ਪਾਨ ਜੋੜਿ ਤਿਨ ਅਮੀਂ ਪਿਵਾਵੈਂ।
ਬੋਲ ਵਾਹਿਗੁਰੂ! ਮੁਖੋਂ ਕਹਾਵੈਂ।
ਪੰਚਨ ਕੋ ਐਸੇ ਤਬ ਦਯੋ।
ਨਾਮ, ਨਗਰ ਤਿਨ ਪੂਛਨ ਕਯੋ।

ਇਨ੍ਹਾਂ ਪੰਜਾਂ ਨੂੰ ਹੀ ਗੁਰੂ ਜੀ ਨੇ ਆਪਣੇ 'ਪੰਜ ਪਿਆਰੇ' ਹੋਣ ਦਾ ਮਾਣ ਬਖ਼ਸ਼ਿਆ ਅਤੇ ਪੰਜਾਂ ਦੇ ਸਮੂਹ ਨੂੰ ਹੀ ਖਾਲਸਾ ਪੰਥ ਦੀ ਅਗਵਾਈ ਸੌਂਪੀ (ਯਾਦ ਰਹੇ, ਇਤਿਹਾਸ ਵਿਚ ਕਿਤੇ ਜ਼ਿਕਰ ਨਹੀਂ ਹੈ ਕਿ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਕੋਈ ਵਿਸ਼ੇਸ਼ ਅਧਿਕਾਰ ਦਿੱਤੇ ਜਾਂ ਪਹਿਲਾਂ ਉਠ ਕੇ ਸੀਸ ਦੇਣ ਵਾਲੇ ਨੂੰ ਪੰਜਾਂ ਪਿਆਰਿਆਂ ਦਾ ਮੁਖੀ ਆਦਿ ਥਾਪਿਆ)।

ਗੋਬਿੰਦ ਰਾਇ ਤੋਂ 'ਗੋਬਿੰਦ ਸਿੰਘ' ਸਜਣ ਵਾਸਤੇ ਗੁਰੂ ਜੀ ਨੇ ਖ਼ੁਦ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤਪਾਨ ਕੀਤਾ। ਭਾਈ ਰਤਨ ਸਿੰਘ 'ਭੰਗੂ' ਕਰਤਾ 'ਪ੍ਰਾਚੀਨ ਪੰਥ ਪ੍ਰਕਾਸ਼' ਲਿਖਦੇ ਹਨ,

ਕਰੀ ਜੁ ਸਤਿਗੁਰ ਪ੍ਰਥਮ ਬਿਧਿ,
ਸੋਈ ਪੁਨਿ ਬਿਧ ਕੀਨ॥
ਪੰਜ ਭੁਜੰਗੀ ਜੋ ਭਏ,
ਗੁਰ ਉਨ ਤੇ ਪਾਹੁਲ ਲੀਨ॥

ਇਕ ਕਵੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਣ ਤੋਂ ਬਾਅਦ ਪਹਿਲੀ ਜਾਤ-ਪਾਤ ਕੁਲ ਕਰਮ ਨਾਸ਼ ਹੋਣ ਬਾਬਤ ਭਾਈ ਧਰਮ ਸਿੰਘ ਨੂੰ ਮੁਖਾਤਿਬ ਹੁੰਦਿਆਂ ਆਖਿਆ,

'ਤੂੰ ਵੀ ਨਹੀਉਂ ਜੱਟ,
ਮੈਂ ਵੀ ਸੋਢੀ ਨਹੀਂ ਰਹਿ ਗਿਆ।'

ਇੰਜ 'ਆਪੇ ਗੁਰੂ ਚੇਲਾ' ਦੇ ਸਿਧਾਂਤ ਨੂੰ ਹਕੀਕਤ ਵਿਚ ਬਦਲ ਕੇ ਖਾਲਸੇ ਦੇ ਰੂਪ ਵਿਚ ਪਰਮ ਮਨੁੱਖ ਸਾਜਿਆ ਗਿਆ। ਇਨ੍ਹਾਂ ਪੰਜਾਂ ਪਿਆਰਿਆਂ ਨੂੰ ਪੰਜ ਕੱਕਾਰ (ਕੇਸ, ਕੜਾ, ਕਛਹਿਰਾ, ਕ੍ਰਿਪਾਨ, ਕੰਘਾ) ਸਦੈਵ ਧਾਰਨ ਕਰਨ ਦਾ ਆਦੇਸ਼ ਦੇ ਕੇ ਇਨ੍ਹਾਂ ਕੱਕਾਰਾਂ ਦੀ ਵਿਸ਼ੇਸ਼ ਮਹਾਨਤਾ ਬਾਰੇ ਦੱਸਿਆ ਗਿਆ। ਕੜਾ ਪ੍ਰਤਿਗਿਆ ਦੇ ਰੂਪ ਵਿਚ, ਕ੍ਰਿਪਾਨ ਪਰਉਪਕਾਰ ਤੇ ਸਵੈ-ਰੱਖਿਆ ਲਈ, ਕਛਹਿਰਾ ਆਚਰਨਕ ਉਚਤਾ ਲਈ, ਕੰਘਾ ਕੇਸਾਂ ਦੀ ਸਫਾਈ ਤੇ ਸੁੱਚਮ ਦਾ ਸੰਕੇਤ ਅਤੇ ਕੇਸਾਂ ਨੂੰ ਕੱਕਾਰਾਂ ਦੀ ਸਿਰਮੌਰਤਾ ਬਖ਼ਸ਼ੀ ਗਈ। ਬਿਨਾਂ ਕੇਸਾਂ ਦੇ ਬਾਕੀ ਨਿਸ਼ਾਨਾਂ ਦੀ ਕੋਈ ਅਹਿਮੀਅਤ ਨਹੀਂ ਹੋਵੇਗੀ। ਹਰ ਤਰ੍ਹਾਂ ਦੇ ਨਸ਼ਿਆਂ ਦਾ ਤਿਆਗ, ਜ਼ੁਲਮ ਦੇ ਨਾਸ਼ ਲਈ ਸਦਾ ਤਿਆਰ-ਬਰ-ਤਿਆਰ ਰਹਿਣ ਲਈ ਆਖਿਆ ਗਿਆ। ਚਾਰ ਬੱਜਰ ਕੁਰਹਿਤਾਂ (ਕੇਸਾਂ ਦੀ ਬੇਅਦਬੀ, ਕੁੱਠਾ ਖਾਣਾ, ਤੰਬਾਕੂ ਸੇਵਨ, ਪਰ-ਇਸਤਰੀ ਜਾਂ ਪਰ-ਪੁਰਖ ਗਮਨ) ਤੋਂ ਦੂਰ ਰਹਿ ਕੇ ਖਾਲਸੇ ਲਈ ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਦਾ ਨਿਸ਼ਚਿਤ ਕੀਤਾ ਗਿਆ।

ਪੁਰਾਤਨ ਇਤਿਹਾਸਕਾਰਾਂ ਅਨੁਸਾਰ ਇਸ ਮੌਕੇ ਵਿਸ਼ਾਲ ਅੰਮ੍ਰਿਤ ਸੰਚਾਰ ਕੀਤਾ ਗਿਆ ਜਿਸ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਨੇ ਅੰਮ੍ਰਿਤਪਾਨ ਕੀਤਾ। ਅੰਮ੍ਰਿਤਧਾਰੀ ਸਿੰਘਾਂ ਨੂੰ ਰਹਿਤ ਮਰਯਾਦਾ ਦ੍ਰਿੜ ਕਰਵਾਉਂਦਿਆਂ ਇਹ ਦੱਸਿਆ ਗਿਆ ਕਿ ਹੁਣ ਤੋਂ ਉਨ੍ਹਾਂ ਦਾ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸਾਹਿਬ ਕੌਰ ਜੀ ਅਤੇ ਉਹ ਸਾਰੇ ਸ੍ਰੀ ਅਨੰਦਪੁਰ ਸਾਹਿਬ ਦੇ ਵਾਸੀ ਹਨ। ਮਰਦਾਂ ਦੇ ਨਾਮ ਅੱਗੇ ਸਿੰਘ (ਸ਼ੇਰ) ਅਤੇ ਬੀਬੀਆਂ ਦੇ ਨਾਮ ਅੱਗੇ ਕੌਰ (ਰਾਜ ਕੁਮਾਰੀ) ਸ਼ਬਦ ਲਗਾਉਣੇ ਜ਼ਰੂਰੀ ਕਰਾਰ ਦਿੱਤੇ ਗਏ।

ਇਉਂ ਖਾਲਸੇ ਦਾ ਪ੍ਰਕਾਸ਼ ਇਨ੍ਹਾਂ ਪਹਿਲੇ ਪੰਜ ਗੁਰਸਿੱਖਾਂ ਵਿਚ ਹੋਇਆ ਜੋ ਧਰਮ ਦੀ ਖਾਤਰ ਸੀਸ ਤਲੀ 'ਤੇ ਰੱਖ ਕੇ ਅੱਗੇ ਆਏ। ਪੰਜ ਪਿਆਰੇ ਗੁਰੂ ਦਾ ਰੂਪ ਹੀ ਹੁੰਦੇ ਹਨ। ਗੁਰੂ ਉਨ੍ਹਾਂ ਵਿਚ ਆਪ ਵੱਸਦਾ ਹੈ। ਸਮੂਹ ਸਿੰਘਾਂ ਨੂੰ ਦਸਮੇਸ਼ ਗੁਰੂ ਵੱਲੋਂ ਇਸ ਸਮੇਂ ਦਿੱਤੇ ਗਏ ਉਪਦੇਸ਼ਾਂ ਨੂੰ ਸ੍ਰੀ ਗੁਰ ਸੋਭਾ ਵਿਚ ਇਉਂ ਅੰਕਿਤ ਕੀਤਾ ਗਿਆ ਹੈ,

ਵਾਹਿ ਸਮੈਂ ਗੁਰ ਬੈਨ ਸੁਨਾਯੋ॥
ਖਾਲਸ ਆਪਨੋ ਰੂਪ ਬਤਾਯੋ॥
ਖਾਲਸ ਹੀ ਸੋ ਹੈ ਮਮ ਕਾਮਾ॥
ਬਖਸ਼ ਦਿਯੋ ਖਾਲਸ ਕੋ ਜਾਮਾ॥
ਜਬ ਲਗ ਖਾਲਸਾ ਰਹੈ ਨਿਆਰਾ॥
ਤਬ ਲਗ ਤੇਜ ਦੀਉ ਮੈ ਸਾਰਾ॥
ਜਬ ਇਹ ਗਹੈ ਬਿਪ੍ਰਨ ਕੀ ਰੀਤ॥
ਮੈ ਨ ਕਰਉਂ ਇਨ ਕੀ ਪ੍ਰਤੀਤ॥

ਪਰ ਵਰਤਮਾਨ ਸਮੇਂ ਖਾਲਸਾ ਪੰਥ ਦੇ ਹਾਲਾਤ ਦੇਖ ਕੇ ਦਿਲ ਵਿਚ ਚੀਸ ਉਠਦੀ ਹੈ। ਅਫ਼ਸੋਸ! ਨਾ ਸਾਡਾ ਇਸ਼ਟ ਇਕ ਰਿਹਾ, ਨਾ ਅੰਮ੍ਰਿਤ ਇਕ ਰਿਹਾ। ਨਾ ਸੰਗਤ ਇਕ ਰਹੀ, ਨਾ ਅਰਦਾਸ ਇਕ। ਨਾ ਮਰਯਾਦਾ ਇਕ, ਨਾ ਸਰੂਪ ਇਕ ਰਿਹਾ। ਰਹਿੰਦੀ ਕਸਰ ਧਰਮ ਤੇ ਰਾਜਨੀਤੀ ਦੇ ਸੁਮੇਲ ਵਾਲੇ ਸਿਧਾਂਤ ਦੀ ਦੁਰਵਰਤੋਂ ਨੇ ਕੱਢ ਦਿੱਤੀ ਹੈ।

1699 ਦੀ ਵਿਸਾਖੀ ਮੌਕੇ ਸਥਾਪਤ ਕੀਤੇ ਗਏ ਪੰਚ ਪ੍ਰਧਾਨੀ ਸਿਸਟਮ ਦੀ ਥਾਂ ਤਾਨਾਸ਼ਾਹੀ ਰੁਚੀਆਂ ਪ੍ਰਬਲ ਹੋ ਗਈਆਂ ਹਨ। ਇਕ ਅਕਾਲ ਦੇ ਪੁਜਾਰੀ ਸਿੰਘਾਂ ਦੀ ਨਿੱਤ ਖੁੰਬਾਂ ਵਾਂਗ ਉਠਦੇ ਅਖੌਤੀ ਡੇਰੇਦਾਰਾਂ ਨੇ ਮੱਤ ਮਾਰੀ ਪਈ ਹੈ। ਸਿੱਖ ਸਿਆਸਤ ਵਿਚ ਆਪੇ ਬਣੇ ਘੜੰਮ ਚੌਧਰੀਆਂ ਨੂੰ ਧਰਮ ਦੀ ਚਿੰਤਾ ਨਾਲੋਂ ਕੁਰਸੀ ਦਾ ਜ਼ਿਆਦਾ ਫਿਕਰ ਹੈ। ਅਜਿਹੀ ਆਪਾ-ਧਾਪੀ ਵਿਚ ਪੰਥਕ ਇਕਸੁਰਤਾ ਕਿਵੇਂ ਆਵੇਗੀ? 'ਅੰਧਾ ਆਗੂ ਜੇ ਥੀਐ' ਦੇ ਵਾਕ ਅਨੁਸਾਰ ਜਿੰਨਾ ਚਿਰ ਖਾਲਸਾ ਪੰਥ ਨੂੰ ਦੂਰ-ਅੰਦੇਸ਼ ਲੀਡਰਸ਼ਿਪ ਨਹੀਂ ਮਿਲਦੀ। ਉਨਾ ਚਿਰ ਖੁਆਰੀਆਂ ਹੀ ਪੱਲੇ ਪੈਣਗੀਆਂ। ਫਿਲਹਾਲ 1699 ਦੀ ਵਿਸਾਖੀ ਦੀਆਂ ਪਾਵਨ ਯਾਦਾਂ ਹੀ ਧਰਵਾਸਾ ਦੇਣਗੀਆਂ।

'ਦਾਮਨੇ-ਦੀਂ ਹਾਥ ਸੇ ਛੂਟਾ,
ਤੋ ਜ਼ਮਈਅਤ ਕਹਾਂ?
ਜ਼ਮਈਅਤ ਹੂਈ ਰੁਖ਼ਸਤ ਤੋ,
ਮਿੱਲਤ ਭੀ ਗਈ।
(ਡਾ. ਮੁਹੰਮਦ ਇਕਬਾਲ)

# ਜਮਹੂਰੀਅਤ, ਚੋਣਾਂ ਅਤੇ ਵਿਚਾਰਾਂ ਦੀ ਆਜ਼ਾਦੀ

*(ਸਫਾ 14 ਦੀ ਬਾਕੀ)*

ਇਸ ਪਹੁੰਚ ਬਾਰੇ ਮੁੱਖਧਾਰਾ ਸਿਆਸਤ ਦੇ ਸਾਰੇ ਧੜੇ ਇਕਮੱਤ ਹਨ। ਇਹੀ ਵਜ੍ਹਾ ਹੈ ਕਿ ਤਬਦੀਲੀ-ਪਸੰਦ ਸਿਆਸਤ ਨੂੰ ਪ੍ਰਵਾਨਗੀ ਦੇਣ, ਜਥੇਬੰਦੀਆਂ 'ਤੇ ਪਾਬੰਦੀ ਲਾਉਣ ਦੀ ਤਾਨਾਸ਼ਾਹ ਨੀਤੀ ਖਤਮ ਕਰਨ, ਅਵਾਮ ਦੇ ਜਮਹੂਰੀ ਹੱਕਾਂ ਦਾ ਘਾਣ ਕਰਨ ਵਾਲੇ ਅੰਗਰੇਜ਼ਾਂ ਦੇ ਜ਼ਮਾਨੇ ਦੇ ਅਤੇ ਪਿੱਛੋਂ ਬਣਾਏ ਕੁਲ ਦਮਨਕਾਰੀ ਕਾਨੂੰਨ ਖਤਮ ਕਰਨ, ਘੱਟੋ-ਘੱਟ ਖਾਸ ਵਿਚਾਰਾਂ ਦੇ ਆਧਾਰ 'ਤੇ ਜੇਲ੍ਹਾਂ ਵਿਚ ਡੱਕੇ ਦਹਿ-ਹਜ਼ਾਰਾਂ ਲੋਕਾਂ ਨੂੰ ਸਿਆਸੀ ਕੈਦੀਆਂ ਦਾ ਦਰਜਾ ਦੇਣ ਦੇ ਬਹੁਤ ਹੀ ਅਹਿਮ ਮੁੱਦੇ ਕਿਸੇ ਸਿਆਸੀ ਧੜੇ ਦੇ ਚੋਣ ਮਨੋਰਥਨਾਮੇ ਵਿਚ ਸ਼ੁਮਾਰ ਨਹੀਂ ਹਨ। ਅਵਾਮ ਨੂੰ ਘੋਰ ਦਾਬੇ ਹੇਠ ਰੱਖ ਕੇ ਸੱਤਾ ਦਾ ਸੁੱਖ ਮਾਨਣ ਵਾਲੇ ਅਤੇ ਸਿਆਸਤ ਨੂੰ ਪੁਸ਼ਤੈਨੀ ਹੱਕ ਬਣਾਈ ਬੈਠੇ ਹੁਕਮਰਾਨ ਧੜੇ ਇਨ੍ਹਾਂ ਨੂੰ ਮੁੱਦਾ ਬਣਾਉਣਗੇ ਵੀ ਕਿਉਂ? ਇਸ ਬਾਰੇ ਲੋਕ-ਰਾਇ ਲਾਮਬੰਦ ਕਰਨ ਦੀ ਜ਼ਿੰਮੇਵਾਰੀ ਸਹੀ ਮਾਇਨਿਆਂ 'ਚ ਜਮਹੂਰੀ ਤਾਕਤਾਂ ਦੀ ਹੈ।

ਮੁੱਖ ਸਵਾਲ ਇਹ ਹੈ ਕਿ ਜਿਹੜਾ ਸਟੇਟ ਜਮਹੂਰੀਅਤ ਹੋਣ ਦਾ ਦਾਅਵਾ ਕਰਦਾ ਹੈ, ਉਸ ਉਪਰ ਜਮਹੂਰੀ ਮੁੱਲਾਂ ਨੂੰ ਯਕੀਨੀ ਬਣਾਉਣ ਦੀ ਬੁਨਿਆਦੀ ਜਵਾਬਦੇਹੀ ਵੀ ਆਇਦ ਹੁੰਦੀ ਹੈ। ਕੀ 'ਦੁਨੀਆ ਦੀ ਸਭ ਤੋਂ ਵੱਡੀ' ਜਮਹੂਰੀਅਤ ਇਸ ਕਸੌਟੀ 'ਤੇ ਪੂਰੀ ਉਤਰਦੀ ਹੈ?

# ਐਤਕੀਂ ਵਿਸਾਖੀ 'ਤੇ ਨਹੀਂ ਪਏਗਾ ਸਿਆਸੀ ਸਾਇਆ

**ਬਠਿੰਡਾ:** ਤਖ਼ਤ ਦਮਦਮਾ ਸਾਹਿਬ ਦੀ ਵਿਸਾਖੀ ਐਤਕੀਂ ਸਿਆਸੀ ਰੌਲੇ-ਰੱਪੇ ਤੋਂ ਮੁਕਤ ਹੋਵੇਗੀ ਕਿਉਂਕਿ ਚੋਣ ਕਮਿਸ਼ਨ ਨੇ ਵਿਸਾਖੀ ਮੇਲੇ 'ਤੇ ਸਿਆਸੀ ਕਾਨਫਰੰਸਾਂ ਕਰਨ 'ਤੇ ਪਾਬੰਦੀ ਲਾ ਦਿੱਤੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਮੀਦਵਾਰ ਹਰਸਿਮਰਤ ਕੌਰ ਬਾਦਲ ਐਤਕੀਂ ਆਮ ਸ਼ਰਧਾਲੂ ਵਾਂਗ ਹੀ ਤਖ਼ਤ ਦਮਦਮਾ ਸਾਹਿਬ ਵਿਖੇ ਮੱਥਾ ਟੇਕਣ ਜਾਣਗੇ। ਪਹਿਲੀ ਦਫ਼ਾ ਹੈ ਕਿ ਵਿਸਾਖੀ ਦਾ ਮੇਲਾ ਸਿਆਸੀ ਘੜਮੱਸ ਤੋਂ ਰਹਿਤ ਹੋਵੇਗਾ। ਚੋਣ ਕਮਿਸ਼ਨ ਦੇ ਫੈਸਲੇ ਨੇ ਆਮ ਲੋਕਾਂ ਨੂੰ ਵੀ ਭੀੜ-ਭੜੱਕੇ ਤੋਂ ਬਚਾ ਲਿਆ ਹੈ।

ਜ਼ਿਲ੍ਹਾ ਚੋਣ ਅਫਸਰ ਬਠਿੰਡਾ ਕਮਲ ਕਿਸ਼ੋਰ ਯਾਦਵ ਦਾ ਕਹਿਣਾ ਸੀ ਕਿ ਉਹ ਕਿਸੇ ਵੀ ਸਿਆਸੀ ਧਿਰ ਨੂੰ ਵਿਸਾਖੀ ਦੇ ਮੇਲੇ 'ਤੇ ਕੋਈ ਸਿਆਸੀ ਕਾਨਫਰੰਸ ਕਰਨ ਦੀ ਇਜਾਜ਼ਤ ਨਹੀਂ ਦੇਣਗੇ। ਉਨ੍ਹਾਂ ਹੀ ਆਖਿਆ ਕਿ ਚੋਣ ਕਮਿਸ਼ਨ ਦੀਆਂ ਸਪਸ਼ਟ ਹਦਾਇਤਾਂ ਹਨ ਜਿਨ੍ਹਾਂ ਦੀ ਪਾਲਣਾ ਇੰਨ-ਬਿੰਨ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਕਿਸੇ ਵੀ ਧਾਰਮਿਕ ਮੇਲੇ 'ਤੇ ਕੋਈ ਸਿਆਸੀ ਇਕੱਠ ਨਾ ਕਰਨ ਦਿੱਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਵੱਲੋਂ ਹਮੇਸ਼ਾ ਸ਼੍ਰੋਮਣੀ ਕਮੇਟੀ ਦੇ ਭਾਈ ਡੱਲ ਸਿੰਘ ਦੀਵਾਨ ਹਾਲ ਵਿਚ ਸਿਆਸੀ ਕਾਨਫਰੰਸ ਕੀਤੀ ਜਾਂਦੀ ਰਹੀ ਹੈ ਪਰ ਐਤਕੀਂ ਸ਼੍ਰੋਮਣੀ ਕਮੇਟੀ ਵੱਲੋਂ ਦੀਵਾਨ ਹਾਲ ਵਿਚ ਸਿਰਫ਼ ਧਾਰਮਿਕ ਸਟੇਜ ਹੀ ਲਾਈ ਜਾ ਰਹੀ ਹੈ। ਤਖ਼ਤ ਦਮਦਮਾ ਸਾਹਿਬ ਦੇ ਮੈਨੇਜਰ (ਸ਼੍ਰੋਮਣੀ ਕਮੇਟੀ) ਜਗਪਾਲ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਤੋਂ ਜਗ੍ਹਾ ਲੈਣ ਖਾਤਰ ਕਿਸੇ ਵੀ ਸਿਆਸੀ ਧਿਰ ਨੇ ਦਰਖਾਸਤ ਨਹੀਂ ਦਿੱਤੀ ਹੈ। ਉਨ੍ਹਾਂ ਆਖਿਆ ਕਿ ਭਾਈ ਡੱਲ ਸਿੰਘ ਦੀਵਾਨ ਹਾਲ ਵਿਚ ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸਟੇਜ ਸਜੇਗੀ ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਪੁੱਜ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤੀ ਕਾਨਫਰੰਸ ਤੋਂ ਮਗਰੋਂ ਹੁਣ ਵਿਸਾਖੀ ਮੇਲੇ 'ਤੇ ਕਾਨਫਰੰਸ ਕਰਨ ਤੋਂ ਪਾਸਾ ਵੱਟ ਲਿਆ ਹੈ ਕਿਉਂਕਿ ਚੋਣ ਕਮਿਸ਼ਨ ਨੇ ਇਸ 'ਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਬਠਿੰਡਾ ਹਲਕੇ ਦੇ ਚੋਣ ਇੰਚਾਰਜ ਤੇ ਕੋਆਰਡੀਨੇਟਰ ਪਰਮਜੀਤ ਸਿੰਘ ਸਿੱਧਵਾਂ ਦਾ ਕਹਿਣਾ ਸੀ ਕਿ ਚੋਣ ਕਮਿਸ਼ਨ ਦੀ ਪਾਬੰਦੀ ਕਰਕੇ ਅਕਾਲੀ ਦਲ ਵੱਲੋਂ ਵਿਸਾਖੀ ਮੌਕੇ ਕਾਨਫਰੰਸ ਨਹੀਂ ਕੀਤੀ ਜਾ ਰਹੀ ਹੈ।

## ਸ਼ਨੀ ਦੇ ਬਰਫੀਲੇ ਚੰਦਰਮੇ 'ਚ ਸਮੁੰਦਰ ਹੋਣ ਦਾ ਦਾਅਵਾ

**ਵਾਸ਼ਿੰਗਟਨ:** ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਵਿਗਿਆਨਕਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਸ਼ਨੀ ਦੇ ਬਰਫੀਲੇ ਚੰਦਰਮਾ ਐਨਸੇਲਾਡੂਸ 'ਤੇ ਬਰਫੀਲੀਆਂ ਚਟਾਨਾਂ ਥੱਲੇ ਇਕ ਵਿਸ਼ਾਲ ਸਮੁੰਦਰ ਮਿਲਿਆ ਹੈ ਜੋ ਸੰਭਾਵਿਤ ਜੀਵਨ ਨੂੰ ਸਮਰਥਨ ਦੇਣ ਵਿਚ ਸਮਰੱਥ ਹੈ।

ਵਿਗਿਆਨਕਾਂ ਦਾ ਕਹਿਣਾ ਹੈ ਕਿ ਗੁਰੁਤਾਕਰਸ਼ਣ ਤੋਂ ਤਕਰੀਬਨ 30 ਤੋਂ 40 ਕਿਲੋਮੀਟਰ ਮੋਟੀ ਬਰਫੀਲੀਆਂ ਚਟਾਨਾਂ ਦੇ ਥੱਲੇ 10 ਕਿਲੋਮੀਟਰ ਦੀ ਡੂੰਘਾਈ 'ਤੇ ਸਮੁੰਦਰ ਹੋਣ ਦੇ ਸੰਕੇਤ ਮਿਲ ਰਹੇ ਹਨ। ਨਾਸਾ ਦੇ ਕੈਸੀਨੀ ਪੁਲਾੜ ਤੇ ਡੀਪ ਸਪੇਸ ਨੈੱਟਵਰਕ ਨੇ ਇਹ ਵਿਖਾਇਆ ਹੈ ਕਿ ਐਨਸੇਲਾਡੂਸ 'ਤੇ ਤਰਲ ਜਲ ਦਾ ਵਿਸ਼ਾਲ ਸਮੁੰਦਰ ਹੈ। ਨਾਸਾ ਦੀ ਇਸ ਖੋਜ ਨੇ ਸ਼ਨੀ ਦੇ ਇਸ ਚੰਦਰਮਾ 'ਤੇ ਵਿਗਿਆਨਕਾਂ ਦੀ ਰੁਚੀ ਵਧਾ ਦਿੱਤੀ ਹੈ ਕਿ ਇਥੇ ਸੂਖਮ ਜੀਵਨ ਦੇ ਆਸਾਰ ਮਿਲ ਸਕਦੇ ਹਨ।

ਕੈਸਿਨੀ ਨੇ ਜਦੋਂ 2005 ਵਿਚ ਐਨਸੇਲਾਡੂਸ ਦੇ ਦੱਖਣੀ ਧਰੁਵ ਦੇ ਛੇਦਾਂ ਤੋਂ ਜਲ ਵਾਸ਼ਪ ਤੇ ਬਰਫ ਨਿਕਲਦੀ ਵੇਖੀ ਤਾਂ ਉਸ ਸਮੇਂ ਖੋਜਕਰਤਾਵਾਂ ਨੇ ਉਥੇ ਭੂਮੀਗਤ ਜਲ ਹੋਣ ਦਾ ਸਿਧਾਂਤ ਪੇਸ਼ ਕੀਤਾ ਸੀ।

# ਸੱਤਾ ਤਬਦੀਲੀ ਲਈ ਨਾ ਪਾਉਣ ਨਾਲੋਂ ਵੋਟ ਪਾਉਣਾ ਜ਼ਰੂਰੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਜਦੋਂ ਗੰਗਾ ਮੈਲੀ ਹੋ ਗਈ ਹੈ, ਇਸ ਦਾ ਨਾਂ ਨਹੀਂ ਬਦਲ ਜਾਣਾ, ਇਸ ਦਾ ਵਹਿਣ ਨਹੀਂ ਬਦਲ ਜਾਣਾ, ਇਸ ਦੀ ਵਿਰਾਸਤ ਵੀ ਨਹੀਂ ਬਦਲ ਜਾਣੀ। ਗੰਦ ਦੀ ਬਦਬੂ ਆਉਂਦੀ ਹੈ ਤਾਂ ਸਾਫ ਕਰਨ ਦਾ ਹੀਲਾ ਕਰਨਾ ਪਵੇਗਾ। ਲੋਕਤੰਤਰ ਗੰਦਾ ਹੋ ਗਿਆ ਹੈ, ਸੱਚੀ ਗੱਲ ਇਹ ਹੈ ਕਿ ਗੰਦੇ ਲੀਡਰਾਂ ਨੇ ਗੰਦਾ ਕਰ ਦਿੱਤਾ ਹੈ, ਪਰ ਅਸੀਂ ਇਸ ਦਾ ਨਾਂ ਲੋਕਤੰਤਰ ਦੀ ਥਾਂ ਕੁਤੰਤਰ ਨਹੀਂ ਰੱਖ ਸਕਦੇ। ਰਹੇਗਾ ਇਹ ਲੋਕਤੰਤਰ ਹੀ, ਭਾਵੇਂ ਸੜ੍ਹਿਆਂਦ ਮਾਰਦਾ ਰਹੇ। ਇਸ ਲਈ ਮਨ ਨੂੰ ਮਾਰ ਕੇ ਵੀ ਵੋਟ ਪਾਉਣ ਜਾਣਾ ਪਵੇਗਾ, ਇਸ ਲਈ ਨਹੀਂ ਕਿ ਸਾਨੂੰ ਫਲਾਣਾ ਉਮੀਦਵਾਰ ਚੰਗਾ ਲੱਗਦਾ ਜਾਂ ਫਲਾਣੀ ਧਿਰ ਚੰਗੀ ਲੱਗ ਰਹੀ ਹੈ, ਸਗੋਂ ਇਸ ਲਈ ਕਿ ਮਾੜਿਆਂ ਵਿਚੋਂ ਜੇ ਚੰਗਾ ਨਹੀਂ ਲੱਭਦਾ ਤਾਂ ਮਾੜਿਆਂ ਵਿਚੋਂ ਵੱਧ ਮਾੜੇ ਦਾ ਰਾਹ ਰੋਕਣ ਲਈ ਹੀ ਆਪਣੀ ਵੋਟ ਵਰਗੀ ਇੱਕ ਮੋਹੜੀ ਉਸ ਦੇ ਅੱਗੇ ਗੱਡਣ ਦਾ ਹੀਲਾ ਕਰ ਆਈਏ।***

ਭਾਰਤੀ ਪਾਰਲੀਮੈਂਟ ਦੀਆਂ ਪਹਿਲੀਆਂ ਚਾਰ ਚੋਣਾਂ ਦੀ ਸਾਨੂੰ ਖਾਸ ਸੋਝੀ ਨਹੀਂ, ਪੰਜਵੀਂ-ਛੇਵੀਂ ਚੋਣ ਵੇਲੇ ਵੋਟ ਭਾਵੇਂ ਨਹੀਂ ਸੀ ਬਣੀ, ਝੰਡੇ ਚੁੱਕ ਕੇ ਨਾਹਰੇ ਮਾਰਨ ਵਾਲਿਆਂ ਵਿਚ ਅਸੀਂ ਸ਼ਾਮਲ ਸਾਂ। ਉਸ ਤੋਂ ਪਿੱਛੋਂ ਦੀਆਂ ਨੌਂ ਚੋਣਾਂ ਵਿਚ ਸਿਰਫ ਇੱਕ ਨੂੰ ਛੱਡ ਕੇ, ਜਦੋਂ ਅਸੀਂ ਆਪਣੇ ਹਲਕੇ ਤੋਂ ਦੂਰ ਸਾਂ, ਬਾਕੀ ਸਾਰੀਆਂ ਵਿਚ ਵੋਟ ਪਾਉਣ ਦੇ ਹੱਕ ਦੀ ਵਰਤੋਂ ਕੀਤੀ ਹੋਈ ਹੈ, ਪਰ ਇਸ ਵਾਰੀ ਇਹ ਹੱਕ ਵਰਤਣ ਨੂੰ ਦਿਲ ਨਹੀਂ ਕਰ ਰਿਹਾ। ਇਸ ਦੇ ਬਾਵਜੂਦ ਅਸੀਂ ਵੋਟ ਪਾਉਣ ਜਾਵਾਂਗੇ। ਮਨ ਕਰੇ ਜਾਂ ਨਾ ਕਰੇ, ਵੋਟ ਪਾਉਣ ਜ਼ਰੂਰ ਜਾਵਾਂਗੇ। ਵੋਟ ਪਾਉਣ ਜਾਂ ਨਾ ਪਾਉਣ ਵਾਲੀ ਦੋਚਿੱਤੀ ਸਾਡੀ ਇਕੱਲਿਆਂ ਦੀ ਨਹੀਂ, ਕਈ ਲੋਕਾਂ ਦੀ ਹੈ ਤੇ ਇਸ ਦੇ ਵਾਜਬ ਕਾਰਨ ਹਨ।

ਇੱਕ ਚੋਣ ਅਸੀਂ ਉਹ ਵੀ ਵੇਖੀ ਸੀ, ਜਦੋਂ ਇੰਦਰਾ ਗਾਂਧੀ ਨੂੰ ਹਰਾਉਣ ਵਾਲੇ ਰਾਜ ਨਾਰਾਇਣ ਨੂੰ ਮੰਤਰੀ ਦੀ ਕੁਰਸੀ ਸੌਂਪਣ ਵਾਲੇ ਪ੍ਰਧਾਨ ਮੰਤਰੀ ਮੁਰਾਰਜੀ ਡਿਸਾਈ ਨੇ ਇੱਕੋ ਮਹੀਨੇ ਬਾਅਦ ਇਹ ਕਹਿ ਦਿੱਤਾ ਸੀ ਕਿ ਸਾਹਮਣੇ ਇਹ ਬੰਦਾ ਇਤਰ ਛਿੜਕਦਾ ਤੇ ਪਿੱਠ ਪਿੱਛੇ ਬਦਬੂ ਫੈਲਾਉਂਦਾ ਹੈ। ਇਹ ਸ਼ਬਦ ਡਿਸਾਈ ਨੇ ਉਦੋਂ ਕਹੇ, ਜਦੋਂ ਉਸ ਮੰਤਰੀ ਨੂੰ ਦੇਸ਼ ਭਰ ਵਿਚੋਂ ਜਲਸਿਆਂ ਵਿਚ ਬੋਲਣ ਦੇ ਸੱਦੇ ਆਉਂਦੇ ਸਨ ਤੇ ਇਸ ਇੱਕੋ ਇੱਕ ਯੋਗਤਾ ਦੇ ਕਾਰਨ ਸੱਦੇ ਆਉਂਦੇ ਸਨ ਕਿ ਉਸ ਨੇ ਇੰਦਰਾ ਗਾਂਧੀ ਨੂੰ ਹਰਾਇਆ ਸੀ। ਫਿਰ ਇੱਕ ਚੋਣ ਅਸੀਂ ਉਹ ਵੀ ਵੇਖੀ, ਜਦੋਂ ਵੀਹ ਸਾਲਾਂ ਦੀ ਟੁੱਟੀ ਸਾਂਝ ਬਹਾਲ ਕਰ ਕੇ ਅਕਾਲੀ-ਭਾਜਪਾ ਨੇ ਲੁਧਿਅਣੇ ਵਿਚ ਸਾਂਝੀ ਰੈਲੀ ਕੀਤੀ ਤੇ ਮੁੱਖ ਮੰਤਰੀ ਬਣਨ ਜਾ ਰਹੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਮੌਕੇ ਦੀ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਬਾਰੇ ਕਹਿ ਦਿੱਤਾ ਸੀ ਕਿ ਐਵੇਂ ਗਾਂ ਵਾਂਗ ਭੂਤਰੀ ਫਿਰਦੀ ਹੈ। ਇਹ ਗੱਲ ਉਦੋਂ ਸਿਆਸੀ ਪੱਖ ਤੋਂ ਬਹੁਤ ਸਾਰੇ ਲੋਕਾਂ ਨੂੰ ਗਲਤ ਜਾਪੀ ਸੀ। ਜਿਨ੍ਹਾਂ ਨੂੰ ਉਦੋਂ ਇਹ ਗੱਲ ਗਲਤ ਜਾਪੀ ਸੀ, ਉਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਹੁਣ ਇਹ ਸੋਚਦੇ ਹਨ ਕਿ ਜੋ ਕੁਝ ਅੱਜ ਕੱਲ੍ਹ ਹੁੰਦਾ ਤੇ ਕਿਹਾ ਜਾਂਦਾ ਵੇਖ-ਸੁਣ ਰਹੇ ਹਾਂ, ਉਸ ਦੇ ਮੁਕਾਬਲੇ ਬਾਦਲ ਸਾਹਿਬ ਦੀ ਉਹ ਟਿਪਣੀ ਕੱਖ ਵੀ ਨਹੀਂ ਸੀ। ਹੁਣ ਕੋਈ ਕਿਸੇ ਨੂੰ ਧੌਣ ਮਰੋੜ ਦੇਣ ਦਾ ਦਬਕਾ ਮਾਰਦਾ ਹੈ, ਕੋਈ ਇਹ ਕਹਿੰਦਾ ਹੈ ਕਿ ਖੂੰਡਾ ਫੇਰ ਕੇ ਸਿੱਧੇ ਕਰ ਦੇਊਂਗਾ ਤੇ ਕੋਈ ਕਿਸੇ ਨੂੰ ਬਾਂਦਰ ਕਹਿ ਕੇ ਅਖਬਾਰਾਂ ਦਾ ਪਹਿਲਾ ਸਫਾ ਮੱਲਣ ਤੋਂ ਵੀ ਨਹੀਂ ਝਿਜਕਦਾ।

ਪੰਦਰਾਂ ਕੁ ਸਾਲ ਪਹਿਲਾਂ ਇੱਕ ਟੀ ਵੀ ਸ਼ੋਅ ਵਿਚ ਸਮਾਜਵਾਦੀ ਪਾਰਟੀ ਦੇ ਆਗੂ ਅਮਰ ਸਿੰਘ ਅਤੇ ਬਹੁਜਨ ਸਮਾਜ ਪਾਰਟੀ ਦੀ ਮਾਇਆਵਤੀ ਬੀਬੀ ਦੀ ਬਹਿਸ ਹੁੰਦੀ ਵੇਖੀ ਸੀ। ਉਸ ਬਹਿਸ ਵਿਚ ਕਾਂਗਰਸ ਪਾਰਟੀ ਦਾ ਇੱਕ ਆਗੂ ਵੀ ਬਿਠਾਇਆ ਗਿਆ ਸੀ, ਪਰ ਉਹ ਚੁੱਪ ਬੈਠਾ ਸੀ ਤੇ ਇਹ ਦੋਵੇਂ ਬੋਲ ਰਹੇ ਸਨ। ਮਾਇਆਵਤੀ ਨੇ ਮੁਲਾਇਮ ਸਿੰਘ ਨੂੰ ਗੁੰਡਾ ਕਹਿ ਦਿੱਤਾ ਤੇ ਅਮਰ ਸਿੰਘ ਨੇ ਬੀਬੀ ਬਾਰੇ ਇਹੋ ਸ਼ਬਦ ਬੋਲ ਦਿੱਤੇ। ਦੋਵਾਂ ਦੇ ਭੇੜ ਤੋਂ ਧਿਆਨ ਪਾਸੇ ਪਾਉਣ ਲਈ ਟੀ ਵੀ ਐਂਕਰ ਨੇ ਕਾਂਗਰਸ ਦੇ ਲੀਡਰ ਨੂੰ ਕੁਝ ਬੋਲਣ ਦਾ ਸੱਦਾ ਦਿੱਤਾ ਤਾਂ ਉਸ ਨੇ ਕਿਹਾ ਸੀ, 'ਇਤਨੀ ਸ਼ਾਨਦਾਰ ਬਹਿਸ ਹੋ ਰਹੀ ਹੈ, ਹਮਾਰੇ ਬੋਲਨੇ ਕੋ ਰਹਿ ਕਿਆ ਜਾਤਾ ਹੈ?' ਹੁਣ ਹਰ ਪਾਰਟੀ ਦਾ ਆਗੂ ਕੁੱਕੜ-ਖੇਹ ਉਡਾਉਣ ਵਾਲਿਆਂ ਵਿਚ ਸ਼ਾਮਲ ਲੱਭ ਸਕਦਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਜਿਹੜੇ ਲੋਕ ਸਾਧ ਤੇ ਸਵਾਮੀ ਹੋਣ ਦੇ ਦਾਅਵੇ ਕਰਦੇ ਹਨ, ਉਹ ਬਦ-ਜ਼ਬਾਨੀ ਕਰਨ ਪੱਖੋਂ ਹੋਰਨਾਂ ਨਾਲ ਸਾਵੇਂ ਨਹੀਂ, ਸਗੋਂ ਸਵਾਏ ਬਣ ਕੇ ਪੇਸ਼ ਹੋ ਰਹੇ ਹਨ। ਨਾ ਪਾਰਟੀ ਦੀ ਕਿਸੇ ਨੂੰ ਸ਼ਰਮ ਹੈ, ਨਾ ਪਹਿਰਾਵੇ ਦੀ ਸ਼ਰਮ। ਇਹੋ ਜਿਹਾ ਲੋਕਤੰਤਰ ਪਹਿਲੀ ਵਾਰੀ ਵੇਖ ਰਹੇ ਹਾਂ, ਜਿਸ ਵਿਚ ਮੂੰਹ ਆਇਆ ਬੋਲਣ ਨੂੰ ਵੀ ਚੋਣ ਮੈਨੀਫੈਸਟੋ ਕਿਹਾ ਜਾ ਰਿਹਾ ਹੈ। ਕਈ ਦਿਨਾਂ ਦੀ ਮੱਥਾ-ਪੱਚੀ ਦੇ ਬਾਅਦ ਭਾਰਤੀ ਜਨਤਾ ਪਾਰਟੀ ਜਦੋਂ ਆਪਣੇ ਚੋਣ ਮੈਨੀਫੈਸਟੋ ਦੇ ਮੁੱਦਿਆਂ ਬਾਰੇ ਮੱਤਭੇਦਾਂ ਨੂੰ ਦੂਰ ਕਰਨ ਵਿਚ ਕਾਮਯਾਬ ਨਾ ਹੋ ਸਕੀ ਤਾਂ ਉਸ ਦੇ ਅਧਿਕਾਰਤ ਬੁਲਾਰੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਆਪਣੇ ਭਾਸ਼ਣਾਂ 'ਚ ਜੋ ਕੁਝ ਕਹਿੰਦੇ ਹਨ, ਉਹ ਹੀ ਸਾਡਾ ਚੋਣ ਮੈਨੀਫੈਸਟੋ ਸਮਝ ਲਵੋ।

ਇਸ ਚੋਣ ਵਿਚ 60% ਤੋਂ ਵੱਧ ਸੀਟਾਂ ਉਤੇ ਵੱਡੀਆਂ ਪਾਰਟੀਆਂ ਨੇ ਆਪਣੇ ਪੁਰਾਣੇ ਉਮੀਦਵਾਰਾਂ ਨੂੰ ਟਿਕਟ ਨਹੀਂ ਦਿੱਤੀ। ਜਿਹੜੇ ਅੰਕੜੇ ਕੁਝ ਲੋਕਾਂ ਨੇ ਦਿੱਤੇ ਹਨ, ਉਨ੍ਹਾਂ ਅਨੁਸਾਰ ਪਿਛਲੀ ਵਾਰੀ ਦੇ ਜਿੱਤੇ ਹੋਏ ਮੈਂਬਰਾਂ ਵਿਚੋਂ 40% ਤੋਂ ਵੱਧ ਆਪਣੀ ਪਿਛਲੀ ਪਾਰਟੀ ਜਾਂ ਪਿਛਲੇ ਗੱਠਜੋੜ ਵੱਲੋਂ ਚੋਣ ਲੜਨ ਦੀ ਥਾਂ ਦੂਸਰੇ ਪਾਸੇ ਦਾ ਝੰਡਾ ਚੁੱਕੀ ਖੜੇ ਹਨ। ਉਹ ਪਿਛਲੀ ਵਾਰੀ ਕਾਂਗਰਸ ਦੇ ਨਾਲ ਖੜੋ ਕੇ ਭਾਜਪਾ ਨੂੰ ਫਿਰਕੂ ਆਖਦੇ ਰਹੇ ਸਨ, ਹੁਣ ਭਾਜਪਾ ਨਾਲ ਖੜੇ ਹੋ ਕੇ ਇਹ ਕਹਿੰਦੇ ਹਨ ਕਿ ਸਾਰੇ ਸਿਆਪਿਆਂ ਦੀ ਜੜ੍ਹ ਕਾਂਗਰਸ ਪਾਰਟੀ ਹੈ। ਪਿਛਲੀ ਵਾਰੀ ਕਹੀ ਹੋਈ ਗੱਲ ਦਾ ਚੇਤਾ ਰੱਖਣ ਦੀ ਲੋੜ ਨਹੀਂ, ਹੁਣ ਤਾਂ ਇੱਕ ਦਿਨ ਪਹਿਲਾਂ ਦੀ ਕਹੀ ਹੋਈ ਗੱਲ ਵੀ ਪਲਟਣ ਤੋਂ ਸ਼ਰਮ ਨਹੀਂ ਕੀਤੀ ਜਾਂਦੀ। ਸਾਇੰਸ ਆਖਦੀ ਹੈ ਕਿ ਕਿਸੇ ਜੀਵ ਦਾ ਡੀ ਐਨ ਏ ਨਹੀਂ ਬਦਲ ਸਕਦਾ ਅਤੇ ਇਸ ਵਿਚੋਂ ਉਸ ਜੀਵ ਦੀਆਂ ਪਿਛਲੀਆਂ ਪੀੜ੍ਹੀਆਂ ਦਾ ਸਦੀਆਂ ਤੱਕ ਦਾ ਰਿਸ਼ਤਾ ਲੱਭਿਆ ਜਾ ਸਕਦਾ ਹੈ। ਮੱਧ ਪ੍ਰਦੇਸ਼ ਵਿਚ ਕਾਂਗਰਸ ਦਾ ਇੱਕ ਵਿਧਾਇਕ ਇਸ ਗੱਲੋਂ ਚਰਚਾ ਵਿਚ ਆ ਗਿਆ ਕਿ ਉਹ ਭਾਜਪਾ ਵਿਚ ਜਾਣ ਵਾਲਾ ਹੈ। ਮੀਡੀਏ ਨੇ ਪੁੱਛਿਆ ਤਾਂ ਕਹਿਣ ਲੱਗਾ ਕਿ ਕਾਂਗਰਸ ਪਾਰਟੀ ਮੇਰੇ ਡੀ ਐਨ ਏ ਵਿਚ ਹੈ, ਡੀ ਐਨ ਏ ਨਹੀਂ ਬਦਲ ਸਕਦਾ। ਇੱਕੋ ਰਾਤ ਦੇ ਪਿੱਛੋਂ ਜਿਹੜਾ ਦਿਨ ਨਿਕਲਿਆ, ਉਦੋਂ ਤੱਕ ਇਹ ਵੀ ਕ੍ਰਿਸ਼ਮਾ ਹੋ ਗਿਆ। ਉਹੋ ਕਾਂਗਰਸੀ ਵਿਧਾਇਕ ਭਾਜਪਾ ਦਫਤਰ ਵਿਚ ਬੈਠਾ ਪਾਰਟੀ ਬਦਲਣ ਦਾ ਐਲਾਨ ਕਰ ਰਿਹਾ ਸੀ। ਮੀਡੀਏ ਵਾਲਿਆਂ ਨੇ ਚੇਤੇ ਕਰਾਇਆ ਕਿ ਕੱਲ੍ਹ ਤੁਸੀਂ ਕਿਹਾ ਸੀ ਕਿ ਤੁਹਾਡੇ ਡੀ ਐਨ ਏ ਵਿਚ ਕਾਂਗਰਸ ਹੈ ਅਤੇ ਡੀ ਐਨ ਏ ਬਦਲ ਨਹੀਂ ਸਕਦਾ। ਉਸ ਬੇਸ਼ਰਮ ਬੰਦੇ ਨੇ ਹੱਸ ਕੇ ਕਿਹਾ, "ਹੋਰਨਾਂ ਦਾ ਨਾ ਬਦਲਦਾ ਹੋਵੇਗਾ, ਮੇਰਾ ਡੀ ਐਨ ਏ ਬਦਲ ਗਿਆ ਹੈ।"

ਡੀ ਐਨ ਏ ਕਹੋ ਜਾਂ ਜ਼ਮੀਰ ਕਹਿ ਲਵੋ, ਭਾਰਤੀ ਲੀਡਰਾਂ ਦੇ ਅੰਦਰ ਇਨ੍ਹਾਂ ਦੋਵਾਂ ਦਾ ਸਥਾਈ ਵਾਸਾ ਨਹੀਂ ਹੋ ਸਕਦਾ। ਇਸ ਬਾਰੇ ਇੱਕ ਪੁਰਾਣੀ ਮਿਸਾਲ ਸਾਨੂੰ ਕਦੇ ਨਹੀਂ ਭੁੱਲ ਸਕਦੀ। ਜਦੋਂ ਪ੍ਰਧਾਨ ਮੰਤਰੀ ਵੀ ਪੀ ਸਿੰਘ ਦੀ ਕੁਰਸੀ ਉਲਟਾ ਕੇ ਚੰਦਰ ਸ਼ੇਖਰ ਦੇ ਨਾਲ ਬਹੁ-ਸੰਮਤੀ ਜੋੜਨ ਦੀ ਖੇਡ ਹੋ ਰਹੀ ਸੀ, ਉਦੋਂ ਦਿੱਲੀ ਵਿਚ ਪਾਰਲੀਮੈਂਟ ਮੈਂਬਰਾਂ ਦੀਆਂ ਜ਼ਮੀਰਾਂ ਦੀ ਮੰਡੀ ਲੱਗੀ ਪਈ ਸੀ। ਬੋਲੀ ਉਦੋਂ ਪੰਝੀ ਲੱਖ ਤੋਂ ਚੱਲੀ ਤੇ ਜਦੋਂ ਪੰਜਾਹ ਲੱਖ ਤੱਕ ਜਾ ਪਹੁੰਚੀ ਤਾਂ ਇੱਕ ਦਿਨ ਲੋਕ ਸਭਾ ਵਿਚ ਭਾਗਿਆ ਗੋਵਰਧਨ ਨਾਂ ਦੇ ਮੈਂਬਰ ਨੇ ਕਿਹਾ ਸੀ, 'ਮੈਨੂੰ ਪੰਜਾਹ ਲੱਖ ਰੁਪਏ ਦੀ ਪੇਸ਼ਕਸ਼ ਹੋਈ ਹੈ, ਮੇਰੀ ਜ਼ਮੀਰ ਵਿਕਾਊ ਨਹੀਂ ਹੈ, ਮੈਂ ਦਲ-ਬਦਲੀ ਨਾ ਕੀਤੀ ਹੈ ਤੇ ਨਾ ਕਰਾਂਗਾ।' ਸਵੇਰੇ ਇਹ ਭਾਸ਼ਣ ਕਰ ਕੇ ਸਨਸਨੀ ਫੈਲਾਉਣ ਵਾਲਾ ਭਾਗਿਆ ਗੋਵਰਧਨ ਸ਼ਾਮ ਦੇ ਸਮਾਗਮ ਵੇਲੇ ਦਲ-ਬਦਲੀ ਕਰ ਗਿਆ ਸੀ ਤੇ ਲੋਕ ਇਹ ਕਹਿੰਦੇ ਸਨ ਕਿ ਜਿਹੜੀ ਜ਼ਮੀਰ ਪੰਜਾਹ ਲੱਖ ਉਤੇ ਵਿਕਣ ਨੂੰ ਤਿਆਰ ਨਹੀਂ ਸੀ, ਉਹ ਮੁਨਾਸਬ ਮੁੱਲ ਵੱਟ ਕੇ ਵਿਕਣ ਨੂੰ ਮੰਨ ਗਈ ਸੀ। ਇਸ ਵਾਰੀ ਵੀ ਭਾਗਿਆ ਗੋਵਰਧਨ ਵਰਗੇ ਕਈ ਲੋਕ ਚੁਣੇ ਜਾਣੇ ਹਨ, ਜਿਨ੍ਹਾਂ ਦੀ ਜ਼ਮੀਰ ਸਿਰਫ ਮੁਨਾਸਬ ਮੁੱਲ ਦੀ ਉਡੀਕ ਕਰਦੀ ਰਹਿੰਦੀ ਹੈ, ਬਾਕੀ ਗੱਲਾਂ ਵਿਚ ਨਹੀਂ ਪੈਂਦੀ।

ਜ਼ਮੀਰਾਂ ਦੇ ਸੌਦੇ ਕਿਹੜੇ ਪੱਧਰ ਤੱਕ ਜਾਂਦੇ ਹਨ, ਇਸ ਵਿਚ ਅਸੀਂ ਇੱਕ ਹਫਤਾ ਪੁਰਾਣਾ ਸਾਬਰ ਅਲੀ ਵਾਲਾ ਕਿੱਸਾ ਨਹੀਂ ਛੋਹਣਾ ਚਾਹੁੰਦੇ, ਜਿਹੜਾ ਨਰਿੰਦਰ ਮੋਦੀ ਨੂੰ ਕਾਤਲ ਕਹਿਣ ਤੋਂ ਤਿੰਨ ਦਿਨ ਬਾਅਦ ਭਾਜਪਾ ਵਿਚ ਸ਼ਾਮਲ ਹੋ ਕੇ ਓਸੇ ਦੇ ਸੋਹਲੇ ਗਾਉਣ ਲੱਗ ਪਿਆ ਸੀ। ਅੱਗੋਂ ਭਾਜਪਾ ਵਿਚ ਪਹਿਲੇ ਬੈਠੇ ਮੁਸਲਮਾਨ ਆਗੂ ਮੁਖਤਾਰ ਅੱਬਾਸ ਨੱਕਵੀ ਨੇ ਦੂਸਰਾ ਮੁਸਲਮਾਨ ਆਗੂ ਆਉਂਦਾ ਵੇਖ ਕੇ ਆਪਣੀ ਲੀਡਰੀ ਲਈ ਖਤਰਾ ਜਾਣਿਆ ਤੇ ਉਸ ਨੂੰ ਭਜਾ ਦੇਣ ਤੱਕ ਸ਼ਾਂਤ ਨਹੀਂ ਸੀ ਹੋਇਆ। ਇਹੋ ਜਿਹੇ ਕਿੱਸੇ ਬਥੇਰੇ ਹਨ ਅਤੇ ਹੁਣ ਇੱਕ ਨਵਾਂ ਤਮਾਸ਼ਾ ਹੋ ਗਿਆ ਹੈ। ਰਮੇਸ਼ ਚੰਦ ਤੋਮਰ ਨਾਂ ਦਾ ਬੰਦਾ ਇਸ ਹਫਤੇ ਕਾਂਗਰਸ ਪਾਰਟੀ ਨੇ ਉਤਰ ਪ੍ਰਦੇਸ਼ ਦੇ ਗੌਤਮ ਬੁੱਧ ਨਗਰ ਹਲਕੇ ਤੋਂ ਉਮੀਦਵਾਰ ਨਾਮਜ਼ਦ ਕੀਤਾ ਤਾਂ ਅਗਲੇ ਦਿਨ ਰੌਲਾ ਪੈ ਗਿਆ ਕਿ ਇਹ ਭਾਜਪਾ ਵਿਚ ਜਾਣ ਵਾਲਾ ਹੈ। ਬੁੱਧਵਾਰ ਸ਼ਾਮ ਨੂੰ ਉਸ ਨੇ ਪ੍ਰੈਸ ਕਾਨਫਰੰਸ ਕਰ ਕੇ ਕਿਹਾ ਕਿ ਉਸ ਦੀ ਜਿੱਤ ਪੱਕੀ ਵੇਖ ਕੇ ਭਾਜਪਾ ਵਾਲੇ ਇਹ ਸਾਜ਼ਿਸ਼ੀ ਪ੍ਰਚਾਰ ਕਰਦੇ ਹਨ। ਅਗਲੀ ਸਵੇਰ ਨੂੰ ਉਹ ਕਾਂਗਰਸ ਪਾਰਟੀ ਨੂੰ ਲੱਭਣਾ ਔਖਾ ਹੋ ਗਿਆ। ਫੋਨ ਕੀਤੇ ਤਾਂ ਕਹਿਣ ਲੱਗਾ ਕਿ ਚੋਣ ਕਮਿਸ਼ਨ ਦੇ ਦਫਤਰ ਵਿਚ ਹਾਂ। ਦਸ ਵਜੇ ਤੱਕ ਉਹ ਨਰਿੰਦਰ ਮੋਦੀ ਦੀ ਰੈਲੀ ਵਾਲੇ ਮੰਚ ਉਤੇ ਜਾ ਦਿੱਸਿਆ।

ਅਸੀਂ ਦਲ-ਬਦਲੀਆਂ ਬਹੁਤ ਵੇਖੀਆਂ ਹਨ, ਪਰ ਇਹ ਹੋਰਨਾਂ ਤੋਂ ਵੱਖਰੀ ਤਰ੍ਹਾਂ ਦੀ ਦਲ-ਬਦਲੀ ਸੀ। ਰਮੇਸ਼ ਚੰਦ ਤੋਮਰ ਚਾਰ ਵਾਰੀ ਹਾਪੁੜ ਹਲਕੇ ਤੋਂ ਭਾਜਪਾ ਟਿਕਟ ਉਤੇ ਪਾਰਲੀਮੈਂਟ ਮੈਂਬਰ ਰਹਿ ਚੁੱਕਾ ਸੀ। ਵਾਜਪਾਈ ਸਰਕਾਰ ਦਾ ਭੋਗ ਪੈਣ ਵੇਲੇ ਸਾਲ 2004 ਦੀ ਚੋਣ ਹਾਰ ਗਿਆ। ਹਾਰ ਬਰਦਾਸ਼ਤ ਨਾ ਹੋਈ ਤਾਂ ਕਾਂਗਰਸ ਵਿਚ ਚਲਾ ਗਿਆ ਤੇ ਸਾਲ 2009 ਦੀ ਚੋਣ ਕਾਂਗਰਸ ਦੀ ਟਿਕਟ ਉਤੇ ਵੀ ਹਾਰ ਗਿਆ। ਹੁਣ ਉਸ ਨੇ ਤਰਲੇ ਮਾਰ ਕੇ ਟਿਕਟ ਲਈ ਤੇ ਫਿਰ ਇਹ ਵੀ ਕਿਹਾ ਕਿ ਖਰਚ ਬਹੁਤ ਹੋਣਾ ਹੈ, ਇਸ ਲਈ ਪਾਰਟੀ ਕੁਝ ਮਦਦ ਕਰੇ। ਕਾਂਗਰਸ ਵੱਲੋਂ ਉਸ ਨੂੰ ਚੋਣ ਫੰਡ ਵੀ ਦੇ ਦਿੱਤਾ ਗਿਆ। ਅਗਲੇ ਦਿਨ ਉਸ ਨੇ ਭਾਜਪਾ ਵਿਚ ਸ਼ਾਮਲ ਹੋ ਕੇ ਟਿਕਟ ਮੋੜ ਦਿੱਤੀ। ਰੌਲਾ ਇਸ ਗੱਲ ਤੋਂ ਪੈ ਗਿਆ ਕਿ ਟਿਕਟ ਮੋੜ ਦਿੱਤੀ, ਚੋਣ-ਫੰਡ ਨਹੀਂ ਮੋੜਿਆ। ਮੀਡੀਆ ਵਾਲਿਆਂ ਨੇ ਇਸ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਟਿਕਟ ਮੋੜਨੀ ਸੀ, ਮੋੜ ਦਿੱਤੀ, ਚੋਣ-ਫੰਡ ਕੋਈ ਜਨਤਕ ਮੁੱਦਾ ਨਹੀਂ, ਜਿਸ ਬਾਰੇ ਬਹਿਸ ਕੀਤੀ ਜਾਵੇ। ਭਾਰਤੀ ਜਨਤਾ ਪਾਰਟੀ ਨੇ ਔਖੇ ਵੇਲੇ ਪਾਰਟੀ ਛੱਡ ਗਏ ਤੇ ਔਖੇ ਵਕਤ ਕਾਂਗਰਸ ਨੂੰ ਛੱਡ ਆਏ ਦਲ-ਬਦਲੂ ਦਾ ਜਨਤਕ ਰੈਲੀ ਵਿਚ ਏਦਾਂ ਸਨਮਾਨ ਕੀਤਾ, ਜਿਵੇਂ ਕਾਰਗਿਲ ਦੀ ਜੰਗ ਜਿੱਤ ਕੇ ਆਇਆ ਹੋਵੇ।

ਇਹ ਸਾਰਾ ਕੁਝ ਹੁੰਦਾ ਵੇਖ-ਸੁਣ ਕੇ ਇੱਕ ਚੈਨਲ ਦੀ ਬਹਿਸ ਵਿਚ ਸਾਨੂੰ ਇਹ ਕਿਹਾ ਗਿਆ ਕਿ ਭਾਰਤ ਵਿਚ ਜੋ ਕੁਝ ਹੋਈ ਜਾਂਦਾ ਹੈ, ਇਹ ਲੋਕਤੰਤਰ ਤਾਂ ਹੈ ਨਹੀਂ, ਵੋਟ ਪਾਉਣ ਦੀ ਕੀ ਲੋੜ ਹੈ? ਅਸੀਂ ਇਸ ਸਾਰੇ ਕੁਝ ਤੋਂ ਦੁਖੀ ਹਾਂ, ਪਰ ਇਹ ਨਹੀਂ ਹੋ ਸਕਦਾ ਕਿ ਹੁਣ ਲੋਕਤੰਤਰ ਨੂੰ ਲੋਕਤੰਤਰ ਹੀ ਮੰਨੀਏ ਤੇ ਵੋਟਾਂ ਪਾਉਣ ਲਈ ਵੀ ਨਾ ਜਾਈਏ। ਕੋਈ ਤੀਹ ਕੁ ਸਾਲ ਪਹਿਲਾਂ ਰਾਜ ਕਪੂਰ ਨੇ 'ਰਾਮ ਤੇਰੀ ਗੰਗਾ ਮੈਲੀ ਹੋ ਗਈ' ਫਿਲਮ ਬਣਾਈ ਤੇ ਦੇਸ਼ ਦੇ ਲੋਕਾਂ ਦਾ ਧਿਆਨ ਇੱਕੋ ਵਕਤ ਕਈ ਗੱਲਾਂ ਵੱਲ ਖਿੱਚਿਆ ਸੀ। ਗੰਗਾ ਸਚਮੁੱਚ ਮੈਲੀ ਹੋ ਗਈ ਹੈ। ਜਦੋਂ ਗੰਗਾ ਮੈਲੀ ਹੋ ਗਈ ਹੈ, ਇਸ ਦਾ ਨਾਂ ਨਹੀਂ ਬਦਲ ਜਾਣਾ, ਇਸ ਦਾ ਵਹਿਣ ਨਹੀਂ ਬਦਲ ਜਾਣਾ, ਇਸ ਦੀ ਵਿਰਾਸਤ ਵੀ ਨਹੀਂ ਬਦਲ ਜਾਣੀ। ਗੰਦ ਦੀ ਬਦਬੂ ਆਉਂਦੀ ਹੈ ਤਾਂ ਸਾਫ ਕਰਨ ਦਾ ਹੀਲਾ ਕਰਨਾ ਪਵੇਗਾ। ਲੋਕਤੰਤਰ ਗੰਦਾ ਹੋ ਗਿਆ ਹੈ, ਸੱਚੀ ਗੱਲ ਇਹ ਹੈ ਕਿ ਗੰਦੇ ਲੀਡਰਾਂ ਨੇ ਗੰਦਾ ਕਰ ਦਿੱਤਾ ਹੈ, ਪਰ ਅਸੀਂ ਇਸ ਦਾ ਨਾਂ ਲੋਕਤੰਤਰ ਦੀ ਥਾਂ ਕੁਤੰਤਰ ਨਹੀਂ ਰੱਖ ਸਕਦੇ। ਰਹੇਗਾ ਇਹ ਲੋਕਤੰਤਰ ਹੀ, ਭਾਵੇਂ ਸੜ੍ਹਿਆਂਦ ਮਾਰਦਾ ਰਹੇ। ਇਸ ਲਈ ਮਨ ਨੂੰ ਮਾਰ ਕੇ ਵੀ ਵੋਟ ਪਾਉਣ ਜਾਣਾ ਪਵੇਗਾ, ਇਸ ਲਈ ਨਹੀਂ ਕਿ ਸਾਨੂੰ ਫਲਾਣਾ ਉਮੀਦਵਾਰ ਚੰਗਾ ਲੱਗਦਾ ਜਾਂ ਫਲਾਣੀ ਧਿਰ ਚੰਗੀ ਲੱਗ ਰਹੀ ਹੈ, ਸਗੋਂ ਇਸ ਲਈ ਕਿ ਮਾੜਿਆਂ ਵਿਚੋਂ ਜੇ ਚੰਗਾ ਨਹੀਂ ਲੱਭਦਾ ਤਾਂ ਮਾੜਿਆਂ ਵਿਚੋਂ ਵੱਧ ਮਾੜੇ ਦਾ ਰਾਹ ਰੋਕਣ ਲਈ ਹੀ ਆਪਣੀ ਵੋਟ ਵਰਗੀ ਇੱਕ ਮੋਹੜੀ ਉਸ ਦੇ ਅੱਗੇ ਗੱਡਣ ਦਾ ਹੀਲਾ ਕਰ ਆਈਏ। ਜ਼ਿੰਦਗੀ ਦਾ ਅਸੂਲ ਇਹ ਹੈ ਕਿ ਹਾਰ ਜਾਣਾ ਓਨਾ ਮਾੜਾ ਨਹੀਂ ਹੁੰਦਾ, ਜਿੰਨਾ ਲੜਨ ਤੋਂ ਪਹਿਲਾਂ ਹਾਰ ਮੰਨ ਕੇ ਹਥਿਆਰ ਸੁੱਟ ਦੇਣਾ ਮਾੜਾ ਹੁੰਦਾ ਹੈ। ਅਸੀਂ ਬਿਨਾਂ ਲੜੇ ਹਥਿਆਰ ਸੁੱਟਣ ਵਾਲਿਆਂ ਵਿਚ ਸ਼ਾਮਲ ਨਹੀਂ ਹੋ ਸਕਦੇ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250





10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਗੁਰਦੁਆਰਾ ਸਿੰਘ ਸਭਾ ਦੀ ਨਵੀਂ ਇਮਾਰਤ ਦਾ ਉਦਘਾਟਨ

**ਫਰਿਜ਼ਨੋ (ਬਿਊਰੋ):** ਗੁਰਦੁਆਰਾ ਸਿੰਘ ਸਭਾ ਦੀ ਨਵੀਂ ਬਿਲਡਿੰਗ ਦਾ ਉਦਘਾਟਨ ਲੰਘੇ ਐਤਵਾਰ ਅਪਰੈਲ ਗੁਰਮਰਿਆਦਾ ਅਨੁਸਾਰ ਸੰਗਤਾਂ ਦੇ ਠਾਠਾ ਮਾਰਦੇ ਇਕੱਠ ਵਿਚ ਹੋਇਆ। ਇਸ ਮੌਕੇ ਪੰਜਾਬੀ ਭਾਈਚਾਰੇ ਦੀਆਂ ਸਿਰਕੱਢ ਹਸਤੀਆਂ ਤੋਂ ਇਲਾਵਾ ਕਾਂਗਰਸਮੈਨ ਜਿਮ ਕੋਸਟਾ ਵੀ ਪਹੁੰਚੇ। ਸ੍ਰੀ ਕੋਸਟਾ ਨੇ ਸੰਗਤਾਂ ਨੂੰ ਇਸ ਨਵੀਂ ਇਮਾਰਤ ਦੀ ਉਸਾਰੀ ਲਈ ਵਧਾਈ ਦਿੱਤੀ।

ਗੁਰੂਘਰ ਦੀ ਕਮੇਟੀ ਨੇ ਇਮਾਰਤ ਦੀ ਉਸਾਰੀ ਲਈ ਹਿੱਸਾ ਪਾਉਣ ਵਾਲੇ ਇੰਜੀਨੀਅਰਾਂ ਅਤੇ ਬਿਲਡਰਾਂ ਦਾ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ। ਪੰਜਾਬੀ ਭਾਈਚਾਰੇ ਦੀ ਉਘੀ ਹਸਤੀ ਹੈਰੀ ਗਿੱਲ (ਚੇਅਰਮੈਨ ਅਕਾਲੀ ਦਲ) ਦੀ ਤੰਦਰੁਸਤੀ ਲਈ ਅਰਦਾਸ ਕੀਤੀ ਗਈ। ਇਸ ਮੌਕੇ ਪ੍ਰੋ. ਸਰਬਜੀਤ ਸਿੰਘ ਧੂੰਦਾ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨਾਲ ਸ਼ਬਦ ਦੀ ਸਾਂਝ ਪਾਈ। ਕੀਰਤਨੀ ਜਥਿਆਂ ਨੇ ਵੀ ਸੰਗਤਾਂ ਨੂੰ ਰਸਭਿੰਨਾ ਕੀਰਤਨ ਸਰਵਣ ਕਰਵਾਇਆ। ਸੈਕਟਰੀ ਗੁਰਪ੍ਰੀਤ ਸਿੰਘ ਮਾਨ ਨੇ ਸੰਗਤ ਦਾ ਧੰਨਵਾਦ ਕਰਦਿਆਂ ਬੇਨਤੀ ਕੀਤੀ ਕਿ ਇਸ ਦਸ ਮਿਲੀਅਨ ਡਾਲਰ ਦੀ ਲਾਗਤ ਨਾਲ ਤਿਆਰ ਹੋਈ ਖੂਬਸੂਰਤ ਬਿਲਡਿੰਗ ਲਈ ਕਮੇਟੀ ਨੂੰ ਵਿੱਤੀ ਮਦਦ ਦੀ ਜਰੂਰਤ ਹੈ।



*ਸਰਬਜੀਤ ਸਿੰਘ ਧੂੰਦਾ*

***ਤਸਵੀਰਾਂ: ਸ਼ਿਆਰਾ ਸਿੰਘ ਢੀਂਡਸਾ (ਓਮਨੀ ਵੀਡੀਓ, ਬੇਕਰਸਫੀਲਡ)***



# ਭਗਤ ਰਵਿਦਾਸ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਵਿਚ ਲੰਘੇ ਹਫਤੇ ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਬੜੇ ਉਤਸ਼ਾਹ, ਸ਼ਰਧਾ ਤੇ ਸਤਿਕਾਰ ਦੀ ਭਾਵਨਾ ਨਾਲ ਮਨਾਇਆ ਗਿਆ। ਐਤਵਾਰ ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ਹਫਤਾਵਾਰੀ ਦੀਵਾਨ ਸਜੇ ਜਿਨ੍ਹਾਂ ਵਿਚ ਗੁਰੂ ਘਰ ਦੇ ਰਾਗੀ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਕਥਾਕਾਰ ਗਿਆਨੀ ਸਾਹਿਬ ਸਿੰਘ ਨੇ ਭਗਤ ਰਵਿਦਾਸ ਦੇ ਜੀਵਨ ਆਦਰਸ਼ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਪ੍ਰਭੂ ਪ੍ਰੇਮ ਵਿਚ ਰੰਗੀਆਂ ਰੂਹਾਂ ਅਜ਼ਾਦ ਹੁੰਦੀਆਂ ਹਨ ਤੇ ਲੋਕਾਈ ਨੂੰ ਵੀ ਅਜ਼ਾਦੀ ਦਾ ਸੰਦੇਸ਼ ਦਿੰਦੀਆਂ ਹਨ। ਭਗਤ ਜੀ ਦੇ ਸਮੇਂ ਬ੍ਰਾਹਮਣਵਾਦ ਦਾ ਬੋਲਬਾਲਾ ਸੀ ਜੋ ਦੂਜਿਆਂ ਨੂੰ ਗੁਲਾਮ ਰਖਣਾ ਆਪਣਾ ਹੱਕ ਸਮਝਦਾ ਸੀ ਪਰ ਭਗਤ ਜੀ ਨੇ ਬਿਨਾਂ ਕਿਸੇ ਡਰ ਦੇ ਮਨੁੱਖੀ ਅਜ਼ਾਦੀ ਦੇ ਹੱਕ ਵਿਚ ਅਵਾਜ਼ ਉਠਾਈ ਅਤੇ ਜਾਤ-ਪਾਤ ਦਾ ਖੰਡਨ ਕੀਤਾ। ਭਗਤ ਜੀ ਦੀ ਪਵਿੱਤਰ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਅਤੇ ਗੁਰੂ ਦੀ ਬਾਣੀ ਦਾ ਦਰਜਾ ਰੱਖਦੀ ਹੈ, ਜਿਸ ਅੱਗੇ ਸਾਰਾ ਸੰਸਾਰ ਝੁਕਦਾ ਹੈ।

ਭਾਈ ਸਤਨਾਮ ਸਿੰਘ ਲੁਧਿਆਣੇ ਵਾਲਿਆਂ ਦੇ ਕੀਰਤਨੀ ਜਥੇ ਨੇ ਇਲਾਹੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਿਸ ਤੋਂ ਬਾਦ ਭਾਈ ਸਤਨਾਮ ਸਿੰਘ ਅਰਸ਼ੀ ਤਰਨਤਾਰਨ, ਭਾਈ ਕੁਲਵੰਤ ਸਿੰਘ ਸਭਰਾਵਾਂ ਤੇ ਭਾਈ ਰਨਜੀਤ ਸਿੰਘ ਰੱਤਾਗੁੱਦਾ ਦੇ ਕਵਸ਼ਰੀ ਜਥੇ ਨੇ ਆਪਣੀ ਕਵੀਸ਼ਰ ਕਲਾ ਨਾਲ ਸੰਗਤਾਂ ਨੂੰ ਜੋਸ਼ ਵਿਚ ਲਿਆਂਦਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਗਤ ਰਵਿਦਾਸ ਸਭਾ ਦੇ ਮੈਂਬਰਾਂ ਦਾ ਗੁਰੂ ਸਾਹਿਬ ਦੀ ਬਖਸ਼ਿਸ਼ ਸਿਰੋਪਾ ਭੇਟ ਕਰਕੇ ਸਨਮਾਨ ਕੀਤਾ। ਇਨ੍ਹਾਂ ਮੈਂਬਰਾਂ ਵਿਚ ਚੇਅਰਮੈਨ ਸੁੱਚਾ ਰਾਮ ਭਾਰਟਾ, ਵਾਈਸ ਚੇਅਰਮੈਨ ਵਿਨੋਦ ਕੁਮਾਰ ਚੁੰਬਰ, ਪ੍ਰਧਾਨ ਮਹਿੰਦਰ ਸਿੰਘ ਮਾਹੀ, ਸਕੱਤਰ ਸੰਤੋਖ ਸਿੰਘ ਸਰੋਆ, ਮੈਂਬਰ ਕੇਵਲ ਸਿੰਘ ਤੇ ਕੁਲਵੰਤ ਸਿੰਘ ਸਿੱਧੂ ਸ਼ਾਮਲ ਸਨ। ਸਕੱਤਰ ਭਾਈ ਗੁਰਿੰਦਰ ਸਿੰਘ ਸਿੱਧੂ ਨੇ ਭਗਤ ਰਵਿਦਾਸ ਜੀ ਦੇ ਪ੍ਰੇਮਾ ਭਗਤੀ ਦੇ ਪੈਗਾਮ ਦੀ ਗੱਲ ਕੀਤੀ। ਭਾਈ ਬਲਵਿੰਦਰ ਸਿੰਘ ਚੱਬਾ ਦੇ ਜਥੇ ਨੇ ਬੱਚਿਆਂ ਨੂੰ ਦਸਤਾਰਾਂ ਸਜਾਉਣ ਦੀ ਸੇਵਾ ਕੀਤੀ।








# ਗੁਰਦੁਆਰਾ ਫਰੀਮਾਂਟ ਦੀ ਸਾਲਾਨਾ ਜਨਰਲ ਬਾਡੀ ਦੀ ਮੀਟਿੰਗ 20 ਨੂੰ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸਾਲਾਨਾ ਜਨਰਲ ਬਾਡੀ ਮੀਟਿੰਗ ਹੁਣ ਆਉਂਦੀ 20 ਅਪਰੈਲ ਨੂੰ ਹੋਵੇਗੀ। ਪਹਿਲਾਂ ਇਹ ਮੀਟਿੰਗ 13 ਅਪਰੈਲ, ਐਤਵਾਰ ਨੂੰ ਰੱਖੀ ਗਈ ਸੀ ਪ੍ਰੰਤੂ ਉਸੇ ਦਿਨ ਖਾਲਸੇ ਦਾ ਸਾਜਨਾ ਦਿਵਸ ਗੁਰੁਦਆਰਾ ਸਾਹਿਬ ਵਿਚ ਮਨਾਏ ਜਾਣ ਕਰਕੇ ਅਤੇ ਗੁਰਦੁਆਰਾ ਸਟਾਕਟਨ ਵੱਲੋਂ ਨਗਰ ਕੀਰਤਨ ਸਜਾਏ ਜਾਣ ਨੂੰ ਮੁੱਖ ਰੱਖਦਿਆਂ ਇਹ ਮੁਲਤਵੀ ਕੀਤੀ ਗਈ ਹੈ।

ਹੁਣ ਇਹ ਮੀਟਿੰਗ 20 ਅਪਰੈਲ, ਐਤਵਾਰ ਦੇ ਹਫਤਾਵਾਰੀ ਦੀਵਾਨ ਸਮੇਂ ਹੋਵੇਗੀ। ਇਕ ਹਫਤੇ ਦੀ ਦੇਰੀ ਲਈ ਸੁਮਰੀਮ ਕੌਂਸਲ ਨੇ ਖਿਮਾ ਜਾਚਨਾ ਕਰਦਿਆਂ ਸਮੂਹ ਸੰਗਤਾਂ ਨੂੰ ਮੀਟਿੰਗ ਵਿਚ ਪਹੁੰਚਣ ਦਾ ਸੱਦਾ ਦਿੱਤਾ ਹੈ।

# 'ਆਪ' ਦੇ ਉਮੀਦਵਾਰਾਂ ਲਈ ਫੰਡਰੇਜ਼ਰ

**ਸੈਨ ਹੋਜ਼ੇ (ਬਿਊਰੋ):** "ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਕੁਨਬਾਪਰਵਰੀ ਅਤੇ ਸਿਆਸੀ ਬਦਲਾਖੋਰੀ ਦੀਆਂ ਕਾਲੀਆਂ ਬੋਲੀਆਂ ਹਨੇਰੀਆਂ ਵਿਚ ਅਰਵਿੰਦ ਕੇਜਰੀਵਾਲ ਦੀ 'ਆਮ ਆਦਮੀ ਪਾਰਟੀ' ਇਕ ਆਸ ਦੀ ਕਿਰਨ ਵਾਂਗ ਚਮਕਦੀ ਦਿਖਾਈ ਦਿੰਦੀ ਹੈ ਜਿਸ ਤੋਂ ਦੇਸ਼-ਪਰਦੇਸ ਵਿਚ ਵਸਦੇ ਭਾਰਤੀਆਂ ਨੂੰ ਭਾਰੀ ਉਮੀਦਾਂ ਹਨ। ਬੇਸ਼ਕ ਅਸੀਂ ਸਾਰੇ ਪਰਵਾਸੀ ਨਿਜੀ ਤੌਰ 'ਤੇ ਚੋਣ-ਪ੍ਰਚਾਰ ਵਿਚ ਹਿੱਸਾ ਲੈਣ ਲਈ ਦੇਸ਼ ਨਹੀਂ ਪਹੁੰਚ ਸਕਦੇ ਪਰ ਅਸੀਂ 'ਆਪ' ਦੇ ਉਮੀਦਵਾਰਾਂ ਲਈ ਮਾਇਕ ਮਦਦ ਜੁਟਾਉਣ ਵਾਸਤੇ ਵਚਨਬੱਧ ਹਾਂ।" ਇਹ ਵਿਚਾਰ ਅਮਰੀਕਾ ਵਿਚ 'ਆਪ' ਦੇ ਕਨਵੀਨਰ ਡਾ. ਇਕਵਿੰਦਰ ਸਿੰਘ ਗਿੱਲ ਨੇ ਪੰਜਾਬ ਵਿਚ ਚੋਣਾਂ ਲੜ ਰਹੇ 'ਆਪ' ਦੇ ਉਮੀਦਵਾਰਾਂ ਲਈ ਕੀਤੇ ਗਏ ਕਿ ਫੰਡਰੇਜ਼ਰ ਮੌਕੇ ਇਕੱਠੇ ਹੋਏ 'ਆਪ' ਦੇ ਹਮਾਇਤੀਆਂ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ।

ਦੋ ਹਫਤਿਆਂ ਦੇ ਵਕਫੇ ਬਾਅਦ ਹੀ ਇਥੇ ਰੌਇਲ ਪੈਲਸ ਰੈਸਟੋਰੈਂਟ ਵਿਚ ਕੀਤੇ ਗਏ ਇਸ ਦੂਸਰੇ ਸਮਾਗਮ ਨੂੰ ਸੰਬੋਧਨ ਕਰਦਿਆਂ ਉਘੇ ਸਮਾਜ ਸੇਵੀ ਰਾਜ ਬਡਵਾਲ ਨੇ ਪੰਜਾਬ ਵਿਚ ਚੱਲ ਰਹੇ ਪਾਰਟੀ ਦੇ ਚੋਣ ਪ੍ਰਚਾਰ ਬਾਰੇ ਤਫਸੀਲ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਰ ਪੰਜਾਬ ਵਿਚ ਪਹਿਲਾਂ ਦੇ ਉਲਟ ਨਸ਼ਿਆਂ ਤੇ ਨੋਟਾਂ ਦਾ ਜਾਦੂ ਨਹੀਂ ਚਲ ਸਕੇਗਾ। ਪੰਜਾਬ ਦੇ ਸਾਰੇ ਲੋਕ ਹਿਤੈਸ਼ੀ ਅਤੇ ਸੂਝਵਾਨ ਲੋਕਾਂ ਵਲੋਂ ਜਿਸ ਤਰ੍ਹਾਂ 'ਆਪ' ਦੇ ਉਮੀਦਵਾਰਾਂ ਨੂੰ ਅੱਖਾਂ 'ਤੇ ਬਿਠਾਇਆ ਜਾ ਰਿਹਾ ਹੈ ਅਤੇ ਉਹ ਕੇਜਰੀਵਾਲ ਦੇ ਸੰਭਾਵਿਤ ਪੰਜਾਬ ਦੌਰੇ ਨੂੰ ਜਿਵੇਂ ਬੇਸਬਰੀ ਨਾਲ ਉਡੀਕ ਰਹੇ ਨੇ, ਉਸ ਤੋਂ ਜਾਪਦਾ ਹੈ ਕਿ ਪੰਜਾਬ ਵਾਸੀ 'ਝਾੜੂ' ਦਾ ਜਾਦੂ ਚਲਾਉਣ ਲਈ ਕਿੰਨੇ ਉਤਾਵਲੇ ਹਨ।

ਇਸ ਸਮਾਗਮ ਵਿਚ ਕੈਲੀਫੋਰਨੀਆ ਦੇ ਵੱਖ ਵੱਖ ਹਿੱਸਿਆਂ ਤੋਂ ਡਾਕਟਰ, ਵਕੀਲ, ਬਿਜਨਸਮੈਨ, ਮੁਲਾਜ਼ਮ, ਲਿਖਾਰੀ, ਸਮਾਜ ਸੇਵੀ ਅਤੇ ਵਿਦਿਆਰਥੀ ਹਾਜ਼ਰ ਸਨ ਜਿਨ੍ਹਾਂ ਨੇ ਦਿਲ ਖੋਲ੍ਹ ਕੇ ਫੰਡ ਵਿਚ ਹਿੱਸਾ ਪਾਇਆ। ਕਈ ਉਤਸ਼ਾਹੀਆਂ ਨੇ ਹੱਥਾਂ ਵਿਚ ਮਾਟੋ ਚੁੱਕੇ ਹੋਏ ਸਨ, ਜਿਨ੍ਹਾਂ 'ਤੇ ਲਿਖਿਆ ਹੋਇਆ ਸੀ, 'ਕੇਜਰੀਵਾਲ-ਹਰ ਦਮ ਤੇਰੇ ਨਾਲ!' ਅਤੇ 'ਕੇਜਰੀਵਾਲ ਕ੍ਰਾਂਤੀ ਦਾ ਕ੍ਰਿਸ਼ਮਾ!'

ਇਸ ਮੌਕੇ ਪਾਰਟੀ ਦੇ ਦੂਜੇ ਕਨਵੀਨਰ ਦਿਲਾਵਰ ਸਿੰਘ ਚਾਹਲ ਨੇ ਲੋਕ ਸਭਾ ਹਲਕਾ ਪਟਿਆਲਾ ਦੇ ਉਮੀਦਵਾਰ ਸ੍ਰੀ ਧਰਮਵੀਰ ਗਾਂਧੀ ਨੂੰ ਫੋਨ ਰਾਹੀਂ ਇਕੱਠ ਦੇ ਰੂ-ਬ-ਰੂ ਕੀਤਾ। ਪ੍ਰਸਿੱਧ ਸ਼ਾਇਰ ਮੀਆਂ ਅਹਿਮਦ ਸ਼ਾਹ ਨੇ 'ਕੇਜਰੀਵਾਲ ਦੀ ਕੀਰਤੀ' ਨਾਂ ਦੀ ਭਾਵਪੂਰਤ ਕਵਿਤਾ ਤਰੰਨੁਮ ਵਿਚ ਪੇਸ਼ ਕੀਤੀ।

ਹੋਰਨਾਂ ਤੋਂ ਇਲਾਵਾ ਸਿੱਖ ਚਿੰਤਕ ਡਾ. ਹਰਬੰਸ ਸਿੰਘ ਸਰਾਂ, ਪ੍ਰਭਾਤ ਸ਼ਰਮਾ, ਪਰਾਮਿਲ ਗੁਪਤਾ ਅਤੇ ਪਰਵਾਜ਼ ਵਿਰਕ ਨੇ ਵੀ 'ਆਪ' ਬਾਰੇ ਆਪਣੇ ਜਜ਼ਬਾਤ ਜਾਹਰ ਕਰਦਿਆਂ ਹਾਜ਼ਰੀਨ ਨੂੰ ਇਸ ਪਾਰਟੀ ਨੂੰ ਹਰ ਤਰ੍ਹਾਂ ਦਾ ਸਮਰਥਨ ਦੇਣ ਦੀ ਅਪੀਲ ਕੀਤੀ।




# ਜੈਕਾਰਾ ਵੱਲੋਂ ਪਰਮਿੰਦਰ ਸਿੰਘ ਸ਼ੇਰਗਿੱਲ ਵਾਸਤੇ ਇਨਸਾਫ ਲਈ ਦਸਤਖਤੀ ਮੁਹਿੰਮ



**ਫਰੀਮਾਂਟ (ਬਿਊਰੋ):** ਜੈਕਾਰਾ ਮੂਵਮੈਂਟ ਨੇ ਲੋਡਾਈ ਦੇ ਵਸਨੀਕ ਪਰਮਿੰਦਰ ਸਿੰਘ ਸ਼ੇਰਗਿੱਲ, ਜੋ ਪੁਲਿਸ ਗੋਲੀ ਨਾਲ ਮਾਰੇ ਗਏ ਸਨ, ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਵਿੱਢੀ ਗਈ ਮੁਹਿੰਮ ਦੀ ਸ਼ੁਰੂਆਤ ਗੁਰਦੁਆਰਾ ਫਰੀਮਾਂਟ ਤੋਂ ਕੀਤੀ ਗਈ ਹੈ। ਲੰਘੇ ਐਤਵਾਰ ਹਫਤਾਵਾਰੀ ਦੀਵਾਨ ਦੌਰਾਨ ਜੈਕਾਰਾ ਮੂਵਮੈਂਟ ਦੇ ਭਾਈ ਅਮਨਜੀਤ ਸਿੰਘ ਨੇ ਗੁਰਦੁਆਰਾ ਪ੍ਰਬੰਧਕਾਂ ਅਤੇ ਸੇਵਾਦਾਰਾਂ ਨਾਲ ਮਿਲ ਕੇ ਇਨਸਾਫ ਵਾਸਤੇ ਤਿਆਰ ਕੀਤੀਆਂ ਦਰਖਾਸਤਾਂ ਉਤੇ ਸੰਗਤਾਂ ਦੇ ਦਸਤਖਤ ਕਰਵਾਏ।

ਜ਼ਿਕਰਯੋਗ ਹੈ ਕਿ ਪਰਮਿੰਦਰ ਸਿੰਘ ਸ਼ੇਰਗਿੱਲ ਅਮਰੀਕੀ ਫੌਜ ਦਾ ਸਾਬਕਾ ਫੌਜੀ ਸੀ ਜੋ ਜੰਗ ਦੇ ਅਸਰ ਕਰਕੇ ਮਾਨਸਿਕ ਰੋਗ ਦਾ ਸ਼ਿਕਾਰ ਸੀ, ਕਦੇ ਕਦੇ ਅਚਾਨਕ ਉਸ ਨੂੰ ਬੇਚੈਨੀ ਹੋ ਜਾਂਦੀ ਸੀ। ਇਕ ਦਿਨ ਅਜਿਹੀ ਬੇਚੈਨੀ ਦੇ ਦੌਰੇ ਸਮੇਂ ਪਰਿਵਾਰ ਨੇ ਸਹਾਇਤਾ ਲਈ ਪੁਲਿਸ ਨੂੰ ਫੋਨ ਕੀਤਾ ਤਾਂ ਪੁਲਿਸ ਨੇ ਉਸ ਨੂੰ ਗੁੱਸੇ ਭਰੀ ਹਾਲਤ ਵਿਚ ਦੇਖਦਿਆਂ ਗੋਲੀ ਮਾਰ ਦਿਤੀ। ਸਿੱਖ ਭਾਈਚਾਰੇ ਦਾ ਰੋਸ ਹੈ ਕਿ ਪੁਲਿਸ ਨੇ ਕਾਹਲ ਵਿਚ ਅਤੇ ਭੜਕਾਹਟ ਵਿਚ ਆ ਕੇ ਗੋਲੀ ਚਲਾਈ ਜਦੋਂਕਿ ਗੋਲੀ ਚਲਾਉਣ ਦੀ ਲੋੜ ਨਹੀਂ ਸੀ। ਇਸ ਦੇ ਉਲਟ ਉਸ ਨੂੰ ਕਾਬੂ ਕਰਕੇ ਹਸਪਤਾਲ ਪਹੁੰਚਾਉਣਾ ਚਾਹੀਦਾ ਸੀ। ਜੈਕਾਰਾ ਵਾਲਿਆਂ ਨੇ ਇਨਸਾਫ ਲਈ ਭਾਈਚਾਰੇ ਅੱਗੇ ਬੇਨਤੀ ਪੱਤਰ ਭਰਵਾਉਣਾ ਸ਼ੁਰੂ ਕੀਤੇ ਹਨ, ਤਾਂ ਕਿ ਪੂਰੀ ਤਰ੍ਹਾਂ ਨਿਆਂ ਕਰਵਾਇਆ ਜਾਵੇ ਤੇ ਪੁਲਿਸ ਨੂੰ ਬਿਨਾਂ ਕਿਸੇ ਕਾਰਨ ਇਕ ਸਿੱਖ ਨੂੰ ਗੋਲੀ ਮਾਰਨ ਲਈ ਇਨਸਾਫ ਦੇ ਕਟਹਿਰੇ ਵਿਚ ਖੜਾ ਕੀਤਾ ਜਾਵੇ ਤਾਂ ਕਿ ਮੁੜ ਅਜਿਹੀ ਦੁਖਦਾਈ ਘਟਨਾ ਨਾ ਵਾਪਰੇ। ਇਸ ਵਾਸਤੇ ਇੰਟਰਨੈਟ ਉਤੇ ਵੀ ਪਟੀਸ਼ਨ ਉਤੇ ਦਸਤਖਤ ਕੀਤੇ ਜਾ ਸਕਦੇ ਹਨ। ਹੋਰ ਜਾਣਕਾਰੀ ਲਈ ਅਮਨਦੀਪ ਸਿੰਘ ਨਾਲ ਫੋਨ 408-644-0312 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਵੱਸਣ ਸਿੰਘ ਜ਼ਫਰਵਾਲ ਨੂੰ ਆਰਜ਼ੀ ਜ਼ਮਾਨਤ

**ਧਾਰੀਵਾਲ:** ਖ਼ਾਲਿਸਤਾਨ ਕਮਾਂਡੋ ਫੋਰਸ ਦੇ ਸਾਬਕਾ ਚੀਫ਼ ਜਥੇਦਾਰ ਵੱਸਣ ਸਿੰਘ ਜ਼ਫਰਵਾਲ ਨੂੰ ਐਸ.ਡੀ.ਐਮ. ਗੁਰਦਾਸਪੁਰ ਦੀ ਅਦਾਲਤ ਵਿਚੋਂ ਆਰਜ਼ੀ ਜ਼ਮਾਨਤ ਮਿਲ ਗਈ।

ਲੋਕ ਸਭਾ ਚੋਣਾਂ ਦੌਰਾਨ ਕਿਸੇ ਕਿਸਮ ਦੀ ਗੜਬੜੀ ਨਾ ਹੋਣ ਨੂੰ ਲੈ ਕੇ ਅਗਾਊ ਪ੍ਰਬੰਧਾਂ ਤਹਿਤ ਪੁਲਿਸ ਥਾਣਾ ਧਾਰੀਵਾਲ ਨੇ ਐਸ.ਡੀ.ਐਮ. ਗੁਰਦਾਸਪੁਰ ਨੂੰ ਜਥੇਦਾਰ ਵੱਸਣ ਸਿੰਘ ਜ਼ਫਰਵਾਲ ਸਬੰਧੀ ਧਾਰਾ 107 ਤੇ 150 ਤਹਿਤ ਕਾਰਵਾਈ ਲਈ ਰਿਪੋਰਟ ਭੇਜੀ ਹੋਈ ਸੀ ਜਿਸ ਤਹਿਤ ਵੱਸਣ ਸਿੰਘ ਐਸ.ਡੀ.ਐਮ. ਮਨਮੋਹਨ ਸਿੰਘ ਕੰਗ ਦੀ ਅਦਾਲਤ ਵਿਚ ਪੇਸ਼ ਹੋਏ ਜਿਥੇ ਉਨ੍ਹਾਂ ਨੂੰ ਆਰਜ਼ੀ ਜ਼ਮਾਨਤ ਦਿੱਤੀ ਗਈ ਤੇ ਪੱਕੀ ਜ਼ਮਾਨਤ ਲਈ 16 ਅਪਰੇਲ ਦੀ ਤਰੀਕ ਪਾ ਦਿੱਤੀ ਗਈ।

# ਪੰਜਾਬ ਤੇ ਸਿੱਖਾਂ ਦੇ ਹਿੱਤ ਵਿਚ ਨਹੀਂ ਮੋਦੀ: ਸਿੱਖ ਮੂਵਮੈਂਟ

**ਜਲੰਧਰ:** ਯੂਨਾਈਟਿਡ ਸਿੱਖ ਮੂਵਮੈਂਟ ਨੇ ਭਾਜਪਾ ਵੱਲੋਂ ਪੇਸ਼ ਚੋਣ ਮਨੋਰਥ ਪੱਤਰ 'ਚ ਐਲਾਨੇ ਤਿੰਨ ਅਹਿਮ ਮੁੱਦਿਆਂ- ਮੰਦਿਰ ਬਣਾਉਣਾ, ਦੇਸ਼ 'ਚ ਇਕਸਾਰ ਕੋਡ ਲਾਗੂ ਕਰਨ ਅਤੇ ਧਾਰਾ 370 ਖ਼ਤਮ ਕਰਨ ਨੂੰ ਪੰਜਾਬ ਅਤੇ ਘੱਟ-ਗਿਣਤੀਆਂ ਵਿਰੋਧੀ ਕਰਾਰ ਦਿੰਦਿਆਂ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਅਜਿਹੇ ਫ਼ਿਰਕਾਪ੍ਰਸਤ ਮਨਸ਼ਿਆਂ ਵਾਲੇ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਨ ਤੋਂ ਰੋਕਿਆ ਜਾਵੇ ਅਤੇ ਇਮਾਨਦਾਰ, ਵੱਧ ਅਧਿਕਾਰਾਂ ਦੇ ਹਾਮੀ ਤੇ ਘੱਟ-ਗਿਣਤੀਆਂ, ਪੱਛੜੇ ਵਰਗਾਂ ਦੇ ਹੱਕ 'ਚ ਆਵਾਜ਼ ਉਠਾਉਣ ਵਾਲੇ ਉਮੀਦਵਾਰਾਂ ਦੀ ਮਦਦ ਕੀਤੀ ਜਾਵੇ।

ਮੂਵਮੈਂਟ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਇਥੇ ਜਾਰੀ ਬਿਆਨ 'ਚ ਕਿਹਾ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਦਰਬਾਰ ਸਾਹਿਬ ਉੱਪਰ ਹਮਲੇ ਬਾਰੇ ਸਿਆਸੀ ਰੋਟੀਆਂ ਸੇਕਣ ਲੱਗੇ ਹੋਏ ਹਨ; ਹਕੀਕਤ ਇਹ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ, ਲਾਲ ਕ੍ਰਿਸ਼ਨ ਅਡਵਾਨੀ ਤੇ ਸ. ਪ੍ਰਕਾਸ਼ ਸਿੰਘ ਬਾਦਲ ਸਾਕਾ ਨੀਲਾ ਤਾਰਾ ਲਈ ਜ਼ਿੰਮੇਵਾਰ ਸਨ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਹਰ ਚੋਣ ਵਿਚ 1984 ਦੇ ਪੀੜਤਾਂ ਦੇ ਨਾਂ ਉਪਰ ਵੋਟਾਂ ਹਾਸਲ ਕਰਨ ਲਈ ਉਨ੍ਹਾਂ ਦੇ ਅੱਲੇ ਜ਼ਖ਼ਮਾਂ ਉੱਪਰ ਲੂਣ ਛਿੜਕਦੀਆਂ ਹਨ, ਪਰ ਇਨ੍ਹਾਂ ਨੇ ਪੀੜਤ ਪਰਿਵਾਰਾਂ ਦੀ ਕਦੇ ਸਾਰ ਨਹੀਂ ਲਈ। ਭਾਜਪਾ ਆਗੂ ਅਰੁਣ ਜੇਤਲੀ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਦਰ ਬਣੀ ਸ਼ਹੀਦੀ ਯਾਦਗਾਰ ਬਣਾਏ ਜਾਣ ਦਾ ਵਿਰੋਧ ਕਰਨ ਦੇ ਬਿਆਨ ਉੱਪਰ ਹੈਰਾਨੀ ਜ਼ਾਹਰ ਕਰਦਿਆਂ ਉਨ੍ਹਾਂ ਭਾਜਪਾ ਨੇਤਾਵਾਂ ਨੂੰ ਸੁਆਲ ਕੀਤਾ ਕਿ ਤੁਸੀਂ ਸੈਂਕੜੇ ਸਾਲ ਪਹਿਲਾਂ ਬਣੀ ਬਾਬਰੀ ਮਸਜਿਦ ਨੂੰ ਨਹੀਂ ਭੁੱਲੇ, ਤੇ ਸਿੱਖਾਂ ਨੂੰ 25 ਸਾਲ ਪਹਿਲਾਂ ਵਾਪਰੇ ਦਰਦਨਾਕ ਕਾਂਡ ਨੂੰ ਭੁਲਾ ਦੇਣ ਦੀਆਂ ਗੱਲਾਂ ਕਰ ਰਹੇ ਹੋ। ਉਨ੍ਹਾਂ ਅਕਾਲੀ ਨੇਤਾਵਾਂ ਉੱਪਰ ਪੰਜਾਬ ਅਤੇ ਸਿੱਖਾਂ ਦੇ ਹਿੱਤ ਭੁਲਾ ਕੇ ਭਾਜਪਾ ਦੀ ਚਾਕਰੀ ਕਰਨ ਦਾ ਦੋਸ਼ ਲਗਾਇਆ ਹੈ।

# ਭਾਰਤੀ ਜਨਤਾ ਪਾਰਟੀ ਨੇ ਅਕਾਲੀਆਂ ਨੂੰ ਦਿਖਾਈਆਂ ਅੱਖਾਂ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਪੰਜਾਬ ਇਕਾਈ ਦੇ ਸੀਨੀਅਰ ਆਗੂ ਅਤੇ ਕਈ ਮੰਤਰੀ ਅਕਸਰ ਰਾਜ ਸਰਕਾਰ ਵਿਚ ਵੱਡੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਣਦੇਖੀ ਕੀਤੇ ਜਾਣ ਬਾਰੇ ਸ਼ਿਕਾਇਤਾਂ ਕਰਦੇ ਰਹਿੰਦੇ ਹਨ ਪਰ ਇਸ ਵਾਰ ਭਾਜਪਾ ਨੇ ਆਪਣੇ ਮਹੀਨਾਵਾਰ ਪੰਜਾਬੀ ਮੈਗਜ਼ੀਨ 'ਕਮਲ ਸੁਨੇਹਾ' ਰਾਹੀਂ ਰਾਜ ਦੇ ਅਧਿਕਾਰੀਆਂ ਅਤੇ ਪ੍ਰਸ਼ਾਸਨ ਵਿਰੁਧ ਭੜਾਸ ਕੱਢੀ ਹੈ।

ਮੈਗਜ਼ੀਨ ਦੇ ਤਾਜ਼ਾ ਅੰਕ ਵਿਚ ਪੰਜਾਬ ਦੀ ਅਫਸਰਸ਼ਾਹੀ ਵੱਲੋਂ ਕੀਤੀਆਂ ਜਾ ਰਹੀਆਂ ਮਨਮਾਨੀਆਂ ਅਤੇ ਭਾਜਪਾ ਆਗੂਆਂ ਤੇ ਵਰਕਰਾਂ ਨਾਲ ਕੀਤੇ ਜਾ ਰਹੇ ਮਾੜੇ ਸਲੂਕ ਬਾਰੇ ਦੱਸਿਆ ਗਿਆ ਹੈ। ਡਾ. ਪਰਮਜੀਤ ਸਿੰਘ ਵੱਲੋਂ ਲਿਖੀ ਗਈ ਸੰਪਾਦਕੀ ਵਿਚ ਕਿਹਾ ਗਿਆ ਹੈ ਕਿ ਸਰਕਾਰ ਵੱਲੋਂ ਕੇਵਲ ਅਮੀਰਾਂ ਅਤੇ ਤਾਕਤਵਰਾਂ ਦੀ ਪ੍ਰਵਾਹ ਕੀਤੀ ਜਾਂਦੀ ਹੈ ਅਤੇ ਆਮ ਲੋਕਾਂ ਦੀ ਭਲਾਈ ਨੂੰ ਛਿੱਕੇ ਟੰਗ ਦਿੱਤਾ ਜਾਂਦਾ ਹੈ।

ਯਾਦ ਰਹੇ ਕਿ ਭਾਜਪਾ ਵੱਲੋਂ ਪਹਿਲਾਂ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਨੀਤੀ ਸਬੰਧੀ ਮਾਮਲਿਆਂ ਵਿਚ ਉਨ੍ਹਾਂ ਦੀ ਪੁੱਛ-ਪ੍ਰਤੀਤ ਨਾ ਕੀਤੇ ਜਾਣ ਬਾਰੇ ਸ਼ਿਕਵੇ ਪ੍ਰਗਟਾਏ ਜਾਂਦੇ ਰਹੇ ਹਨ, ਭਾਵੇਂ ਉਹ ਐਡਵਾਸ ਟੈਕਸ ਲਾਗੂ ਕਰਨ ਦਾ ਮਾਮਲਾ ਹੋਵੇ ਜਾਂ ਪ੍ਰਾਪਰਟੀ ਟੈਕਸ ਦਾ ਮੁੱਦਾ ਹੋਵੇ। ਇਹ ਪਹਿਲੀ ਵਾਰ ਹੈ ਜਦੋਂ ਪਾਰਟੀ ਦੇ ਮੈਗਜ਼ੀਨ ਨੇ ਖੁੱਲ੍ਹ ਕੇ 'ਪੰਜਾਬ ਵਿਚ ਮਾੜਾ ਰਾਜ ਪ੍ਰਬੰਧ' ਹੋਣ ਦੀ ਗੱਲ ਕਹੀ ਹੈ। ਸੰਪਾਦਕੀ ਵਿਚ ਕਿਹਾ ਗਿਆ ਹੈ ਕਿ ਅਫਸਰਸ਼ਾਹੀ ਚੰਗੇ ਪ੍ਰਬੰਧਨ ਵਿਚ ਨਾ ਕੇਵਲ ਅੜਿੱਕੇ ਡਾਹ ਰਹੀ ਹੈ ਬਲਕਿ ਲੋਕਾਂ ਨੂੰ ਸਰਕਾਰ ਖ਼ਿਲਾਫ਼ ਭੜਕਾ ਵੀ ਰਹੀ ਹੈ। ਸੰਪਾਦਕੀ ਵਿਚ ਅੱਗੇ ਵੇਰਵੇ ਦਿੱਤੇ ਗਏ ਹਨ ਕਿ ਕਿਸ ਤਰ੍ਹਾਂ ਬਰਨਾਲਾ ਦੇ ਡਿਪਟੀ ਕਮਿਸ਼ਨਰ ਵੱਲੋਂ ਭਾਜਪਾ ਆਗੂਆਂ ਦੀ ਬੇਨਤੀ ਮੰਨਣ ਤੋਂ ਇਨਕਾਰ ਕੀਤਾ ਗਿਆ ਅਤੇ ਮੰਗ ਪੱਤਰ ਪਾੜ ਕੇ ਉਨ੍ਹਾਂ ਦਾ ਅਪਮਾਨ ਕੀਤਾ ਗਿਆ। ਅਜਿਹੀ ਹੀ ਇੱਕ ਹੋਰ ਘਟਨਾ ਦੇ ਵੇਰਵੇ ਦੇ ਕੇ ਦੱਸਿਆ ਗਿਆ ਹੈ ਕਿ ਬਠਿੰਡਾ ਵਿਚ ਪਹਿਲਾਂ ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਦੀ ਬੁਰੀ ਤਰ੍ਹਾਂ ਕੁੱਟ-ਮਾਰ ਕੀਤੀ ਗਈ ਅਤੇ ਬਾਅਦ ਵਿਚ ਪੁਲਿਸ ਸਟੇਸ਼ਨ ਲਿਜਾ ਕੇ ਪੁੱਛ ਪੜਤਾਲ ਕੀਤੀ ਗਈ। ਸੰਪਾਦਕੀ ਮੁਤਾਬਕ ਪੁਲਿਸ ਵਿਭਾਗ ਸਭ ਤੋਂ ਮਾੜਾ ਹੈ ਅਤੇ ਉੱਚ ਪੁਲਿਸ ਅਫਸਰ ਪਾਰਟੀ ਆਗੂਆਂ ਦੀ ਵੀ ਗੱਲ ਨਹੀਂ ਸੁਣਦੇ।

ਅਖ਼ੀਰ ਵਿਚ ਕਿਹਾ ਗਿਆ ਹੈ ਕਿ ਭਾਵੇਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਦੂਜੀ ਵਾਰ ਗੱਠਜੋੜ ਨੇ ਜਿੱਤ ਪ੍ਰਾਪਤ ਕੀਤੀ ਹੈ ਪਰ ਉਸ ਦਾ ਸੂਬੇ ਵਿਚ ਅਗਲੇ 25 ਸਾਲਾਂ ਤੱਕ ਰਾਜ ਕਰਨ ਦਾ ਸੁਪਨਾ ਤਾਂ ਹੀ ਸੰਭਵ ਹੈ, ਜੇ ਅਕਾਲੀ ਅਤੇ ਭਾਜਪਾ ਆਗੂਆਂ ਨੂੰ ਉਨ੍ਹਾਂ ਦਾ ਬਣਦਾ ਮਾਣ ਦਿੱਤਾ ਜਾਵੇ ਅਤੇ ਆਮ ਆਦਮੀ ਦੀਆਂ ਸਮੱਸਿਆਵਾਂ ਦਾ ਹੱਲ ਹੋਵੇ।

# ਬਾਜਵਾ ਖਾਨਦਾਨੀ ਸਮਗਲਰ: ਮਜੀਠੀਆ

**ਜਲੰਧਰ:** ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਹ 'ਖਾਨਦਾਨੀ ਸਮਗਲਰ' ਹਨ। ਬਾਜਵਾ ਨਸ਼ਿਆਂ ਦੀ ਹੀ ਸਮਗਲਿੰਗ ਨਹੀਂ ਕਰਦੇ, ਸਗੋਂ ਹੋਰ ਵੀ ਕਈ ਚੀਜ਼ਾਂ ਦੀ ਸਮਗਲਿੰਗ ਕਰਦੇ ਹਨ।

ਸ੍ਰੀ ਮਜੀਠੀਆ ਨੇ ਦਾਅਵਾ ਕੀਤਾ ਕਿ ਪ੍ਰਤਾਪ ਸਿੰਘ ਬਾਜਵਾ ਦਾ ਸਮਗਲਿੰਗ ਨਾਲ ਪੁਰਾਣਾ ਰਿਸ਼ਤਾ ਹੈ। ਇਸ ਵਿਚ ਉਹ ਇਕੱਲੇ ਨਹੀਂ, ਸਗੋਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਸ਼ਾਮਲ ਰਹੇ ਹਨ। ਉਨ੍ਹਾਂ ਇਹ ਦੋਸ਼ ਵੀ ਲਾਇਆ ਕਿ ਸਿੰਥੈਟਿਕ ਡਰੱਗ ਦੇ ਮਾਮਲੇ 'ਚ ਫੜਿਆ ਗਿਆ ਜਗਦੀਸ਼ ਭੋਲਾ ਆਪਣੇ ਸੂਤਰਾਂ ਰਾਹੀਂ ਬਾਜਵਾ ਦੇ ਸੰਪਰਕ ਵਿਚ ਹੈ ਪਰ ਹੁਣ ਕਾਂਗਰਸ ਉਨ੍ਹਾਂ (ਮਜੀਠੀਆ) ਨੂੰ ਨਸ਼ਿਆਂ ਦੇ ਕਾਰੋਬਾਰ ਨਾਲ ਜੋੜਨ ਦੀ ਸਾਜ਼ਿਸ਼ ਰਚ ਰਹੀ ਸੀ। ਜ਼ਿਕਰਯੋਗ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਸ. ਬਾਜਵਾ ਆਪਣੀ ਚੋਣ ਮੁਹਿੰਮ ਦੌਰਾਨ ਇਸ ਗੱਲ ਨੂੰ ਵਾਰ ਵਾਰ ਉਭਾਰ ਰਹੇ ਹਨ ਕਿ ਪੰਜਾਬ ਵਿਚ ਨਸ਼ਿਆਂ ਦੇ ਕਾਰੋਬਾਰ ਦਾ ਮੁੱਖ ਸਰਗਨਾ ਮਜੀਠੀਆ ਹੀ ਹੈ।

ਇਸੇ ਦੌਰਾਨ ਭਾਜਪਾ ਦੇ ਸੂਬਾਈ ਪ੍ਰਧਾਨ ਕਮਲ ਸ਼ਰਮਾ ਨੇ ਕਿਹਾ ਹੈ ਕਿ ਬਾਜਵਾ ਵੱਲੋਂ 2017 ਵਿਚ ਆਪਣੇ ਆਪ ਨੂੰ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਪੇਸ਼ ਕਰਨ ਦਾ ਦਿੱਤਾ ਗਿਆ ਬਿਆਨ ਹਾਸੋਹੀਣਾ ਹੈ। ਉਨ੍ਹਾਂ ਕਿਹਾ ਕਿ ਚੋਣਾਂ 2014 ਦੀਆਂ ਲੜੀਆਂ ਜਾ ਰਹੀਆਂ ਹਨ, ਤੇ ਗੁਰਦਾਸਪੁਰ ਦੇ ਲੋਕਾਂ ਨੂੰ 2017 ਦੇ ਸੁਪਨੇ ਦਿਖਾ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ।


# ਮਜੀਠੀਆ ਬਠਿੰਡਾ 'ਚ ਚੋਣ ਪ੍ਰਚਾਰ ਲਈ ਕਾਹਲਾ

**ਬਠਿੰਡਾ:** ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲੋਂ ਆਪਣੀ ਭੈਣ ਹਰਸਿਮਰਤ ਕੌਰ ਬਾਦਲ ਦਾ ਹੁਕਮ ਵੱਡਾ ਹੈ। ਇਸ ਨੂੰ ਮੰਨਣ ਲਈ ਉਨ੍ਹਾਂ ਨੇ ਮੁੱਖ ਮੰਤਰੀ ਦੇ ਆਦੇਸ਼ ਵੀ ਨਜ਼ਰਅੰਦਾਜ਼ ਕਰ ਦਿੱਤੇ ਹਨ। ਉਹ ਬਠਿੰਡਾ ਹਲਕੇ ਵਿਚ ਪ੍ਰਚਾਰ ਕਰਨਗੇ ਹਾਲਾਂਕਿ ਮੁੱਖ ਮੰਤਰੀ ਨੇ ਉਨ੍ਹਾਂ ਦੀ ਡਿਊਟੀ ਮਾਝੇ ਵਿਚ ਪ੍ਰਚਾਰ ਲਈ ਲਾਈ ਹੋਈ ਹੈ।

ਦੱਸਣਯੋਗ ਹੈ ਕਿ ਜਦੋਂ ਮੁੱਖ ਮੰਤਰੀ ਨੇ ਹਰਸਿਮਰਤ ਬਾਦਲ ਦੇ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਐਨ ਮੌਕੇ 'ਤੇ ਬਿਕਰਮ ਸਿੰਘ ਮਜੀਠੀਆ ਨੂੰ ਦੇਖਿਆ ਤਾਂ ਉਨ੍ਹਾਂ ਜਨਤਕ ਤੌਰ 'ਤੇ ਆਖਿਆ, "ਕਾਕਾ ਜੀ, ਤੁਸੀਂ ਇੱਥੇ ਕਿਵੇਂ ਆ ਗਏ? ਤੁਸੀਂ ਅੰਮ੍ਰਿਤਸਰ ਜਾਓ।" ਅੱਗਿਓਂ ਮਜੀਠੀਆ ਨੇ ਕਿਹਾ, "ਭੈਣ ਦਾ ਹੁਕਮ ਸੀ।" ਬਾਦਲ ਨੇ ਆਖਿਆ, "ਮੁੱਖ ਮੰਤਰੀ ਮੈਂ ਹਾਂ, ਤੁਸੀਂ ਅੰਮ੍ਰਿਤਸਰ ਜੇਤਲੀ ਨਾਲ ਹੋਣੇ ਚਾਹੀਦੇ ਸੀ।" ਬਿਕਰਮ ਸਿੰਘ ਮਜੀਠੀਆ ਨੇ ਬਠਿੰਡਾ ਹਲਕੇ ਤੋਂ ਹਰਸਿਮਰਤ ਬਾਦਲ ਦੇ ਕਵਰਿੰਗ ਉਮੀਦਵਾਰ ਵਜੋਂ ਕਾਗ਼ਜ਼ ਦਾਖਲ ਕੀਤੇ ਸਨ। ਇਸ ਤਰ੍ਹਾਂ ਲੱਗਦਾ ਸੀ ਕਿ ਮੁੱਖ ਮੰਤਰੀ ਨੂੰ ਕਵਰਿੰਗ ਉਮੀਦਵਾਰ ਦਾ ਮੌਕੇ 'ਤੇ ਹੀ ਪਤਾ ਲੱਗਿਆ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਚੋਣ ਇੰਚਾਰਜ ਅਤੇ ਕੋਆਰਡੀਨੇਟਰ ਪਰਮਜੀਤ ਸਿੰਘ ਸੰਧਵਾਂ ਦਾ ਕਹਿਣਾ ਹੈ ਕਿ ਬਿਕਰਮ ਸਿੰਘ ਮਜੀਠੀਆ ਵੱਲੋਂ ਇੱਕ ਦੋ ਦਿਨਾਂ ਵਿਚ ਤਰੀਕਾਂ ਦੇ ਦਿੱਤੀਆਂ ਜਾਣਗੀਆਂ ਅਤੇ ਉਨ੍ਹਾਂ ਦੇ ਹਿਸਾਬ ਨਾਲ ਚੋਣ ਜਲਸਿਆਂ ਦਾ ਪ੍ਰੋਗਰਾਮ ਬਣਾਇਆ ਜਾਵੇਗਾ। ਉਨ੍ਹਾਂ ਦੇ ਬਠਿੰਡਾ ਹਲਕੇ ਵਿਚ ਆਉਣ ਬਾਰੇ ਗੱਲ ਹੋ ਗਈ ਹੈ ਅਤੇ ਉਹ ਮਾਨਸਾ ਤੇ ਬਠਿੰਡਾ ਵਿਚ ਜਲਸਿਆਂ ਨੂੰ ਸੰਬੋਧਨ ਕਰਨਗੇ। ਚੇਤੇ ਰਹੇ ਕਿ ਬਿਕਰਮ ਸਿੰਘ ਮਜੀਠੀਆ 22 ਅਤੇ 25 ਮਾਰਚ ਨੂੰ ਬਠਿੰਡਾ ਜ਼ਿਲ੍ਹੇ ਵਿਚ ਚੋਣ ਜਲਸਿਆਂ ਨੂੰ ਸੰਬੋਧਨ ਕਰ ਚੁੱਕੇ ਹਨ। ਪਿਛਲੇ ਦਿਨੀਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਉਦੋਂ ਅੰਦਰੋਂ ਅੰਦਰੀਂ ਖਫ਼ਾ ਹੋ ਗਏ ਸਨ ਜਦੋਂ ਬਿਕਰਮ ਸਿੰਘ ਮਜੀਠੀਆ ਨੇ ਸਾਬਕਾ ਵਿਧਾਇਕ ਜੀਤ ਮਹਿੰਦਰ ਸਿੰਘ ਦੇ ਸਿਆਸੀ ਪ੍ਰੋਗਰਾਮ ਵਿਚ ਉਸ ਵਿਅਕਤੀ ਨੂੰ ਪਾਰਟੀ ਵਿਚ ਸ਼ਾਮਲ ਕਰਨ ਵਾਸਤੇ ਸਿਰੋਪਾ ਦੇ ਦਿੱਤਾ ਜਿਸ 'ਤੇ ਕੇਸ ਦਰਜ ਹਨ। ਹਰਸਿਮਰਤ ਦੇ ਵਿਰੋਧੀ ਮਨਪ੍ਰੀਤ ਸਿੰਘ ਬਾਦਲ ਨੇ ਨਸ਼ਿਆਂ ਨੂੰ ਚੋਣ ਮੁੱਦਾ ਬਣਾਇਆ ਹੋਇਆ ਹੈ ਜਿਸ ਕਰ ਕੇ ਮੁੱਖ ਮੰਤਰੀ ਦੀ ਇਹ ਇੱਛਾ ਦੱਸੀ ਜਾਂਦੀ ਹੈ ਕਿ ਮਜੀਠੀਆ ਬਠਿੰਡਾ ਹਲਕੇ ਤੋਂ ਦੂਰ ਹੀ ਰਹਿਣ।


*To Advertise with Punjab Times*
***Call: 847-359-0746***

Jammu Chiropractic
ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?
ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

We Accept Personal Injury (PI) Cases
Medicare & Most Private Insurances Accepted

Contact: Dr. Baljit Jammu
Doctor of Chiropractic
Ph: 510-940-8236
1090 La Playa Dr., Hayward CA 94545

Truck Driver's Drug Testing
ਤੁਹਾਡੇ ਕੰਮ ਦੀ ਥਾਂ 'ਤੇ ਪ੍ਰਾਈਵੇਸੀ ਵਿਚ ਡਰਗ ਟੈਸਟਿੰਗ
- DOT ਅਤੇ Non-DOT ਆਨ ਸਾਈਟ ਡਰਗ ਕੁਲੈਕਸ਼ਨ
- ਸ਼ਰਾਬ ਦੀ ਸਾਹ ਰਾਹੀਂ ਟੈਸਟਿੰਗ
- ਸਰਟੀਫਾਈਡ ਪ੍ਰੋਫੈਸ਼ਨਲ ਕੁਲੈਕਟਰ
- ਆਫ ਸਾਈਟ ਫੈਸਿਲਿਟੀ ਤੇ ਕੋਈ ਉਡੀਕ ਨਹੀਂ
- DOT ਤੋਂ ਮਾਨਤਾ ਪ੍ਰਾਪਤ ਟੈਸਟਿੰਗ ਸੈਂਟਰ
- MRO ਸਰਵਿਸ
- ਭਰੋਸੇਯੋਗ, ਫੌਰੀ ਅਤੇ ਵਾਜਬ ਰੇਟ


ਅਸੀਂ ਤੁਹਾਡੇ ਪਾਸ ਖੁਦ ਆ ਸਕਦੇ ਹਾਂ
ਫੋਨ: 510-470-0268
www.MDTbayarea.com
MOBILE DRUGTESTING
Mobile Drug Testing
5178 Mowry Ave., Suite #2160, Fremont, CA 94538


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਸਮੂਹ ਪੰਜਾਬੀ ਭਾਈਚਾਰੇ ਨੂੰ ਗੁਰੂ ਰੂਪ ਖਾਲਸਾ ਜੀ ਦੇ ਜਨਮ ਦਿਹਾੜੇ ਅਤੇ ਵਿਸਾਖੀ ਦੀ

# ਲੱਖ-ਲੱਖ ਵਧਾਈ



ਥਿਆੜਾ ਪਰਿਵਾਰ

## ਸਰਬਜੀਤ ਸਿੰਘ ਥਿਆੜਾ (530) 682-5861

ਅਤੇ ਪਰਿਵਾਰ, ਯੂਬਾ ਸਿਟੀ, ਕੈਲੀਫੋਰਨੀਆ

# S & J Royal Inc.

## Golden Valley Fruit Packing


ਗੁਰਦੁਆਰਾ ਗੁਰੂ ਅੰਗਦ ਦਰਬਾਰ
ਬੇਕਰਸਫੀਲਡ
ਖਾਲਸਾ ਪੰਥ ਦੇ ਸਿਰਜਨਾ ਦਿਵਸ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਅਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦੇ ਹੋਏ, ਸਮੂਹ ਸੰਗਤਾਂ ਦੇ ਸਹਯੋਗ ਨਾਲ ਬੜੀ ਧੂਮ ਧਾਮ ਨਾਲ
ਮਹਾਨ ਨਗਰ ਕੀਰਤਨ
20 ਅਪ੍ਰੈਲ ਦਿਨ ਐਤਵਾਰ ਨੂੰ ਹੋ ਰਿਹਾ ਹੈ । ਜਿਸ ਵਿਚ ਸਿੱਖ ਧਰਮ ਦੇ ਮਹਾਨ ਕੀਰਤਨੀਏ, ਕਥਾਵਾਚਕ,ਢਾਡੀ, ਪ੍ਰਚਾਰਕ ਅਤੇ ਸੂਝਵਾਨ ਬੁਲਾਰੇ ਹਿੱਸਾ ਲੈਣਗੇ ।
ਪ੍ਰੋਗਰਾਮ
19 ਅਪ੍ਰੈਲ ਦਿਨ ਸ਼ਨੀਵਾਰ ਸ਼ਾਮ ਨੂੰ 6 ਵਜੇ ਤੋਂ ਲੈਕੇ 10 ਵਜੇ ਤੱਕ ਦੀਵਾਨ ਸਜਣਗੇ ਅਤੇ 20 ਅਪ੍ਰੈਲ ਦਿਨ ਐਤਵਾਰ ਸਵੇਰ ਦੇ ਦੀਵਾਨ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ, ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਅਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ । ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ ਜੀ ।
ਅੰਮ੍ਰਿਤ ਸੰਚਾਰ
ਸ਼ੁੱਕਰਵਾਰ 18 ਅਪ੍ਰੈਲ 1:00 ਵਜੇ
ਭਾਈ ਅਜਮੇਰ ਸਿੰਘ ਜੀ
ਢਾਡੀ ਜੱਥਾ ਭਾਈ ਬਲਕਾਰ ਸਿੰਘ ਜੀ ਚੋਲਾ
ਭਾਈ ਸਰਬਜੀਤ ਸਿੰਘ ਜੀ
ਭਾਈ ਹਰਿਾ ਸਿੰਘ ਜੀ ਅਤੇ ਸਾਥੀ(ਹਜੂਰੀ ਜਥਾਂ)
ਭਾਈ ਜਸਮੇਰ ਸਿੰਘ ਜੀ
ਨਗਰ ਕੀਰਤਨ ਦਾ ਰੂਟ ਗੁਰਦੁਆਰਾ ਸਾਹਿਬ ਤੋਂ ਹਾਸਕਿੰਗ ਸੱਜੇ, ਐਕਰਸ ਰੋਡ ਤੋਂ ਸੱਜੇ, ਮੈਕੀ ਤੋਂ ਸੱਜੇ, ਸਟਾਈਨ ਰੋਡ ਤੋਂ ਸੱਜੇ, ਵਾਪਸ ਗੁਰਦੁਆਰਾ ਸਹਿਬ ਜੀ ।
ਨਗਰ ਕੀਰਤਨ ਬਾਰੇ ਕਿਸੇ ਵੀ ਕਿਸਮ ਦੀ ਜਾਨਕਾਰੀ ਲਈ ਕਾਲ ਕਰੋ
ਜਸਵਿੰਦਰ ਸਿੰਘ (661)345-3088
ਰਸ਼ਪਾਲ ਸਿੰਘ ਮੰਨਣ 661-900-2878
ਕਥਾ ਵਾਚਕ ਭਾਈ ਸਰਬਜੀਤ ਸਿੰਘ,ਲੁਧਿਆਣੇ ਵਾਲੇ।
ਕਥਾ ਵਾਚਕ ਭਾਈ ਅਜਮੇਰ ਸਿੰਘ, ਗੁਰੂ ਅੰਗਦ ਦਰਬਾਰ।
ਢਾਡੀ ਜੱਥਾ ਭਾਈ ਬਲਕਾਰ ਸਿੰਘ ਜੀ ਚੋਲਾ
ਭਾਈ ਹੀਰਾ ਸਿੰਘ ਜੀ(ਹਜੂਰੀ ਰਾਗੀ ਜੱਥਾ), ਹੈਡ ਗ੍ਰੰਥੀ ਭਾਈ ਜਸਮੇਰ ਸਿੰਘ ਜੀ
ਲੰਗਰ ਸਟਾਲ ਦੀ ਸੇਵਾ
ਜਸਵਿੰਦਰ ਸਿੰਘ 661-345-3088
ਹਰਪਿੰਦਰ ਸਿੰਘ 661-364-9883
ਰਣਬੀਰ ਸਿੰਘ ਰਾਣਾ 661-246-8280
ਜਸਵੰਤ ਸਿੰਘ 661-472-6706
ਫਲੋਟ ਲਗਵਾਉਣ ਦੀ ਸੇਵਾ
ਜਗਤਾਰ ਸਿੰਘ ਗਿੱਲ 661-900-7466
ਹਰਜਾਪ ਸਿੰਘ 661-201-8794
ਸੁਰਿੰਦਰ ਸਿੰਘ ਬਸਰਾ 661-444-7799
ਗੁਰੂ ਕੇ ਲੰਗਰ ਦੀ ਸੇਵਾ
ਪ੍ਰਿਤਪਾਲ ਸਿੰਘ 661-204-0095
ਜਗਪਾਲ ਸਿੰਘ ਸਿੱਧੂ 661-706-6339
ਦੁਕਾਨਾਂ ਦੀ ਸੇਵਾ
ਕਮਲਜੀਤ ਸਿੰਘ ਢਿੱਲੋ 661-247-7798
ਰਸ਼ਪਾਲ ਸਿੰਘ ਮੰਨਣ 661-900-2878
ਫਲੋਟ ਸਜਾਉਣ ਦੀ ਸੇਵਾ
ਦਲਜਿੰਦਰ ਸਿੰਘ ਚੋਹਾਨ 661-203-8050
ਕਮਲਜੀਤ ਸਿੰਘ ਢਿੱਲੋ 661-247-7798
ਰਣਜੀਤ ਸਿੰਘ 661-889-8200
ਦਾਨੀ ਸੱਜਣ ਸੰਪਰਕ ਕਰਨ
ਸੇਵਾ ਸਿੰਘ 661-204-3294
ਮਨਦੀਪ ਸਿੰਘ 661-340-6747
ਦਲਜਿੰਦਰ ਸਿੰਘ ਚੋਹਾਨ 661-203-8050
ਪੰਜ ਪਿਆਰਿਆਂ ਦੀ ਸੇਵਾ
ਅਮਰਜੀਤ ਸਿੰਘ 661-246-6038
ਦਲਜੀਤ ਸਿੰਘ ਖਾਲਸਾ 661-319-6039
ਗਿ:ਗੁਰਚਰਨ ਸਿੰਘ 661-472-2638
ਸਹਿਯੋਗ
ਸਮੂਹ ਸੰਗਤ ਬੇਕਰਸਫੀਲਡ ਸਿੱਖ ਟੈਂਪਲ । ਗੁਰ ਨਾਨਕ ਮਿਸ਼ਨ ਸਿੱਖ ਸੈਂਟਰ, ਬੇਕਰਸਫੀਲਡ, ਗੁਰਦਵਾਰਾ ਗੁਰ ਦਸਮੇਸ਼ ਦਰਬਾਰ,ਬੇਕਰਸਫੀਲਡ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ ਬੇਕਰਸਫੀਲਡ, ਗੁਰੂ ਰਾਮਦਾਸ ਅਕੈਡਮੀ, ਬੇਕਰਸਫੀਲਡ, ਪੰਜਾਬੀ ਅਮੇਰਿਕਨ ਸੀਨੀਅਰ ਸਿਟੀਜ਼ਨ ਸੈਂਟਰ ਆਫ ਬੇਕਰਸਫੀਲਡ।
DESIGNED & PRINTED BY NK SIGNS OF BAKERSFIELD, CA • 661-978-7319

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ

Silicon Valley Gurdwara

ਸੰਗਤ ਦਾ ਗੁਰਦੁਆਰਾ

# ਸਿਲੀਕਾਨ ਵੈਲੀ ਗੁਰਦੁਆਰਾ, ਸੈਂਟਾ ਕਲਾਰਾ, ਕੈਲੀਫੋਰਨੀਆ

## ਖਾਲਸਾ ਜੀ ਦੇ ਸਿਰਜਣਾ ਦਿਵਸ ਦੀ ਸਮੂਹ ਸੰਗਤਾਂ ਨੂੰ

# ਕੋਟਾਨਿ ਕੋਟਿ ਵਧਾਈ

ਸੈਂਟਾ ਕਲਾਰਾ ਕੈਲੀਫੋਰਨੀਆ ਦੇ ਸਮੂਹ ਪ੍ਰਬੰਧਕੀ ਸੇਵਾਦਾਰਾਂ ਵਲੋਂ ਖਾਲਸਾ ਸਾਜਨਾ ਦਿਵਸ 'ਤੇ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਦੇਣ ਨੂੰ ਯਾਦ ਕਰਦਿਆਂ ਪਵਿੱਤਰ ਇਤਿਹਾਸਕ ਦਿਹਾੜੇ ਵਿਸਾਖੀ ਦੀ ਸਮੂਹ ਸੰਗਤ ਨੂੰ ਲਖ ਲਖ ਵਧਾਈ ਹੋਵੇ

ਇਸ ਮਹਾਨ ਪਵਿੱਤਰ ਤੇ ਇਤਿਹਾਸਕ ਦਿਨ ਹੀ ਪਿਛਲੇ ਸਾਲ ਸਿਲੀਕਾਨ ਵੈਲੀ ਗੁਰਦੁਆਰਾ ਸਾਹਿਬ ਲਈ ਨਵੀਂ ਇਮਾਰਤ ਦਾ ਉਦਘਾਟਨ ਕੀਤਾ ਗਿਆ ਸੀ। ਪਿਛਲੇ ਇਕ ਸਾਲ ਤੋਂ ਇਸ ਗੁਰਦੁਆਰਾ ਸਾਹਿਬ ਪੂਰਨ ਗੁਰ ਮਰਿਆਦਾ ਅਨੁਸਾਰ ਸਾਰੇ ਧਾਰਮਿਕ ਪ੍ਰੋਗਰਾਮ ਬੜੀ ਸਫਲਤਾ ਪੂਰਬ ਚਲ ਰਹੇ ਹਨ। ਹਰ ਰੋਜ਼ ਸਵੇਰੇ 5 ਵਜੇ ਤੋਂ ਸ਼ਾਮ 10 ਵਜੇ ਤੱਕ ਨਿਤਨੇਮ ਤੋਂ ਇਲਾਵਾ ਕਥਾ ਕੀਰਤਨ ਤੇ ਨਾਮ ਸਿਮਰਨ ਦੇ ਦੀਵਾਨ ਸਜਦੇ ਹਨ। ਗੁਰਦੁਆਰਾ ਸਾਹਿਬ ਵਿਚ ਪੰਜਾਬੀ ਸਕੂਲ ਚੱਲ ਰਿਹਾ ਹੈ। ਗੁਰਬਾਣੀ ਸੰਥਿਆ ਤੋਂ ਇਲਾਵਾ ਗੁਰਮਤਿ ਤੇ ਕੀਰਤਨ ਸਿਖਲਾਈ ਦੀਆਂ ਕਲਾਸਾਂ ਲਗਦੀਆਂ ਹਨ। ਸਿਟੀਜ਼ਨਸ਼ਿਪ ਲਈ ਮੁਫਤ ਸਿਖਲਾਈ ਦਿੱਤੀ ਜਾਂਦੀ ਹੈ। ਸੰਗਤਾਂ ਦੀ ਸਹੂਲਤ ਵਾਸਤੇ ਲੋੜਵੰਦਾਂ ਨੂੰ ਫਰੀ ਰਾਈਡ ਦਾ ਪ੍ਰਬੰਧ ਕਰਕੇ ਦਿੱਤਾ ਜਾਂਦਾ ਹੈ। ਗੁਰਬਾਣੀ ਕੀਰਤਨ ਤੋਂ ਇਲਾਵਾ ਪਾਠ, ਸਹਿਜ ਪਾਠ ਤੇ ਸੁਖਮਨੀ ਸਾਹਿਬ ਦੇ ਪਾਠ ਲਈ ਗੁਰਮੁਖ ਪ੍ਰੇਮੀਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ।


Guru Ka Langar Served everyday

ਸਿੱਖ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰੂ ਘਰ ਦੀ ਇਮਾਰਤ ਖਰੀਦਣ ਲਈ ਬੇਅੰਤ ਮਾਇਆ ਦੀ ਲੋੜ ਹੈ। ਇਹ ਗੁਰਦੁਆਰਾ ਸਾਹਿਬ ਨਾਨ ਪਰਾਫਿਟ ਸੰਸਥਾ ਵਜੋਂ ਰਜਿਸਟਰਡ ਹੈ। ਆਪਣੀ ਨੇਕ ਕਮਾਈ ਨੂੰ ਸਫਲ ਕਰਨ ਲਈ ਵਧ ਤੋਂ ਵਧ ਮਾਇਆ ਦਾਨ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


Rozana Katha Kirtan

ਵਧੇਰੇ ਜਾਣਕਾਰੀ ਜਾਂ ਜ਼ਰੂਰੀ ਸੁਝਾਅ ਲਈ ਆਪ ਗੁਰੂ ਘਰ ਇਨ੍ਹਾਂ ਨੰਬਰਾਂ 'ਤੇ ਕਾਲ ਕਰੋ ਜੀ

408-940-4878, 408-475-0634

ਸੰਗਤਾਂ ਦੀ ਚਰਨ ਧੂੜ: ਸਮੂਹ ਸੇਵਾਦਾਰ ਕਮੇਟੀ, ਸਿਲੀਕਾਨ ਵੈਲੀ ਗੁਰਦੁਆਰਾ ਸਾਹਿਬ, ਸੈਂਟਾ ਕਲਾਰਾ, ਕੈਲੀਫੋਰਨੀਆ


Rozana Nitnem

- Checks payable to : Silicon Valley Gurdwara
- All Donations are tax deductible
- Please send your donations to :


Sunday Khalsa School

Silicon Valley Gurdwara, 2306 Walsh Ave. Santa Clara CA-95051. Ph-(408) 475-0634

Paypal Account: donation@siliconvalleygurdwara.org
Visit us at : https://www.facebook.com/SiliconValleyGurdwara
Email : info@siliconvalleygurdwara.org

# ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੀਫੋਰਨੀਆ)

ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥

## ਸਮੂਹ ਸੰਗਤਾਂ ਨੂੰ ਖਾਲਸੇ ਦੇ ਸਾਜਨਾ ਦਿਵਸ ਦੀ

# ਲੱਖ ਲੱਖ ਵਧਾਈ ਹੋਵੇ



ਤਖਤ ਸ੍ਰੀ ਕੇਸਗੜ੍ਹ ਸਾਹਿਬ



ਗੁਰਦੁਆਰਾ ਸਾਹਿਬ ਫਰੀਮਾਂਟ

ਪੈਗੰਬਰਾਂ ਦੇ ਸ਼ਹਿਨਸ਼ਾਹ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਸਾਜੇ ਗਏ ਖਾਲਸੇ ਦੀ ਸਿਰਜਣਾ ਦਾ ਪਵਿੱਤਰ ਦਿਹਾੜਾ ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਬੜੀ ਧੂਮ-ਧਾਮ ਤੇ ਚੜ੍ਹਦੀ ਕਲਾ ਵਿਚ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪ੍ਰੋਗਰਾਮ

### ਸ਼ੁਕਰਵਾਰ 11 ਅਪਰੈਲ 2014

ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

### ਸਨਿਚਰਵਾਰ 12 ਅਪਰੈਲ 2014

ਦੁਪਹਿਰ 3 ਵਜੇ ਬੱਚਿਆਂ ਦਾ ਸਮਾਗਮ ਜਿਸ ਵਿਚ ਬੱਚੇ ਗਤਕੇ ਦੇ ਜੌਹਰ ਵਿਖਾਉਣਗੇ
ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਬੱਚਿਆਂ ਵਲੋਂ ਕੀਰਤਨ

ਅੰਮ੍ਰਿਤ ਸੰਚਾਰ: ਪਵਿੱਤਰ ਅੰਮ੍ਰਿਤ ਸੰਚਾਰ ਐਤਵਾਰ 13 ਅਪਰੈਲ ਨੂੰ ਸਵੇਰੇ 8 ਵਜੇ ਹੋਵੇਗਾ।
ਅੰਮ੍ਰਿਤ ਅਭਿਲਾਖੀ ਆਪਣੇ ਨਾਂ ਲਾਇਬਰੇਰੀ ਵਿਚ ਦਰਜ ਕਰਵਾਉਣ ਦੀ ਕਿਰਪਾ ਕਰਨ।
ਪਵਿੱਤਰ ਕੱਕਾਰਾਂ ਦੀ ਸੇਵਾ ਗੁਰਦੁਆਰਾ ਸਾਹਿਬ ਵੱਲੋਂ ਹੋਵੇਗੀ।

### ਐਤਵਾਰ 13 ਅਪਰੈਲ 2014

ਅਖੰਡ ਪਾਠ ਦਾ ਭੋਗ: ਸਵੇਰੇ 9 ਵਜੇ
ਉਪਰੰਤ ਕਥਾਕਾਰ ਗਿਆਨੀ ਸਾਹਿਬ ਸਿੰਘ ਕੈਨੇਡਾ ਵਾਲੇ ਖਾਲਸੇ ਦੇ ਇਤਿਹਾਸ ਅਤੇ ਪਵਿੱਤਰ ਅੰਮ੍ਰਿਤ ਦੀ ਮਹਾਨਤਾ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਉਣਗੇ। ਗਿਆਨੀ ਸਤਨਾਮ ਸਿੰਘ ਲੁਧਿਆਣੇ ਵਾਲੇ ਤੇ ਬੀਬੀ ਬਲਜੀਤ ਕੌਰ ਤਲਵਾੜੇ ਵਾਲਿਆਂ ਦੇ ਕੀਰਤਨੀ ਜਥੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।
ਭਾਈ ਸਤਨਾਮ ਸਿੰਘ ਅਰਸ਼ੀ ਤਰਨਤਾਰਨ, ਭਾਈ ਕੁਲਵੰਤ ਸਿੰਘ ਸਭਰਾਵਾਂ ਤੇ ਭਾਈ ਰਣਜੀਤ ਸਿੰਘ ਰੱਤਗੁੱਦਾ ਦਾ ਕਵੀਸ਼ਰੀ ਜਥਾ ਖਾਲਸੇ ਦੀ ਚੜ੍ਹਦੀ ਕਲਾ ਕਵੀਸ਼ਰੀ ਰੰਗ ਵਿਚ ਪੇਸ਼ ਕਰੇਗਾ।

*ਹੋਰ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਫੋਨ: 510-790-0177 ’ਤੇ ਸੰਪਰਕ ਕੀਤਾ ਜਾ ਸਕਦਾ ਹੈ ਜੀ।*

**ਗੁਰੂ ਪੰਥ ਦੇ ਦਾਸ: ਸੁਪਰੀਮ ਕੌਂਸਲ ਗੁਰਦੁਆਰਾ ਸਾਹਿਬ ਫਰੀਮਾਂਟ ਤੇ ਪ੍ਰਬੰਧਕ ਕਮੇਟੀ**

ੴ ਸਤਿਗੁਰ ਪ੍ਰਸਾਦਿ॥

# ਸਮੂਹ ਪੰਜਾਬੀ ਭਾਈਚਾਰੇ ਨੂੰ ਗੁਰੂ ਰੂਪ ਖਾਲਸਾ ਜੀ ਦੇ ਜਨਮ ਦਿਹਾੜੇ ਅਤੇ ਵਿਸਾਖੀ ਦੀ

# ਲੱਖ-ਲੱਖ ਵਧਾਈ



ਦਲਵੀਰ ਸਿੰਘ ਗਿੱਲ (ਵਿਚਕਾਰ) ਪੁੱਤਰ ਮਨਦੀਪ ਸਿੰਘ ਗਿੱਲ, ਭਰਾ ਗੁਰਮੀਤ ਸਿੰਘ ਗਿੱਲ (ਐਨ ਸੱਜੇ) ਅਤੇ ਪੋਤਰੇ ਇਮਰਾਜ ਸਿੰਘ ਗਿੱਲ ਨਾਲ

ਦਲਵੀਰ ਸਿੰਘ ਗਿੱਲ ਫੋਨ:530-713-4256

ਪਰਮਜੀਤ ਸਿੰਘ ਗਿੱਲ ਤੇ ਗੁਰਮੀਤ ਸਿੰਘ ਗਿੱਲ

ਗਿੱਲ ਬ੍ਰਦਰਜ਼ ਫਾਰਮਜ਼, ਯੂਬਾ ਸਿਟੀ (ਕੈਲੀਫੋਰਨੀਆ)

# ਪੀ.ਟੀ.ਸੀ. ਨਿਊਜ਼ ਚੈਨਲ ਨੂੰ ਨੋਟਿਸ

**ਚੰਡੀਗੜ੍ਹ:** ਚੋਣ ਕਮਿਸ਼ਨ ਦੀ ਘੁਰਕੀ ਤੋਂ ਬਾਅਦ ਪੰਜਾਬ ਦੇ ਚੋਣ ਅਧਿਕਾਰੀਆਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਦੀ ਮਾਲਕੀ ਵਾਲੇ ਪੀ.ਟੀ.ਸੀ. ਨਿਊਜ਼ ਚੈਨਲ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਕਮਿਸ਼ਨ ਦੇ ਇਕ ਸੀਨੀਅਰ ਅਧਿਕਾਰੀ ਨੇ ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਨਾਲ ਫੋਨ 'ਤੇ ਕੀਤੀ ਵਾਰਤਾ ਦੌਰਾਨ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵੱਲੋਂ ਪੀ.ਟੀ.ਸੀ. ਖਿਲਾਫ਼ ਕਾਰਵਾਈ ਨਾ ਕਰਨ 'ਤੇ ਖਿਚਾਈ ਕੀਤੀ ਤੇ ਤੁਰੰਤ ਕਾਰਵਾਈ ਕਰਨ ਲਈ ਕਿਹਾ। ਇਸ ਨਿਊਜ਼ ਚੈਨਲ 'ਤੇ ਹਾਕਮ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਗਠਜੋੜ ਦੇ ਉਮੀਦਵਾਰਾਂ ਦੇ ਪੱਖ ਵਿਚ ਇਕਤਰਫਾ ਖ਼ਬਰਾਂ ਪ੍ਰਸਾਰਿਤ ਕਰਨ ਦੇ ਦੋਸ਼ ਹਨ।

ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ ਸੂਬਾਈ ਚੋਣ ਅਧਿਕਾਰੀਆਂ ਨੂੰ ਸਿੱਧਾ ਪੁੱਛਿਆ ਕਿ ਮੀਡੀਆ ਮੋਨੀਟਰਿੰਗ ਕਮੇਟੀ ਨੂੰ ਪੀ.ਟੀ.ਸੀ. ਸਬੰਧੀ ਕਿੰਨੀਆਂ ਸ਼ਿਕਾਇਤਾਂ ਮਿਲੀਆਂ ਹਨ ਅਤੇ ਸੀ.ਈ.ਓ. ਦਫ਼ਤਰ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ। ਯਾਦ ਰਹੇ ਕਿ ਪੀ.ਟੀ.ਸੀ. ਵਿਰੁੱਧ ਸੀ.ਈ.ਓ. ਦਫ਼ਤਰ ਵਿਚ 5 ਸ਼ਿਕਾਇਤਾਂ ਮਿਲੀਆਂ ਸਨ ਪਰ ਕਿਸੇ ਵੀ ਸ਼ਿਕਾਇਤ 'ਤੇ ਕਾਰਵਾਈ ਨਹੀਂ ਸੀ ਹੋਈ। ਕਮਿਸ਼ਨ ਦੇ ਧਿਆਨ ਵਿਚ ਇਹ ਮਾਮਲਾ ਆਉਣ ਤੋਂ ਬਾਅਦ ਇਸ ਨਿਊਜ਼ ਚੈਨਲ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

ਇਸੇ ਦੌਰਾਨ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਅਸ਼ਵਨੀ ਕੁਮਾਰ ਨੂੰ ਵੀ ਕਿਹਾ ਗਿਆ ਹੈ ਕਿ ਮੀਡੀਆ ਮੋਨੀਟਰਿੰਗ ਕਮੇਟੀ ਦੇ ਸਹਿਯੋਗ ਨਾਲ ਪੀ.ਟੀ.ਸੀ. ਉਤੇ ਚਲਦੇ ਪ੍ਰੋਗਰਾਮਾਂ ਦਾ ਲਗਾਤਾਰ ਅਧਿਐਨ ਕੀਤਾ ਜਾਵੇ। ਸੀ.ਈ.ਓ. ਦਫ਼ਤਰ ਨੇ ਹੁਣ ਪੀ.ਟੀ.ਸੀ. ਉਤੇ ਚਲਦੇ ਪ੍ਰੋਗਰਾਮਾਂ ਨੂੰ ਚੋਣ ਕਮਿਸ਼ਨ ਦੇ ਧਿਆਨ ਵਿਚ ਲਿਆਉਣ ਦਾ ਫ਼ੈਸਲਾ ਕੀਤਾ ਹੈ। ਸੀ.ਈ.ਓ. ਦਫ਼ਤਰ ਨੇ ਕਮੇਟੀ ਨੂੰ ਤੇਜ਼ੀ ਨਾਲ ਕੰਮ ਕਰਨ ਲਈ ਕਿਹਾ ਹੈ।

ਕਮਿਸ਼ਨ ਨੇ ਅੰਮ੍ਰਿਤਸਰ ਪੁਲਿਸ ਲਾਈਨ ਦੇ ਬਾਹਰ ਹਾਕਮ ਪਾਰਟੀ ਵੱਲੋਂ ਕੀਤੀ ਇਸ਼ਤਿਹਾਰਬਾਜ਼ੀ ਦਾ ਨੋਟਿਸ ਲੈਂਦਿਆਂ ਇਸ਼ਤਿਹਾਰ ਤੁਰੰਤ ਉਤਾਰਨ ਲਈ ਕਿਹਾ ਹੈ। ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਪੁਲਿਸ ਲਾਈਨ ਦੇ ਬਾਹਰ ਅਕਾਲੀ ਦਲ ਵੱਲੋਂ ਕਿਰਾਏ 'ਤੇ ਥਾਂ ਲੈ ਕੇ ਇਸ਼ਤਿਹਾਰ ਲਾਏ ਗਏ ਹਨ। ਕਮਿਸ਼ਨ ਦੇ ਦਬਕੇ ਪਿਛੋਂ ਚੋਣ ਅਧਿਕਾਰੀਆਂ ਨੇ ਇਹ ਇਸ਼ਤਿਹਾਰ ਤੁਰੰਤ ਲਾਹੁਣ ਲਈ ਕਿਹਾ ਹੈ।

ਸੂਤਰਾਂ ਕਹਿਣਾ ਹੈ ਕਿ ਲੁਧਿਆਣਾ ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰਾਂ ਨੇ ਹਾਕਮ ਪਾਰਟੀ ਦੇ ਆਗੂਆਂ ਵੱਲੋਂ ਕਾਰਵਾਈ ਨਾ ਕਰਨ ਦਾ ਦਬਾਅ ਪਾਉਣ ਦਾ ਰੋਣਾ ਰੋਇਆ। ਇਨ੍ਹਾਂ ਡਿਪਟੀ ਕਮਿਸ਼ਨਰਾਂ ਨੇ ਸੀਈਓ ਦਫ਼ਤਰ ਦੇ ਇਕ ਅਧਿਕਾਰੀ ਨੂੰ ਦੱਸਿਆ ਕਿ ਲੁਧਿਆਣਾ 'ਚ ਹਾਕਮ ਪਾਰਟੀ ਦੇ ਉਮੀਦਵਾਰ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਚੋਣ ਜ਼ਾਬਤੇ ਦੀ ਉਲੰਘਣਾ ਕੀਤੀ ਜਾ ਰਹੀ ਹੈ ਤੇ ਜੇ ਜ਼ਿਲ੍ਹਾ ਪ੍ਰਸ਼ਾਸਨ ਕੋਈ ਕਾਰਵਾਈ ਕਰਦਾ ਹੈ ਤਾਂ ਧਮਕਾਇਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਸ੍ਰੀ ਇਯਾਲੀ ਵੱਲੋਂ ਲੁਧਿਆਣਾ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਧਮਕਾਉਣ ਦੀਆਂ ਸ਼ਿਕਾਇਤਾਂ ਕਮਿਸ਼ਨ ਨੂੰ ਮਿਲੀਆਂ ਸਨ ਪਰ ਜ਼ਿਲ੍ਹਾ ਅਧਿਕਾਰੀਆਂ ਨੇ ਅਕਾਲੀ ਉਮੀਦਵਾਰ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਇਸੇ ਤਰ੍ਹਾਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਵੀ ਸੀ.ਈ.ਓ. ਦਫ਼ਤਰ ਦੇ ਅਧਿਕਾਰੀਆਂ ਕੋਲ ਕੁਝ ਇਸੇ ਤਰ੍ਹਾਂ ਦੀ ਵਿਥਿਆ ਸੁਣਾਈ।

**ਕਾਂਗਰਸ ਦੀਆਂ ਸ਼ਿਕਾਇਤਾਂ ਝੂਠੀਆਂ:** ਸ਼੍ਰੋਮਣੀ ਅਕਾਲੀ ਦਲ ਨੇ ਚੋਣ ਕਮਿਸ਼ਨ ਨੂੰ ਕਿਹਾ ਹੈ ਕਿ ਕਾਂਗਰਸ ਦੀਆਂ ਝੂਠੀਆਂ ਤੇ ਤੱਥਾਂ ਤੋਂ ਕੋਰੀਆਂ ਸ਼ਿਕਾਇਤਾਂ 'ਤੇ ਕਾਰਵਾਈ ਨਾ ਕੀਤੀ ਜਾਵੇ। ਪਾਰਟੀ ਦੇ ਬੁਲਾਰੇ ਅਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਆਗੂ ਹਤਾਸ਼ ਹੋ ਗਏ ਹਨ। ਕਾਂਗਰਸ ਆਪਣੀ ਨਮੋਸ਼ੀ ਛੁਪਾਉਣ ਲਈ ਝੂਠੀਆਂ ਸ਼ਿਕਾਇਤਾਂ ਕਰ ਰਹੀ ਹੈ।

# ਨਿੱਕੀ ਹੇਲੀ ਕਾਰੋਬਾਰੀ ਮਿਸ਼ਨ 'ਤੇ ਭਾਰਤ ਜਾਵੇਗੀ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਨਿੱਕੀ ਹੇਲੀ ਜੋ ਦੱਖਣੀ ਕੈਰੋਲੀਨਾ ਦੀ ਗਵਰਨਰ ਹੈ, ਨਵੰਬਰ ਵਿਚ ਭਾਰਤ 'ਚ ਉੱਚ ਪੱਧਰੀ ਕਾਰੋਬਾਰੀ ਵਫ਼ਦ ਲੈ ਕੇ ਜਾਵੇਗੀ। ਉਸ ਦੇ ਅਫਸਰਾਂ ਦੀ ਟੀਮ ਇਸ ਵੇਲੇ ਭਾਰਤ ਵਿਚ ਉਸ ਦੇ ਦੌਰੇ ਲਈ ਮੁੱਢਲਾ ਕੰਮ ਕਰ ਰਹੀ ਹੈ। ਸੂਬੇ ਦੀ ਗਵਰਨਰ ਬਣ ਕੇ ਪਹਿਲੀ ਵਾਰ ਭਾਰਤ ਜਾ ਰਹੀ ਹੇਲੀ ਨਵੀਂ ਦਿੱਲੀ, ਮੁੰਬਈ ਤੇ ਪੰਜਾਬ ਜਾਵੇਗੀ। ਯਾਦ ਰਹੇ ਕਿ ਪੰਜਾਬ ਵਿਚ ਉਸ ਦੇ ਮਾਪਿਆਂ ਦਾ ਜਨਮ ਹੋਇਆ ਸੀ।

ਦੱਖਣੀ ਕੈਰੋਲੀਨਾ ਦੇ ਨਵੇਂ ਗਵਰਨਰ ਦੀ ਚੋਣ ਤੋਂ ਹਫ਼ਤਾ ਮਗਰੋਂ 12 ਨਵੰਬਰ ਤੋਂ 22 ਨਵੰਬਰ ਤਕ ਹੇਲੀ ਭਾਰਤ ਦੇ ਦੌਰੇ 'ਤੇ ਹੋਵੇਗੀ। ਉਹ ਦੂਜੀ ਵਾਰ ਗਵਰਨਰ ਬਣਨ ਦੀ ਦੌੜ ਵਿਚ ਹੈ। ਜਾਣਕਾਰੀ ਮੁਤਾਬਕ ਹਾਲੀਆ ਸਾਲਾਂ ਵਿਚ ਵੱਖ-ਵੱਖ ਸੂਬਿਆਂ ਵੱਲੋਂ ਭਾਰਤ 'ਚ ਕਾਰੋਬਾਰੀ ਮਿਸ਼ਨ ਚਲਾਉਣ 'ਚ ਸਫਲ ਰਹਿਣ ਮਗਰੋਂ ਦੱਖਣੀ ਕੈਰੋਲੀਨਾ ਵੀ ਇਸ ਲੀਹ 'ਤੇ ਤੁਰ ਰਿਹਾ ਹੈ ਕਿ ਆਬਾਦੀ ਪੱਖੋਂ ਦੁਨੀਆਂ ਦੇ ਦੂਜੇ ਸਭ ਤੋਂ ਵੱਡੇ ਮੁਲਕ ਨਾਲ ਕਾਰੋਬਾਰੀ ਸਬੰਧ ਬਣਾਏ ਜਾਣ।

ਇਸ ਤੋਂ ਪਹਿਲਾਂ ਹੇਲੀ ਦੋ ਸਾਲ ਦੀ ਉਮਰੇ ਭਾਰਤ ਗਈ ਸੀ। ਉਸ ਨੇ ਪਿਛਲੇ ਸਾਲ ਇਕ ਇੰਟਰਵਿਊ 'ਚ ਕਿਹਾ ਸੀ ਕਿ ਉਹ ਦੱਖਣੀ ਕੈਰੋਲੀਨਾ ਨੂੰ ਪੇਸ਼ ਕਰਨ ਅਤੇ ਭਾਰਤ ਦੇ ਦੌਰੇ ਨੂੰ ਕਦੇ ਵੀ ਖੁੰਝਾਉਣਾ ਨਹੀਂ ਚਾਹੇਗੀ। ਕਾਰੋਬਾਰ ਦੇ ਫੈਲਾਅ ਲਈ ਉਨ੍ਹਾਂ ਦਾ ਪ੍ਰਸ਼ਾਸਨ ਸੂਬੇ ਨੂੰ ਦੇਸ਼ ਦਾ ਸਭ ਤੋਂ ਵਧੀਆ ਸੂਬਾ ਬਣਾਉਣਾ ਚਾਹੁੰਦਾ ਹੈ।

ਨਮਰਤਾ ਰੰਧਾਵਾ ਤੋਂ ਨਿੱਕੀ ਹੇਲੀ ਬਣੀ ਇਸ ਬੀਬੀ ਨੇ ਜਦੋਂ ਗਵਰਨਰ ਵਜੋਂ ਅਹੁਦਾ ਸਾਂਭਿਆ ਸੀ, ਤਾਂ ਉਸ ਸਮਾਗਮ ਵਿਚ ਉਸ ਦੇ ਭਾਰਤੀ ਰਿਸ਼ਤੇਦਾਰ ਵੀ ਸ਼ਾਮਲ ਹੋਏ ਸਨ। ਬੌਬੀ ਜਿੰਦਲ ਮਗਰੋਂ ਕਿਸੇ ਅਮਰੀਕੀ ਸੂਬੇ ਦੀ ਗਵਰਨਰ ਬਣਨ ਵਾਲੀ ਉਹ ਦੂਜੀ ਭਾਰਤੀ ਅਮਰੀਕੀ ਹੈ ਤੇ ਪਹਿਲੀ ਭਾਰਤੀ-ਅਮਰੀਕੀ ਮਹਿਲਾ ਹੈ।

## ਅਮਰੀਕੀ ਨੌਜਵਾਨ ਨੂੰ 12 ਸਾਲ ਦੀ ਕੈਦ

**ਨਿਊ ਯਾਰਕ:** ਭਾਰਤੀ ਮੂਲ ਦੇ ਕੰਪਿਊਟਰ ਵਿਗਿਆਨੀ ਦੀ ਕੁੱਟਮਾਰ ਤੋਂ ਬਾਅਦ ਹੋਈ ਮੌਤ ਦੇ ਮਾਮਲੇ ਵਿਚ ਅਮਰੀਕੀ ਅਦਾਲਤ ਨੇ 20 ਸਾਲ ਦੇ ਨੌਜਵਾਨ ਨੂੰ 12 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਭਾਰਤੀ ਦਿਵੇਂਦੂ ਸਿਨਹਾ (49) 25 ਜੂਨ 2010 ਨੂੰ ਪਤਨੀ ਤੇ ਬੱਚਿਆਂ ਨਾਲ ਰਾਤ ਨੂੰ ਸੈਰ ਕਰ ਰਹੇ ਸਨ ਤਾਂ ਸਟੀਵਨ ਕੋਂਟਰੇਰਾਸ ਤੇ ਉਸ ਦੇ ਹੋਰਾਂ ਸਾਥੀਆਂ ਨੇ ਤੈਸ਼ ਵਿਚ ਆ ਕੇ ਸਿਨਹਾ ਦੇ ਸਿਰ 'ਤੇ ਮੁੱਕੇ ਮਾਰੇ ਸਨ। ਦਿਵੇਂਦੂ ਦੀ ਤਿੰਨ ਦਿਨਾਂ ਬਾਅਦ ਹਸਪਤਾਲ ਵਿਚ ਮੌਤ ਹੋ ਗਈ ਸੀ।

Indian Threads Beauty & Spa

*Special for Vaisakhi and Mother's Day*

For a limited time from April 10 to May 18, 2014

Receive a free gift with facial, body massage & waxing



*Bring this ad and get an extra $2 off*

Jewelry & other products will also be on sale

*Call to make your appointment!*

Ph: (209) 478-8862

3008 E Hammer Lane st. 127b, Stockton, CA 95212

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

COMMERCIAL GRADE
SECURITY SOLUTIONS



MORE THAN SECURITY



LICENCE PLATE READER
BILL READER
LONG RANGE
CASH REGISTER INTERFACE
HD SERIES CAMERAS




Vista CCTV TECHNOLOGY

Buy Online : www.ezchase.com
Email : commvision@sbcglobal.net
Call Sukhpal
661-586-5080

# ਬੇਗਮ ਅਖਤਰ ਨਾਲ ਬਿਤਾਏ ਕੁਝ ਪਲ

***ਬੇਗਮ ਅਖ਼ਤਰ ਉਰਫ ਅਖ਼ਤਰੀ ਬਾਈ ਫੈਜ਼ਾਬਾਦੀ (7 ਅਕਤੂਬਰ 1914-30 ਅਕਤੂਬਰ 1974) ਭਾਰਤ ਦੀਆਂ ਬਿਹਤਰੀਨ ਗਜ਼ਲ ਗਾਇਕਾਵਾਂ ਵਿਚੋਂ ਇਕ ਸੀ। ਉਨ੍ਹਾਂ ਨੂੰ 'ਮੱਲਿਕਾ-ਏ-ਗਜ਼ਲ' ਦਾ ਖਿਤਾਬ ਵੀ ਮਿਲਿਆ ਹੋਇਆ ਸੀ। ਅਖਤਰ ਮਸਾਂ ਸੱਤ ਵਰ੍ਹਿਆਂ ਦੀ ਸੀ ਜਦੋਂ ਸੰਗੀਤ ਨਾਲ ਡੂੰਘੀ ਜੁੜ ਗਈ। ਪੰਦਰਾਂ ਸਾਲ ਦੀ ਉਮਰ ਵਿਚ ਉਸ ਨੇ ਆਪਣਾ ਪਹਿਲਾ ਪ੍ਰੋਗਰਾਮ ਪੇਸ਼ ਕੀਤਾ। 1934 ਵਿਚ ਜਦੋਂ ਉਹ ਬਿਹਾਰ ਵਿਚ ਆਏ ਭੂਚਾਲ ਦੇ ਪੀੜਤਾਂ ਦੀ ਮੱਦਦ ਲਈ ਪ੍ਰੋਗਰਾਮ ਕਰ ਰਹੀ ਸੀ ਤਾਂ ਸ਼ਾਇਰਾ ਸਰੋਜਨੀ ਨਾਇਡੂ ਨੇ ਉਸ ਦੀ ਬਹੁਤ ਪ੍ਰਸ਼ੰਸਾ ਕੀਤੀ। ਉਨ੍ਹਾਂ ਪਟਨਾ ਦੇ ਮਸ਼ਹੂਰ ਸਾਰੰਗੀ ਵਾਦਕ ਉਸਤਾਦ ਇਮਦਾਦ ਖਾਨ ਅਤੇ ਮਗਰੋਂ ਪਟਿਆਲਾ ਦੇ ਉਸਤਾਦ ਅਤਾ ਮੁਹੰਮਦ ਖਾਨ ਤੋਂ ਸੰਗੀਤ ਦੀ ਤਾਲੀਮ ਹਾਸਲ ਕੀਤੀ। ਬਾਅਦ ਵਿਚ ਉਨ੍ਹਾਂ ਉਸਤਾਦ ਝਾਂਡੇ ਖਾਨ ਨੂੰ ਆਪਣਾ ਗੁਰੂ ਧਾਰ ਲਿਆ। ਉਨ੍ਹਾਂ ਸ਼ੁਰੂ ਸ਼ੁਰੂ ਵਿਚ ਕੁਝ ਫਿਲਮਾਂ ਵਿਚ ਕੰਮ ਵੀ ਕੀਤਾ ਪਰ ਮਗਰੋਂ ਸਾਰਾ ਧਿਆਨ ਸੰਗੀਤ ਵੱਲ ਲਾ ਦਿੱਤਾ।***

1945 ਦੇ ਸ਼ੁਰੂ ਵਿਚ ਮੈਂ ਲਾਹੌਰ ਦੇ ਸਰਕਾਰੀ ਕਾਲਜ ਵਿਚ ਆਪਣੇ ਜਮਾਤੀ ਰਹਿ ਚੁੱਕੇ ਮਿੱਤਰ ਗੌੜ ਕਿਸ਼ੋਰ ਕਪੂਰ ਦੇ ਵਿਆਹ 'ਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਗਿਆ। ਉਹ ਅੰਮ੍ਰਿਤਸਰ ਸ਼ਹਿਰ ਦੇ ਢਾਬ ਖਟੀਕਾਂ ਦੇ ਇਕ ਅਮੀਰ ਥੋਕ ਕੱਪੜਾ ਵਪਾਰੀ ਪਰਿਵਾਰ ਨਾਲ ਸੰਬੰਧ ਰੱਖਦਾ ਸੀ ਜਿਸ ਨੇ ਦੂਜੀ ਸੰਸਾਰ ਜੰਗ ਵੇਲੇ ਮੰਦੀ ਦੇ ਦਿਨਾਂ ਵਿਚ ਖੂਬ ਕਮਾਈ ਕੀਤੀ ਸੀ। ਇਸ ਵਿਆਹ ਸਮਾਗਮ ਦੀ ਸਭ ਤੋਂ ਦਿਲ ਖਿੱਚਵੀਂ ਝਾਕੀ ਅਖ਼ਤਰੀ ਬਾਈ ਫੈਜ਼ਾਬਾਦੀ ਸੀ ਜਿਸ ਨੂੰ ਮਹਿਮਾਨਾਂ ਦਾ ਮਨੋਰੰਜਨ ਕਰਨ ਲਈ ਲਖਨਊ ਤੋਂ ਖਾਸ ਤੌਰ 'ਤੇ ਸੱਦਿਆ ਗਿਆ ਸੀ। ਉਨ੍ਹੀਂ ਦਿਨੀਂ ਕਿਉਂਕਿ ਪੈਟਰੋਲ ਦੀ ਬਹੁਤ ਘਾਟ ਸੀ, ਤੇ ਇਹ ਰਾਸ਼ਨ ਕਾਰਡ 'ਤੇ ਮਿਲਦਾ ਸੀ, ਇਸ ਲਈ ਬਾਰਾਤ ਸ਼ਾਨਦਾਰ ਬੱਘੀਆਂ ਤੇ ਕਾਫਿਲੇ ਦੇ ਰੂਪ 'ਚ ਗਈ ਸੀ। ਮੈਨੂੰ ਹੋਰ ਤਾਂ ਕੋਈ ਗੱਲ ਯਾਦ ਨਹੀਂ ਪਰ ਕਾਫੀ ਦੂਰੀ 'ਤੇ ਸਥਿਤ ਮੰਚ ਉਤੇ ਅੱਧਾ ਦਰਜਨ ਸਾਜ਼ਿੰਦਿਆਂ ਨਾਲ ਘਿਰੀ ਗੋਲ-ਮਟੋਲ ਅਤੇ ਢੇਰ ਸਾਰੇ ਕੱਪੜਿਆਂ 'ਚ ਲਿਪਟੀ ਅਖ਼ਤਰੀ ਬਾਈ ਯਾਦ ਹੈ ਅਤੇ ਇਹ ਵੀ ਯਾਦ ਹੈ ਕਿ ਜਸ਼ਨ ਦੌਰਾਨ ਲੋੜ ਤੋਂ ਜ਼ਿਆਦਾ 'ਟੱਲੀ' ਹੋ ਚੁੱਕੇ ਇਕ ਅੱਧਖੜ੍ਹ ਉਮਰ ਦੇ ਬੰਦੇ ਨੇ ਨੋਟਾਂ ਦਾ ਬੰਡਲ ਉਸ ਦੇ ਹੱਥ 'ਚ ਫੜਾਇਆ, ਤੇ ਮੰਚ ਵੱਲ ਚੱਲ ਪਿਆ ਪਰ ਰਾਹ ਵਿਚ ਹੀ ਲੜਖੜਾ ਕੇ ਡਿੱਗ ਪਿਆ ਜਿਸ ਨੂੰ ਦੇਖ ਕੇ ਬਾਰਾਤ ਵਿਚ ਕੋਈ ਵੀ ਆਪਣਾ ਹਾਸਾ ਨਹੀਂ ਰੋਕ ਸਕਿਆ।

ਮੈਨੂੰ ਅਖ਼ਤਰੀ ਬਾਈ (ਬੇਗਮ ਅਖ਼ਤਰ) ਨਾਲ ਇਸ ਤੋਂ ਬਾਅਦ 1971 ਵਿਚ ਉਦੋਂ ਮਿਲਣ ਦਾ ਮੌਕਾ ਮਿਲਿਆ, ਜਦੋਂ ਉਹ ਆਪਣੇ ਕਰੀਅਰ ਦੇ ਸਿਖਰ 'ਤੇ ਸੀ। ਇਹ ਸੁਭਾਗ ਇੰਝ ਬਣਿਆ ਕਿ ਮੰਨੇ-ਪ੍ਰਮੰਨੇ ਕਵੀ ਫੈਜ਼ ਅਹਿਮਦ ਫੈਜ਼ ਭਾਰਤ ਦੀ ਯਾਤਰਾ 'ਤੇ ਆਏ ਹੋਏ ਸਨ, ਤੇ ਪਾਕਿਸਤਾਨ ਦੇ ਹਾਈ ਕਮਿਸ਼ਨਰ ਸੱਜਾਦ ਹੈਦਰ ਨੇ ਦਿੱਲੀ ਦੇ ਤਿਲਕ ਰੋਡ 'ਤੇ ਸਥਿਤ ਆਪਣੀ ਰਿਹਾਇਸ਼ ਉਤੇ ਇਕ ਮਹਿਫ਼ਿਲ ਦਾ ਉਚੇਚਾ ਪ੍ਰਬੰਧ ਕੀਤਾ ਸੀ।

ਸੱਜਾਦ ਮੂਲ ਤੌਰ 'ਤੇ ਜਲੰਧਰ ਨਾਲ ਸੰਬੰਧਤ ਸਨ ਅਤੇ ਦੇਸ਼ ਦੀ ਵੰਡ ਤੋਂ ਪਹਿਲਾਂ ਹੀ ਸਾਡੇ ਪਰਿਵਾਰਕ ਮਿੱਤਰ ਸਨ। ਇਸ ਲਈ ਉਨ੍ਹਾਂ ਨੇ ਮੈਨੂੰ ਅਤੇ ਮੇਰੀ ਪਤਨੀ ਨੂੰ ਸੱਦਿਆ ਸੀ। ਮਹਿਫ਼ਿਲ ਵਿਚ ਪਹਿਲਾਂ ਫੈਜ਼ ਸਾਹਿਬ ਆਪਣੀ ਰਚਨਾ ਪੜ੍ਹਦੇ ਅਤੇ ਬਾਅਦ ਵਿਚ ਬੇਗਮ ਅਖ਼ਤਰ ਉਸ ਦਾ ਗਾਇਨ ਕਰਦੀ। ਇਹ ਸੱਚਮੁਚ ਹੀ ਸ਼ਾਨਦਾਰ ਕਾਵਿ ਅਤੇ ਸੰਗੀਤਕ ਸ਼ਾਮ ਸੀ ਜਿਸ ਨੂੰ ਉਮਰ ਭਰ ਭੁਲਾਇਆ ਨਹੀਂ ਜਾ ਸਕਦਾ। ਅਸੀਂ ਰਾਤ ਦੇ 2 ਵਜੇ ਤਕ ਇਸ ਮਹਿਫ਼ਿਲ ਦਾ ਆਨੰਦ ਮਾਣਦੇ ਰਹੇ।

ਤੀਜਾ ਅਤੇ ਸਭ ਤੋਂ ਖੁਸ਼ੀ ਭਰਿਆ ਮੌਕਾ ਮੈਨੂੰ 1974 ਵਿਚ ਮਿਲਿਆ, ਜਦੋਂ ਬੇਗਮ ਅਖ਼ਤਰ ਕਾਫੀ ਦਿਨਾਂ ਲਈ ਸ੍ਰੀਨਗਰ ਵਿਚ ਰੁਕੀ ਸੀ। ਉਹ ਸਾਡੇ ਇਕ ਪਰਿਵਾਰਕ ਮਿੱਤਰ ਆਗਾ ਅਸ਼ਰਫ ਅਲੀ ਦੇ ਰਾਜਬਾਗ ਵਿਚ ਸਥਿਤ ਬੰਗਲੇ 'ਚ ਠਹਿਰੀ ਹੋਈ ਸੀ। ਆਗਾ ਸਾਹਿਬ ਕਸ਼ਮੀਰ ਦੇ ਬਹੁਤ ਅਮੀਰ ਅਤੇ ਪ੍ਰਭਾਵਸ਼ਾਲੀ ਸ਼ੀਆ ਪਰਿਵਾਰ ਨਾਲ ਸੰਬੰਧਤ ਸਨ। ਉਨ੍ਹਾਂ ਦੀ ਮਾਤਾ ਬੇਗਮ ਜ਼ਫਰ ਅਲੀ ਮਹਿਲਾ ਮੁਕਤੀ ਅੰਦੋਲਨ ਦੀ ਆਗੂ ਸੀ। ਉਹ ਸਾਨੂੰ ਦੱਸਦੀ ਹੁੰਦੀ ਸੀ ਕਿ ਉਨ੍ਹਾਂ ਦੇ ਬਚਪਨ ਦੇ ਦਿਨਾਂ ਵਿਚ ਕੁੜੀਆਂ ਨੂੰ



ਉੱਚੀਆਂ ਕੰਧਾਂ ਨਾਲ ਘਿਰੇ ਬਾਗ ਵਿਚ ਸੂਰਜ ਡੁੱਬਣ ਤੋਂ ਬਾਅਦ ਹੀ ਖੇਡਣ ਜਾਣ ਦੀ ਇਜਾਜ਼ਤ ਹੁੰਦੀ ਸੀ। ਜੰਮੂ ਤੋਂ ਸ੍ਰੀਨਗਰ ਜਾਂਦਿਆਂ ਬਟੋਟ ਵਿਖੇ ਕਾਰ ਵਿਚੋਂ ਉਤਰ ਕੇ ਰੈਸਟ ਹਾਊਸ ਤੱਕ ਵੀ ਉਹ ਲੱਕੜੀ ਦੇ ਫੱਟਿਆਂ ਨਾਲ ਬਣੇ ਕੋਰੀਡੋਰ ਵਿਚੋਂ ਹੀ ਲੰਘਦੀ ਸੀ। ਅਸ਼ਰਫ ਦੀ ਖ਼ੂਬਸੂਰਤ ਪਤਨੀ ਲਖਨਊ ਨਾਲ ਸੰਬੰਧਤ ਸੀ ਅਤੇ ਉਨ੍ਹਾਂ ਦਾ ਅੱਲ੍ਹੜ ਬੇਟਾ ਸ਼ਾਹਿਦ ਜੋ ਬਾਅਦ ਵਿਚ ਸਟੈਨਫੋਰਡ ਯੂਨੀਵਰਸਿਟੀ 'ਚ ਅੰਗਰੇਜ਼ੀ ਕਵਿਤਾ ਦਾ ਪ੍ਰੋਫੈਸਰ ਬਣਿਆ, ਬੇਗਮ ਅਖ਼ਤਰ ਦਾ ਦੀਵਾਨਾ ਸੀ। ਇਸ ਲਈ ਉਨ੍ਹਾਂ ਦੇ ਘਰ ਵਿਚ ਹੀ ਮੈਨੂੰ ਬੇਗਮ ਅਖ਼ਤਰ ਨਾਲ ਖੁਸ਼ੀ ਭਰੇ ਕਈ ਘੰਟੇ ਬਿਤਾਉਣ ਅਤੇ ਉਨ੍ਹਾਂ ਦੀ ਗਾਇਕੀ ਤੇ ਕਿੱਸੇ ਸੁਣਨ ਦਾ ਮੌਕਾ ਮਿਲਿਆ। ਕਹਾਣੀਆਂ ਸੁਣਾਉਣ ਦੀ ਉਨ੍ਹਾਂ 'ਚ ਲਾਜਵਾਬ ਕਲਾ ਸੀ।

ਉਨ੍ਹਾਂ ਦਾ ਇਕ ਕਿੱਸਾ ਤਾਂ ਮੈਨੂੰ ਹੁਣ ਤਕ ਚੇਤੇ ਹੈ ਕਿ ਯੂ.ਪੀ. ਦੇ ਕਿਸੇ ਪਿੰਡ ਵਿਚ ਇਕ ਸੁਸਤ ਰਫਤਾਰ ਰੇਲ ਗੱਡੀ 'ਤੇ ਜਾਂਦਿਆਂ ਕਿਸ ਤਰ੍ਹਾਂ ਉਨ੍ਹਾਂ ਨੂੰ ਸਿਗਰਟ ਦੀ ਤਲਬ ਨੇ ਸਤਾਇਆ ਅਤੇ ਉਨ੍ਹਾਂ ਨੇ ਕਿਵੇਂ ਮਿੱਠੀਆਂ-ਮਿੱਠੀਆਂ ਗੱਲਾਂ ਕਰ ਕੇ ਗੱਡੀ ਦੇ ਗਾਰਡ ਨੂੰ ਰਾਜ਼ੀ ਕੀਤਾ ਕਿ ਉਹ ਕਿਸੇ ਛੋਟੇ-ਮੋਟੇ ਸਟੇਸ਼ਨ 'ਤੇ ਗੱਡੀ ਰੋਕ ਕੇ ਉਨ੍ਹਾਂ ਨੂੰ ਸਿਗਰਟ ਦਾ ਪੈਕੇਟ ਲਿਆ ਕੇ ਦੇਵੇ। ਗਾਰਡ ਜਦੋਂ ਸਿਗਰਟ ਦਾ ਪੈਕੇਟ ਲੈਣ ਗਿਆ ਤਾਂ ਉਸ ਦੀ ਥਾਂ 'ਤੇ ਬੇਗਮ ਅਖ਼ਤਰ ਲਾਲ ਝੰਡੀ ਹਿਲਾਉਂਦੀ ਰਹੀ, ਜਦਕਿ ਇੰਜਣ ਦਾ ਡਰਾਈਵਰ ਪਾਗਲਾਂ ਵਾਂਗ ਸੀਟੀ 'ਤੇ ਸੀਟੀ ਵਜਾਉਂਦਾ ਰਿਹਾ। ਸਾਰੇ ਮੁਸਾਫਿਰ ਖਿੜਕੀਆਂ ਵਿਚੋਂ ਬਾਹਰ ਸਿਰ ਕੱਢ ਕੇ ਇਸ ਅਜੀਬ ਦ੍ਰਿਸ਼ ਨੂੰ ਦੇਖਦੇ ਰਹੇ।... ਕਈ ਵਾਰ ਅਸ਼ਰਫ ਉਨ੍ਹਾਂ ਨੂੰ ਗੁਜ਼ਾਰਿਸ਼ ਕਰਦੇ, "ਬੇਗਮ ਸਾਹਿਬਾ, ਕੋਈ ਪੁਰਾਣਾ ਲੋਕਗੀਤ ਗਾਓ।" ਬੇਗਮ ਅਖ਼ਤਰ ਬਹੁਤ ਉਦਾਰਤਾ ਨਾਲ ਕਹਿੰਦੀ ਕਿ ਉਨ੍ਹਾਂ ਨੇ ਕਦੇ ਅਜਿਹੇ ਗੀਤ ਗਾਏ ਨਹੀਂ, ਪਰ ਜੇ ਤੁਸੀਂ ਕਿਸੇ ਗੀਤ ਦੇ ਸ਼ਬਦਾਂ ਦਾ ਉਚਾਰਨ ਕਰੋ ਤਾਂ ਮੈਂ ਉਨ੍ਹਾਂ ਨੂੰ ਲੈਅਬੱਧ ਕਰ ਲਵਾਂਗੀ। 30 ਅਕਤੂਬਰ 1974 ਨੂੰ ਜਦੋਂ ਅਖ਼ਤਰ ਦਾ ਦੇਹਾਂਤ ਹੋਇਆ ਤਾਂ ਆਗਾ ਸਾਹਿਬ ਨੇ ਉਨ੍ਹਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ।

***-ਪੀ. ਰੋਸ਼ਾ***



*ਇਕ ਸਮਾਗਮ ਦੌਰਾਨ ਗਜ਼ਲ ਪੇਸ਼ ਕਰ ਰਹੀ ਬੇਗਮ ਅਖ਼ਤਰ।*

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਅਪਰੈਲ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-112



*ਤਸਵੀਰ: ਇੰਦਰਮੋਹਨ ਸਿੰਘ ਛਾਬੜਾ*

***ਲਗਦਾ ਸੁਖ-ਨਿਧਾਨ ਦਾ ਰਗੜਾ, ਹੋਏ ਪਏ ਨੇ ਮਸਤ ਮਲੰਗ।***
***ਦੇਖੋ ਜੀ 'ਲਾਡਲੀਆਂ ਫੌਜਾਂ', ਬੇ-ਫਿਕਰੀ ਦਾ ਨਾਮ ਨਿਹੰਗ!***

### ਕੈਪਸ਼ਨ ਮੁਕਾਬਲਾ-110



ਬੇਈਮਾਨਾਂ ਦੇ ਧੱਕੇ ਚੜ੍ਹ ਗਈ,
ਅੰਨ ਦਾਤਾ ਦੀ ਨੇਕ ਕਮਾਈ।
ਕੁਝ ਤਾਂ ਵੰਡ ਕੇ ਆਪ ਡੱਫ ਗਏ,
ਬਾਕੀ ਅਸਮਾਨ ਦੇ ਥੱਲੇ ਲਾਈ।
ਹਰੀਆਂ ਡਾਰਾਂ ਬੋਲਿਆ ਹੱਲਾ,
ਉਨ੍ਹਾਂ ਆਪਣੀ ਭੁੱਖ ਮਿਟਾਈ।
ਕਿਹੜੇ ਵੱਟੇ ਖਾਤੇ ਪੈ ਜਾਊ,
ਇਸ ਘੁੰਡੀ ਦੀ ਸਮਝ ਨਾ ਆਈ।

***-ਜਗਮੀਤ ਸਿੰਘ ਪੰਧੇਰ***

---

ਖੁਦਗਰਜ਼ੀ ਦੀ ਭੇਟ ਚੜ੍ਹਾ'ਤੇ
ਮਨੁੱਖ ਨੇ ਸਭ ਜੰਗਲ ਬੇਲੇ।
ਪੰਛੀ ਵਿਚਾਰਾ ਕਿਥੇ ਰਵ੍ਹੇ
ਕਿਥੋਂ ਖਾਵੇ, ਕੀ ਖੇਲੇ।
ਪੇਟ ਨੂੰ ਝੁਲਕਾ ਪਾਵਣ ਖਾਤਰ
ਗੁਦਾਮ 'ਤੇ ਰਲ ਬੋਲਿਆ ਧਾਵਾ।
ਦੇਖਣ ਨੂੰ ਤਾਂ ਨਿਰਾ ਡੂੰਮਣਾ ਜਾਪੇ
ਪਰ ਤੋਤਿਆਂ ਲਈ ਮਨ ਪ੍ਰਚਾਵਾ।

***-ਸੇਵਾ ਸਿੰਘ ਨੂਰਪੁਰੀ***
***ਫੋਨ: 408-912-3438***

---

ਜਿਥੇ ਦਾਣੇ ਚੁਗਣ ਨੂੰ
ਉਹੀਓ ਸਾਡਾ ਦੇਸ਼,
ਪੱਲੇ ਕਦੇ ਨਾ ਬੰਨ੍ਹਦੇ,
ਪੰਛੀ ਤੇ ਦਰਵੇਸ਼!

***-ਬਲਜੀਤ ਸਿੰਘ 'ਬੱਲੀ'***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਦਾਣੇ ਦਾਣੇ ਉਤੇ ਕਹਿੰਦੇ
ਖਾਣ ਵਾਲੇ ਦਾ ਨਾਮ।
ਭਾਗਾਂ ਵਾਲੇ ਤੋਤੇ ਹਾਂ ਜੀ,
ਬੋਰੀਆਂ ਉਪਰ ਨਾਮ!

***-ਫਕੀਰ ਚੰਦ 'ਸੈਂਪਲਾ'***
***ਐਲ.ਏ, ਕੈਲੀਫੋਰਨੀਆ।***

---

ਪੱਥਰ 'ਚ ਵੀ ਰਿਜ਼ਕ ਦਿੰਦਾ 'ਉਹ'
ਕਿਉਂ ਚਿੰਤਾ ਕਰੇ ਪ੍ਰਾਣੀ।
ਦੇਖ ਲਓ ਕਿੰਜ ਚੋਗਾ ਚੁਗਦੀ
ਇਹ ਤੋਤਿਆਂ ਦੀ ਢਾਣੀ।

***-ਗੁਰਦੇਵ ਸਿੰਘ ਵਿਰਦੀ, ਕੈਨੇਡਾ***
***ਫੋਨ: 226-345-7126***

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)




## ਸਮੂਹ ਸੰਗਤਾਂ ਨੂੰ ਖਾਲਸਾ ਜੀ ਦੇ ਸਾਜਨਾ ਦਿਹਾੜੇ ਦੀ

# ਕੋਟਾਨਿ ਕੋਟਿ ਵਧਾਈ

ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਨਿਵਾਜੇ ਖਾਲਸੇ ਦਾ ਜਨਮ ਦਿਹਾੜਾ ਸੰਗਤਾਂ ਵਲੋਂ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ 13 ਤੋਂ 20 ਅਪਰੈਲ ਦਰਮਿਆਨ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ। ਪੰਥ ਪ੍ਰਸਿਧ ਰਾਗੀ ਅਤੇ ਢਾਡੀ ਜਥੇ ਸ਼ਬਦ ਕੀਰਤਨ ਅਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਕਥਾਵਾਚਕ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਆਪ ਸਭ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰਨ ਦੀ ਅਰਜ਼ੋਈ ਹੈ ਜੀ।

## ਪ੍ਰੋਗਰਾਮਾਂ ਦਾ ਵੇਰਵਾ

**13 ਅਪਰੈਲ 2014**
ਅੰਮ੍ਰਿਤ ਸੰਚਾਰ: ਸਵੇਰੇ 8:30 ਵਜੇ

**14 ਅਪਰੈਲ 2014**
ਨਿਤਨੇਮ, ਕੀਰਤਨ, ਕਥਾ ਅਤੇ ਢਾਡੀ ਵਾਰਾਂ:
ਸਵੇਰੇ 4 ਵਜੇ ਤੋਂ ਰਾਤ 10 ਵਜੇ ਤੱਕ
ਭਾਈ ਰਵਿੰਦਰ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਭਾਈ ਗੁਰਮੀਤ ਸਿੰਘ ਮੀਤ, ਭਾਈ ਰਛਪਾਲ ਸਿੰਘ (ਦਿੱਲੀ), ਭਾਈ ਜਗਤਾਰ ਸਿੰਘ (ਦੇਹਰਾਦੂਨ), ਭਾਈ ਸੁਬੇਗ ਸਿੰਘ (ਲੁਧਿਆਣਾ), ਢਾਡੀ ਜਥਾ ਭਾਈ ਲਖਬੀਰ ਸਿੰਘ ਕੋਮਲ ਅਤੇ ਪ੍ਰੋ. ਇੰਦਰਜੀਤ ਸਿੰਘ ਵਾਸੂ

**20 ਅਪਰੈਲ 2014**
ਸਿੱਖ ਦਸਤਾਰ ਦਿਵਸ
ਨਗਰ ਕੀਰਤਨ: ਦੁਪਹਿਰ 12:00 ਤੋਂ 1:00 ਵਜੇ ਤੱਕ
ਗੁਰੂ ਘਰ ਦੀ ਪਰਿਕਰਮਾ ਵਿਚ ਨਗਰ ਕੀਰਤਨ
ਨਗਰ ਕੀਰਤਨ ਉਪਰੰਤ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵਲੋਂ ਆਖਰੀ ਕੀਰਤਨ ਦਰਬਾਰ ਬਾਅਦ ਦੁਪਹਿਰ 1:00 ਤੋਂ ਸ਼ਾਮ 3:00 ਵਜੇ ਤੱਕ

**ਵਿਸ਼ੇਸ਼ ਕੀਰਤਨ ਸਮਾਗਮ**
ਭਾਈ ਰਵਿੰਦਰ ਸਿੰਘ ਜੀ
*(ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)*
ਸ਼ਾਮ ਦੇ ਦੀਵਾਨ: 14 ਅਪਰੈਲ ਤੋਂ 17 ਅਪਰੈਲ

**ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ**
18 ਅਪਰੈਲ ਸ਼ਾਮ 7:30 ਤੋਂ 9:30
19 ਅਪਰੈਲ ਸ਼ਾਮ 7:30 ਤੋਂ 9:30
20 ਅਪਰੈਲ ਦੁਪਹਿਰ 1:00 ਤੋਂ ਸ਼ਾਮ 3:00

**ਵਿਸ਼ੇਸ਼ ਕੀਰਤਨ ਪ੍ਰੋਗਰਾਮ**
23 ਅਪਰੈਲ 2014: ਸਨਾਤਮ ਕੌਰ
27 ਅਪਰੈਲ 2014: ਸੰਤ ਅਨੂਪ ਸਿੰਘ

14 ਅਪਰੈਲ ਤੋਂ 20 ਅਪਰੈਲ 2014 ਤੱਕ ਰੋਜ਼ਾਨਾ ਸ਼ਾਮ ਨੂੰ ਢਾਡੀ ਦਰਬਾਰ ਲਖਬੀਰ ਸਿੰਘ ਕੋਮਲ

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸੰਤੋਖ ਸਿੰਘ ਵਿਰਕ ਪਰਿਵਾਰ ਵੱਲੋਂ

**ਗੁਰੂ ਕੇ ਲੰਗਰ ਦੀ ਸੇਵਾ:** ਭਾਈ ਰਾਜਿੰਦਰ ਸਿੰਘ ਮੰਘਰ ਤੇ ਪਰਿਵਾਰ, ਭਾਈ ਨਸੀਬ ਸਿੰਘ ਮਾਵੀ ਤੇ ਪਰਿਵਾਰ, ਸੁਖਜਿੰਦਰ ਸਿੰਘ ਹੋਠੀ ਤੇ ਪਰਿਵਾਰ, ਕੁਲਵਿੰਦਰ ਸਿੰਘ ਪਾਵਲਾ ਤੇ ਪਰਿਵਾਰ ਅਤੇ ਫਤਿਹਗੜ੍ਹ ਸਾਹਿਬ ਦੀ ਸੰਗਤ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਤੇ ਹੋਲਿਸਟਰ ਦੀ ਸੰਗਤ ਵੱਲੋਂ ਛੋਲੇ ਭਟੂਰਿਆਂ ਦਾ ਲੰਗਰ

*ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦਾ ਜਨਮ ਦਿਨ 4 ਮਈ 2014*

*ਹੋਰ ਜਾਣਕਾਰੀ ਲਈ ਸੰਪਰਕ ਕਰੋ*
ਗੁਰਦੁਆਰਾ ਸਾਹਿਬ 408-274-9373, ਸੁਖਦੇਵ ਸਿੰਘ 408-421-9463, ਅਰੁਣ ਸਿੰਘ 408-439-8903

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org, Facebook "San Jose Gurdwara"

# ਝੀਂਡਾ ਧੜੇ ਵੱਲੋਂ ਐਤਕੀਂ ਇਨੈਲੋ ਦੀ ਹਮਾਇਤ

**ਚੰਡੀਗੜ੍ਹ:** ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਨੇ ਲੋਕ ਸਭਾ ਚੋਣਾਂ ਵਿਚ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੀ ਮਦਦ ਕਰਨ ਦਾ ਐਲਾਨ ਕੀਤਾ ਹੈ। ਇਸ ਫੈਸਲੇ ਨਾਲ ਇਨੈਲੋ ਉਮੀਦਵਾਰਾਂ ਨੂੰ ਸਿੱਖ ਤੇ ਪੰਜਾਬੀ ਵਸੋਂ ਵਾਲੇ ਇਲਾਕਿਆਂ ਵਿਚ ਕਾਫੀ ਰਾਹਤ ਮਿਲਣ ਦੇ ਆਸਾਰ ਬਣ ਗਏ ਹਨ। ਇਹ ਫੈਸਲਾ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਕੁਰੂਕਸ਼ੇਤਰ ਵਿਚ ਹੋਈ ਮੀਟਿੰਗ ਵਿਚ ਲਿਆ।



ਇਨ੍ਹਾਂ ਯਤਨਾਂ ਦੀ ਕੜੀ ਵਿਚ ਇਨੈਲੋ ਦੇ ਸੀਨੀਅਰ ਆਗੂ ਅਭੈ ਚੌਟਾਲਾ ਨੇ ਵੱਖਰੀ ਕਮੇਟੀ ਦੇ ਆਗੂਆਂ ਨਾਲ ਮੀਟਿੰਗ ਕਰਕੇ ਹਮਾਇਤ ਲੈਣ ਦਾ ਯਤਨ ਕੀਤਾ ਸੀ ਤੇ ਉਸ ਤੋਂ ਬਾਅਦ ਇਹ ਮਾਮਲਾ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲ ਉਠਾਇਆ ਸੀ ਤੇ ਉਸ ਦੀ ਰੋਸ਼ਨੀ ਵਿਚ ਵੱਖਰੀ ਕਮੇਟੀ ਦੇ ਆਗੂਆਂ ਨੇ ਅੰਬਾਲਾ ਵਿਚ ਦੋ ਅਪਰੈਲ ਨੂੰ ਬਾਦਲ ਨਾਲ ਮੀਟਿੰਗ ਕੀਤੀ ਜਿਸ ਵਿਚ ਉਪ ਮੁੱਖ ਮੰਤਰੀ ਨੇ ਵੱਖਰੀ ਕਮੇਟੀ ਦੇ ਆਗੂਆਂ ਨੂੰ ਭਰੋਸਾ ਦਿੱਤਾ ਸੀ ਕਿ ਹਰਿਆਣਾ ਦੇ ਸਿੱਖਾਂ ਦੇ ਹਿੱਤਾਂ ਦੀ ਰਾਖੀ ਲਈ ਕਦਮ ਚੁੱਕੇ ਜਾਣਗੇ ਤੇ ਇਸ ਬਾਰੇ ਬਾਕਾਇਦਾ ਉਹ ਬਿਆਨ ਜਾਰੀ ਕਰਕੇ ਭਰੋਸਾ ਦੇਣਗੇ। ਉਪ ਮੁੱਖ ਮੰਤਰੀ ਦੇ ਭਰੋਸੇ ਪਿੱਛੋਂ ਵੱਖਰੀ ਕਮੇਟੀ ਦੇ ਆਗੂਆਂ ਨੇ ਐਡਹਾਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦੀ ਪ੍ਰਧਾਨਗੀ ਵਿਚ ਮੀਟਿੰਗ ਕਰਕੇ ਇਨੈਲੋ ਉਮੀਦਵਾਰਾਂ ਦੀ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ। ਇਸ ਬਾਰੇ ਸ. ਝੀਂਡਾ ਦਾ ਕਹਿਣਾ ਹੈ ਕਿ ਇਨੈਲੋ ਨੇ ਲੋਕ ਸਭਾ ਚੋਣਾਂ ਵਿਚ ਦੋ ਸਿੱਖ ਉਮੀਦਵਾਰਾਂ ਸਾਬਕਾ ਮੰਤਰੀ ਜਸਵਿੰਦਰ ਸਿੰਘ ਸੰਧੂ ਤੇ ਚਰਨਜੀਤ ਸਿੰਘ ਨੂੰ ਟਿਕਟਾਂ ਦਿੱਤੀਆਂ ਹਨ ਤੇ ਸ੍ਰੀ ਚੌਟਾਲਾ ਨੇ ਭਰੋਸਾ ਦਿੱਤਾ ਹੈ ਕਿ ਉਹ ਹਰਿਆਣਾ ਦੇ ਸਿੱਖਾਂ ਨੂੰ ਵੱਖਰੀ ਕਮੇਟੀ ਦਿਵਾਉਣ ਤੇ ਹੋਰ ਮਸਲੇ ਹੱਲ ਕਰਵਾਉਣ ਵਿਚ ਮਦਦ ਕਰਨਗੇ।

# ਮਹਾਰਾਜਾ ਰਣਜੀਤ ਸਿੰਘ ਦੀ ਤਲਵਾਰ ਕੈਨੇਡੀਅਨ ਪੰਜਾਬੀ ਨੇ ਖਰੀਦੀ

**ਚੰਡੀਗੜ੍ਹ:** ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਇਕ ਇਤਿਹਾਸਕ ਤਲਵਾਰ ਪਰਵਾਸੀ ਭਾਰਤੀ ਖਰੀਦਣ ਵਿਚ ਕਾਮਯਾਬ ਰਿਹਾ ਹੈ। ਇਹ ਤਲਵਾਰ ਜਿਸ ਦੀ ਧਾਰ 'ਤੇ ਗੁਰਮੁਖੀ ਵਿਚ 'ਅਕਾਲ ਸਹਾਇ ਰਣਜੀਤ ਸਿੰਘ ਲਾਹੌਰ' ਲਿਖਿਆ ਹੋਇਆ ਸੀ, ਪਹਿਲੀ ਵਾਰ ਪਿਛਲੇ ਮਹੀਨੇ ਬਰਤਾਨੀਆ ਦੇ ਮੂਲੋਕ'ਜ਼ ਨਿਲਾਮਘਰ ਵਿਚ ਨਿਲਾਮੀ ਲਈ ਰੱਖੀ ਗਈ ਸੀ ਪਰ ਫਿਰ ਇਸ ਬਾਰੇ ਵਿਆਪਕ ਦਿਲਚਸਪੀ ਹੋਣ ਕਰਕੇ ਆਖਰੀ ਪਲਾਂ 'ਤੇ ਇਸ ਨੂੰ ਨਿਲਾਮੀ ਵਿਚੋਂ ਹਟਾ ਲਿਆ ਗਿਆ ਸੀ।



ਕੁਝ ਹਫਤੇ ਬਾਅਦ ਇਸ ਨੂੰ ਫਿਰ ਗੁਪਤ ਨਿਲਾਮੀ ਵਿਚ ਰੱਖਿਆ ਗਿਆ ਤੇ ਇਸ ਲਈ ਪੰਜਾਬ, ਲੰਡਨ, ਹਾਂਗਕਾਂਗ, ਨਿਊਯਾਰਕ ਤੇ ਮੰਗੋਲੀਆ ਸਮੇਤ ਦੁਨੀਆ ਭਰ ਵਿਚੋਂ ਬੋਲੀਆਂ ਆਈਆਂ। ਸ੍ਰੀ ਢਿੱਲੋਂ ਕੈਨੇਡਾ ਦੇ ਗਵਰਨਰ ਜਨਰਲ ਦੇ ਵਫ਼ਦ ਦੇ ਮੈਂਬਰ ਵਜੋਂ ਲੰਘੇ ਫਰਵਰੀ ਮਹੀਨੇ ਭਾਰਤ ਗਏ ਸਨ। ਢਿੱਲੋਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਮਾਣ ਮਿਲਿਆ ਹੈ ਕਿ 165 ਸਾਲਾਂ ਬਾਅਦ ਉਸ ਦਾ ਪਰਿਵਾਰ ਭਾਈਚਾਰੇ ਦੇ ਕੰਮ ਆ ਸਕਿਆ। ਸ਼ਾਇਦ ਪਹਿਲੀ ਵਾਰ ਇਸ ਤਰ੍ਹਾਂ ਦੀ ਵਿਰਾਸਤੀ ਸ਼ੈਅ ਕੈਨੇਡਾ ਪੁੱਜੇਗੀ ਤੇ ਜਦੋਂ ਇਹ ਇਥੇ ਲਿਆਂਦੀ ਜਾਵੇਗੀ ਤਾਂ ਸਭ ਨੂੰ ਇਸ ਨੂੰ ਦੇਖਣ ਦਾ ਮੌਕਾ ਦਿੱਤਾ ਜਾਵੇਗਾ। ਢਿੱਲੋਂ ਕੈਨੇਡਾ ਦੀ ਰੀਅਲ ਅਸਟੇਟ ਫਰਮ ਮੇਨਸਟਰੀਟ ਇਕੁਇਟੀ ਕੋਰਪ ਦੇ ਮਾਲਕ ਹਨ।

## ਖ਼ਾਲਸਾ ਸਾਜਨਾ ਦਿਵਸ ਨੂੰ ਸਿੱਖ ਕੌਮੀਅਤ ਦਿਵਸ ਵਜੋਂ ਮਨਾਉਣ ਦਾ ਐਲਾਨ

**ਹੁਸ਼ਿਆਰਪੁਰ:** ਦਲ ਖ਼ਾਲਸਾ ਦੀ ਯੂਥ ਵਿੰਗ ਨੇ ਖ਼ਾਲਸਾ ਸਾਜਨਾ ਦਿਵਸ ਨੂੰ ਸਿੱਖ ਕੌਮੀਅਤ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ 'ਸਿੱਖ ਯੂਥ ਆਫ ਪੰਜਾਬ' ਵੱਲੋਂ ਸਿੱਖ ਰਾਸ਼ਟਰਵਾਦ ਦੇ ਸੰਕਲਪ ਦੇ ਵਿਸ਼ੇ 'ਤੇ 13 ਅਪਰੈਲ ਨੂੰ ਜਲੰਧਰ ਵਿਖੇ ਯੂਥ ਕਾਨਫਰੰਸ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕਾਨਫਰੰਸ ਨੌਜਵਾਨ ਜਥੇਬੰਦੀ ਵੱਲੋਂ ਕਰਵਾਈ ਜਾਵੇਗੀ ਜਿਸ ਵਿਚ ਸਭ ਤੋਂ ਪਹਿਲਾਂ 13 ਅਪਰੈਲ 1978 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬੁਲਾਰੇ ਨੌਜਵਾਨਾਂ ਅੰਦਰ ਚਰਿੱਤਰ ਉਸਾਰੀ ਤੇ ਸਿੱਖੀ ਜਜ਼ਬਾ ਪ੍ਰਚੰਡ ਕਰਨ 'ਤੇ ਜ਼ੋਰ ਦੇਣਗੇ।

## ਕਤਲੇਆਮ ਪੀੜਤ ਦਾ ਮੁਆਵਜ਼ਾ ਕੇਸ ਰੱਦ ਕਰਨ 'ਤੇ ਹਾਈਕੋਰਟ ਖ਼ਫ਼ਾ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਦੇ ਇਕ ਪੀੜਤ ਦਾ ਮੁਆਵਜ਼ੇ ਦਾ ਦਾਅਵਾ ਰੱਦ ਕਰਨ 'ਤੇ ਸਬ-ਡਿਵੀਜ਼ਨਲ ਮੈਜਿਸਟਰੇਟ ਦੀ ਖਿਚਾਈ ਕੀਤੀ ਹੈ। ਜਸਟਿਸ ਮਨਮੋਹਨ ਨੇ ਉੱਤਰ-ਪੂਰਬੀ ਦਿੱਲੀ ਵਿਚ ਸੀਮਾਪੁਰੀ ਦੇ ਐਸ.ਡੀ.ਐਮ ਤੇ ਸਮਰੱਥ ਅਥਾਰਟੀ ਨੂੰ ਦੰਗਾ ਪੀੜਤ ਦਾ ਕੇਸ ਮੁੜ ਵਿਚਾਰਨ ਲਈ ਤੇ ਨਵੇਂ ਹੁਕਮ ਦੇਣ ਲਈ ਕਿਹਾ ਹੈ।

ਜੱਜ ਇਸ ਗੱਲੋਂ ਖ਼ਫ਼ਾ ਹੋ ਗਿਆ ਸੀ ਕਿ ਅਧਿਕਾਰੀ ਗ੍ਰਹਿ ਮੰਤਰਾਲੇ ਦੀ ਇਕ ਨੋਟਿੰਗ ਨੂੰ ਵਧੇਰੇ ਤਰਜੀਹ ਦੇ ਰਿਹਾ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਮੁਆਵਜ਼ੇ ਦੇ ਕਿਸੇ ਅਦਾਲਤੀ ਹੁਕਮ 'ਤੇ ਜਿਸ ਬਾਰੇ ਪਹਿਲਾਂ ਹੀ ਕੇਸ ਚੱਲ ਰਿਹਾ ਹੋਵੇ, ਉਹ ਮੁਆਵਜ਼ਾ ਆਰਡਰ ਮਿਲਣ 'ਤੇ ਵੀ ਦਿੱਤਾ ਜਾ ਸਕਦਾ ਹੈ। ਹਾਈ ਕੋਰਟ ਨੇ ਅਗਸਤ 2013 ਵਿਚ ਪੀੜਤ ਗੁਰਨਾਮ ਸਿੰਘ ਦੀ ਅਪੀਲ 'ਤੇ ਵਿਭਾਗ ਨੂੰ ਉਸ ਦਾ ਕੇਸ ਮੁੜ ਵਿਚਾਰਨ ਤੇ ਹੁਕਮ ਤੋਂ ਚਾਰ ਹਫਤਿਆਂ ਦੇ ਅੰਦਰ-ਅੰਦਰ ਇਸ 'ਤੇ ਫੈਸਲਾ ਕਰਨ ਲਈ ਨਿਰਦੇਸ਼ ਦਿੱਤੇ ਸਨ।

ਅਦਾਲਤ ਨੇ ਇਹ ਵੀ ਸਪਸ਼ਟ ਕੀਤਾ ਸੀ ਕਿ ਸਕਰੀਨਿੰਗ ਕਮੇਟੀ ਉਸ ਦਾ ਕੇਸ ਮੁੜ ਵਿਚਾਰ ਕੇ ਹੁਕਮ ਜਾਰੀ ਕਰੇਗੀ। ਫਿਰ ਵੀ ਆਪਣੇ ਦਾਅਵੇ ਦੇ ਹੱਕ ਵਿਚ ਗਵਾਹਾਂ ਦੇ ਬਿਆਨ ਫਾਈਲ ਕਰਨ ਦੇ ਬਾਵਜੂਦ ਐਸ.ਡੀ.ਐਮ ਨੇ ਇਸ ਸਾਲ 29 ਜਨਵਰੀ ਨੂੰ ਗੁਰਨਾਮ ਸਿੰਘ ਦਾ ਮੁਆਵਜ਼ੇ ਦਾ ਕੇਸ ਰੱਦ ਕਰ ਦਿੱਤਾ। ਇਸ 'ਤੇ ਅਦਾਲਤ ਨੇ ਕਾਫੀ ਗੁੱਸਾ ਪ੍ਰਗਟਾਇਆ ਤੇ ਅਗਲੀ ਕਾਰਵਾਈ ਦੇ ਹੁਕਮ ਦਿੱਤੇ।

## ਤਿੰਨ ਬਰਤਾਨਵੀ ਸਿੱਖਾਂ ਨੂੰ ਸਜ਼ਾ ਤੇ ਜੁਰਮਾਨਾ

**ਲੰਡਨ:** ਗੁਰਦੁਆਰੇ ਸਬੰਧੀ ਫੇਸਬੁੱਕ ਉੱਤੇ ਕੀਤੀ ਟਿੱਪਣੀ ਤੋਂ ਖ਼ਫ਼ਾ ਤਿੰਨ ਸਿੱਖ ਸ਼ਰਧਾਲੂਆਂ ਵੱਲੋਂ ਇਕ ਹੋਰ ਸਿੱਖ ਉੱਤੇ ਕੀਤੇ ਜਾਨਲੇਵਾ ਹਮਲੇ ਦੇ ਦੋਸ਼ ਵਿਚ ਹਰ ਇਕ ਨੂੰ ਪੰਜ ਸੌ ਪੌਂਡ ਦਾ ਜੁਰਮਾਨਾ ਤੇ ਦੋ-ਦੋ ਸੌ ਘੰਟੇ 'ਸੇਵਾ' ਕਰਨ ਦੀ ਸਜ਼ਾ ਸੁਣਾਈ ਹੈ।

ਵਾਰਵਿਕਸ਼ਾਇਰ ਕਰਾਊਨ ਕੋਰਟ ਦੇ ਰਿਕਾਰਡਰ ਕ੍ਰਿਸਟੋਫਰ ਗੁਡਚਾਈਲਡ ਨੇ ਗੁਰਿੰਦਰਜੀਤ ਸਿੰਘ, ਸੰਤੋਖ ਸਿੰਘ ਸਹੋਤਾ ਅਤੇ ਹਰਕੰਤ ਸਿੰਘ ਸਹੋਤਾ ਨੂੰ ਜੁਝਾਰ ਸਿੰਘ ਫਲੋਰਾ ਉੱਤੇ ਹਮਲੇ ਲਈ ਦੋਸ਼ ਮੰਨਦਿਆਂ ਹਰ ਇਕ ਨੂੰ ਪੰਜ ਸੌ ਪੌਂਡ ਦਾ ਜੁਰਮਾਨਾ ਤੇ ਦੋ-ਦੋ ਸੌ ਘੰਟੇ ਬਿਨਾਂ ਪੈਸਿਆਂ ਤੋਂ ਕੰਮ ਕਰਨ ਦੀ ਸਜ਼ਾ ਸੁਣਾਈ ਹੈ।

ਜ਼ਿਕਰਯੋਗ ਹੈ ਕਿ ਸਹੋਤਾ ਤੇ ਉਸ ਦੇ ਸਹਿਯੋਗੀ ਐਕਸਾਲ ਵਾਰਵਿਕਸ਼ਾਇਰ ਵਿਚ ਬਾਬਾ ਵਡਭਾਗ ਸਿੰਘ ਗੁਰਦੁਆਰੇ ਦੇ ਸ਼ਰਧਾਲੂ ਹਨ ਤੇ ਪੀੜਤ ਜੁਝਾਰ ਸਿੰਘ ਫਲੋਰਾ ਜੋ ਦੁੱਖ ਨਿਵਾਰਨ ਗੁਰਦੁਆਰੇ ਜਾਂਦਾ ਹੈ, ਵਿਚਕਾਰ ਫੇਸ ਬੁੱਕ ਉੱਤੇ ਨੋਕ-ਝੋਕ ਹੋ ਗਈ ਸੀ। ਸੀ.ਸੀ.ਟੀ.ਵੀ. ਦੀ ਫੁਟੇਜ ਵਿਚ ਇਸ ਹਮਲੇ ਦੌਰਾਨ ਫਲੋਰਾ ਦੀ ਪੱਗ ਉੱਤਰ ਗਈ ਸੀ।

## ਪਾਸਪੋਰਟ ਲਈ ਹਾਈਕੋਰਟ ਪਹੁੰਚਿਆ ਜ਼ਫਰਵਾਲ

**ਚੰਡੀਗੜ੍ਹ:** ਪਾਸਪੋਰਟ ਬਣਾਉਣ ਲਈ ਸਾਬਕਾ ਖਾਲਿਸਤਾਨੀ ਵੱਸਣ ਸਿੰਘ ਜ਼ਫਰਵਾਲ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਕੋਲ ਪਹੁੰਚ ਕੀਤੀ ਗਈ ਹੈ ਜਿਸ ਬਾਰੇ ਹਾਈਕੋਰਟ ਦੇ ਜਸਟਿਸ ਰਿਤੂ ਬਾਹਰੀ ਵੱਲੋਂ ਜ਼ਫਰਵਾਲ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ, ਅੰਮ੍ਰਿਤਸਰ ਖੇਤਰੀ ਪਾਸਪੋਰਟ ਅਫਸਰ ਤੇ ਹੋਰ ਧਿਰਾਂ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ।

ਸ. ਵੱਸਣ ਸਿੰਘ ਜ਼ਫਰਵਾਲ ਵੱਲੋਂ ਪੇਸ਼ ਹੋਏ ਵਕੀਲ ਬੀ.ਐਸ. ਬਾਠ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਾਅਵਾ ਕੀਤਾ ਕਿ ਜ਼ਫਰਵਾਲ ਖਿਲਾਫ ਦਰਜ ਅਤੇ ਚਲਦੇ ਕੇਸਾਂ ਦਾ ਨਿਬੇੜਾ ਹੁਣ ਹੋ ਚੁੱਕਾ ਹੈ ਪਰ ਇਸ ਦੇ ਬਾਵਜੂਦ ਜਦੋਂ ਉਸ ਵੱਲੋਂ ਆਪਣਾ ਪਾਸਪੋਰਟ ਬਣਵਾਉਣ ਲਈ ਜਦੋਂ ਬਿਨੈ ਕੀਤਾ ਗਿਆ ਤਾਂ ਗੁਰਦਾਸਪੁਰ ਦੇ ਐਸ.ਐਸ.ਪੀ. ਵੱਲੋਂ ਉਸ ਬਾਰੇ ਦਾਇਰ ਰਿਪੋਰਟ ਨੇ ਅੜਿੱਕਾ ਪੈਦਾ ਕਰ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਹਾਲੀਆ ਹਾਲਾਤ ਦੇ ਮੁਤਾਬਕ ਭਾਰਤੀ ਪਾਸਪੋਰਟ ਹਾਸਲ ਕਰਨਾ ਸ. ਜ਼ਫਰਵਾਲ ਦੇ ਸੰਵਿਧਾਨਿਕ ਹੱਕਾਂ ਵਿਚ ਸ਼ਾਮਲ ਹੈ।

## ਇੰਗਲੈਂਡ ਦੇ ਸਿੱਖ ਭਾਈਚਾਰੇ 'ਚ ਵੰਡੀਆਂ ਪਾਉਣ ਦੀ ਕੋਸ਼ਿਸ਼

**ਚੰਡੀਗੜ੍ਹ:** ਬਰਤਾਨੀਆ ਵਿਚ ਕੰਜ਼ਰਵੇਟਿਵ ਪਾਰਟੀ ਆਮ ਕਰ ਕੇ ਪਰਵਾਸੀ ਲੋਕਾਂ ਦੇ ਖ਼ਿਲਾਫ਼ ਹੀ ਸਮਝੀ ਜਾਂਦੀ ਹੈ ਤੇ ਏਸ਼ੀਅਨ ਪਰਵਾਸੀ ਆਮ ਕਰਕੇ ਲੇਬਰ ਪਾਰਟੀ ਦੇ ਹਮਾਇਤੀ ਬਣਦੇ ਰਹੇ ਹਨ।

ਬਰਤਾਨੀਆ ਵਿਚ ਸਿੱਖਾਂ ਦੀ ਸੰਘਣੀ ਵਸੋਂ ਵਾਲੇ ਲੰਡਨ ਦੇ ਨਾਲ ਲਗਦੇ ਗਰੇਵਸ਼ੈਮ ਖੇਤਰ ਕਾਫੀ ਸਮੇਂ ਤੋਂ ਲੇਬਰ ਪਾਰਟੀ ਨਾਲ ਜੁੜੇ ਸਿੱਖ ਆਗੂ ਕਾਸਲ ਮੈਂਬਰ ਬਣਦੇ ਰਹੇ ਹਨ ਤੇ ਪਿਛਲੇ ਸਾਲ ਲੇਬਰ ਪਾਰਟੀ ਦੇ ਨੌਜਵਾਨ ਆਗੂ ਤਨਮਨਜੀਤ ਸਿੰਘ ਢੇਸੀ ਗਰੇਵਸ਼ੈਮ ਕਾਸਲ ਦੇ ਮੇਅਰ ਵੀ ਰਹੇ ਹਨ ਤੇ ਹੁਣ ਉਹ ਮਈ, 2015 ਵਿਚ ਹੋਣ ਵਾਲੀਆਂ ਪਾਰਲੀਮੈਂਟ ਚੋਣਾਂ ਲਈ ਪਾਰਲੀਮੈਂਟ ਉਮੀਦਵਾਰ ਵੀ ਨਾਮਜ਼ਦ ਹਨ।

ਇਸ ਵੇਲੇ ਗਰੇਵਸ਼ੈਮ ਕਾਸਲ ਵਿਚ ਪੰਜ ਸਿੱਖ ਮੈਂਬਰ ਹਨ ਤੇ ਇਹ ਸਾਰੇ ਲੇਬਰ ਪਾਰਟੀ ਵੱਲੋਂ ਲਏ ਹਨ। ਕੰਜ਼ਰਵੇਟਿਵ ਪਾਰਟੀ ਨੇ ਅਜੇ ਤੱਕ ਕੌਂਸਲ ਜਾਂ ਕਿਸੇ ਹੋਰ ਅਦਾਰੇ ਦੀ ਚੋਣ ਲਈ ਕਦੇ ਕਿਸੇ ਸਿੱਖ ਦਾ ਨਾਂ ਨਹੀਂ ਲਿਆ ਤੇ ਨਾ ਹੀ ਕੋਈ ਅਹਿਮ ਸ਼ਖ਼ਸੀਅਤ ਉਸ ਪਾਰਟੀ ਨਾਲ ਹੀ ਜੁੜੀ ਹੈ। ਪਰ ਇਸ ਵਾਰ ਕੰਜ਼ਰਵੇਟਿਵ ਪਾਰਟੀ ਦੇ ਮੌਜੂਦਾ ਮੈਂਬਰ ਪਾਰਲੀਮੈਂਟ ਐਡਮ ਹੋਲੋਵੇ ਨੇ ਗਰੇਵਸ਼ੈਮ ਕਾਸਲ ਦੀ ਚੋਣ ਲਈ 8 ਸਿੱਖ ਉਮੀਦਵਾਰ ਬਣਾਏ ਜਾਣ ਦਾ ਐਲਾਨ ਕਰਕੇ ਇਸ ਖੇਤਰ ਵਿਚ ਰਹਿੰਦੇ ਸਿੱਖ ਭਾਈਚਾਰੇ ਵਿਚ ਵੰਡੀਆਂ ਪਾਉਣ ਦਾ ਰਾਹ ਖੋਲ੍ਹ ਦਿੱਤਾ ਹੈ।

ਕੰਜ਼ਰਵੇਟਿਵ ਪਾਰਟੀ ਦੀ ਤਤਕਾਲੀ ਥੈਚਰ ਸਰਕਾਰ ਉੱਪਰ ਇਹ ਵੀ ਦੋਸ਼ ਲੱਗ ਰਹੇ ਹਨ ਕਿ ਉਸ ਨੇ ਜੂਨ ਚੁਰਾਸੀ ਵਿਚ ਸ੍ਰੀ ਹਰਿਮੰਦਰ ਸਾਹਿਬ ਉਪਰ ਹਮਲੇ ਲਈ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਹੱਲਾਸ਼ੇਰੀ ਦਿੱਤੀ ਸੀ। ਇਹ ਮੁੱਦਾ ਵੀ ਉਥੋਂ ਦੀਆਂ ਚੋਣਾਂ ਵਿਚ ਉਭਰੇਗਾ। ਜ਼ਿਕਰਯੋਗ ਹੈ ਕਿ ਇਸ ਹਲਕੇ ਵਿਚ 7 ਹਜ਼ਾਰ ਤੋਂ ਵੱਧ ਸਿੱਖ ਵੋਟਰ ਹਨ। ਮਈ 15 ਨੂੰ ਹੋਣ ਵਾਲੀਆਂ ਕਾਸਲ ਤੇ ਪਾਰਲੀਮੈਂਟ ਦੀਆਂ ਚੋਣਾਂ ਲਈ ਵੋਟਾਂ ਇਕੋ ਦਿਨ ਹੀ ਪੈਣਗੀਆਂ।

## ਹਵਾਰਾ ਖਿਲਾਫ ਤਿੰਨ ਕੇਸਾਂ ਵਿਚ ਦੋਸ਼ ਆਇਦ

**ਰੂਪਨਗਰ:** ਜ਼ਿਲ੍ਹਾ ਅਦਾਲਤ ਨੇ ਬੱਬਰ ਖ਼ਾਲਸਾ ਦੇ ਕਾਰਕੁਨ ਜਗਤਾਰ ਸਿੰਘ ਹਵਾਰਾ ਖ਼ਿਲਾਫ਼ ਚੱਲ ਰਹੇ ਤਿੰਨ ਕੇਸਾਂ ਵਿਚ ਦੋਸ਼ ਆਇਦ ਕੀਤੇ ਹਨ। ਬੱਬਰ ਖ਼ਾਲਸਾ ਦੇ ਕਾਰਕੁਨ ਜਗਤਾਰ ਸਿੰਘ ਹਵਾਰਾ ਖ਼ਿਲਾਫ਼ ਰੂਪਨਗਰ ਜ਼ਿਲ੍ਹੇ ਵਿਚ ਚਾਰ ਮਾਮਲੇ ਦਰਜ ਹਨ ਤੇ ਇਨ੍ਹਾਂ ਵਿਚੋਂ ਤਿੰਨ ਮਾਮਲਿਆਂ ਵਿਚ ਉਸ ਨੂੰ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕੀਤਾ ਗਿਆ।




ਜਗਤਾਰ ਸਿੰਘ ਹਵਾਰਾ ਖ਼ਿਲਾਫ਼ 2005 ਵਿਚ ਬਾਬਾ ਪਿਆਰਾ ਸਿੰਘ ਭਨਿਆਰਾ ਵਾਲੇ ਦੇ ਡੇਰੇ ਨੇੜੇ ਹੋਏ ਬੰਬ ਧਮਾਕੇ ਦੀ ਸਾਜ਼ਿਸ਼ ਰਚਣ ਦਾ ਮਾਮਲਾ ਨੂਰਪੁਰਬੇਦੀ ਥਾਣੇ ਵਿਚ ਦਰਜ ਹੈ ਜਦਕਿ ਥਾਣਾ ਚਮਕੌਰ ਸਾਹਿਬ ਵਿਚ ਹਵਾਰਾ ਖ਼ਿਲਾਫ਼ 1998 ਵਿਚ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਇਕ ਮੁਲਾਜ਼ਮ ਦਾ ਕਤਲ ਤੇ ਤਿੰਨਾਂ ਨੂੰ ਫੱਟੜ ਕਰਨ ਦਾ ਮਾਮਲਾ ਦਰਜ ਹੈ। ਇਸੇ ਤਰ੍ਹਾਂ 1995 ਵਿਚ ਪੁਲਿਸ 'ਤੇ ਫਾਇਰਿੰਗ ਕਰਨ ਦਾ ਇਕ ਹੋਰ ਮਾਮਲਾ ਦਰਜ ਹੈ।

ਪਿਛਲੀ ਪੇਸ਼ੀ ਦੌਰਾਨ ਪੁਲਿਸ ਵੱਲੋਂ ਇਨ੍ਹਾਂ ਮਾਮਲਿਆਂ ਵਿਚ ਚਲਾਨ ਪੇਸ਼ ਕੀਤਾ ਗਿਆ ਸੀ। ਇਨ੍ਹਾਂ ਮਾਮਲਿਆ ਵਿਚ ਅਦਾਲਤ ਨੇ ਹਵਾਰਾ ਦੀ ਅਗਲੀ ਪੇਸ਼ੀ 24 ਅਪ੍ਰੈਲ ਤੇ ਦੋ ਮਈ ਨੂੰ ਰੱਖੀ ਹੈ।

ਇਸ ਮੌਕੇ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਸਣੇ ਵੱਡੀ ਗਿਣਤੀ ਲੋਕ ਅਦਾਲਤ ਦੇ ਬਾਹਰ ਇੱਕਠੇ ਹੋਏ ਤੇ ਹਵਾਰਾ ਦੇ ਆਉਣ ਸਮੇਂ ਇਨ੍ਹਾਂ ਲੋਕਾਂ ਨੇ ਜੈਕਾਰੇ ਲਾਏ।


ਹਵਾਰਾ ਨੇ ਆਪਣੇ ਵਕੀਲ ਹਰਪਾਲ ਸਿੰਘ ਚੀਮਾ ਵੱਲੋਂ ਦਿੱਤੇ ਬਿਆਨ ਵਿਚ ਕਿਹਾ ਕਿ ਜੋ ਵਕੀਲ ਮਨੁੱਖੀ ਅਧਿਕਾਰਾਂ ਦੀ ਖ਼ਾਤਰ ਲੜਾਈ ਲੜ ਰਹੇ ਹਨ, ਉਹ ਉਨ੍ਹਾਂ ਦਾ ਸਨਮਾਨ ਕਰਦੇ ਹਨ।

## ਬਾਦਲ ਨੇ ਨਹੀਂ ਕੀਤਾ ਸ਼ਹੀਦ ਸਿੱਖ ਨੌਜਵਾਨਾਂ ਨਾਲ ਇਨਸਾਫ

**ਚੰਡੀਗੜ੍ਹ:** ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਰਗਰਮ ਜਥੇਬੰਦੀਆਂ ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ, ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ, ਲਾਅਰਜ਼ ਫ਼ਾਰ ਜਸਟਿਸ ਐਂਡ ਡੈਮੋਕਰੇਟਿਕ ਰਾਈਟਸ ਨੇ ਦੋਸ਼ ਲਾਇਆ ਹੈ ਕਿ 1997 ਵਿਚ ਸੱਤਾ ਹਥਿਆਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਿੱਖ ਨੌਜਵਾਨਾਂ ਦੇ ਕਾਤਲਾਂ ਦੀ ਪੜਤਾਲ ਲਈ ਜਾਂਚ ਕਮਿਸ਼ਨ ਬਿਠਾਉਣ ਦਾ ਐਲਾਨ ਕੀਤਾ ਸੀ। ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਦਿਆਂ ਹੀ ਸ. ਬਾਦਲ ਇਹ ਵਾਅਦਾ ਭੁੱਲ ਗਏ। ਸਾਕਾ ਨੀਲਾ ਤਾਰਾ ਤੇ ਉਸ ਤੋਂ ਬਾਅਦ ਅਤਿਵਾਦ ਦੇ ਦੌਰ ਦੌਰਾਨ ਪੁਲਿਸ ਵੱਲੋਂ 25 ਹਜ਼ਾਰ ਸਿੱਖ ਨੌਜਵਾਨਾਂ ਦੇ ਕਤਲ ਲਈ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਪਾਰਟੀ ਬਰਾਬਰ ਦੀਆਂ ਦੋਸ਼ੀ ਹਨ। ਜਸਟਿਸ (ਸੇਵਾ ਮੁਕਤ) ਅਜੀਤ ਸਿੰਘ ਬੈਂਸ, ਕਿਰਪਾਲ ਸਿੰਘ ਰੰਧਾਵਾ, ਜਗਦੀਸ਼ ਸਿੰਘ ਰੰਧਾਵਾ ਤੇ ਸਤਵਿੰਦਰ ਸਿੰਘ ਪਲਾਸੌਰ ਨੇ ਕਿਹਾ ਕਿ ਮੁੱਖ ਮੰਤਰੀ ਨੇ ਸਿੱਖਾਂ ਦੇ ਕਾਤਲਾਂ ਨੂੰ ਸਜ਼ਾਵਾਂ ਦੇਣ ਦੀ ਥਾਂ ਹਮੇਸ਼ਾ ਉਨ੍ਹਾਂ ਦੀ ਪੁਸ਼ਤਪਨਾਹੀ ਕੀਤੀ ਹੈ। ਮਨੁੱਖੀ ਅਧਿਕਾਰ ਸੰਗਠਨਾਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਪੁਲਿਸ ਦੇ ਮੌਜੂਦਾ ਮੁਖੀ ਸੁਮੇਧ ਸਿੰਘ ਸੈਣੀ 'ਤੇ ਸਿੱਖ ਨੌਜਵਾਨਾਂ ਨੂੰ ਕਤਲ ਕਰਨ ਦੇ ਦੋਸ਼ ਹਨ। ਇਸ ਤੋਂ ਮੰਦਭਾਗਾ ਕੀ ਹੋ ਸਕਦਾ ਹੈ ਕਿ ਅਕਾਲੀ ਸਰਕਾਰ ਨੇ ਇਸ ਪੁਲਿਸ ਅਧਿਕਾਰੀ ਨੂੰ ਡੀ.ਜੀ.ਪੀ ਲਾਇਆ ਹੈ। ਆਗੂਆਂ ਨੇ ਕਿਹਾ ਕਿ ਜੇਕਰ ਅੱਜ ਸਿੱਖ ਨੌਜਵਾਨ ਜੇਲ੍ਹਾਂ ਵਿਚ ਰੁਲ ਰਹੇ ਹਨ ਤਾਂ ਉਹ ਪ੍ਰਕਾਸ਼ ਸਿੰਘ ਬਾਦਲ ਦੀ ਬਦੌਲਤ ਹੀ ਹਨ।

# ਗਦਰ ਲਹਿਰ ਅਤੇ ਕਸ਼ਮੀਰ ਦੀ ਮੁਕਤੀ

ਕਸ਼ਮੀਰ ਦਾ ਨਾਂ ਫ਼ਿਲਮਾਂ ਅਤੇ ਭਾਰੂ ਮੀਡੀਆ ਵਿਚ 'ਅਤਿਵਾਦ ਜਾਂ ਵੱਖਵਾਦ' ਦੇ ਹਵਾਲੇ ਨਾਲ ਚਰਚਾ ਵਿਚ ਰਹਿੰਦਾ ਹੈ। ਹਿੰਦੋਸਤਾਨ ਸਰਕਾਰ ਨੇ ਕਸ਼ਮੀਰ ਨੂੰ ਕਾਬੂ ਵਿਚ ਰੱਖਣ ਲਈ ਲੱਖਾਂ ਦੀ ਗਿਣਤੀ ਵਿਚ ਫ਼ੌਜੀ ਝੋਕੇ ਹੋਏ ਹਨ। ਕਸ਼ਮੀਰ ਵਿਚ 'ਅਤਿਵਾਦੀਆਂ' ਵਿਰੁਧ ਲੜਨਾ ਮੁਲਕਪ੍ਰਸਤੀ ਦਾ ਸਬੂਤ ਬਣਦਾ ਹੈ ਅਤੇ ਕਸ਼ਮੀਰ ਦੀ ਖ਼ੁਦਮੁਖਤਾਰੀ ਦੀ



**ਜਤਿੰਦਰ ਮੌਹਰ**
ਫੋਨ: 91-97799-34747

ਗੱਲ ਕਰਨਾ 'ਮੁਲਕ ਵਿਰੋਧੀ' ਹੋਣਾ ਗਰਦਾਨਿਆ ਜਾਂਦਾ ਹੈ। ਸੰਨੀ ਦਿਉਲ ਆਪਣੀ ਫ਼ਿਲਮ ਵਿਚ 'ਦੂਧ ਮਾਂਗੋਗੇ ਤੋ ਖੀਰ ਦੇਂਗੇ, ਕਸ਼ਮੀਰ ਮਾਂਗੋਗੇ ਤੋ ਚੀਰ ਦੇਂਗੇ' ਵਰਗੇ ਬੋਲੇ ਬੋਲਦਾ 'ਵੱਡਾ ਮੁਲਕਪ੍ਰਸਤ' ਹੋ ਨਿਬੜਦਾ ਹੈ। ਕਸ਼ਮੀਰ ਵਿਚ ਫ਼ੌਜ-ਪੁਲਿਸ ਦੀਆਂ ਜ਼ਿਆਦਤੀਆਂ ਦੀਆਂ ਖ਼ਬਰਾਂ ਨੂੰ ਚਲੰਤ ਮੀਡੀਆ ਵਿਚ ਬਹੁਤੀ ਜਗ੍ਹਾ ਨਹੀਂ ਦਿੱਤੀ ਜਾਂਦੀ। 'ਹਮਾਲ' ਰਸਾਲੇ ਦਾ ਕਾਲਮਨਵੀਸ ਅਰਸ਼ਦ ਪੀਰਜ਼ਾਦਾ ਕਸ਼ਮੀਰ ਵਿਚ ਅਣਪਛਾਤੀਆਂ ਲਾਸ਼ਾਂ ਦੱਬਣ ਲਈ ਵਰਤੇ ਗਏ ਕਬਰਸਤਾਨਾਂ ਦੀ ਲੰਬੀ ਤਫ਼ਸੀਲ ਦਿੰਦਾ ਹੈ। ਕਸ਼ਮੀਰੀ ਬੀਬੀਆਂ ਦੀ ਜਥੇਬੰਦੀ ਮਾਰ-ਖਪਾਏ ਗਏ ਆਪਣੇ ਜੀਆਂ ਦਾ ਖੁਰਾ-ਖੋਜ ਲੱਭਣ ਲਈ ਸੰਘਰਸ਼ਸ਼ੀਲ ਹਨ। ਭਾਰਤੀ ਹੁਕਮਰਾਨ ਕਸ਼ਮੀਰੀਆਂ ਨੂੰ ਦਿੱਤੇ ਸਵੈ-ਨਿਰਣੈ ਦੇ ਕਰਾਰ ਤੋਂ ਚਿਰੋਕਣੇ ਮੁੱਕਰ ਚੁੱਕੇ ਹਨ ਅਤੇ ਕਸ਼ਮੀਰ ਦਾ ਮਸਲਾ 'ਅਤਿਵਾਦ' ਦਾ ਮਸਲਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਕਸ਼ਮੀਰੀਆਂ ਅਤੇ ਮੁਸਲਮਾਨਾਂ ਨੂੰ ਸ਼ੈਤਾਨ ਅਤੇ ਦੂਜੇ-ਗ੍ਰਹਿ ਦੇ ਵਾਸੀ ਸਿੱਧ ਕਰਨ ਦੀ ਮਸ਼ਕ ਜ਼ੋਰਾਂ ਉੱਤੇ ਹੈ। ਕਸ਼ਮੀਰੀ ਹਕੂਕ ਦੀ ਲਹਿਰ ਨੂੰ ਬਦਨਾਮ ਕਰਨ ਲਈ ਚਲਦੀ ਮੁਹਿੰਮ ਵਿਚ ਫ਼ਿਲਮਾਂ, ਮੀਡੀਆ, ਸਿਆਸਤ ਅਤੇ ਜਨਤਕ ਸਮਝ ਉੱਤੇ ਅਸਰ ਅੰਦਾਜ਼ ਹੁੰਦੇ ਸਭ ਵਸੀਲੇ ਸ਼ਾਮਲ ਹਨ। ਕਸ਼ਮੀਰੀਆਂ ਦੀ ਨਾਬਰੀ ਪਛਾੜਾਂ ਦੇ ਬਾਵਜੂਦ ਜਾਰੀ ਹੈ। ਸੰਨ 2010 ਵਿਚ ਆਲਮ ਦੀਆਂ ਸਭ ਤੋਂ ਵੱਡੀਆਂ ਫ਼ੌਜੀ ਤਾਕਤਾਂ ਵਿਚੋਂ ਇੱਕ ਭਾਰਤੀ ਫ਼ੌਜ ਨਾਲ ਕਸ਼ਮੀਰੀਆਂ ਨੇ ਇੱਟਾਂ-ਰੋੜਿਆਂ ਨਾਲ ਹੀ ਲੋਹਾ ਲਿਆ ਸੀ। ਇਸ ਮੁਹਿੰਮ ਵਿਚ ਇੱਕ ਸੌ ਦਸ ਦੇ ਕਰੀਬ ਕਸ਼ਮੀਰੀ ਮਾਰੇ ਗਏ ਸਨ। ਮੌਜੂਦਾ ਗੰਧਲੇ ਸਿਆਸੀ ਮਾਹੌਲ ਵਿਚ ਕਸ਼ਮੀਰ ਦੇ ਸਵਾਲ ਬਾਬਤ ਚਰਚਾ ਗ਼ਦਰੀਆਂ ਦੇ ਹਵਾਲੇ ਨਾਲ ਵੀ ਕਰਨੀ ਬਣਦੀ ਹੈ। ਗ਼ਦਰ ਲਹਿਰ ਦੇ ਇਤਿਹਾਸ ਅਤੇ ਗ਼ਦਰੀ ਡੀ ਚੇਨਚਹੀਆ ਦੀ ਵਿਥਿਆ ਵਿਚ ਕਸ਼ਮੀਰ ਦੀ ਆਜ਼ਾਦੀ ਦੇ ਸਵਾਲ ਬਾਬਤ ਗ਼ਦਰੀਆਂ ਦੀ ਸਮਝ ਦੀ ਤਫ਼ਸੀਲ ਮਿਲਦੀ ਹੈ। ਮੁੱਢਲੇ ਦੌਰ ਦੀਆਂ ਬਹਿਸਾਂ ਤੋਂ ਬਾਅਦ ਗ਼ਦਰੀਆਂ ਨੇ ਮਹਿਸੂਸ ਕੀਤਾ ਕਿ ਭਾਰਤ ਨੂੰ ਇੱਕੋ ਹੱਲੇ ਨਾਲ ਮੁਕਤ ਨਹੀਂ ਕਰਵਾਇਆ ਜਾ ਸਕਦਾ। ਇਹ ਸਿਲਸਿਲਾ ਪੜਾਅ ਵਾਰ ਜਾਂ ਲਮਕਵੇਂ ਰੂਪ ਵਿਚ ਹੋ ਸਕਦਾ ਹੈ। ਵਿਉਂਤ ਮੁਤਾਬਕ ਇੱਕ ਸੂਬੇ ਤੋਂ ਬਾਅਦ ਦੂਜੇ ਸੂਬੇ ਨੂੰ ਮੁਕਤ ਕਰਵਾਇਆ ਜਾਵੇ। ਸਮੁੰਦਰ ਨੇੜਲੇ ਸੂਬਿਆਂ ਵਿਚ ਅੰਗਰੇਜ਼ਾਂ ਵਧੇਰੇ ਤਾਕਤਵਰ ਹਨ, ਜਿਸ ਕਰ ਕੇ ਬਗ਼ਾਵਤ ਛੇਤੀ ਦਬਾ ਦੇਣਗੇ। ਉੱਤਰੀ ਭਾਰਤ ਦੇ ਪਹਾੜੀ ਅਤੇ ਜੰਗਲੀ ਸੂਬੇ ਛਾਪਾਮਾਰ ਯੁੱਧ ਲਈ ਵਧੇਰੇ ਢੁੱਕਵੀਂ ਥਾਂ ਸਨ। ਫ਼ੈਸਲਾ ਹੋਇਆ ਕਿ ਸਭ ਤੋਂ ਪਹਿਲਾਂ ਕਸ਼ਮੀਰ ਅਤੇ ਉੱਤਰੀ-ਪੱਛਮੀ ਸਰਹੱਦੀ ਸੂਬੇ ਦੀ ਮੁਕਤੀ ਕਰਵਾਈ ਜਾਵੇ। ਦੋਹਾਂ ਸੂਬਿਆਂ




ਵਿਚੋਂ ਕਸ਼ਮੀਰ ਨੂੰ ਪਹਿਲ ਦੇ ਆਧਾਰ ਉੱਤੇ ਚੁਣਿਆ ਗਿਆ। ਇਸ ਤਰ੍ਹਾਂ ਕਸ਼ਮੀਰ ਦੀ ਮੁਕਤੀ ਦਾ ਐਲਾਨ ਹੋਇਆ। ਕਸ਼ਮੀਰ ਦੀ ਚੋਣ ਦੇ ਕਈ ਉਘੜਵੇਂ ਕਾਰਨ ਸਨ। ਜਿੱਥੇ ਸੱਤਾ ਉੱਤੇ ਕਾਬਜ਼ ਜਮਾਤ ਅਤੇ ਅਵਾਮ ਵਿਚਕਾਰ ਪਾੜਾ ਬਹੁਤ ਵੱਡਾ ਸੀ। ਇਸ ਪਾੜੇ ਨੂੰ ਮੇਟਣ ਦਾ ਅਰਥ ਸੀ ਕਿ ਨਪੀੜੀ ਜਾ ਰਹੀ ਬਹੁ-ਗਿਣਤੀ ਨੂੰ ਵਿਤੀ, ਧਾਰਮਿਕ ਅਤੇ ਸਮਾਜਕ ਦਾਬੇ ਤੋਂ ਮੁਕਤ ਕਰਵਾਇਆ ਜਾਵੇ। ਨਪੀੜੀ ਜਾ ਰਹੀ ਬਹੁ-ਗਿਣਤੀ ਮੁਸਲਮਾਨਾਂ ਦੀ ਸੀ। ਇਸ ਬਹੁ-ਗਿਣਤੀ ਉੱਤੇ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਨੇ ਕਬਜ਼ਾ ਕੀਤਾ ਅਤੇ ਫ਼ਿਰ ਅੰਗਰੇਜ਼ ਬਸਤਾਨਾਂ ਨੇ ਗ਼ੱਦਾਰੀ ਦੇ ਇਨਾਮ ਵਜੋਂ ਡੋਗਰੇ ਹਾਕਮਾਂ ਦਾ ਦਾਬਾ ਕਸ਼ਮੀਰ ਉੱਤੇ ਪੱਕੇ ਰੂਪ ਵਿਚ ਬਹਾਲ ਕਰ ਦਿੱਤਾ ਸੀ। ਗ਼ਾਲਬ ਜਮਾਤ ਵਿਚ ਮੁੱਠੀ ਭਰ ਲੋਕ ਸਨ ਜਿਨ੍ਹਾਂ ਦਾ ਸਰਕਾਰੀ ਅਰਥਚਾਰੇ ਅਤੇ ਜੱਥੇਬੰਦਕ ਢਾਂਚੇ ਉੱਤੇ ਮੁਕੰਮਲ ਕਬਜ਼ਾ ਸੀ। ਬਹੁ-ਗਿਣਤੀ ਮੁਸਲਿਮ ਕਿਰਤੀ-ਕਿਸਾਨਾਂ ਨੂੰ ਦਸ ਫ਼ੀਸਦੀ ਅਮੀਰ ਘੱਟ-ਗਿਣਤੀ ਲੁੱਟ ਰਹੀ ਸੀ। ਗ਼ਦਰੀਆਂ ਦਾ ਵਿਚਾਰ ਨਪੀੜੀ ਜਾ ਰਹੀ ਬਹੁ-ਗਿਣਤੀ ਨੂੰ ਲੁਟੇਰਿਆਂ ਵਿਰੁਧ ਲਾਮਬੰਦ ਕਰ ਕੇ ਗ਼ਦਰ ਮਚਾਉਣ ਦਾ ਸੀ। ਮੁਸਲਿਮ ਕਿਰਤੀਆਂ ਨੇ ਗ਼ਦਰ ਦੀ ਵੱਡੀ ਤਾਕਤ ਬਣਨਾ ਸੀ, ਕਿਉਂਕਿ ਇਹ ਲੋਕ ਰਿਆਸਤ ਅਤੇ ਅੰਗਰੇਜ਼ ਬਸਤਾਨਾਂ ਦੀ ਦੋਹਰੀ ਲੁੱਟ ਦਾ ਸ਼ਿਕਾਰ ਸਨ। ਗ਼ਦਰੀਆਂ ਦਾ ਅਗਲਾ ਫ਼ਿਕਰ ਕਸ਼ਮੀਰ ਵਿਚ ਲੜਨ ਵਾਲੇ ਜੁਝਾਰੂਆਂ ਦੀ ਸੁਰੱਖਿਆ ਦਾ ਸੀ। ਸੁਭਾਵਕ ਹੀ ਸੀ ਕਿ ਅੰਗਰੇਜ਼ੀ ਫ਼ੌਜ ਜੁਝਾਰੂਆਂ ਦਾ ਖੁਰਾ-ਖੋਜ ਮਿਟਾਉਣ ਲਈ ਅਤੇ ਕਸ਼ਮੀਰ ਉੱਤੇ ਰਾਜੇ ਦਾ ਦਾਬਾ ਬਣਾਈ ਰੱਖਣ ਲਈ ਕੂਚ ਕਰੇਗੀ। ਅੰਗਰੇਜ਼ੀ ਫ਼ੌਜ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਸੀ ਜਿਨ੍ਹਾਂ ਵਿਚੋਂ ਵਧੇਰੇ ਸਿੱਖ ਸਨ। ਗ਼ਦਰੀਆਂ ਦੀ ਵਿਉਂਤ ਸੀ ਕਿ ਪੰਜਾਬੀ ਫ਼ੌਜੀਆਂ ਵਿਚ ਬਗ਼ਾਵਤ ਦਾ ਪ੍ਰਚਾਰ ਕੀਤਾ ਜਾਵੇਗਾ। ਅੰਗਰੇਜ਼ ਫ਼ੌਜੀ-ਤਾਕਤ ਤੋਂ ਬਿਨਾਂ ਕਾਮਯਾਬ ਨਹੀਂ ਹੋ ਸਕਣਗੇ। ਇਸ ਤੋਂ ਬਿਨਾਂ ਹੋਰ ਸੂਬਿਆਂ ਵਿਚ ਵੀ ਬਗ਼ਾਵਤ ਭੜਕਾਈ ਜਾਵੇਗੀ ਜਿਹਦੇ ਕਰ ਕੇ ਅੰਗਰੇਜ਼ਾਂ ਦਾ ਧਿਆਨ ਵੰਡਾਇਆ ਜਾ ਸਕੇਗਾ। ਪਹਾੜੀ ਅਤੇ ਜੰਗਲੀ ਇਲਾਕੇ ਵਿਚ ਜੁਝਾਰੂ ਛੇਤੀ ਕੀਤੇ ਫੜੇ ਨਹੀਂ ਜਾ ਸਕਣਗੇ। ਗ਼ਦਰੀਆਂ ਦਾ ਅੰਦਾਜ਼ਾ ਸੀ ਕਿ ਆਜ਼ਾਦ ਕਸ਼ਮੀਰ 1925 ਤੱਕ ਹੋਂਦ ਵਿਚ ਆ ਜਾਵੇਗਾ। ਕਸ਼ਮੀਰ ਦੀ ਮੁਕਤੀ ਤੋਂ ਬਾਅਦ ਉੱਤਰੀ ਪੱਛਮੀ ਸਰਹੱਦੀ ਸੂਬੇ, ਉੱਤਰ ਪ੍ਰਦੇਸ਼ ਅਤੇ ਪੰਜਾਬ ਨੂੰ ਮੁਕਤ ਕਰਵਾਇਆ ਜਾਵੇਗਾ। ਗ਼ਦਰੀਆਂ ਦਾ ਇਹ ਵਿਚਾਰ ਪਰਵਾਸੀ ਹਿੰਦੀਆਂ ਨੂੰ ਵੱਡੀ ਪੱਧਰ ਉੱਤੇ ਆਪਣੇ ਵੱਲ ਖਿੱਚ ਰਿਹਾ ਸੀ। ਉਨ੍ਹਾਂ ਦਿਨਾਂ ਵਿਚ ਪਹਿਲੀ ਆਲਮੀ ਜੰਗ ਲੱਗ ਗਈ। ਆਲਮੀ ਜੰਗ ਨੂੰ ਗ਼ਦਰੀਆਂ ਨੇ ਵਾਜਬ ਮੌਕੇ ਵਜੋਂ ਦੇਖਿਆ ਕਿਉਂਕਿ ਅੰਗਰੇਜ਼ ਵੱਡੀ ਮੁਸੀਬਤ ਵਿਚ ਫਸ ਚੁੱਕਿਆ ਸੀ। ਗ਼ਦਰੀਆਂ ਨੂੰ 1925 ਤੱਕ ਕਸ਼ਮੀਰ ਦੀ ਮੁਕਤੀ ਦੀ ਵਿਉਂਤ ਫ਼ੌਰੀ ਤੌਰ ਉੱਤੇ ਘੱਟ-ਪ੍ਰਸੰਗਕ ਲੱਗਣ ਲੱਗੀ। ਗ਼ਦਰੀਆਂ ਨੇ ਆਲਮੀ ਜੰਗ ਦਾ ਫਾਇਦਾ ਉਠਾਉਣ ਦੀ ਧਾਰ ਲਈ। ਕਾਫੀ ਸੋਚ ਵਿਚਾਰ ਤੋਂ ਬਾਅਦ ਗ਼ਦਰੀ ਮੁਕਤ-ਕਸ਼ਮੀਰ ਦੀ ਵਿਉਂਤ ਛੱਡ ਕੇ ਹਿੰਦੋਸਤਾਨ ਵੱਲ ਚੱਲ ਪਏ। ਉਨ੍ਹਾਂ ਦੀ ਜਦੋਜਹਿਦ ਦਾ ਖਿੱਤਾ ਇਕੱਲਾ ਹਿੰਦੋਸਤਾਨ ਨਾ ਹੋ ਕੇ ਆਲਮੀ ਹੋ ਨਿਬੜਿਆ। ਆਲਮੀ ਕੌਮੀ ਮੁਕਤੀ ਲਹਿਰਾਂ ਵਿਚ ਉਨ੍ਹਾਂ ਨੇ ਬਣਦਾ ਹਿੱਸਾ ਪਾਇਆ ਅਤੇ ਮਿਸਾਲੀ ਕੁਰਬਾਨੀਆਂ ਦਾ ਇਤਿਹਾਸ ਸਿਰਜਿਆ। ਸਿੰਗਾਪੁਰ ਦੀ ਬਗ਼ਾਵਤ, ਹਿੰਦੋਸਤਾਨ ਅਤੇ ਮੱਧ ਪੂਰਬ ਵਿਚ ਗ਼ਦਰੀਆਂ ਦੇ ਕੀਤੇ ਕੰਮ ਆਲਮੀ ਇਤਿਹਾਸ ਦਾ ਅਹਿਮ ਵਰਕਾ ਰਹਿਣਗੇ। ਕੌਮੀਅਤਾਂ ਦੇ ਸਵਾਲ ਬਾਬਤ ਗ਼ਦਰੀਆਂ ਦੀ ਪਹੁੰਚ ਦੀ ਸਮਕਾਲੀ ਪ੍ਰਸੰਗਿਕਤਾ ਹੈ। ਕਸ਼ਮੀਰ ਦੀ ਮੁਕਤੀ ਦਾ ਸਵਾਲ ਵੀ ਇਸੇ ਕੜੀ ਵਿਚ ਖੜ੍ਹਾ ਹੈ।

# ਬਰਤਾਨਵੀ ਸਿੱਖਾਂ ਨੂੰ ਲੋਹ ਟੋਪ ਤੋਂ ਛੋਟ

**ਲੰਡਨ:** ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਐਲਾਨ ਕੀਤਾ ਹੈ ਕਿ ਦੇਸ਼ ਵਿਚ ਰਹਿੰਦੇ ਸਿੱਖਾਂ ਨੂੰ ਉਸਾਰੀ ਵਾਲੀਆਂ ਥਾਵਾਂ 'ਤੇ ਸਖਤ ਟੋਪ ਪਹਿਨਣ ਤੋਂ ਛੋਟ ਹੋਵੇਗੀ। ਉਨ੍ਹਾਂ 10 ਡਾਊਨਿੰਗ ਸਟਰੀਟ ਵਿਚ ਵਿਸਾਖੀ ਲਈ ਕੀਤੇ ਵਿਸ਼ੇਸ਼ ਪ੍ਰੋਗਰਾਮ ਵਿਚ ਕਿਹਾ ਕਿ ਹੁਣ ਤੋਂ ਦੇਸ਼ ਵਿਚ ਉਸਾਰੀ ਵਾਲੀਆਂ ਥਾਵਾਂ 'ਤੇ ਸਿੱਖਾਂ ਨੂੰ ਸਖਤ ਟੋਪ ਨਹੀਂ ਪਹਿਨਣਾ ਪਏਗਾ। ਉਨ੍ਹਾਂ ਦੱਸਿਆ ਕਿ ਬਰਤਾਨੀਆ ਵਿਚ ਸਿੱਖਾਂ ਦੀਆਂ ਪੱਗਾਂ ਦੀ ਤਲਾਸ਼ੀ ਲੈਣ ਦਾ ਸਿਲਸਿਲਾ ਪਹਿਲਾਂ ਹੀ ਬੰਦ ਕੀਤਾ ਜਾ ਚੁੱਕਿਆ ਹੈ।

ਇਸੇ ਦੌਰਾਨ ਸ੍ਰੀ ਕੈਮਰੌਨ ਨੇ ਬਰਤਾਨਵੀ ਸਿੱਖਾਂ ਨੂੰ 'ਬਰਤਾਨਵੀ ਸਮਾਜ ਵਿਚ ਸ਼ਾਮਲ ਹੋਏ ਮੁਕੰਮਲ ਰੋਲ ਮਾਡਲ' ਕਰਾਰ ਦਿੱਤਾ। ਜ਼ਿਕਰਯੋਗ ਹੈ ਕਿ ਉਸਾਰੀ ਵਾਲੀਆਂ ਥਾਂਵਾਂ ਨੂੰ ਕੰਮ-ਕਾਰ ਵਾਲੀਆਂ ਸਭ ਤੋਂ ਖਤਰਨਾਕ ਥਾਂਵਾਂ ਵਜੋਂ ਦੇਖਿਆ ਜਾਂਦਾ ਹੈ, ਤੇ ਉਥੇ ਸਾਵਧਾਨੀ ਵਜੋਂ ਸਖਤ ਟੋਪ ਪਹਿਨੇ ਜਾਂਦੇ ਹਨ। ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਫੇਰੀ ਨੂੰ ਚੇਤੇ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਥੇ ਜਾ ਕੇ ਉਨ੍ਹਾਂ ਨੂੰ ਜਿਹੜਾ ਸਕੂਨ ਮਿਲਿਆ, ਉਹ ਕਦੇ ਨਹੀਂ ਭੁੱਲ ਸਕਣਗੇ। ਉਨ੍ਹਾਂ ਕਿਹਾ ਕਿ ਉਹ ਸਮਝ ਸਕਦੇ ਹਨ ਕਿ ਅਪਰੇਸ਼ਨ ਬਲਿਊ ਸਟਾਰ ਨੇ ਸਿੱਖਾਂ ਨੂੰ ਕਿੰਨਾ ਦਰਦ ਪਹੁੰਚਾਇਆ ਹੋਏਗਾ।

ਉਨ੍ਹਾਂ ਕਿਹਾ ਕਿ ਇਸ ਸਾਲ ਦੇਸ਼ ਵਿਚ ਪਹਿਲੇ ਸਿੱਖ ਦੀ ਆਮਦ ਨੂੰ 160 ਵਰ੍ਹੇ ਹੋ ਗਏ ਹਨ। ਉਦੋਂ ਤੋਂ ਬਰਤਾਨਵੀ ਸਿੱਖਾਂ ਨੇ ਸਫਲਤਾ ਦਾ ਵਿਲੱਖਣ ਇਤਿਹਾਸ ਸਿਰਜਿਆ ਹੈ। ਹਜ਼ਾਰਾਂ ਲੱਖਾਂ ਸਿੱਖ ਆਪੋ-ਆਪਣੇ ਢੰਗ ਨਾਲ ਦੇਸ਼ ਦੀ ਤਰੱਕੀ ਵਿਚ ਹਿੱਸਾ ਪਾ ਰਹੇ ਹਨ। ਇਸ ਮੌਕੇ ਬਰਤਾਨੀਆ ਵਿਚ ਭਾਰਤ ਦੇ ਹਾਈ ਕਮਿਸ਼ਨਰ ਰੰਜਨ ਮਥਾਈ, ਸਨਅਤਕਾਰ ਲਾਰਡ ਸਵਰਾਜ ਪਾਲ, ਲਾਰਡ ਨਵਨੀਤ ਢੋਲਕੀਆ, ਡਾ. ਰਾਗੀ ਰੇਂਜਰ ਤੇ ਹੋਰ ਕਈ ਹਾਜ਼ਰ ਸਨ।

## ਅਦਾਲਤ ਵੱਲੋਂ ਓਮ ਪੁਰੀ ਤੇ ਪਤਨੀ ਨੂੰ ਸਮਝੌਤੇ ਦੀ ਸਲਾਹ

**ਮੁੰਬਈ:** ਬੰਬਈ ਹਾਈ ਕੋਰਟ ਨੇ ਅਦਾਕਾਰ ਓਮਪੁਰੀ ਤੇ ਉਨ੍ਹਾਂ ਦੀ ਪਤਨੀ ਨੂੰ ਸਲਾਹ ਦਿੱਤੀ ਹੈ ਕਿ ਉਹ ਦੋਵੇਂ ਆਪਣਾ ਵਿਆਹ ਵਿਵਾਦ ਮਿਲ ਬੈਠ ਕੇ ਨਬੇੜ ਲੈਣ। ਜਸਟਿਸ ਮੋਹਿਤੇਦੇਰੇ ਨੇ ਦੋਵਾਂ ਨੂੰ ਆਖਿਆ ਕਿ ਉਹ 16 ਅਪਰੈਲ ਨੂੰ ਉਨ੍ਹਾਂ ਦੇ ਚੈਂਬਰ ਵਿਚ ਪਹੁੰਚ ਕੇ ਸਮਝੌਤੇ 'ਤੇ ਪਹੁੰਚਣ ਦੀ ਕੋਸ਼ਿਸ਼ ਕਰਨ। ਉਨ੍ਹਾਂ ਕਿਹਾ ਕਿ ਜੇ ਦੋਵੇਂ ਧਿਰਾਂ ਵਿਵਾਦ ਨਿਪਟਾਉਣਾ ਚਾਹੁੰਦੀਆਂ ਹਨ ਤਾਂ ਇਹ ਮੁਸ਼ਕਲ ਨਹੀਂ ਹੈ।

ਪੰਜਾਬੀ ਰੇਡੀਓ ਯੂ.ਐਸ.ਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on : Radio Sets (CA, WA, NV)
Dial in 832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਆਸ਼ੂਤੋਸ਼ ਦੀ ਮੌਤ ਬਾਰੇ ਅਜੇ ਵੀ ਰੌਲਾ

**ਚੰਡੀਗੜ੍ਹ:** ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ ਦੇ ਸੰਸਥਾਪਕ ਆਸ਼ੂਤੋਸ਼ ਉਰਫ਼ ਮਹੇਸ਼ ਕੁਮਾਰ ਝਾਅ ਦੀ ਮੌਤ ਜਾਂ ਸਮਾਧੀ ਬਾਰੇ ਉਲਝੀ ਤਾਣੀ ਅਜੇ ਸੁਲਝਦੀ ਨਜ਼ਰ ਨਹੀਂ ਆ ਰਹੀ। ਪੰਜਾਬ ਪੁਲਿਸ ਵੱਲੋਂ ਆਸ਼ੂਤੋਸ਼ ਦੀ ਮੌਤ ਗੈਰ ਕੁਦਰਤੀ ਤੌਰ 'ਤੇ ਹੋਈ ਹੋਣ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਇਸ ਦੀ ਜਾਂਚ ਕੀਤੇ ਜਾਣ ਦੀ ਲੋੜ ਤੋਂ ਇਨਕਾਰ ਕਰ ਦਿੱਤਾ ਹੈ। ਪੁਲਿਸ ਵੱਲੋਂ ਇਹ ਪ੍ਰਗਟਾਵਾ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਾਇਰ ਆਪਣੀ ਰਿਪੋਰਟ ਵਿਚ ਕੀਤਾ ਹੈ।

ਪੁਲਿਸ ਵੱਲੋਂ ਕਰੀਬ ਸਵਾ ਸੌ ਪੰਨਿਆਂ ਦੀ ਆਪਣੀ ਰਿਪੋਰਟ ਵਿਚ ਮਾਮਲੇ ਦੇ ਹੋਰਾਂ ਪੱਖਾਂ ਬਾਰੇ ਹਾਈਕੋਰਟ ਨੂੰ ਆਪਣਾ ਪੱਖ ਦੱਸਣ ਦੇ ਨਾਲ-ਨਾਲ ਇਹ ਵੀ ਦਾਅਵਾ ਕੀਤਾ ਹੈ ਕਿ ਆਸ਼ੂਤੋਸ਼ ਦੇ ਸਾਬਕਾ ਡਰਾਈਵਰ ਪੂਰਨ ਸਿੰਘ ਵੱਲੋਂ ਆਸ਼ੂਤੋਸ਼ ਦੀ ਮੌਤ ਨੂੰ ਲੈ ਕੇ ਖੜ੍ਹੇ ਕੀਤੇ ਜਾ ਰਹੇ ਸ਼ੱਕ ਤੇ ਸ਼ੰਸੇ ਪੂਰੀ ਤਰ੍ਹਾਂ ਨਿਰਮੂਲ ਤੇ ਝੂਠੇ ਹਨ। ਪੰਜਾਬ ਪੁਲਿਸ ਨੇ ਆਸ਼ੂਤੋਸ਼ ਦੇ ਕਲੀਨੀਕਲੀ ਡੈਡ ਹੋਣ ਦਾ ਦਾਅਵਾ ਦੁਹਰਾਉਂਦਿਆਂ ਇਹ ਵੀ ਮੰਗ ਰੱਖੀ ਹੈ ਕਿ ਪੂਰਨ ਸਿੰਘ ਵੱਲੋਂ ਇਸ ਬਾਰੇ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਜਾਵੇ। ਹਾਈਕੋਰਟ ਵੱਲੋਂ ਹੁਣ ਇਸ ਕੇਸ ਦੀ ਅਗਲੀ




ਸੁਣਵਾਈ 27 ਮਈ ਨੂੰ ਪਾ ਦਿੱਤੀ ਹੈ।

ਉਧਰ, ਆਸ਼ੂਤੋਸ਼ ਦੀ ਰਹੱਸਮਈ ਮੌਤ ਦੀ ਜਾਂਚ ਸੀ.ਬੀ.ਆਈ. ਕੋਲੋਂ ਕਰਵਾਏ ਜਾਣ ਦੀ ਮੰਗ ਕਰਦੇ ਹੋਏ ਆਸ਼ੂਤੋਸ਼ ਦੇ ਸਾਬਕਾ ਡਰਾਈਵਰ ਪੂਰਨ ਸਿੰਘ ਨੇ ਕਿਹਾ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਸ਼ੂਤੋਸ਼ ਦੀ ਮ੍ਰਿਤਕ ਦੇਹ ਦਾ ਪੋਸਟ ਮਾਰਟਮ ਕਰਵਾ ਕੇ ਸੱਚ ਸਾਹਮਣੇ ਲਿਆਵੇ। ਪੂਰਨ ਸਿੰਘ ਨੇ ਕਿਹਾ ਕਿ ਜਦ ਅਜੇ ਤੱਕ ਆਸ਼ੂਤੋਸ਼ ਦੀ ਮ੍ਰਿਤਕ ਦੇਹ ਦਾ ਪੋਸਟਮਾਰਟਮ ਹੀ ਨਹੀਂ ਕੀਤਾ ਜਾ ਸਕਿਆ ਤਾਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀ ਮੌਤ ਬਾਰੇ ਜੋ ਵੀ ਦਾਅਵੇ ਕੀਤੇ ਜਾ ਰਹੇ ਹਨ, ਉਨ੍ਹਾਂ ਉਪਰ ਯਕੀਨ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ ਕਿ ਉਹ ਆਸ਼ੂਤੋਸ਼ ਦੀ ਮੌਤ ਸਬੰਧੀ ਸੱਚ ਸਾਹਮਣੇ ਲਿਆਉਣ ਲਈ ਸੁਪਰੀਮ ਕੋਰਟ ਤੱਕ ਜਾਣਗੇ।

# ਫਰਜ਼ੀ ਪਾਸਪੋਰਟ ਬਣਾਉਣ ਵਾਲਾ ਗਰੋਹ ਆਇਆ ਕਾਬੂ

**ਨਵਾਂਸ਼ਹਿਰ:** ਪੁਲਿਸ ਥਾਣਾ ਸਦਰ ਨਵਾਂਸ਼ਹਿਰ ਵੱਲੋਂ ਫਰਜ਼ੀ ਦਸਤਾਵੇਜ਼ ਤਿਆਰ ਕਰਕੇ ਪਾਸਪੋਰਟ ਬਣਾਉਣ ਵਾਲੇ ਗਰੋਹ ਦੇ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਡੀ.ਐਸ.ਪੀ. ਸਰਬਜੀਤ ਸਿੰਘ ਬਾਹੀਆ ਨੇ ਦੱਸਿਆ ਕਿ ਉਨ੍ਹਾਂ ਨੂੰ ਹਰਮਨਵੀਰ ਸਿੰਘ ਗਿੱਲ ਪਾਸਪੋਰਟ ਅਫ਼ਸਰ ਜਲੰਧਰ ਨੇ ਸ਼ਿਕਾਇਤ ਕੀਤੀ ਸੀ ਕਿ ਥਾਣਾ ਨਵਾਂਸ਼ਹਿਰ ਦੇ ਪਿੰਡ ਜਾਡਲਾ ਤੋਂ ਹਰਜੀਤ ਕੌਰ, ਦਲੀਪ ਸਿੰਘ, ਜਗਜੀਤ ਕੌਰ, ਬਲਜੀਤ ਸਿੰਘ, ਨਰਿੰਦਰ ਕੌਰ, ਸਿਮਰਦੀਪ ਸਿੰਘ, ਮਨਪ੍ਰੀਤ ਸਿੰਘ, ਜਸਮੀਤ ਕੌਰ, ਰਣਵੀਰ ਸਿੰਘ ਤੇ ਕੁਲਜੀਤ ਕੌਰ ਸਾਰੇ ਵਾਸੀ ਜਾਡਲਾ ਨੇ ਫਰਜ਼ੀ ਪਛਾਣ ਦੱਸ ਕੇ ਤੇ ਫਰਜ਼ੀ ਦਸਤਾਵੇਜ਼ ਲਾ ਕੇ ਪਾਸਪੋਰਟ ਬਣਾਏ ਸਨ ਜਿਨ੍ਹਾਂ ਨੂੰ ਡਲਿਵਰੀ ਕਰਨ ਮੌਕੇ ਡਾਕ ਵਿਭਾਗ ਨੇ ਪਤਾ ਸਹੀ ਨਾ ਹੋਣ ਕਰਕੇ ਮੋੜ ਦਿੱਤਾ ਹੈ। ਉਕਤ ਦਸਤਾਵੇਜ਼ ਦੀ ਪੁਲਿਸ ਇਨਕੁਆਰੀ ਤੀਰਥ ਰਾਮ ਹੌਲਦਾਰ ਵੱਲੋਂ ਕੀਤੀ ਹੋਈ ਹੈ ਤੇ ਮੈਂਬਰ ਪੰਚਾਇਤ ਰਜਿੰਦਰ ਸਿੰਘ ਨੇ ਤਸਦੀਕ ਕੀਤਾ ਹੈ। ਡੀ.ਐਸ.ਪੀ. ਨੇ ਦੱਸਿਆ ਕਿ ਪੁਲਿਸ ਥਾਣਾ ਸਦਰ ਵੱਲੋਂ ਕੇਸ ਦਰਜ ਕਰਕੇ ਜਾਂਚ ਦੌਰਾਨ ਹੌਲਦਾਰ ਤੀਰਥ ਰਾਮ ਕੱਲਰਾਂ ਮੁਹੱਲਾ ਨਵਾਂਸ਼ਹਿਰ, ਰਾਜ ਕੁਮਾਰ ਵਾਸੀ



ਗਾਂਧੀ ਨਗਰ ਨੇੜੇ ਰਾਮ ਨਗਰ ਜਲੰਧਰ, ਅਸ਼ਵਨੀ ਕੁਮਾਰ ਉਰਫ ਮੇਵਾ ਵਾਸੀ ਜਲੰਧਰ ਤੇ ਰਮੇਸ਼ ਕੁਮਾਰ ਵਾਸੀ ਗਾਂਧੀ ਨਗਰ ਜਲੰਧਰ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁਢਲੀ ਤਫ਼ਤੀਸ਼ ਦੌਰਾਨ ਸਾਹਮਣੇ ਆਇਆ ਹੈ ਕਿ ਉਕਤ ਵਿਅਕਤੀਆਂ ਵੱਲੋਂ 100 ਦੇ ਕਰੀਬ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵੱਡੇ ਤੇ ਐਨ.ਆਰ.ਆਈ. ਵਿਅਕਤੀਆਂ ਨਾਲ ਸਬੰਧਤ ਪਿੰਡਾਂ ਦੇ ਪਤੇ ਤੇ ਫਰਜ਼ੀ ਪਾਸਪੋਰਟ ਬਣਵਾ ਕੇ ਵੱਖ-ਵੱਖ ਵਿਅਕਤੀਆਂ ਨੂੰ ਦਿੱਤੇ ਜਾ ਚੁੱਕੇ ਹਨ। ਪੁਲਿਸ ਨੂੰ ਗਰੋਹ ਦੇ ਦਰਜਨ ਦੇ ਕਰੀਬ ਵਿਅਕਤੀਆਂ ਦੇ ਇਸ ਮਾਮਲੇ ਵਿਚ ਸ਼ਾਮਲ ਹੋਣ ਦਾ ਸ਼ੱਕ ਹੈ।

# ਢੱਟ ਕਤਲ ਕੇਸ ਦਾ ਨਿਬੇੜਾ ਜਲਦ ਹੋਣ ਦੇ ਆਸਾਰ

**ਹੁਸ਼ਿਆਰਪੁਰ:** ਢੱਟ ਹਿਰਾਸਤੀ ਮੌਤ ਨਾਲ ਸਬੰਧਤ ਕੇਸ ਫ਼ੈਸਲੇ ਨੇੜੇ ਹੈ। ਪਿੰਡ ਅੰਬਾਲਾ ਜੱਟਾਂ ਦੇ ਸਾਬਕਾ ਸਰਪੰਚ ਤੇ ਸ਼ਹੀਦ ਭਗਤ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਕੁਲਜੀਤ ਸਿੰਘ ਢੱਟ ਨੂੰ ਜੁਲਾਈ 1989 ਵਿਚ ਹੁਸ਼ਿਆਰਪੁਰ ਪੁਲਿਸ ਨੇ ਹਿਰਾਸਤ ਵਿਚ ਲਿਆ ਸੀ ਪਰ ਬਾਅਦ ਵਿਚ ਉਨ੍ਹਾਂ ਦਾ ਕੋਈ ਥਹੁ ਪਤਾ ਨਹੀਂ ਲੱਗਿਆ। ਪੀੜਤ ਪਰਿਵਾਰ ਵੱਲੋਂ 25 ਸਾਲਾਂ ਤੋਂ ਇਨਸਾਫ਼ ਲਈ ਲੜਾਈ ਲੜੀ ਜਾ ਰਹੀ ਹੈ।

ਇਸ ਕੇਸ ਸਬੰਧੀ ਵਧੀਕ ਸੈਸ਼ਨ ਜੱਜ ਪੂਨਮ ਰੱਤੀ ਦੀ ਅਦਾਲਤ ਵਿਚ ਅੰਤਿਮ ਦੌਰ ਦੀ ਬਹਿਸ ਸ਼ੁਰੂ ਹੋਈ। ਐਫ਼.ਆਈ.ਆਰ. ਵਿਚ ਸ਼ਾਮਲ ਪੰਜਾਬ ਪੁਲਿਸ ਦੇ ਤਿੰਨ ਅਧਿਕਾਰੀ ਐਸ.ਪੀ.ਐਸ ਬਸਰਾ, ਜਸਪਾਲ ਸਿੰਘ ਤੇ ਸੀਤਾ ਰਾਮ (ਸੇਵਾਮੁਕਤ) ਅਦਾਲਤ ਵਿਚ ਪੇਸ਼ ਹੋਏ। ਮ੍ਰਿਤਕ ਦੇ ਪਰਿਵਾਰਕ ਮੈਂਬਰ ਵੀ ਬਹਿਸ ਦੌਰਾਨ ਅਦਾਲਤ ਵਿਚ ਮੌਜੂਦ ਸਨ। ਸ਼ਿਕਾਇਤਕਰਤਾ ਵੱਲੋਂ ਐਡਵੋਕੇਟ ਆਰ.ਐਸ. ਬੈਂਸ ਤੇ ਤੇਜਬੀਰ ਸਿੰਘ ਬਾਜਵਾ ਤੇ ਸਰਕਾਰੀ ਵਕੀਲ ਟੀ.ਐਸ ਗਰੇਵਾਲ ਨੇ ਬਹਿਸ ਵਿਚ ਹਿੱਸਾ ਲਿਆ।

ਸੁਪਰੀਮ ਕੋਰਟ ਵੱਲੋਂ ਕੇਸ ਦੀ ਜਾਂਚ ਲਈ ਵਿਸ਼ੇਸ਼ ਕਮਿਸ਼ਨ ਨਿਯੁਕਤ ਕੀਤਾ ਗਿਆ ਸੀ ਜਿਸ ਦੀ ਸਿਫ਼ਾਰਸ਼ ਮਗਰੋਂ ਅਦਾਲਤ ਦੇ ਹੁਕਮਾਂ 'ਤੇ ਪੰਜਾਬ ਪੁਲਿਸ ਦੇ ਪੰਜ ਅਧਿਕਾਰੀਆਂ ਖ਼ਿਲਾਫ਼ ਕੁਲਜੀਤ ਸਿੰਘ ਢੱਟ ਨੂੰ ਹਿਰਾਸਤ ਵਿਚ ਬੰਦ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਸੀ। ਦੋ ਪੁਲਿਸ ਅਧਿਕਾਰੀਆਂ ਦੀ ਮੌਤ ਹੋ ਚੁੱਕੀ ਹੈ ਤੇ ਤਿੰਨ ਪੇਸ਼ੀਆਂ ਭੁਗਤ ਰਹੇ ਹਨ। ਇਹ ਕੇਸ ਲੰਬਾ ਸਮਾਂ ਹਾਈ ਕੋਰਟ ਵਿਚ ਲਟਕਿਆ ਰਿਹਾ। ਕਰੀਬ ਦੋ ਸਾਲ ਪਹਿਲਾਂ ਇਸ ਕੇਸ ਦੀ ਸੁਣਵਾਈ ਸੈਸ਼ਨ ਕੋਰਟ ਵਿਚ ਸ਼ੁਰੂ ਹੋਈ ਸੀ।

## ਨੂੰਹ ਦੀ ਹੱਤਿਆ ਮਗਰੋਂ ਸਹੁਰੇ ਵੱਲੋਂ ਖੁਦਕੁਸ਼ੀ

**ਮਾਲੇਰਕੋਟਲਾ:** ਪਿੰਡ ਭੁਰਥਲਾ ਮੰਡੇਰ ਵਿਚ ਸਾਬਕਾ ਫ਼ੌਜੀ ਪ੍ਰਤਾਪ ਸਿੰਘ (80) ਨੇ ਘਰੇਲੂ ਕਲੇਸ਼ ਕਾਰਨ ਆਪਣੀ ਨੂੰਹ ਪਰਮਜੀਤ ਕੌਰ (22) ਦੀ ਬੰਦੂਕ ਨਾਲ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਤੇ ਆਪ ਜ਼ਹਿਰ ਨਿਗਲ ਲਈ ਜਿਸ ਦੀ ਹਸਤਪਾਲ ਵਿਚ ਮੌਤ ਹੋ ਗਈ। ਲੜਕੀ ਦਾ ਪਤੀ ਹਰਜੀਤ ਸਿੰਘ ਘਟਨਾ ਤੋਂ ਕੁਝ ਸਮਾਂ ਪਹਿਲਾਂ ਹੀ ਘਰੋਂ ਗਿਆ ਸੀ। ਪਰਮਜੀਤ ਕੌਰ ਦੇ ਚਾਚੇ ਪਵਿੱਤਰ ਸਿੰਘ ਵਾਸੀ ਮੰਜਾਲੀ ਖੁਰਦ ਨੇ ਦੱਸਿਆ ਕਿ ਪ੍ਰਤਾਪ ਸਿੰਘ ਘਰ ਵਿਚ ਕਲੇਸ਼ ਰੱਖਦਾ ਸੀ। ਹੁਣ ਵੀ ਉਹ ਆਪਣੇ ਪੁੱਤਰ ਨਾਲ ਲੜਿਆ। ਜਿਉਂ ਹੀ ਹਰਜੀਤ ਘਰੋਂ ਬਾਹਰ ਗਿਆ, ਪ੍ਰਤਾਪ ਸਿੰਘ ਨੇ ਪਰਮਜੀਤ ਕੌਰ ਦੀ ਹੱਤਿਆ ਕਰ ਦਿੱਤੀ।

## ਬੱਚਿਆਂ ਦਾ ਰਵਾਇਤੀ ਖੇਡਾਂ ਤੋਂ ਮੋਹ ਭੰਗ

**ਚੰਡੀਗੜ੍ਹ:** ਬੱਚਿਆਂ ਵਿਚ ਰਵਾਇਤੀ ਖੇਡਾਂ ਦਾ ਰੁਝਾਨ ਖ਼ਤਮ ਹੋਣ ਕਿਨਾਰੇ ਹੈ। ਬਹੁਤੇ ਬੱਚੇ ਖੇਡ ਮੈਦਾਨਾਂ ਜਾਂ ਘਰੋਂ ਬਾਹਰ ਜਾ ਕੇ ਖੇਡਣ ਦੀ ਜਗ੍ਹਾ ਘਰ ਵਿਚ ਹੀ ਇਲੈਕਟ੍ਰੋਨਿਕ ਯੰਤਰਾਂ ਜ਼ਰੀਏ ਟਾਈਮ ਪਾਸ ਕਰਨ ਨੂੰ ਤਰਜੀਹ ਦੇ ਰਹੇ ਹਨ।

ਇਕ ਸਰਵੇਖਣ ਅਨੁਸਾਰ ਸਿਰਫ਼ ਛੇ ਫੀਸਦੀ ਬੱਚੇ ਹੀ ਘਰੋਂ ਬਾਹਰ ਜਾ ਕੇ ਰਵਾਇਤੀ ਖੇਡਾਂ ਖੇਡਣ ਦੇ ਸ਼ੌਕੀਨ ਹਨ ਜਦਕਿ 70 ਫੀਸਦੀ ਬੱਚੇ ਘਰ ਵਿਚ ਬੈਠ ਕੇ ਵੀਡੀਓ ਗੇਮ ਜਾਂ ਹੋਰ ਇਲੈਕਟ੍ਰੋਨਿਕ ਯੰਤਰਾਂ ਨਾਲ ਬਹੁਤਾ ਸਮਾਂ ਗੁਜ਼ਾਰਦੇ ਹਨ ਤੇ ਕੁਝ ਫੀਸਦੀ ਬੱਚੇ ਸਿਰਫ਼ ਕਿਤਾਬਾਂ ਹੀ ਪੜ੍ਹਦੇ ਰਹਿੰਦੇ ਹਨ ਜਿਸ ਕਾਰਨ ਉਨ੍ਹਾਂ ਵਿਚ ਮੋਟਾਪੇ ਦੀ ਸਮੱਸਿਆ ਵਧਦੀ ਜਾ ਰਹੀ ਹੈ। ਅੰਕੜਿਆਂ ਅਨੁਸਾਰ ਸਾਲ 2007 ਵਿਚ ਮੋਟਾਪੇ ਦਾ ਸ਼ਿਕਾਰ ਬੱਚਿਆਂ ਦੀ ਗਿਣਤੀ 10 ਤੋਂ 12 ਫੀਸਦੀ ਸੀ ਜੋ ਵਧ ਕੇ 20 ਫੀਸਦੀ ਹੋ ਗਈ ਹੈ। ਸਰਵੇਖਣ ਅਨੁਸਾਰ 9 ਸਾਲ ਤੋਂ 13 ਸਾਲ ਉਮਰ ਵਰਗ ਦੇ ਬੱਚੇ ਹਫ਼ਤੇ ਵਿਚ 40 ਤੋਂ 65 ਘੰਟੇ ਇਲੈਕਟ੍ਰੋਨਿਕ ਯੰਤਰਾਂ ਉਪਰ ਹੀ ਸਮਾਂ ਬਤੀਤ ਕਰਦੇ ਹਨ ਜਿਸ ਕਾਰਨ ਮੋਟਾਪੇ ਦੇ ਨਾਲ-ਨਾਲ ਨਜ਼ਰ ਕਮਜ਼ੋਰ ਹੋਣ ਦੀ ਬਿਮਾਰੀ ਨੂੰ ਵੀ ਬਚਪਨ ਵਿਚ ਹੀ ਸੱਦਾ ਦੇ ਰਹੀ ਹੈ।

# ਕੁਲਵਿੰਦਰ ਕੌਰ ਨੇ ਕੀਤਾ ਕੁਲ ਦਾ ਉਚਾ ਨਾਂ

**ਪਾਤੜਾਂ:** ਸਬ ਡਿਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਕਕਰਾਲਾ ਭਾਈਕਾ ਦੇ ਸਾਧਾਰਨ ਕਿਸਾਨ ਕਰਨੈਲ ਸਿੰਘ ਦੇ ਘਰ ਮਾਤਾ ਲਖਵੀਰ ਕੌਰ ਦੀ ਕੁੱਖੋਂ ਜਨਮੀ ਧੀ ਕੁਲਵਿੰਦਰ ਕੌਰ ਨੇ ਬਚਪਨ ਵਿਚ ਹੀ ਆਪਣੀਆਂ ਦੋਵੇਂ ਬਾਹਾਂ ਗੁਆ ਲੈਣ ਦੇ ਬਾਵਜੂਦ ਹੌਸਲਾ ਨਹੀਂ ਹਾਰਿਆ। ਉਸ ਨੇ ਵਕਾਲਤ ਦੀ ਉੱਚ ਪੱਧਰੀ ਪੜ੍ਹਾਈ ਕਰਕੇ ਪੰਜਾਬ ਸਿਵਲ ਸਰਵਿਸਜ਼ (ਜੁਡੀਸ਼ਲ) ਦਾ ਟੈਸਟ ਪਾਸ ਕਰਕੇ ਜੱਜ ਬਣਨ ਦਾ ਮਾਣ ਹਾਸਲ ਕੀਤਾ ਹੈ।

ਖੁਸ਼ੀ ਵਿਚ ਖੀਵੇ ਹੋਏ ਕੁਲਵਿੰਦਰ ਕੌਰ ਦੇ ਪਰਿਵਾਰ ਨੇ ਕਿਹਾ ਕਿ ਉਨ੍ਹਾਂ ਦੀ ਧੀ ਨੇ ਜਿਹੜਾ ਮਾਣ ਹਾਸਲ ਕੀਤਾ ਹੈ, ਉਹ ਉਸ ਦੀ ਹੱਕਦਾਰ ਸੀ ਕਿਉਂਕਿ ਦੋਵੇਂ ਬਾਹਾਂ ਨਾ ਹੋਣ ਦੇ ਬਾਵਜੂਦ ਉਸ ਨੇ ਸਖ਼ਤ ਮਿਹਨਤ ਕੀਤੀ ਸੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੁਲਵਿੰਦਰ ਕੌਰ ਨੇ ਕਿਹਾ ਕਿ ਜਦੋਂ ਸਮਾਜ ਵਿਚ ਰਿਸ਼ਤੇ ਨਾਤੇ ਤਾਰ ਤਾਰ ਹੁੰਦੇ ਜਾ ਰਹੇ ਹਨ ਤਾਂ ਉਹ ਨਾ ਸਿਰਫ ਆਪਣੇ ਮਾਪਿਆਂ 'ਤੇ ਰੱਬ ਜਿੰਨਾ ਮਾਣ ਕਰਦੀ ਹੈ ਸਗੋਂ ਭਰਾਵਾਂ ਤਰਸੇਮ ਸਿੰਘ, ਗੁਰਸੇਵਕ ਰਾਣਾ ਤੇ ਅਧਿਆਪਕਾਂ ਨੂੰ ਵੀ ਸਤਿਕਾਰ ਦਿੰਦੀ ਹੈ ਜਿਨ੍ਹਾਂ ਨੇ ਅਪਾਹਜ ਹੋਣ ਦੇ ਬਾਵਜੂਦ ਉਸ ਨੂੰ ਪੜ੍ਹਾਇਆ-ਲਿਖਾਇਆ।



ਕੁਲਵਿੰਦਰ ਕੌਰ ਨੇ ਦੱਸਿਆ ਕਿ ਬਚਪਨ ਵਿਚ ਵਾਪਰੇ ਹਾਦਸੇ ਵਿਚ ਉਸ ਦੀਆਂ ਦੋਵੇਂ ਬਾਹਾਂ ਕੂਹਣੀਆਂ ਕੋਲੋਂ ਚਲੀਆਂ ਗਈਆਂ ਸਨ। ਇਕ ਦਿਨ ਅਧਿਆਪਕ ਬਲਜੀਤ ਸਿੰਘ ਤੇ ਮੈਡਮ ਗੁਰਪ੍ਰੀਤ ਕੌਰ ਉਸ ਦਾ ਪਤਾ ਲੈਣ ਆਏ ਤਾਂ ਉਸ ਨੇ ਉਨ੍ਹਾਂ ਨੂੰ ਆਪਣੀ ਪੜ੍ਹਨ ਦੀ ਇੱਛਾ ਦੱਸੀ। ਅਧਿਆਪਕਾਂ ਵੱਲੋਂ ਮਿਲੀ ਹੱਲਾਸ਼ੇਰੀ ਕਾਰਨ ਉਹ ਕੁਝ ਮਹੀਨੇ ਘਰ ਰਹਿਣ ਮਗਰੋਂ ਮੁੜ ਸਕੂਲ ਜਾਣ ਲੱਗੀ। ਅਧਿਆਪਕਾਂ ਵੱਲੋਂ ਮਿਲੇ ਉਤਸ਼ਾਹ ਨਾਲ ਉਹ ਦਸਵੀਂ ਪਾਸ ਕਰ ਗਈ ਤੇ ਫਿਰ ਉਸ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ।


ਸਮਾਜ ਸੇਵੀ ਕਾ.ਹਰਪਾਲ ਸਿੰਘ ਘੱਗਾ ਦੀ ਅਗਵਾਈ ਹੇਠ ਪਾਤੜਾਂ ਵਿਚ ਚਲਦੇ ਪਬਲਿਕ ਗਰਲਜ਼ ਸਕੂਲ/ਕਾਲਜ(ਟਰੱਸਟ) ਵਿਚ ਉਸ ਨੇ ਦਾਖ਼ਲਾ ਲਿਆ ਜਿਥੇ ਉਸ ਦੀ ਕਾਬਲੀਅਤ ਨੂੰ ਦੇਖ ਕੇ ਪ੍ਰਬੰਧਕਾਂ ਨੇ ਉਸ ਦੀ ਪੂਰੀ ਫੀਸ ਮੁਆਫ਼ ਕਰ ਦਿੱਤੀ ਤੇ ਉਹ ਬੀ.ਏ. ਕਰ ਗਈ। ਗਰੈਜੂਏਸ਼ਨ ਕਰਨ ਮਗਰੋਂ ਉਸ ਦਾ ਮਨ ਵਕੀਲ ਬਣਨ ਨੂੰ ਕੀਤਾ ਤੇ ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਐਲ.ਐਲ.ਬੀ. ਵਿਚ ਦਾਖ਼ਲਾ ਲਿਆ ਤੇ ਸਾਲ 2008 ਵਿਚ ਡਿਗਰੀ ਹਾਸਲ ਕੀਤੀ ਫਿਰ 2011 ਵਿਚ ਉਸ ਨੇ ਵਕਾਲਤ ਦੀ ਮਾਸਟਰ ਡਿਗਰੀ ਕਰ ਲਈ। ਉਸ ਦਾ ਕਹਿਣਾ ਹੈ ਕਿ ਉਸ ਦਾ ਸੁਪਨਾ ਜੱਜ ਬਣ ਕੇ ਗਰੀਬ ਲੋਕਾਂ ਨੂੰ ਇਨਸਾਫ਼ ਦੇਣਾ ਸੀ ਜੋ ਪੂਰਾ ਹੋ ਗਿਆ।

# ਸੁਪਰੀਮ ਕੋਰਟ ਦੇ ਅੱਖੀਂ ਘੱਟਾ ਪਾਉਣ ਦੀ ਤਿਆਰੀ?

## ਬਾਦਲਾਂ ਵੱਲੋਂ ਗੱਡੀਆਂ 'ਤੇ ਲਾਲ ਦੀ ਥਾਂ ਸੰਤਰੀ ਬੱਤੀਆਂ ਦਾ ਜੁਗਾੜ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਮੁੱਖ ਸੰਸਦੀ ਸਕੱਤਰਾਂ ਤੇ ਆਈ.ਏ.ਐਸ. ਅਧਿਕਾਰੀਆਂ ਸਮੇਤ ਡਿਪਟੀ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲਿਸ ਮੁਖੀਆਂ, ਜਿਨ੍ਹਾਂ ਦੀਆਂ ਲਾਲ ਬੱਤੀਆਂ ਖੁੱਸ ਗਈਆਂ ਸਨ, ਨੂੰ ਸੰਤਰੀ ਰੰਗ ਦੀ ਬੱਤੀ ਦੀ ਵਰਤੋਂ ਦਾ ਅਧਿਕਾਰ ਦਿੱਤਾ ਜਾ ਰਿਹਾ ਹੈ। ਸੂਤਰਾਂ ਮੁਤਾਬਕ ਟਰਾਂਸਪੋਰਟ ਵਿਭਾਗ ਨੇ ਇਸ ਸਬੰਧੀ ਪ੍ਰਸਤਾਵ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਭੇਜ ਦਿੱਤਾ ਹੈ ਤੇ ਮੁੱਖ ਮੰਤਰੀ ਦੀ ਪ੍ਰਵਾਨਗੀ ਤੋਂ ਬਾਅਦ ਇਹ ਅਧਿਕਾਰੀ ਆਪਣੀਆਂ ਕਾਰਾਂ 'ਤੇ ਸੰਤਰੀ ਰੰਗ ਦੀ ਬੱਤੀ ਲਾ ਸਕਣਗੇ।

ਸੁਪਰੀਮ ਕੋਰਟ ਦੇ ਹੁਕਮਾਂ ਦੇ ਮੱਦੇਨਜ਼ਰ ਸਰਕਾਰ ਨੇ ਉਕਤ ਅਹੁਦਿਆਂ 'ਤੇ ਤਾਇਨਾਤ ਵਿਅਕਤੀਆਂ ਤੋਂ 'ਲਾਲ ਬੱਤੀ' ਦੀ ਵਰਤੋਂ ਦਾ ਅਧਿਕਾਰ ਵਾਪਸ ਲੈ ਲਿਆ ਸੀ। ਮੁੱਖ ਸਕੱਤਰ ਰਾਕੇਸ਼ ਸਿੰਘ ਦੇ ਪੱਧਰ 'ਤੇ ਹੋਈਆਂ ਮੀਟਿੰਗਾਂ ਦੌਰਾਨ ਇਹੀ ਫ਼ੈਸਲਾ ਲਿਆ ਗਿਆ ਕਿ ਜਿਨ੍ਹਾਂ ਅਫ਼ਸਰਾਂ ਜਾਂ ਸਿਆਸਤਦਾਨਾਂ ਦੀਆਂ ਕਾਰਾਂ ਤੋਂ ਲਾਲ ਬੱਤੀ ਲਹਿ ਗਈ ਹੈ, ਉਨ੍ਹਾਂ ਨੂੰ ਲਾਲ ਬੱਤੀ



ਦੇ ਨਾਲ ਮਿਲਦੇ ਜੁਲਦੇ ਰੰਗ ਦੀ ਬੱਤੀ ਦੀ ਸਹੂਲਤ ਦਿੱਤੀ ਜਾਵੇ। ਟਰਾਂਸਪੋਰਟ ਵਿਭਾਗ ਮੁਤਾਬਕ ਜਿਨ੍ਹਾਂ ਸਿਆਸੀ ਵਿਅਕਤੀਆਂ ਤੇ ਅਫ਼ਸਰਾਂ ਦੀਆਂ ਕਾਰਾਂ ਤੋਂ ਬੱਤੀਆਂ ਲਹਿ ਗਈਆਂ ਸਨ ਉਨ੍ਹਾਂ ਵੱਲੋਂ ਬੱਤੀ ਦੀ ਟੌਹਰ ਬਰਕਰਾਰ ਰੱਖਣ ਲਈ ਸਰਕਾਰ 'ਤੇ ਦਬਾਅ ਪਾਇਆ ਜਾ ਰਿਹਾ ਸੀ।

ਪੰਜਾਬ ਸਰਕਾਰ ਵੱਲੋਂ ਜਿਨ੍ਹਾਂ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਨੂੰ ਸੰਤਰੀ ਰੰਗ ਦੀ ਬੱਤੀ ਦੀ ਵਰਤੋਂ ਦਾ ਅਧਿਕਾਰ ਦੇਣ ਦਾ ਪ੍ਰਸਤਾਵ ਤਿਆਰ ਕੀਤਾ ਗਿਆ ਹੈ, ਉਨ੍ਹਾਂ ਵਿਚ ਮੁੱਖ ਸੰਸਦੀ ਸਕੱਤਰ, ਮੁੱਖ ਸਕੱਤਰ ਰੈਂਕ ਦੇ ਆਈ.ਏ.ਐਸ. ਅਧਿਕਾਰੀ, ਪ੍ਰਮੁੱਖ ਸਕੱਤਰ ਰੈਂਕ ਦੇ ਅਧਿਕਾਰੀ, ਡਿਪਟੀ ਕਮਿਸ਼ਨਰ, ਐਸ.ਐਸ.ਪੀ., ਡਿਵੀਜ਼ਨਲ ਕਮਿਸ਼ਨਰ, ਰੇਂਜਾਂ ਦੇ ਡੀ.ਆਈ.ਜੀ. ਤੇ ਜ਼ੋਨਲ ਆਈ.ਜੀ., ਪੁਲਿਸ ਵਿਚ ਡੀ.ਜੀ.ਪੀ. ਤੇ ਏ.ਡੀ.ਜੀ.ਪੀ. ਰੈਂਕ ਦੇ ਅਧਿਕਾਰੀ ਸ਼ਾਮਲ ਹਨ।

ਵਿਧਾਇਕਾਂ, ਸੰਸਦ ਮੈਂਬਰਾਂ, ਪ੍ਰਬੰਧਕੀ ਸਕੱਤਰਾਂ ਜਾਂ ਵਿਭਾਗਾਂ ਦੇ ਮੁਖੀਆਂ ਨੂੰ ਕਿਸੇ ਵੀ ਰੰਗ ਦੀ ਬੱਤੀ ਦੀ ਵਰਤੋਂ ਬਾਰੇ ਫਿਲਹਾਲ ਵਿਚਾਰ ਨਹੀਂ ਕੀਤਾ ਗਿਆ। ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਜਿਹੜੇ ਸਿਵਲ ਜਾਂ ਪੁਲਿਸ ਅਫ਼ਸਰਾਂ ਨੂੰ ਨੀਲੇ ਰੰਗ ਦੀ ਬੱਤੀ ਦੀ ਵਰਤੋਂ ਦਾ ਅਧਿਕਾਰ 2013 ਦੇ ਨੋਟੀਫਿਕੇਸ਼ਨ ਮੁਤਾਬਕ ਦਿੱਤਾ ਗਿਆ ਹੈ, ਹਾਲ ਦੀ ਘੜੀ ਉਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਰਹੀ। ਇਸ ਤਰ੍ਹਾਂ ਇਹ ਅਫ਼ਸਰ ਨੀਲੇ ਰੰਗ ਦੀ ਬੱਤੀ ਦੀ ਵਰਤੋਂ ਕਰਦੇ ਰਹਿਣਗੇ। ਟਰਾਂਸਪੋਰਟ ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਅਫ਼ਸਰਾਂ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਸੰਤਰੀ ਰੰਗ ਦੀ ਬੱਤੀ ਦੀ ਵਰਤੋਂ ਦਾ ਅਧਿਕਾਰ ਦਿੱਤੇ ਜਾਣ ਦੇ ਪ੍ਰਸਤਾਵ ਦੀ ਪੁਸ਼ਟੀ ਕੀਤੀ ਹੈ।

# ਚਿੰਤਨ ਦੀ ਤਾਜ਼ਗੀ ਦੇ ਮੁੱਦਈ ਪ੍ਰੋਫੈਸਰ ਗੁਰਭਗਤ ਸਿੰਘ

ਪ੍ਰੋਫੈਸਰ ਗੁਰਭਗਤ ਸਿੰਘ ਨੇ ਮਨੁੱਖੀ ਅਜ਼ਾਦੀ ਅਤੇ ਮਨੁੱਖਤਾ ਦੀ ਸਰਬਪੱਖੀ ਪ੍ਰਫੁਲਤਾ (ਵਿਗਾਸ) ਲਈ ਆਪਣਾ ਜੀਵਨ ਸਮਰਪਤ ਕੀਤਾ ਹੋਇਆ ਸੀ। ਉਹ ਆਪਣੇ ਇਸ ਵਾਅਦੇ 'ਤੇ ਆਖਰੀ ਸਾਹ ਤਕ ਕਾਇਮ ਰਹੇ। ਮਨੁੱਖੀ ਦੀ ਅਜ਼ਾਦ ਹਸਤੀ ਨੂੰ ਪ੍ਰਣਾਏ ਉਹ ਵਿਲੱਖਣ ਕਿਸਮ ਦੇ ਵਿਦਵਾਨ ਸਨ ਜਿਨ੍ਹਾਂ ਨੇ ਬੇਖੌਫ ਹੋ ਕੇ ਲਿਖਿਆ ਅਤੇ ਮਨੁੱਖ ਦੇ ਗੌਰਵ ਤੇ ਸਵੈਮਾਣ ਨੂੰ ਬਹਾਲ ਕਰਨ ਲਈ ਉਠੀ ਹਰ ਹੱਕੀ ਜਦੋਜਹਿਦ ਦੀ ਸਿਧਾਂਤਕ ਵਕਾਲਤ ਕੀਤੀ। ਮਨੁੱਖ ਜੀਵਨ ਵਿਚ ਹਰ ਕਿਸਮ ਦੀ ਗੁਲਾਮੀ ਨੂੰ ਨਕਾਰਦਿਆਂ ਉਨ੍ਹਾਂ ਨੇ ਆਪਣੀ ਅਜ਼ਾਦ ਹਸਤੀ ਕਾਇਮ ਰੱਖ ਕੇ ਸ਼ਾਨਾਮਈ ਜੀਵਨ ਬਤੀਤ ਕੀਤਾ। ਉਹ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਉਨ੍ਹਾਂ ਨੂੰ ਆਪਣੀ

**ਗੁਰਮੀਤ ਸਿੰਘ ਸਿੱਧੂ**
**ਫੋਨ: 91-98145-90699**

ਚਿੰਤਾ ਨਹੀਂ ਸੀ ਸਗੋਂ ਉਹ ਮਨੁੱਖਤਾ ਦੀ ਭਲਾਈ ਲਈ ਚਿੰਤਨਸ਼ੀਲ ਸਨ। ਮਨੁੱਖੀ ਜੀਵਨ ਜਸ਼ਨਮਈ ਕਿਵੇਂ ਬਣੇ? ਇਸ ਪ੍ਰਸ਼ਨ ਦਾ ਉਤਰ ਖੋਜਣ ਲਈ ਉਨ੍ਹਾਂ ਨੇ ਦੁਨੀਆਂ ਭਰ ਦੇ ਚਿੰਤਨ ਦਾ ਗਹਿਨ ਅਧਿਐਨ ਕੀਤਾ ਅਤੇ ਜੀਵਨ ਨੂੰ ਅਨੰਦਮਈ ਬਣਾਉਣ ਲਈ ਉਹ ਨਵੇਂ ਬਦਲ ਲੱਭਣ ਲਈ ਭਵਿੱਖਮੁਖੀ ਮਾਡਲ ਖੋਜਣ ਦੀ ਤਲਾਸ਼ ਵਿਚ ਸਨ। ਇਸ ਤਲਾਸ਼ ਦੀ ਸ਼ਿੱਦਤ ਵਿਚ ਉਨ੍ਹਾਂ ਨਿਜ ਤੋਂ ਪਰ ਦੀ ਹੱਦਾਂ ਨੂੰ ਸਰ ਕਰ ਕੇ ਜੀਵਨ ਨੂੰ ਨਵੇਂ ਪ੍ਰਸੰਗ ਵਿਚ ਸਮਝਣ ਲਈ ਨਵੀਆਂ ਅੰਤਰ-ਦ੍ਰਿਸ਼ਟੀਆਂ ਪੇਸ਼ ਕੀਤੀਆਂ ਹਨ। ਉਨ੍ਹਾਂ ਦਾ ਜੀਵਨ ਸ਼ਾਇਰੀ ਅਤੇ ਚਿੰਤਨ ਦਾ ਸੁਮੇਲ ਬਣ ਚੁੱਕਾ ਸੀ। ਚਿੰਤਨ ਦੀ ਇਸ ਅਵਸਥਾ ਵਿਚ ਪਹੁੰਚ ਕੇ ਉਨ੍ਹਾਂ ਵਲੋਂ ਵਿਸ਼ਵ ਚਿੰਤਨ ਨਾਲ ਰਚਾਏ ਸਿਰਜਨਾਤਮਕ ਸੰਵਾਦ ਦੀਆਂ ਪੰਜਾਬ ਅਤੇ ਪੰਜਾਬ ਦੀ ਮੌਲਿਕਤਾ ਲਈ ਭਵਿੱਖਮੁਖੀ ਸੰਭਾਵਨਾਵਾਂ ਹਨ। ਪੰਜਾਬ ਦੇ ਲੋਕਾਂ ਨੂੰ ਜਦੋਂ ਵੀ ਆਪਣੇ ਜੀਵਨ ਵਿਸ਼ੇਸ਼ ਕਰ ਕੇ ਰਾਜਨੀਤੀ, ਆਰਥਿਕਤਾ ਅਤੇ ਸਮਾਜਕ ਸੰਗਠਨਾਂ ਨੂੰ ਨਵੇਂ ਸਿਰਿਉਂ ਵਿਉਂਤਣ ਦੀ ਲੋੜ ਪਵੇਗੀ ਤਾਂ ਪ੍ਰੋ. ਗੁਰਭਗਤ ਸਿੰਘ ਵਲੋਂ ਪੇਸ਼ ਕੀਤੀਆਂ ਧਾਰਨਾਵਾਂ ਸਹਾਈ ਸਾਬਤ ਹੋਣਗੀਆਂ।

ਪ੍ਰੋ. ਗੁਰਭਗਤ ਸਿੰਘ ਦਾ ਜਨਮ 21 ਸੰਤਬਰ 1938 ਨੂੰ ਮਾਤਾ ਜਸਵੰਤ ਕੌਰ ਅਤੇ ਪਿਤਾ ਹਰੀ ਸਿੰਘ ਜਾਚਕ ਦੇ ਘਰ ਕੋਟਕਪੂਰਾ ਵਿਖੇ ਹੋਇਆ। ਉਹ ਪੰਜਾਬੀ ਦੇ ਪ੍ਰਸਿੱਧ ਆਲੋਚਕ ਪ੍ਰੋ. ਸੁਤਿੰਦਰ ਸਿੰਘ ਨੂਰ ਦੇ ਵੱਡੇ ਭਰਾ ਸਨ। ਉਹ ਮਹਿੰਦਰਾ ਕਾਲਜ ਪਟਿਆਲਾ ਦੇ ਹੋਣਹਾਰ ਵਿਦਿਆਰਥੀਆਂ ਵਿਚੋਂ ਸੀ ਜਿਨ੍ਹਾਂ ਦੀ ਮਿਤਰ ਮੰਡਲੀ ਨੂੰ ਭੂਤ-ਵਾੜੇ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਤੋਂ ਪੀਐੱਚ.ਡੀ. ਦੀ ਡਿਗਰੀ 'ਹਿਸਟਰੀ ਔਫ਼ ਕਾਂਸ਼ਿਸਨੈਸ' ਵਿਸ਼ੇ 'ਤੇ ਕੀਤੀ। ਅਮਰੀਕਾ ਅਤੇ ਦਿੱਲੀ ਵਿਚ ਪੜ੍ਹਾਉਣ ਤੋਂ ਉਪਰੰਤ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਗਰੇਜ਼ੀ ਵਿਭਾਗ ਵਿਚ ਪ੍ਰੋਫੈਸਰ ਬਣੇ। ਇਸ ਵਿਭਾਗ ਦੇ ਮੁਖੀ ਅਤੇ ਡੀਨ ਭਾਸ਼ਾਵਾਂ ਵਜੋਂ ਉਨ੍ਹਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ-ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਕਾਦਮਿਕ ਮਾਹੌਲ ਨੂੰ ਅਮੀਰ ਕਰਨ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਨਿਊ ਯਾਰਕ, ਮਿਊਨਿਖ, ਪੈਰਿਸ, ਲੈਸਟਰ, ਟੋਕੀਓ, ਅਲਬਰਟਾ, ਸ਼ਿਕਾਗੋ, ਵਾਸ਼ਿੰਗਟਨ ਡੀ.ਸੀ. ਵਿਚ ਕੌਮਾਂਤਰੀ ਤੁਲਨਾਤਮਕ ਸਾਹਿਤ ਦੀਆਂ ਕਾਨਫਰੰਸਾਂ ਵਿਚ ਹਿਸਾ ਲਿਆ ਅਤੇ ਵਿਭਿੰਨ ਅਕਾਦਮਿਕ ਸੈਸ਼ਨਾਂ ਦੀ ਪ੍ਰਧਾਨਗੀ ਕੀਤੀ। ਉਨ੍ਹਾਂ ਨੇ ਅੰਗਰੇਜ਼ੀ ਅਤੇ ਪੰਜਾਬੀ ਵਿਚ ਇਕ ਦਰਜਨ ਮੌਲਿਕ ਪੁਸਤਕਾਂ ਦੀ ਰਚਨਾ ਕੀਤੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦ ਕਰਨ ਦੇ ਨਾਲ-ਨਾਲ ਅਨੁਵਾਦ ਦਾ ਸਿਧਾਂਤ ਵੀ ਵਿਕਸਿਤ ਕੀਤਾ ਹੈ। ਉਹ ਬੇਸ਼ੱਕ ਹਰ ਕਿਸਮ ਦੇ ਦਾਇਰੇ ਤੋਂ ਉਪਰ ਉਠ ਚੁੱਕੇ ਸਨ, ਫਿਰ ਵੀ ਉਹ ਅਕਸਰ ਇਹ ਕਹਿੰਦੇ ਸਨ ਕਿ ਦੁਨੀਆਂ ਭਰ ਵਿਚ ਜੋ ਕੁਝ ਨਵਾਂ ਸੋਚਿਆ ਜਾ ਰਿਹਾ ਹੈ, ਉਸ ਨਾਲ ਸਾਨੂੰ ਸੰਵਾਦ ਰਚਾਉਣਾ ਚਾਹੀਦਾ ਹੈ। ਇਸ ਕਰ ਕੇ ਉਨ੍ਹਾਂ ਦੀਆਂ ਪੰਜਾਬੀ ਲਿਖਤਾਂ ਵਿਸ਼ਵ ਚਿੰਤਨ ਦੇ ਹਵਾਲਿਆਂ ਨਾਲ ਭਰਪੂਰ ਹਨ। ਪੰਜਾਬ ਦੇ ਵੱਡੇ ਸ਼ਾਇਰਾਂ ਵਿਸ਼ੇਸ਼ ਕਰ ਕੇ ਪ੍ਰੋ. ਪੂਰਨ ਸਿੰਘ ਅਤੇ ਦੇਵ ਦੀ ਕਵਿਤਾ ਦਾ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਉਨ੍ਹਾਂ ਨੂੰ ਪੰਜਾਬੀ ਸ਼ਾਇਰੀ ਨੂੰ ਵਿਸ਼ਵ ਦੇ ਸਨਮੁਖ ਪੇਸ਼ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਨਾ ਉਨ੍ਹਾਂ ਦੇ ਵੱਡੇ ਪ੍ਰੋਜੈਕਟ ਦਾ ਹਿਸਾ ਸੀ। ਇਸ ਵਿਚੋਂ ਉਹ ਚੋਣਵੀਆਂ ਬਾਣੀਆਂ ਦੇ ਅਨੁਵਾਦ ਨੂੰ 'ਵਿਸਮਾਦ' ਨਾਂ ਦੀ ਪੁਸਤਕ ਵਿਚ ਪ੍ਰਕਾਸ਼ਤ ਕਰਵਾ ਗਏ ਹਨ। ਉਹ ਪੰਜਾਬ ਦੇ ਸਿੱਖ ਵਿਰਸੇ ਨਾਲ ਸੰਬੰਧਤ ਵਿਸਮਾਦੀ ਚਿੰਤਨ ਅਤੇ ਅਭਿਆਸ ਨੂੰ ਸਮਕਾਲੀ ਗੌਰਵ ਨਾਲ ਜੋੜਨਾ ਚਾਹੁੰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਇਕ ਵਿਚ ਅਨੇਕਤਾ' ਦੇ ਸਿਧਾਂਤ ਬਾਰੇ ਅਜੋਕੇ ਸੰਸਾਰ ਨੂੰ ਦੱਸਣ ਲਈ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਦੀ ਇਛਾ ਸੀ ਕਿ ਅੰਗਰੇਜ਼ੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਸਿੱਖੀ ਦੀ ਰੂਹ ਮੁਤਾਬਕ ਹੋਣ ਚਾਹੀਦਾ ਹੈ।

ਪ੍ਰੋ. ਗੁਰਭਗਤ ਸਿੰਘ ਬੇਲੋੜੇ ਵਿਵਾਦ ਤੋਂ ਉਹ ਹਮੇਸ਼ਾ ਗੁਰੇਜ਼ ਕਰਦੇ ਅਤੇ ਆਪਣੇ ਕੰਮ



ਵਿਚ ਮਸਤ ਰਹਿੰਦੇ ਸਨ। ਉਨ੍ਹਾਂ ਬਾਰੇ ਹਰਦਿਲਜੀਤ ਸਿੰਘ ਜਿਨ੍ਹਾਂ ਨੂੰ ਸਾਹਿਤਕ ਹਲਕਿਆਂ ਵਿਚ ਲਾਲੀ ਬਾਬਾ ਕਿਹਾ ਜਾਂਦਾ ਹੈ, ਨੇ ਇਕ ਬਹੁਤ ਖੂਬਸੂਰਤ ਟਿਪਣੀ ਕੀਤੀ ਸੀ ਕਿ 'ਗੁਰਭਗਤ ਤਾਂ ਹੇਠਾਂ ਤੋਂ ਉਪਰ ਤਕ ਨਿਰਾ ਦਿਮਾਗ ਹੈ, ਤੇ ਉਹ ਦਿਮਾਗ ਦੀ ਤਰ੍ਹਾਂ ਗੋਲ ਹੈ'।

ਉਹ ਅਜਿਹੇ ਵਿਦਵਾਨ ਸਨ ਜਿਨ੍ਹਾਂ ਨੇ ਸੰਸਾਰ ਭਰ ਦੇ ਚਿੰਤਨ, ਵਿਸ਼ੇਸ਼ ਕਰ ਕੇ ਆਧੁਨਿਕ ਅਤੇ ਉਤਰ-ਆਧੁਨਿਕ ਚਿੰਤਨ ਦਾ ਗਹਿਨ ਅਧਿਐਨ ਕੀਤਾ ਸੀ ਅਤੇ ਇਸ ਚਿੰਤਨ ਨਾਲ ਉਨ੍ਹਾਂ ਨੇ ਪੂਰਬੀ ਵਿਸ਼ੇਸ਼ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਿੰਤਨ ਰਾਹੀ ਸੰਵਾਦ ਰਚਾਉਂਦਿਆਂ ਵਿਸ਼ਵ ਚਿੰਤਨ ਵਿਚ ਪੰਜਾਬ ਅਤੇ ਪੰਜਾਬੀ ਦੀ ਮੌਲਿਕਤਾ ਨੂੰ ਸਮਝ ਕੇ ਵਿਸਮਾਦੀ ਪੂੰਜੀ ਦਾ ਸੰਕਲਪ ਦਿੱਤਾ ਹੈ। ਇਸ ਸੰਕਲਪ ਰਾਹੀਂ ਉਨ੍ਹਾਂ ਨੇ ਗੁਰਬਾਣੀ ਦੇ ਵਿਸਮਾਦੀ ਚਿੰਤਨ ਦੇ ਸਿਧਾਂਤਕ ਮਹੱਤਵ ਨੂੰ ਸਮਝਣ 'ਤੇ ਬਲ ਦਿੱਤਾ ਹੈ।

ਵਿਸਮਾਦੀ ਚਿੰਤਨ ਨੂੰ ਪੇਸ਼ ਕਰਨ ਲਈ ਪ੍ਰੋ. ਗੁਰਭਗਤ ਸਿੰਘ ਨੇ ਆਧੁਨਿਕਤਾ ਵਲੋਂ ਸਿਰਜੇ ਇਕਹਿਰੇ ਜੀਵਨ ਮਾਡਲਾਂ ਪੂੰਜੀਵਾਦ ਅਤੇ ਸਮਾਜਵਾਦ ਤੋਂ ਅਗਾਂਹ ਭਵਿੱਖਮੁਖੀ ਮਾਡਲ ਬਾਰੇ ਚਰਚਾ ਛੇੜੀ ਹੈ। ਇਸ ਚਰਚਾ ਵਿਚ ਉਨ੍ਹਾਂ ਨੇ ਗੁਰਬਾਣੀ ਦੇ ਚਿੰਤਨ ਨੂੰ ਕੇਂਦਰ ਵਿਚ ਰੱਖਿਆ ਹੈ। ਪੂੰਜੀਵਾਦੀ ਅਤੇ ਸਮਾਜਵਾਦੀ ਪ੍ਰਬੰਧਾਂ ਦੇ ਨਕਾਰੇ ਜਾਣ ਬਾਰੇ ਉਹ ਸਪਸ਼ਟ ਲਿਖਦੇ ਹਨ, 'ਹੁਣ ਤਾਂ ਇਹ ਕੌਮਾਂਤਰੀ ਪੱਧਰ ਉਤੇ ਸਵੀਕਾਰ ਹੋ ਚੁੱਕਾ ਹੈ ਕਿ ਅਜੋਕੇ ਸਮਾਜਕ ਪ੍ਰਬੰਧ ਮਨੁੱਖ ਦੀ ਸਰਵ-ਪੱਖੀ ਪ੍ਰਫੁੱਲਤਾ ਕਰਨ ਲਈ ਸੰਤੋਖਜਨਕ ਨਹੀਂ ਹਨ। ਇਸੇ ਲਈ ਇਨ੍ਹਾਂ ਪ੍ਰਬੰਧਾਂ ਵਿਚ ਰੋਸ, ਵਿਰੋਧ ਅਤੇ ਅੰਤਰ-ਸੰਘਰਸ਼ ਵਧ ਰਹੇ ਹਨ। ਅੱਜ ਕੱਲ੍ਹ ਦੋ ਕਿਸਮ ਦੇ ਪ੍ਰਬੰਧ ਚੱਲ ਰਹੇ ਹਨ; ਪੂੰਜੀਵਾਦੀ ਅਤੇ ਸਮਾਜਵਾਦੀ ਸਮਾਜਕ ਪ੍ਰਬੰਧ। ਥੋੜ੍ਹੇ ਬਹੁਤੇ ਸਿਧਾਂਤਕ ਵਖਰੇਵੇਂ ਨਾਲ ਸਿਧਾਂਤ ਅਤੇ ਅਭਿਆਸ ਵਿਚ ਇਹ ਦੋਵੇਂ ਕਿਸਮਾਂ ਹੀ ਬਲਵੰਤ ਰੂਪ ਵਿਚ ਨਜ਼ਰ ਆ ਰਹੀਆਂ ਹਨ। ਇਨ੍ਹਾਂ ਦੋਹਾਂ ਪ੍ਰਬੰਧਾਂ ਦੇ ਇਕਹਿਰੇਪਨ ਨਾਲ ਅਨੇਕਾਂ ਸਮੱਸਿਆਵਾਂ ਪੈਦਾ ਹੋਈਆਂ ਹਨ। ਕਈ ਪ੍ਰਕਾਰ ਦਾ ਵਿਯੋਗ ਵਾਪਰਿਆ ਹੈ। ਜ਼ਿੰਦਗੀ ਦਾ ਜਸ਼ਨ ਘਟਿਆ ਹੈ। ਜ਼ਿੰਦਗੀ ਦੇ ਗੌਰਵ ਨੂੰ ਬਹਾਲ ਕਰਨ ਲਈ ਅਤੇ ਜੀਵਨ ਨੂੰ ਜਸ਼ਨਮਈ ਬਣਾਉਣ ਲਈ ਬਹੁਪੱਖੀ ਮਾਡਲਾਂ ਦੀ ਲੋੜ ਹੈ। ਇਸ ਲੋੜ ਦੀ ਪੂਰਤੀ ਵਿਚ ਉਹ ਇਹ ਕਹਿੰਦੇ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸਮਾਦੀ ਮਾਡਲ ਨੂੰ ਇਕ ਨਵੇਂ ਬਦਲ ਵਜੋਂ ਪੇਸ਼ ਕਰਨ ਇਸ ਦੇ ਸੰਦੇਸ਼ ਨੂੰ ਸੰਸਾਰ ਤਕ ਪਹੁੰਚਾਉਣ ਦੀ ਲੋੜ ਹੈ। ਉਨ੍ਹਾਂ ਦੀ ਧਾਰਨਾ ਹੈ ਕਿ ਪੂੰਜੀਵਾਦ ਅਤੇ ਸਮਾਜਵਾਦ ਦੋਵੇਂ ਪੂੰਜੀ ਆਧਾਰਤ ਸਿਧਾਂਤ ਹਨ ਜਿਸ ਕਰ ਕੇ ਇਹ ਮਨੁੱਖੀ ਜੀਵਨ ਨੂੰ ਇਕਹਿਰੇ ਮਾਡਲ ਵਿਚ ਫਿਟ ਕਰਦੇ ਹਨ, ਜਦੋਂਕਿ ਮਨੁੱਖੀ ਜੀਵਨ ਗੁਰਬਾਣੀ ਦੇ ਸਿਧਾਂਤ ਮੁਤਾਬਕ ਵਿਸਮਾਦੀ ਹੈ। ਸੋ ਵਿਸਮਾਦੀ ਜੀਵਨ ਨੂੰ ਪਦਾਰਥਕ ਪੂੰਜੀ ਵਿਚ ਜਕੜੇ ਜਾਣ ਕਰ ਕੇ ਮਨੁੱਖੀ ਆਜ਼ਾਦੀ ਦਾ ਗਲਾ ਤਾਂ ਘੁਟਿਆ ਹੀ ਗਿਆ, ਬਲਕਿ ਵੱਧ ਵਸਤਾਂ ਉਤਪੰਨ ਕਰਨ ਨਾਲ ਵਿਕਾਸ ਕਰਨ ਦੀ ਬਿਰਤੀ ਨੇ ਵਾਤਾਵਰਨ ਅਤੇ ਪਰਕਿਤੀ ਦੀ ਦੁਰਵਰਤੋਂ ਦੇ ਰੁਝਾਨ ਪੈਦਾ ਕੀਤੇ ਹਨ। ਦੁਰਵਰਤੋਂ ਦੇ ਰੁਝਾਨ ਨਾਲ ਸੰਸਾਰ ਵਿਚ ਵਿਯੋਗ ਪੈਦਾ ਹੋਇਆ ਹੈ।

ਉਨ੍ਹਾਂ ਨੇ ਇਹ ਧਾਰਨਾ ਦਿੱਤੀ ਕਿ ਮਨੁੱਖੀ ਜੀਵਨ ਦੀ ਤਰ੍ਹਾਂ ਚਿੰਤਨ ਵੀ ਗਤੀਸ਼ੀਲ ਹੈ। ਅਜੋਕੇ ਚਿੰਤਨ ਨੇ ਇਕਸਾਰਤਾ ਨੂੰ ਰੱਦ ਕਰ ਦਿੱਤਾ ਹੈ, ਕਿਉਂਕਿ ਜੀਵਨ ਕੁਦਰਤ ਦੀ ਤਰ੍ਹਾਂ ਅਨੇਕ-ਪੱਖੀ ਹੈ। ਅਨੇਕਤਾ ਅਤੇ ਬਹੁਵਾਦ ਮਨੁੱਖੀ ਅਜ਼ਾਦੀ ਲਈ ਜ਼ਰੂਰਤ ਹਨ ਜਦੋਂ ਕਿ ਪੂੰਜੀਵਾਦ ਅਤੇ ਸਮਾਜਵਾਦ ਇਕ ਪੱਖੀ ਮਾਡਲ ਹਨ। ਪੂੰਜੀਵਾਦ ਨੇ ਜੀਵਨ ਨੂੰ ਮਾਇਆ ਦੇ ਭਿਅੰਕਰ ਰੂਪ ਸਰਮਾਏ ਦਾ ਗੁਲਾਮ ਕੀਤਾ ਹੈ ਜਦੋਂ ਕਿ ਸਮਾਜਵਾਦੀ ਮਾਡਲ ਨੇ ਵੀ ਸਰਮਾਏ ਨੂੰ ਸਟੇਟ ਦੇ ਅਧੀਨ ਕਰ ਕੇ ਮਾਇਆ ਦੇ ਇਕ ਰੂਪ 'ਤੇ ਕਬਜ਼ਾ ਕਰਨ ਉਤੇ ਹੀ ਜ਼ੋਰ ਦਿੱਤਾ ਹੈ। ਇਨ੍ਹਾਂ ਇਕ ਪੱਖੀ ਪ੍ਰਬੰਧਾਂ ਤੋਂ ਮੁਕਤ ਹੋਣ ਦੀ ਲੋੜ ਹੈ। ਨਵੇਂ ਸੰਸਾਰ ਦੇ ਉਸਰਨ ਵਾਲੇ ਵਿਸਮਾਦੀ ਮਾਡਲ ਸੱਚ 'ਤੇ ਉਸਰਨਗੇ। ਸਚਾਈ ਇਕ ਹੈ ਪਰ ਇਹ ਇਕਹਿਰੀ ਨਹੀਂ ਹੈ। ਇਕੋ ਸਚਾਈ ਦੀਆਂ ਅਨੇਕਾਂ ਵਿਆਖਿਆਵਾਂ ਹੋ ਸਕਦੀਆਂ ਹਨ। ਬਹੁ-ਪੱਖੀ ਵਿਆਖਿਆ ਵਿਚ ਗੁਰੂ ਚਿੰਤਨ ਦਾ ਵਿਸ਼ੇਸ਼ ਯੋਗਦਾਨ ਹੋ ਸਕਦਾ ਹੈ। ਇਸ ਕਰ ਕੇ ਉਨ੍ਹਾਂ ਨੇ ਦੁਨਿਆਵੀ ਪੂੰਜੀ ਦੇ ਬਦਲ ਵਜੋਂ ਵਿਸਮਾਦੀ ਪੂੰਜੀ ਦਾ ਸਿਧਾਂਤ ਪੇਸ਼ ਕੀਤਾ ਹੈ।

ਪ੍ਰੋ. ਗੁਰਭਗਤ ਸਿੰਘ ਨੇ ਵਿਸਮਾਦੀ ਪੂੰਜੀ ਦਾ ਜੋ ਸੰਕਲਪ ਦਿੱਤਾ ਹੈ, ਉਹ ਵਿਸ਼ਵ ਚਿੰਤਨ ਵਿਚ ਚਰਚਾ ਛੇੜਨ ਅਤੇ ਸਿੱਖ ਸਿਧਾਂਤਾਂ ਦੇ ਆਧਾਰ 'ਤੇ ਅਜੋਕੇ ਸਮਾਜਾਂ ਲਈ ਉਸਰਨ ਵਾਲੇ ਜੀਵਨ ਮਾਡਲਾਂ ਵਿਚ ਸਿੱਖ ਚਿੰਤਨ ਦੀ ਹਾਜ਼ਰੀ ਲਗਾਉਣ ਦਾ ਯਤਨ ਹੈ ਜਿਸ ਨੂੰ ਹੋਰ ਵਿਕਸਤ ਕਰਨ ਦੀ ਲੋੜ ਹੈ। ਉਨ੍ਹਾਂ ਦੇ ਜੀਵਨ ਦਾ ਵਿਲੱਖਣ ਪਹਿਲੂ ਇਹ ਵੀ ਹੈ ਕਿ ਉਹ ਜੀਵਨ ਨੂੰ ਜਸ਼ਨਮਈ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਆਪਣਾ ਜੀਵਨ ਜਸ਼ਨ ਭਰਪੂਰ ਬਣਾਇਆ ਹੋਇਆ ਸੀ। ਉਹ ਹਰ ਸਮੇਂ ਕਿਰਿਆਸ਼ੀਲ ਹੁੰਦੇ ਸਨ। ਹਮੇਸ਼ਾਂ ਉਹ ਲਾਇਬ੍ਰੇਰੀ ਆਉਂਦੇ ਸਨ। ਤਬੀਅਤ ਇਕਦਮ ਖਰਾਬ ਹੋਣ ਜਾਣ ਉਪਰੰਤ ਉਨ੍ਹਾਂ ਨੂੰ 14 ਮਾਰਚ 2014 ਨੂੰ ਪਟਿਆਲਾ ਦੇ ਅਮਰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਬਿਮਾਰ ਹੋਣ ਦੇ ਬਾਵਜੂਦ ਵੀ ਉਹ ਚੜ੍ਹਦੀ ਕਲਾ ਵਿਚ ਸਨ। ਹਾਲ-ਚਾਲ ਪੁੱਛਣ ਵਾਲਿਆਂ ਨੂੰ ਉਹ ਇਹ ਪੁਛਦੇ-'ਨਵਾਂ ਕੀ ਹੋ ਰਿਹਾ ਹੈ?' ਮਨੁੱਖੀ ਜੀਵਨ ਦੀ ਉਮੀਦ ਨੂੰ ਅਨੰਦਮਈ ਬਣਾਉਣ ਦੇ ਸੁਫਨਿਆਂ ਦਾ ਸਿਰਜਕ ਇਹ ਵਿਦਵਾਨ ਆਪਣੇ ਚਿੰਤਨ ਦੀਆਂ ਭਵਿੱਖਮਈ ਸੰਭਾਵਨਾਵਾਂ ਪੇਸ਼ ਕਰ ਕੇ 4 ਅਪਰੈਲ 2014 ਦੇ ਪਹਿਲੇ ਪਹਿਰ ਇਸ ਸੰਸਾਰ ਤੋਂ ਵਿਦਾ ਹੋ ਗਿਆ।


# ਵਿਦੇਸ਼ਾਂ 'ਚ ਭਾਰਤੀਆਂ ਦੀ ਚੜ੍ਹਤ ਤੋਂ ਚੀਨੀ ਹੈਰਾਨ

**ਨਿਊ ਯਾਰਕ:** ਮਾਈਕਰੋਸਾਫਟ ਸੀ.ਈ.ਓ. ਸੱਤਿਆ ਨਡੇਲਾ ਦੇ ਜੁਆਇਨ ਕਰਨ ਨਾਲ ਅਮਰੀਕੀ ਕੰਪਨੀਆਂ ਦੇ ਭਾਰਤੀ ਮੂਲ ਦੇ ਮੁਖੀਆਂ ਦੀ ਸੂਚੀ ਹੋਰ ਲੰਮੀ ਹੋ ਗਈ ਹੈ ਤੇ ਇਸ ਨਾਲ ਚੀਨ ਵਿਚ ਥੋੜ੍ਹੀ ਹਿਲਜੁਲ ਹੋਈ ਹੈ। ਇਹ ਖੁਲਾਸਾ ਮੀਡੀਆ ਰਿਪੋਰਟ ਵਿਚ ਹੋਇਆ ਹੈ। 'ਦਿ ਵਾਲ ਸਟਰੀਟ ਜਨਰਲ' ਦੀ ਰਿਪੋਰਟ ਚੀਨ ਦੇ ਲੋਕ ਵਿਸ਼ਵ ਪੱਧਰ ਦੇ ਸੀ.ਈ.ਓ. ਕਿਉਂ ਨਹੀਂ ਸਿਰਲੇਖ ਹੇਠ ਛਪੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਲੋਕਾਂ ਦੀ ਅੰਗਰੇਜ਼ੀ ਭਾਸ਼ਾ ਵਿਚ ਚੰਗੀ ਮੁਹਾਰਤ ਤੇ ਉਨ੍ਹਾਂ ਦੀ ਅੱਗੇ ਵਧਣ ਦੀ ਇੱਛਾ ਉਨ੍ਹਾਂ ਨੂੰ ਚੀਨ ਵਾਲਿਆਂ ਤੋਂ ਮੋਹਰੀ ਰੱਖਦੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਸ਼ਾ ਤੇ ਪੱਛਮੀ ਸਭਿਆਚਾਰ ਤੋਂ ਜਾਣੂ ਹੋਣਾ ਵੀ ਪ੍ਰਤੱਖ ਕਾਰਨ ਹਨ ਕਿ ਪੈਪਸੀਕੋ ਦੀ ਇੰਦਰਾ ਨੂਈ, ਡਿਊਸ਼ ਬੈਂਕ ਦੇ ਅੰਸ਼ੂ ਜੈਨ ਤੇ ਮਾਸਟਰ ਕਾਰਡ ਇੰਕ ਦੇ ਅਜੇ ਬੰਗਾ ਕਿਵੇਂ ਮੁੱਖ ਕਾਰਜਕਾਰੀਆਂ ਵਜੋਂ ਪੱਛਮ ਵਿਚ ਪ੍ਰਵਾਨ ਤੇ ਸਫਲ ਹੋਏ ਹਨ ਜਦਕਿ ਚੋਣਕਾਰਾਂ ਦਾ ਕਹਿਣਾ ਹੈ ਕਿ ਚੀਨ ਵਾਲਿਆਂ ਦੇ ਮੁਕਾਬਲੇ ਭਾਰਤ ਵਾਲੇ ਵਿਦੇਸ਼ ਜਾ ਕੇ ਰਹਿਣ ਦੇ ਇੱਛੁਕ ਹੁੰਦੇ ਹਨ, ਜਦਕਿ ਚੀਨ ਵਾਲਿਆਂ ਨੂੰ ਉਨ੍ਹਾਂ ਦੇ ਮੁਲਕ ਵਿਚ ਹੀ ਵਧੇਰੇ ਮੌਕੇ 'ਤੇ ਖੁੱਲ੍ਹੀਆਂ ਤਨਖਾਹਾਂ ਮਿਲ ਜਾਂਦੀਆਂ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਨਾਡੇਲਾ ਦੀ ਸੀ.ਈ.ਓ. ਵਜੋਂ ਨਿਯੁਕਤੀ ਨਾਲ ਚੀਨ ਵਿਚ ਥੋੜ੍ਹੀ ਹਿਲਜੁਲ ਹੋਣ ਲੱਗੀ ਹੈ ਤੇ ਲੋਕ ਇਹ ਸੁਆਲ ਕਰਨ ਲੱਗੇ ਹਨ ਕਿ ਕਿਉਂ ਭਾਰਤੀ ਹੀ ਅਮਰੀਕਾ ਵਿਚ ਸਿਖਰਲੇ ਅਹੁਦੇ ਹਾਸਲ ਕਰ ਰਹੇ ਹਨ ਤੇ ਚੀਨ ਵਾਲੇ ਕਿਉਂ ਨਹੀਂ। ਰਿਪੋਰਟ ਵਿਚ ਇਸ ਦੇ ਹੋਰ ਕਾਰਨ ਦਿੰਦਿਆਂ ਕਿਹਾ ਗਿਆ ਹੈ ਕਿ ਚੀਨ ਦੇ ਬਹੁਤੇ ਕਾਰਜਕਾਰੀਆਂ ਨੂੰ ਆਪਣੇ ਹੀ ਮੁਲਕ ਵਧਿਚ ਬਹੁਤ ਮੋਟੀਆਂ ਤਨਖਾਹਾਂ ਤੇ ਅੱਗੇ ਵਧਣ ਦੇ ਮੌਕੇ ਮਿਲ ਰਹੇ ਹਨ।

ਚੀਨ ਵਿਚ ਮੈਨੇਜਮੈਂਟ ਪ੍ਰਜੀਸ਼ਨਾਂ ਜਿਵੇਂ ਡਾਇਰੈਕਟਰ ਪੱਧਰ 'ਤੇ ਸਾਲਾਨਾ ਤਨਖਾਹ 131,000 ਡਾਲਰ ਤਕ ਪਹਿਲਾਂ ਹੀ ਮਿਲ ਰਹੀ



ਹੈ ਜਦਕਿ ਭਾਰਤੀ ਕਾਰਜਕਾਰੀ ਸਾਲ ਵਿਚ ਔਸਤਨ 35,000 ਡਾਲਰ ਹੀ ਕਮਾ ਸਕਦੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰਹਿਣ ਲਈ ਭਾਰਤ ਬਹੁਤ ਕਠਿਨ ਸਥਾਨ ਹੈ ਜਦਕਿ ਹਾਲੀਆ ਸਾਲਾਂ ਵਿਚ ਚੀਨ ਵਿਚ ਰਹਿਣ-ਸਹਿਣ ਬੜਾ ਆਰਾਮਦੇਹ ਹੋ ਗਿਆ ਹੈ ਤੇ ਚੀਨ ਵਾਸੀਆਂ ਦੀ ਜੀਵਨ ਸ਼ੈਲੀ ਬਿਹਤਰ ਹੋਈ ਹੈ। ਐਗਜ਼ੈਕਟਿਵਾਂ ਦੀ ਭਾਲ ਕਰਨ ਵਾਲੀ ਇਕ ਫਰਮ ਕੋਰਨ ਫੈਰੀ ਦੇ ਸੀਨੀਅਰ ਐਡਵਾਈਜ਼ਰ ਇਮੈਨੂਅਲ ਹੈਮਰੱਲੇ ਨੇ ਕਿਹਾ ਕਿ ਇਕ ਚੀਨ ਦੇ ਐਗਜ਼ੈਕਟਿਵ ਨੂੰ ਤੁਸੀਂ ਕਿਵੇਂ ਬਰਾਜ਼ੀਲ ਭੇਜ ਸਕਦੇ ਹੋ?

ਚੀਨ ਤੇਜ਼ੀ ਨਾਲ ਵਧ ਰਹੀ ਮੰਡੀ ਹੈ। ਸਭ ਜਾਣਦੇ ਹਨ ਕਿ ਮੌਕੇ ਕਿੱਥੇ ਹਨ। ਚੀਨ ਵਿਚ ਤਾਂ ਸਗੋਂ ਸਿਖਰਲੇ ਅਹੁਦਿਆਂ ਲਈ ਵੱਡੀ ਘਾਟ ਚਲੀ ਆ ਰਹੀ ਹੈ। ਹਾਲਾਂਕਿ ਇਥੇ ਵੱਡੀ ਗਿਣਤੀ ਯੂਨੀਵਰਸਿਟੀ ਗਰੈਜੂਏਟ ਹਨ। 73 ਲੱਖ ਲੋਕਾਂ ਨੇ 2014 ਵਿਚ ਡਿਗਰੀ ਕਰ ਲੈਣੀ ਹੈ। ਰਿਪੋਰਟ ਵਿਚ ਸਲਾਹਕਾਰ ਫਰਮ ਮੈਕਕਿਨਸੇ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ 10 ਫੀਸਦੀ ਤੋਂ ਥੋੜ੍ਹੇ ਘੱਟ ਚੀਨੀ ਲੋਕ ਵਿਦੇਸ਼ੀ ਕੰਪਨੀ ਵਿਚ ਇਸ ਕਰਕੇ ਕੰਮ ਲਈ ਢੁਕਵੇਂ ਹੋਣਗੇ ਕਿ ਉਨ੍ਹਾਂ ਦੀ ਅੰਗਰੇਜ਼ੀ ਵਿਚ ਮੁਹਾਰਤ ਨਹੀਂ ਹੁੰਦੀ ਤੇ ਉਨ੍ਹਾਂ ਦੇ ਵਿਦਿਅਕ ਢਾਂਚੇ ਵਿਚ ਵਿਹਾਰਕ ਹੁਨਰ ਤੋਂ ਵੱਧ ਥਿਊਰੀ 'ਤੇ ਜ਼ੋਰ ਦਿੱਤਾ ਹੁੰਦਾ ਹੈ। ਚੀਨ ਦੇ ਐਗਜ਼ੈਕਟਿਵਾਂ ਦੇ ਪੱਛਮੀ ਕੰਪਨੀਆਂ ਵੱਲ ਨਾ ਦੌੜਨ ਦਾ ਇਕ ਕਾਰਨ ਇਹ ਹੈ ਕਿ ਸਰਕਾਰੀ ਐਂਟਰਪ੍ਰਾਈਜ਼ਿਜ਼ ਤੇ ਪ੍ਰਾਈਵੇਟ ਕੰਪਨੀਆਂ ਦੇਸ਼ ਵਿਚਲੀ ਹੀ ਪ੍ਰਤਿਭਾ ਚਾਹੁੰਦੀਆਂ ਹਨ। ਬਿਹਤਰੀਨ ਐਗਜ਼ੈਕਟਿਵਾਂ 'ਤੇ ਚੀਨ ਵਿਚ ਇੰਨਾ ਧਿਆਨ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਦੇਸ਼ਾਂ ਨਾਲੋਂ ਆਪਣੇ ਮੁਲਕ ਵਿਚ ਮੌਕੇ ਵਧੇਰੇ ਜਾਪਦੇ ਹਨ। ਕਈ ਕੇਸਾਂ ਵਿਚ ਬਹੁਰਾਸ਼ਟਰੀ ਕੰਪਨੀਆਂ ਆਪਣੇ ਸਰਵੋਤਮ ਚੀਨੀ ਐਗਜ਼ੈਕਟਿਵਾਂ ਨੂੰ ਇਸ ਕਰਕੇ ਚੀਨ ਵਿਚ ਰੱਖਣੇ ਚਾਹੁੰਦੀਆਂ ਹਨ ਕਿ ਇਹ ਮਾਰਕਿਟ ਉਨ੍ਹਾਂ ਲਈ ਬਹੁਤ ਅਹਿਮ ਹੈ।

# ਸਾਕਾ ਨੀਲਾ ਤਾਰਾ ਬਾਰੇ ਜਾਂਚ ਤੋਂ ਟਲਿਆ ਬਰਤਾਨੀਆ

**ਲੰਡਨ:** ਸਿੱਖ ਫੈਡਰੇਸ਼ਨ ਯੂ.ਕੇ. ਵੱਲੋਂ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਵੱਲੋਂ ਕੀਤੇ ਹਮਲੇ ਵਿਚ ਬਰਤਾਨੀਆ ਦੀ ਥੈਚਰ ਸਰਕਾਰ ਵੇਲੇ ਦਿੱਤੀ ਗਈ ਮਦਦ ਜਾਂ ਸੁਝਾਅ ਸਬੰਧੀ ਸ਼ਮੂਲੀਅਤ ਦੀ ਨਿਰਪੱਖ ਤੇ ਜਨਤਕ ਜਾਂਚ ਦੀ ਮੰਗ ਨੂੰ ਸਰਕਾਰ ਨੇ ਅਸਿੱਧੇ ਤੌਰ 'ਤੇ ਠੁਕਰਾ ਦਿੱਤਾ ਹੈ।

ਸਿੱਖ ਫੈਡਰੇਸ਼ਨ ਯੂ.ਕੇ. ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਨੂੰ ਪ੍ਰਾਪਤ ਹੋਏ ਪੰਜ ਸਫਿਆਂ ਦੇ ਪੱਤਰ ਵਿਚ ਸਰਕਾਰ ਵੱਲੋਂ ਵਿਦੇਸ਼ ਤੇ ਕਾਮਨਵੈਲਥ ਮੰਤਰਾਲਿਆ ਦੀ ਇੰਚਾਰਜ ਬਾਰੋਨਿਸ ਸਾਈਦਾ ਵਾਰਸੀ ਨੇ ਸਿੱਖ ਫੈਡਰੇਸ਼ਨ ਯੂ.ਕੇ. ਵੱਲੋਂ 2 ਤੇ 12 ਫਰਵਰੀ ਨੂੰ ਲਿਖੇ ਪੱਤਰਾਂ ਤੇ 4 ਤੇ 25 ਫਰਵਰੀ ਨੂੰ ਸਰਕਾਰ ਨਾਲ ਕੀਤੀਆਂ ਮੁਲਾਕਾਤਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਸਰਕਾਰ ਨਹੀਂ ਸੋਚਦੀ ਕਿ ਇਸ ਮਾਮਲੇ ਵਿਚ ਆਜ਼ਾਦ ਜਨਤਕ ਜਾਂਚ ਦੀ ਲੋੜ ਹੈ ਕਿਉਂਕਿ ਸਭ ਕੁਝ ਪਾਰਦਰਸ਼ੀ ਢੰਗ ਨਾਲ ਰਿਪੋਰਟ ਕੀਤੀ ਹੈ।

ਸਰਕਾਰ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਕਾਰਵਾਈ ਦੌਰਾਨ ਹੈਲੀਕਾਪਟਰਾਂ ਦੀ ਵਰਤੋਂ ਦੇ



ਸੁਝਾਅ ਬਾਰੇ ਉਨ੍ਹਾਂ ਕੋਲ ਕੋਈ ਸਬੂਤ ਨਹੀਂ ਹਨ ਜਦ ਕਿ ਸਿੱਖ ਫੈਡਰੇਸ਼ਨ ਨੇ ਪੁੱਛਿਆ ਸੀ ਕਿ ਬਰਤਾਨੀਆ ਦੇ ਸੁਝਾਅ ਤੋਂ ਬਾਅਦ ਹੀ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਮੌਕੇ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਗਈ ਸੀ। ਜਿਸ ਬਾਰੇ ਮੌਕੇ ਦੇ ਗਵਾਹਾਂ ਵੱਲੋਂ ਦਿੱਤੇ ਬਿਆਨਾਂ ਨੂੰ ਦਰਜ ਕਰਕੇ ਕਈ ਕਿਤਾਬਾਂ ਵਿਚ ਇਸ ਗੱਲ ਦਾ ਹਵਾਲਾ ਦਿੱਤਾ ਗਿਆ ਹੈ ਕਿ ਹਮਲੇ ਮੌਕੇ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਗਈ ਸੀ ਜਦਕਿ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤੇ ਗਏ ਵ੍ਹਾਈਟ ਪੇਪਰ ਦੇ ਸਫਾ ਨੰਬਰ 256 ਤੇ 257 'ਤੇ ਸਪਸ਼ਟ ਲਿਖਿਆ ਹੈ ਕਿ ਇਸ ਮੌਕੇ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਗਈ ਸੀ।

# ਇੰਸੂਲਿਨ ਰਹਿਤ ਸ਼ੂਗਰ ਦੀ ਦਵਾਈ ਤਿਆਰ

**ਨਿਊ ਯਾਰਕ:** ਇਕ ਨੌਜਵਾਨ ਭਾਰਤੀ ਵਿਗਿਆਨੀ ਨੇ ਸ਼ੂਗਰ ਦੇ ਮਰੀਜ਼ਾਂ ਲਈ ਇੰਸੂਲਿਨ ਰਹਿਤ ਦਵਾਈ ਤਿਆਰ ਕੀਤੀ ਹੈ। ਇਹ ਦਵਾਈ ਇੰਸੂਲਿਨ ਦੀ ਮਾਤਰਾ ਵੱਧ ਜਾਣ 'ਤੇ ਲੋਅ ਬਲੱਡ ਗਲੂਕੋਜ਼ ਦੇ ਖਤਰੇ ਨੂੰ ਘੱਟ ਕਰ ਦਿੰਦੀ ਹੈ।

ਕੋਲੰਬੀਆ ਯੂਨੀਵਰਸਿਟੀ ਤੋਂ ਪੀਐਚ. ਡੀ ਕਰਨ ਵਾਲੇ ਅਰਨਾਬ ਡੇਅ ਨੇ ਇੰਡੀਆਨਾ ਯੂਨੀਵਰਸਿਟੀ ਦੇ ਰਿਚਰਡ ਡਿਮਾਰਚੀ ਨਾਲ ਇਸ ਦਵਾਈ ਦੀ ਖੋਜ ਕੀਤੀ ਹੈ। ਸ਼ੂਗਰ ਦੇ ਮਰੀਜ਼ ਸ਼ੂਗਰ ਨੂੰ ਨਾਰਮਲ ਰੱਖਣ ਲਈ ਇੰਸੂਲਿਨ ਦੀ ਵਰਤੋਂ ਕਰਦੇ ਹਨ ਪਰ ਇੰਸੂਲਿਨ ਦੀ ਮਾਤਰਾ ਵੱਧ ਜਾਣ ਨਾਲ ਬਲੱਡ ਗਲੂਕੋਜ਼ ਘੱਟ ਜਾਂਦਾ ਹੈ ਜੋ ਮਰੀਜ਼ ਦੀ ਜ਼ਿੰਦਗੀ ਲਈ ਖਤਰਾ ਬਣ ਸਕਦਾ ਹੈ।

# ਵੇਈਂ ਨਦੀ ਪ੍ਰਵੇਸ਼ ਤੋਂ ਖਾਲਸਾ ਸਿਰਜਣਾ ਤੱਕ ਦਾ ਸਫਰ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਸਾਹਿਬ ਦੇ ਸੁਲਤਾਨਪੁਰ ਲੋਧੀ ਵਿਖੇ 1499 ਈਸਵੀ ਵਿਚ ਵੇਈਂ ਨਦੀ ਪ੍ਰਵੇਸ਼ ਤੋਂ ਰੱਖੀ ਗਈ ਮੰਨੀ ਜਾਂਦੀ ਹੈ, ਜਦੋਂ ਉਨ੍ਹਾਂ ਨੇ ਵੇਈਂ ਤੋਂ ਬਾਹਰ ਆ ਕੇ ਆਪਣਾ ਪਹਿਲਾ ਐਲਾਨਨਾਮਾ 'ਨ ਕੋ ਹਿੰਦੂ ਨ ਕੋ ਮੁਸਲਮਾਨ' ਕੀਤਾ। ਸਿੱਖ ਧਰਮ ਨੂੰ ਆਖਰੀ ਸੰਸਥਾਗਤ ਰੂਪ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵੈਸਾਖੀ ਨੂੰ ਖਾਲਸੇ ਦੀ ਸਿਰਜਣਾ ਕਰ ਕੇ ਕੇਸਗੜ੍ਹ ਸਾਹਿਬ ਵਿਖੇ ਦਿੱਤਾ। ਇਸ ਤਰ੍ਹਾਂ ਇਹ ਸੁਲਤਾਨਪੁਰ ਲੋਧੀ ਦੇ ਵੇਈਂ ਨਦੀ ਪ੍ਰਵੇਸ਼ ਤੋਂ ਕੇਸਗੜ੍ਹ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਖਾਲਸੇ ਦੀ ਸਥਾਪਨਾ ਤੱਕ ਦਾ ਲੰਬਾ ਸਫਰ ਦੋ ਸੌ ਸਾਲ ਵਿਚ ਸੰਪੂਰਨ ਹੁੰਦਾ ਹੈ। ਇਹ ਇੱਕ ਨਿਰੰਤਰ ਅਮਲ ਹੈ। 'ਵੇਈਂ ਨਦੀ ਪ੍ਰਵੇਸ਼' ਨਾਲ ਹਿੰਦੋਸਤਾਨ ਦੀ ਧਰਤੀ 'ਤੇ ਇੱਕ ਨਵੇਂ ਚਾਨਣਮਈ ਜੁਗ ਦਾ ਅਰੰਭ ਹੁੰਦਾ ਹੈ ਜਿਸ ਨੂੰ ਭਾਈ ਗੁਰਦਾਸ ਨੇ 'ਮਿਟੀ ਧੁੰਧੁ ਜਗਿ ਚਾਨਣੁ ਹੋਆ' ਕਿਹਾ ਹੈ।

ਗੁਰੂ ਨਾਨਕ ਸਾਹਿਬ ਨੇ ਮਨੁੱਖ ਦੇ ਸਾਹਮਣੇ ਇੱਕ ਨਵੇਂ ਸਮਾਜ ਦੀ ਸਿਰਜਣਾ ਦਾ ਤਸੱਵਰ ਰੱਖਿਆ ਜਿਸ 'ਚ ਸਾਰੇ ਸਮਾਜ ਨੂੰ ਅਧਿਆਤਮਕ, ਧਾਰਮਿਕ, ਸਮਾਜਿਕ, ਆਰਥਿਕ ਤੇ ਹੋਰ ਮਨੁੱਖੀ ਬਰਾਬਰੀ ਦੇ ਹੱਕ ਪ੍ਰਾਪਤ ਹੋਣ। ਜਾਤ, ਜਨਮ, ਧਰਮ ਜਾਂ ਇਸਤਰੀ-ਪੁਰਸ਼ ਹੋਣ ਦੇ ਨਾਤੇ ਕੋਈ ਵਾਂਝਾ, ਉਚਾ ਜਾਂ ਨੀਵਾਂ ਨਾ ਹੋਵੇ। ਪਿਛਲੇ ਕੁਝ ਲੇਖਾਂ ਵਿਚ ਗੁਰੂ ਨਾਨਕ ਸਾਹਿਬ ਰਚਿਤ 'ਆਸਾ ਦੀ ਵਾਰ' ਅਤੇ 'ਬਾਬਰ ਵਾਣੀ' ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਬਾਣੀਆਂ ਦੇ ਸੰਖੇਪ ਅਧਿਐਨ ਤੋਂ ਕੁਝ ਨੁਕਤੇ ਉਭਰ ਕੇ ਸਾਹਮਣੇ ਆਉਂਦੇ ਹਨ। ਗੁਰੂ ਸਾਹਿਬ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਸੰਬੋਧਨ ਕਰਦੇ ਹਨ। ਇੱਕ ਸਾਸ਼ਕ ਹੈ ਜੋ ਉਸ ਵੇਲੇ ਬਾਹਰੋਂ ਆ ਕੇ ਪਠਾਣਾਂ/ਤੁਰਕਾਂ ਦੇ ਰੂਪ ਵਿਚ ਰਾਜਸੱਤਾ 'ਤੇ ਕਾਬਜ ਹੈ। ਇਹ ਵਰਗ ਨਾ ਸਿਰਫ ਬਾਹਰੋਂ ਆਇਆ ਹੈ ਬਲਕਿ ਇਸ ਦਾ ਧਰਮ ਵੀ ਬਾਹਰੋਂ ਆਇਆ ਆਮ ਲੋਕਾਈ ਨਾਲੋਂ ਵੱਖਰਾ 'ਇਸਲਾਮ' ਹੈ, ਜਿਸ ਕਰਕੇ ਇਹ ਆਪਣੀ ਪਰਜਾ ਨਾਲ ਵਿਤਕਰਾ ਕਰਦਾ ਹੈ, ਧਰਮ ਦੇ ਆਧਾਰ 'ਤੇ ਪਰਜਾ ਦਾ ਸ਼ੋਸ਼ਣ ਕਰਦਾ ਹੈ ਜਿਸ ਨੂੰ 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਨੇ 'ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ' ਕਿਹਾ ਹੈ।

ਦੂਜਾ ਵਰਗ ਹਿੰਦੋਸਤਾਨੀ ਸਮਾਜ ਦਾ ਕੁਲੀਨ ਵਰਗ ਹੈ ਜੋ ਇੱਕ ਪਾਸੇ ਤਾਂ ਸਮਾਜਿਕ ਦਰਜ਼ਾਬੰਦੀ ਅਰਥਾਤ ਵਰਣ-ਵੰਡ ਵਿਚ ਉਚੀ ਜਾਤ ਅਖਵਾਉਂਦਾ ਹੈ ਜਿਸ ਵਿਚ ਬ੍ਰਾਹਮਣ ਅਤੇ ਖੱਤਰੀ ਸ਼ਾਮਲ ਹਨ। ਦੂਜੇ ਪਾਸੇ ਇਹ ਸ਼ਾਸਕਾਂ ਨਾਲ ਮਿਲ ਕੇ ਗਰੀਬ ਭਾਈਚਾਰੇ ਦਾ ਸ਼ੋਸ਼ਣ ਕਰਦਾ ਹੈ। ਇਹ ਦੋਵੇਂ ਆਪਣੇ ਆਪ ਨੂੰ ਉਚੀ ਸਮਝਦਿਆਂ ਜਾਤੀ-ਅਭਿਮਾਨ ਦੇ ਸ਼ਿਕਾਰ ਹਨ। ਬ੍ਰਾਹਮਣ ਵਰਗ ਧਾਰਮਿਕਤਾ ਦੇ ਪਰਦੇ ਹੇਠ ਕਰਮ-ਕਾਂਡ ਰਾਹੀਂ ਆਮ ਲੋਕਾਂ ਨੂੰ ਲੁੱਟ ਰਿਹਾ ਹੈ ਤੇ ਧਾਰਮਿਕ ਪਖੰਡ ਕਰ ਕੇ ਭਰਮਾਂ ਵਿਚ ਪਾ ਰਿਹਾ ਹੈ। ਇਸ ਵਰਗ ਨੂੰ ਗੁਰੂ ਨਾਨਕ ਸਾਹਿਬ ਨੇ 'ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥' ਕਿਹਾ ਹੈ ਅਤੇ ਨਾਲ ਹੀ 'ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥' ਕਿਹਾ ਹੈ। ਇਸ ਪੁਜਾਰੀ ਕਲਾਸ ਵਿਚ ਸ਼ਾਸਕ ਧਰਮ ਦਾ ਮੁੱਲਾਂ ਵੀ ਸ਼ਾਮਲ ਹੈ। ਇਹ ਪੁਜਾਰੀ ਵਰਗ ਆਪਣੀ ਰੋਜੀ-ਰੋਟੀ ਦੀ ਖਾਤਰ ਧਾਰਮਿਕਤਾ ਵਿਚ ਪਾਖੰਡ ਫੈਲਾ ਰਿਹਾ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ, 'ਰੋਟੀਆ ਕਾਰਨ ਪੂਰੈ ਤਾਲਿ' ਤੇ 'ਮਾਣਸ ਖਾਣੇ ਕਰਹਿ ਨਿਵਾਜ' ਕਹਿੰਦੇ ਹਨ। ਇਹ ਧਾਰਮਿਕਤਾ ਨਹੀਂ ਹੈ, ਧਾਰਮਿਕਤਾ ਦੇ ਨਾਮ 'ਤੇ ਕੂੜ ਦਾ ਪਾਸਾਰ ਹੈ।

ਕੁਲੀਨ ਵਰਗ ਜਾਂ ਉਚੀ ਜਾਤ ਵਿਚ ਸ਼ਾਮਲ ਖੱਤਰੀ ਵਰਣ ਕੂੜ ਦੇ ਪਾਸਾਰ ਵਿਚ ਇੱਕ ਪਾਸੇ ਬ੍ਰਾਹਮਣ ਦਾ ਸਾਥ ਦਿੰਦਾ ਹੈ ਅਤੇ ਦੂਜੇ ਪਾਸੇ ਹਾਕਮ ਧਿਰ ਨਾਲ ਰਲ ਕੇ ਨੌਕਰੀ ਦੇ ਲਾਲਚ ਵਿਚ ਆਪਣੇ ਲੋਕਾਂ ਦਾ ਸ਼ੋਸ਼ਣ ਕਰਦਾ ਹੈ, ਜਿਸ ਨੂੰ ਗੁਰੂ ਸਾਹਿਬ 'ਆਸਾ ਦੀ ਵਾਰ' ਵਿਚ 'ਛੁਰੀ ਵਗਾਇਨਿ ਤਿਨ ਗਲਿ ਤਾਗ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ॥' ਕਹਿੰਦੇ ਹਨ। ਹਿੰਦੂ ਵਰਣ-ਵੰਡ ਅਨੁਸਾਰ ਖੱਤਰੀਆਂ ਦਾ ਕੰਮ ਆਪਣੇ ਮੁਲਕ ਦੀ ਅੰਦਰੂਨੀ ਤੇ ਬਾਹਰੀ ਖਤਰਿਆਂ ਤੋਂ ਰੱਖਿਆ ਕਰਨਾ ਹੈ। ਉਸ ਸਮੇਂ ਤੱਕ ਖੱਤਰੀਆਂ ਦਾ ਕੰਮ ਮਹਿਜ ਸ਼ਾਸਕ ਜਮਾਤ ਦਾ ਹੁਕਮ ਵਜਾਉਣਾ ਰਹਿ ਗਿਆ। ਉਹ ਸ਼ਾਸਕਾਂ ਦੀ ਸਿਰਫ ਆਰਥਿਕ ਅਤੇ ਸਿਆਸੀ ਗੁਲਾਮੀ ਹੀ ਨਹੀਂ ਹੰਢਾ ਰਹੇ ਬਲਕਿ ਸਭਿਆਚਾਰਕ ਗੁਲਾਮੀ ਦਾ ਵੀ ਸ਼ਿਕਾਰ ਹੋ ਚੁੱਕੇ ਹਨ। ਇਸੇ ਲਈ ਗੁਰੂ ਨਾਨਕ ਉਨ੍ਹਾਂ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ 'ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥' ਅਤੇ 'ਨੀਲਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥'

ਤੀਜਾ ਵਰਗ ਆਮ ਮਨੁੱਖ ਹੈ ਜਿਸ ਵਿਚ ਵਰਣ-ਵੰਡ ਦੇ ਨਿਮਨ ਵਰਣ ਅਤੇ ਇਸਤਰੀ-ਵਰਗ ਸ਼ਾਮਲ ਹੈ। ਇਹ ਸਦੀਆਂ ਤੋਂ ਨਿਮਾਣਾ, ਨਿਤਾਣਾ ਅਤੇ ਲਿਤਾੜਿਆ ਜਾ ਰਿਹਾ ਵਰਗ ਹੈ ਜਿਸ ਦੀ ਹਰ ਤਰ੍ਹਾਂ ਲੁੱਟ-ਖਸੁੱਟ ਹੋ ਰਹੀ ਹੈ। ਇਸ ਵਰਗ ਨਾਲ ਵੀ ਗੁਰੂ ਨਾਨਕ ਸੰਵਾਦ ਰਚਾਉਂਦਿਆਂ ਸਦੀਆਂ ਤੋਂ ਚਲੀ ਆ ਰਹੀ ਗੁਲਾਮੀ ਦਾ ਅਹਿਸਾਸ ਕਰਾਉਂਦੇ ਹਨ ਅਤੇ ਇਸ ਵਰਗ ਵਿਚ ਨਵੀਂ ਰੂਹ ਭਰਦੇ ਹਨ ਜਦੋਂ ਕਹਿੰਦੇ ਹਨ, 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥' ਗੁਰੂ ਨਾਨਕ ਉਨ੍ਹਾਂ ਅੰਦਰ ਇੱਕ ਨਵੀਂ ਚੇਤਨਾ ਹੀ ਨਹੀਂ ਪੈਦਾ ਕਰਦੇ ਬਲਕਿ ਉਨ੍ਹਾਂ ਦੇ ਨਾਲ ਖੜ੍ਹੇ ਹੁੰਦੇ ਹਨ, 'ਹਉ ਢਾਢੀਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥ ਤਿਨ ਮੰਗਾ ਜਿ ਤੁਝੈ ਧਿਆਇਦੇ॥' ਇਸਤਰੀ ਨੂੰ ਗੁਰੂ ਨਾਨਕ ਨੇ ਸਮਾਜ ਦੀ ਚੂਲ ਅਤੇ ਬਰਾਬਰ ਦੀ ਇਨਸਾਨ ਤਸਲੀਮ ਕੀਤਾ ਜਿਸ ਦੀ ਹੋਂਦ ਤੋਂ ਬਿਨਾ ਮਨੁੱਖੀ ਹੋਂਦ ਹੀ ਸੰਭਵ ਨਹੀਂ ਹੈ। ਇਹੀ ਨਹੀਂ, ਉਨ੍ਹਾਂ ਨੇ ਸੰਸਾਰ ਨੂੰ ਇਹ ਦਿਖਾਇਆ ਕਿ ਅਧਿਆਤਮਕ ਅਨੁਭਵ ਗ੍ਰਹਿਸਥ ਵਿਚ ਰਹਿ ਕੇ ਹੀ ਕੀਤਾ ਜਾ ਸਕਦਾ ਹੈ, ਪਰਿਵਾਰਕ ਜੀਵਨ ਦਾ ਤਿਆਗ ਕਰਕੇ, ਏਕਾਂਤਵਾਸ ਹੋ ਕੇ ਨਹੀਂ।

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਚ ਰੱਬੀ ਪ੍ਰੇਮ ਦਾ ਇਜ਼ਹਾਰ ਇਸਤਰੀ (ਮਨੁੱਖ) ਵੱਲੋਂ ਪਰਮਾਤਮਾ-ਪਤੀ ਲਈ ਤੜਪ ਦੇ ਰੂਪ ਵਿਚ ਪਰਗਟ ਕੀਤਾ ਗਿਆ ਹੈ। ਇਸ ਤਰ੍ਹਾਂ ਤਿਆਗਵਾਦੀ ਧਰਮਾਂ ਦੀ ਤਰ੍ਹਾਂ ਇਸਤਰੀ ਧਰਮ ਦੇ ਰਸਤੇ ਦਾ ਰੋੜਾ ਹੋਣ ਦੀ ਥਾਂ 'ਤੇ ਧਰਮ ਦਾ ਰਸਤਾ ਦਰਸਾਉਂਦੀ ਨਜ਼ਰ ਆਉਂਦੀ ਹੈ।

ਗੁਰੂ ਨਾਨਕ ਨੇ ਜਿਸ ਨਵੇਂ ਧਰਮ ਦਾ ਆਗਾਜ਼ ਕੀਤਾ ਉਹ ਸਰਬ-ਅਲਿੰਗਨਕਾਰੀ ਹੈ, ਸਰਬੱਤ ਦਾ ਭਲਾ ਮੰਗਦਾ ਹੈ। ਜਦੋਂ ਇਸ ਧਰਮ ਦੀ ਨੀਂਹ ਰੱਖੀ ਗਈ ਉਦੋਂ ਇਸਲਾਮ ਜੋ ਸ਼ਾਸਕਾਂ ਦਾ ਧਰਮ ਸੀ ਤੇ ਹਿੰਦੂ ਧਰਮ ਜੋ ਇਥੋਂ ਦੇ ਰਹਿਣ ਵਾਲਿਆਂ ਦਾ ਮੁੱਖ ਧਰਮ ਸੀ, ਵਿਚ ਆਪਸੀ ਟਕਰਾ ਚੱਲ ਰਿਹਾ ਸੀ ਜਿਸ ਦਾ ਜ਼ਿਕਰ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਕੀਤਾ ਹੈ 'ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ॥ ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ॥' ਗੁਰੂ ਨਾਨਕ ਨੇ ਹਿੰਦੂ ਜਾਂ ਮੁਸਲਮਾਨ ਨੂੰ ਸਿੱਖ ਬਣਨ ਲਈ ਨਹੀਂ ਕਿਹਾ ਬਲਕਿ ਹਿੰਦੂ ਨੂੰ ਸੱਚਾ ਹਿੰਦੂ ਅਤੇ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਦੀ ਪ੍ਰੇਰਨਾ ਕੀਤੀ,

ਮਿਹਰ ਮਸੀਤਿ ਸਿਦਕੁ ਮੁਸਲਾ
ਹਕ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ
ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰ
ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ
ਨਾਨਕ ਰਖੈ ਲਾਜ॥੧॥ (ਪੰਨਾ ੧੪੦)
ਪੰਜਿ ਨਿਵਾਜਾ ਵਖਤ ਪੰਜਿ
ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲੁ ਦੁਇ
ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ
ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ
ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ
ਕੂੜੈ ਕੂੜੀ ਪਾਇ॥੩॥ (ਪੰਨਾ ੧੪੦)

ਇਸੇ ਤਰ੍ਹਾਂ ਹਿੰਦੂ ਨੂੰ ਵੀ ਚੰਗਾ ਹਿੰਦੂ ਬਣਨ ਲਈ ਕਿਹਾ ਹੈ,

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ
ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ
ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ
ਜੋ ਗਲਿ ਚਲੇ ਪਾਇ॥
ਚਉਕੜਿ ਮੁਲਿ ਅਣਾਇਆ
ਬਹਿ ਚਉਕੈ ਪਾਇਆ॥
ਸਿਖਾ ਕੰਨਿ ਚੜਾਈਆ
ਗੁਰੁ ਬ੍ਰਾਹਮਣੁ ਥਿਆ॥
ਓਹੁ ਮੁਆ ਓਹੁ ਝੜਿ ਪਇਆ
ਵੇਤਗਾ ਗਇਆ॥੧॥ (ਪੰਨਾ ੪੭੧)

ਗੁਰੂ ਨਾਨਕ ਸਾਹਿਬ ਨੇ ਇੱਕ ਅਕਾਲ ਪੁਰਖ ਨੂੰ ਸਭ ਦਾ ਸਿਰਜਣਹਾਰ ਮੰਨ ਕੇ ਉਸ ਦੇ ਨਾਮ ਸਿਮਰਣ ਦਾ ਅਦੇਸ਼ ਕੀਤਾ ਜਿਸ ਦੀ ਜੋਤਿ ਸਭ ਵਿਚ ਵਿਆਪਕ ਹੈ। ਉਨ੍ਹਾਂ ਨੇ ਮਨੁੱਖ ਨੂੰ ਮਨੁੱਖ ਦੀ ਅਧੀਨਗੀ ਛੱਡ ਕੇ ਇੱਕ ਅਕਾਲ ਪੁਰਖ ਦੇ ਭੈ ਵਿਚ ਰਹਿਣ ਦਾ ਰਸਤਾ ਦਿਖਾਇਆ, ਜਿਸ ਨੂੰ ਭਾਈ ਗੁਰਦਾਸ ਨੇ 'ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ' ਕਿਹਾ ਹੈ।

ਇਸ ਤਰ੍ਹਾਂ ਉਨ੍ਹਾਂ ਨੇ ਅਨੇਕਤਾ ਵਿਚ ਏਕਤਾ ਦਾ ਸਿਧਾਂਤ ਦਿੱਤਾ ਅਤੇ ਆਪਣੇ ਇਸ ਸਿਧਾਂਤ ਨੂੰ ਦੂਸਰੇ ਧਰਮਾਂ ਦੇ ਨੁਮਾਇੰਦਿਆਂ ਨਾਲ ਸਾਂਝਾ ਕਰਨ ਲਈ ਅਤੇ ਆਮ ਲੋਕਾਂ ਨੂੰ ਇਸ ਦਾ ਪਾਠ ਪੜ੍ਹਾਉਣ ਲਈ ਚਾਰ ਦਿਸ਼ਾਵਾਂ ਵਿਚ ਚਾਰ ਉਦਾਸੀਆਂ ਕੀਤੀਆਂ ਅਤੇ ਗੋਸ਼ਟਾਂ ਰਚਾਈਆਂ। ਗੁਰੂ ਨਾਨਕ ਨੇ ਬਾਬਰ ਦੇ ਹਮਲੇ ਅਤੇ ਤਬਾਹੀ ਸਬੰਧੀ ਜਿਸ ਤਰ੍ਹਾਂ ਹਿੰਦੁਸਤਾਨੀ ਜਨਤਾ ਨੂੰ ਜਾਗ੍ਰਿਤ ਕੀਤਾ, ਉਸ ਦੀ ਚਰਚਾ ਪਿਛਲੇ ਲੇਖਾਂ ਵਿਚ ਕੀਤੀ ਜਾ ਚੁੱਕੀ ਹੈ। ਦੂਸਰੀ ਨਾਨਕ ਜੋਤਿ ਨੇ ਇਸ ਮਿਸ਼ਨ ਨੂੰ ਅੱਗੇ ਲੈ ਜਾਣ ਲਈ ਖਡੂਰ ਸਾਹਿਬ ਨਵਾਂ ਕੇਂਦਰ ਵਸਾ ਕੇ ਸੰਗਤਿ ਨੂੰ ਗੁਰਮੁਖੀ ਪੜ੍ਹਾਉਣ ਅਤੇ ਨੌਜੁਆਨਾਂ, ਬੱਚਿਆਂ ਦੀ ਤੰਦਰੁਸਤੀ ਲਈ ਖੇਡਾਂ ਦਾ ਪ੍ਰਬੰਧ ਕੀਤਾ। ਊਚ-ਨੀਚ, ਛੋਟੇ-ਵੱਡੇ, ਗਰੀਬ-ਅਮੀਰ ਦਾ ਫਰਕ ਮਿਟਾਉਣ ਹਿਤ ਗੁਰੂ ਅਮਰਦਾਸ ਨੇ ਲੰਗਰ ਦੀ ਸੰਸਥਾ ਨੂੰ ਏਨਾ ਮਜ਼ਬੂਤ ਕਰ ਦਿੱਤਾ ਕਿ 'ਪਹਲੇ ਪੰਗਤ ਪਾਛੇ ਸੰਗਤ' ਦਾ ਪੱਕਾ ਨਿਯਮ ਬਣਾ ਦਿੱਤਾ। ਇਸਤਰੀਆਂ ਲਈ ਪਰਦੇ ਅਤੇ ਸਤੀ ਦੀ ਰਸਮ ਦੀ ਸਖਤ ਮਨਾਹੀ ਕਰ ਦਿੱਤੀ। ਪੰਥ-ਪ੍ਰਚਾਰ ਲਈ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ 22 ਮੰਜੀਆਂ ਅਰਥਾਤ ਵੱਡੇ ਪ੍ਰਚਾਰ ਕੇਂਦਰ ਅਤੇ ਅਨੇਕਾਂ ਛੋਟੇ ਪ੍ਰਚਾਰ ਕੇਂਦਰ ਜਿਨ੍ਹਾਂ ਨੂੰ ਪੀੜ੍ਹੀਆਂ ਕਿਹਾ ਜਾਂਦਾ ਸੀ ਸਥਾਪਤ ਕੀਤੇ।

ਗੁਰੂ ਰਾਮਦਾਸ ਨੇ ਲੋਕਾਂ ਦੀ ਆਰਥਿਕ ਅਤੇ ਧਾਰਮਿਕ ਅਜ਼ਾਦੀ ਨੂੰ ਮੁੱਖ ਰੱਖਦਿਆਂ ਰਾਮਦਾਸ ਚੱਕ ਅਰਥਾਤ ਅੰਮ੍ਰਿਤਸਰ ਸ਼ਹਿਰ ਵਪਾਰਕ ਸ਼ਾਹ-ਰਾਹ 'ਤੇ ਸਥਾਪਤ ਕੀਤਾ ਅਤੇ ਸਰੋਵਰ ਦੀ ਖੁਦਾਈ ਕਰਵਾਉਣੀ ਸ਼ੁਰੂ ਕੀਤੀ। ਗੁਰੂ ਅਰਜਨ ਦੇਵ ਨੇ ਗੁਰੂ ਨਾਨਕ ਦੇ ਸਿਧਾਂਤ ਨੂੰ ਪਰਪੱਕ ਕਰਦਿਆਂ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ। ਚਾਰ ਦਿਸ਼ਾਵਾਂ ਵਿਚ ਚਾਰ ਦਰਵਾਜ਼ੇ ਰੱਖੇ ਗਏ ਜਿੱਥੇ ਹਰ ਵਰਗ ਦੇ, ਹਰ ਧਰਮ ਦੇ ਮਨੁੱਖ ਨੂੰ ਆਉਣ ਦਾ ਅਧਿਕਾਰ ਦਿੱਤਾ ਗਿਆ, ਕੋਈ ਵਿਤਕਰਾ ਨਹੀਂ। ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਇਸਲਾਮ ਨੂੰ ਮੰਨਣ ਵਾਲੇ ਸੂਫ਼ੀ ਸੰਤਾਂ ਅਤੇ ਹਿੰਦੂ ਭਗਤਾਂ ਦੀ ਬਾਣੀ ਸ਼ਾਮਲ ਕਰਕੇ 'ਗ੍ਰੰਥ' ਸਾਹਿਬ ਤਿਆਰ ਕੀਤਾ ਜਿਸ ਵਿਚ ਸੰਤਾਂ ਭਗਤਾਂ ਦੀ ਬਾਣੀ ਨੂੰ ਵੀ ਸ਼ਬਦ-ਗੁਰੂ ਦਾ ਦਰਜਾ ਪ੍ਰਾਪਤ ਹੋਇਆ। ਇਹ ਸੂਫੀ ਸੰਤ ਅਤੇ ਭਗਤ ਦੇਸ਼ ਦੇ ਵੱਖ ਵੱਖ ਪ੍ਰਾਂਤਾਂ ਅਤੇ ਬੋਲੀਆਂ ਨਾਲ ਸਬੰਧਤ ਸਨ। ਗੁਰੂ ਹਰਗੋਬਿੰਦ ਸਾਹਿਬ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਨਿਆਂ ਖਾਤਰ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਅਤੇ ਪੀਰੀ ਦੇ ਪ੍ਰਤੀਕ ਹਰਿਮੰਦਰ ਸਾਹਿਬ ਦੇ ਸਾਹਮਣੇ ਮੀਰੀ ਦੇ ਪ੍ਰਤੀਕ ਅਕਾਲ ਬੁੰਗੇ ਦੀ ਸਥਾਪਨਾ ਕੀਤੀ। ਇਸ ਤਰ੍ਹਾਂ ਅਧਿਆਤਮਕਤਾ ਅਤੇ ਸੰਸਾਰਕਤਾ ਨੂੰ ਇਕੱਠਾ ਕਰ ਦਿੱਤਾ। ਔਰੰਗਜ਼ੇਬ ਬਾਦਸ਼ਾਹ ਹਿੰਦੁਸਤਾਨ ਦਾ ਇਸਲਾਮੀਕਰਨ ਕਰਨਾ ਚਾਹੁੰਦਾ ਸੀ ਅਤੇ ਹਿੰਦੂਆਂ ਨੂੰ ਮਜ਼ਬੂਰਨ ਇਸਲਾਮ ਧਾਰਨ ਕਰਵਾ ਰਿਹਾ ਸੀ। ਨੌਵੇਂ ਗੁਰੂ ਤੇਗ ਬਹਾਦਰ ਨੇ ਦੂਸਰਿਆਂ ਦੇ ਧਰਮ ਲਈ ਆਪਣੀ ਸ਼ਹਾਦਤ ਦੇ ਕੇ ਇਹ ਸਥਾਪਤ ਕਰ ਦਿੱਤਾ ਕਿ ਆਪਣੇ ਇਸ਼ਟ ਨੂੰ ਮੰਨਣਾ ਹਰ ਮਨੁੱਖ ਦਾ ਜਨਮ-ਸਿੱਧ ਅਧਿਕਾਰ ਹੈ। ਗੁਰੂ ਨਾਨਕ ਸਾਹਿਬ ਨੇ ਜਿਸ ਮਾਰਗ-ਪੰਥ ਦੀ ਨੀਂਹ ਰੱਖੀ ਉਸ ਮਾਰਗ ਦੀ ਕਠਿਨਤਾ ਪ੍ਰਤੀ, ਉਸ 'ਤੇ ਪੈਰ ਧਰਨ ਵਾਲਿਆਂ ਨੂੰ ਸੁਚੇਤ ਕਰਦਿਆਂ ਕਿਹਾ,

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨)

ਗੁਰੂ ਗੋਬਿੰਦ ਸਿੰਘ ਨੇ ਪਹਿਲਾਂ ਨੌਂ ਸਾਲ ਦੀ ਉਮਰ ਵਿਚ ਆਪਣੇ ਪਿਤਾ ਗੁਰੂ ਤੇਗ ਬਹਾਦਰ ਨੂੰ ਫਰਿਆਦ ਲੈ ਕੇ ਆਏ ਕਸ਼ਮੀਰੀ ਪੰਡਿਤਾਂ ਦੀ ਸਹਾਇਤਾ ਲਈ ਜਾਣ ਵਾਸਤੇ ਬੇਨਤੀ ਕੀਤੀ। ਫਿਰ ਗੁਰੂ ਨਾਨਕ ਸਾਹਿਬ ਦੇ ਸਥਾਪਤ ਕੀਤੇ ਮਾਰਗ 'ਤੇ ਚੱਲਦਿਆਂ ਮਨੁੱਖਤਾ ਦੀ ਖਾਤਰ ਜ਼ਬਰ ਅਤੇ ਜ਼ੁਲਮ ਨੂੰ ਟੱਕਰ ਦੇਣ ਲਈ 1699 ਦੀ ਵੈਸਾਖੀ ਨੂੰ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਉਨ੍ਹਾਂ ਕੋਲੋਂ ਆਪ ਅੰਮ੍ਰਿਤ ਛਕ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣੇ। ਮਾਤਾ ਸਾਹਿਬ ਦੇਵਾਂ ਅੰਮ੍ਰਿਤ ਛਕ ਕੇ ਸਾਹਿਬ ਕੌਰ ਬਣੇ। ਸਿੱਖ ਇਸਤਰੀ ਨੂੰ ਖਾਲਸਾ ਸਜਣ ਦਾ ਬਰਾਬਰ ਦਾ ਹੱਕ ਦਿੱਤਾ। ਖਾਲਸਾ ਸਾਜ ਕੇ ਗੁਰੂ ਨਾਨਕ ਦੇ ਨਿਰਮਲ ਪੰਥ ਨੂੰ ਅੰਤਮ ਰੂਪ ਦਿੱਤਾ ਤਾਂ ਕਿ ਕੋਈ ਜ਼ਬਰੀ ਕਿਸੇ ਦੇ ਹੋਣ ਅਤੇ ਥੀਣ ਦਾ ਹੱਕ, ਕਿਸੇ ਵੀ ਮਾਰਗ ਦਾ ਪਾਂਧੀ ਹੋਣ ਦਾ ਹੱਕ ਨਾ ਖੋਹ ਸਕੇ। ਇਹ ਪੰਜ ਪਿਆਰੇ ਵੱਖ ਵੱਖ ਜਾਤਾਂ ਤੋਂ ਸਨ ਜੋ ਇੱਕੋ ਜਾਤ 'ਵਾਹਿਗੁਰੂ ਜੀ' ਦੀ ਜਾਤ ਅਰਥਾਤ ਵਾਹਿਗੁਰੂ ਜੀ ਦਾ ਖਾਲਸਾ ਹੋ ਗਏ। ਗੁਰੂ ਦੀ ਮੁਹਰ-ਛਾਪ ਪੰਜ ਕੱਕਾਰ ਬਖਸ਼ਿਸ਼ ਕੀਤੇ। ਕੇਸ ਅਕਾਲ ਪੁਰਖ ਵੱਲੋਂ ਬਖ਼ਸ਼ੀ ਸੂਰਤ ਨੂੰ ਪਰਵਾਨ ਕਰਨ ਦਾ ਚਿੰਨ੍ਹ। ਕੰਘਾ-ਕੇਸਾਂ ਦੀ ਸਫਾਈ ਵਾਸਤੇ, ਸਰੀਰਕ ਅਤੇ ਆਤਮਕ ਸਫਾਈ ਦਾ ਚਿੰਨ੍ਹ (ਰਿਸ਼ੀ-ਪਰੰਪਰਾ ਵੀ ਜਟਾਜੂਟ ਰਹੀ ਹੈ ਪਰ ਉਨ੍ਹਾਂ ਦੇ ਵਾਲ ਸਫਾਈ ਖੁਣੋਂ ਜਟਾਂ ਬਣ ਜਾਂਦੇ ਹਨ)। ਕੜਾ-ਵੀਣੀ ਤੇ ਪਹਿਨਣ ਲਈ ਜੋ ਚੰਗੇ ਕੰਮ ਕਰਨ ਦਾ ਪ੍ਰੇਰਨਾ ਸ੍ਰੋਤ ਅਤੇ ਸਵੈ-ਰੱਖਿਆ ਲਈ ਹਥਿਆਰ ਦਾ ਕੰਮ ਦਿੰਦਾ ਹੈ। ਕ੍ਰਿਪਾਨ ਮਜ਼ਲੂਮ ਦੀ ਰੱਖਿਆ ਵਾਸਤੇ ਜੋ ਧਰਮ, ਨਸਲ, ਰੰਗ ਅਤੇ ਜਾਤ ਦੇ ਭਿੰਨ-ਭੇਦ ਤੋਂ ਉਪਰ ਉਠ ਕੇ ਮਜ਼ਲੂਮ ਦੀ ਰੱਖਿਆ ਲਈ ਵਰਤੀ ਜਾਣੀ ਹੈ। ਕਛਹਿਰਾ ਜੋ ਗੁਣਵਾਨ ਅਤੇ ਸੰਜਮੀ ਜੀਵਨ ਜਿਉਣ ਦਾ ਚੇਤਾ ਕਰਵਾਉਂਦਾ ਹੈ। ਗੁਰੂ ਸਾਹਿਬ ਨੇ ਸਿਹਤਮੰਦ ਸਮਾਜ ਦੀ ਸਿਰਜਣਾ ਹਿਤ ਤਮਾਕੂ ਆਦਿ ਹਰ ਤਰ੍ਹਾਂ ਦੇ ਨਸ਼ੇ ਕਰਨ ਦੀ ਮਨਾਹੀ ਕੀਤੀ। ਖਾਲਸਾ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਰਹਿ ਰਿਹਾ ਹੋਵੇ ਉਹ ਅਨੰਦਪੁਰ ਦਾ ਵਾਸੀ ਹੈ, ਉਸ ਦਾ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਹੈ। ਇਸ ਤਰ੍ਹਾਂ ਉਹ ਦੇਸ਼-ਕੌਮ ਦੀਆਂ ਹੱਦ-ਬੰਦੀਆਂ ਤੋਂ ਉਤੇ ਹੈ ਕਿਉਂਕਿ ਉਹ 'ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮੇਂ ਹਉਂ ਕਰੋਂ ਨਿਵਾਸ' ਹੈ। ਇਸੇ ਪ੍ਰਸੰਗ 'ਚ ਸਵੱਈਆਂ ਵਿਚ ਫੁਰਮਾਇਆ ਹੈ,

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਧ ਟਰੈ ਇਨਹੀ ਕੇ ਪ੍ਰਸਾਦਿ
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ
ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ
ਨਹੀਂ ਮੋਸੇ ਗਰੀਬ ਕਰੋਰ ਪਰੇ॥੨

## ਕਰਨ ਕਰਾਵਨ ਹਰਿ ਅੰਤਰਜਾਮੀ

ਗੁਰਬਾਣੀ ਗਿਆਨ

**ਸੋਰਠਿ ਮਹਲਾ ੫**
ਕਰਨ ਕਰਾਵਨ ਹਰਿ ਅੰਤਰਜਾਮੀ
ਜਨ ਅਪੁਨੇ ਕੀ ਰਾਖੈ॥
ਜੈ ਜੈ ਕਾਰੁ ਹੋਤੁ ਜਗ ਭੀਤਰਿ
ਸਬਦੁ ਗੁਰੂ ਰਸੁ ਚਾਖੈ॥੧॥
ਪ੍ਰਭ ਜੀ ਤੇਰੀ ਓਟ ਗੁਸਾਈ॥
ਤੂ ਸਮਰਥੁ ਸਰਨਿ ਕਾ ਦਾਤਾ
ਆਠ ਪਹਰ ਤੁਮ ਧਿਆਈ॥ਰਹਾਉ॥
ਜੋ ਜਨੁ ਭਜਨੁ ਕਰੇ ਪ੍ਰਭ ਤੇਰਾ
ਤਿਸੈ ਅੰਦੇਸਾ ਨਾਹੀ॥
ਸਤਿਗੁਰ ਚਰਨ ਲਗੇ ਭਉ ਮਿਟਿਆ
ਹਰਿ ਗੁਨ ਗਾਏ ਮਨ ਮਾਹੀ॥੨॥
ਸੂਖ ਸਹਜ ਆਨੰਦ ਘਨੇਰੇ
ਸਤਿਗੁਰ ਦੀਆ ਦਿਲਾਸਾ॥
ਜਿਣਿ ਘਰਿ ਆਏ ਸੋਭਾ ਸੇਤੀ
ਪੂਰਨ ਹੋਈ ਆਸਾ॥੩॥
ਪੂਰਾ ਗੁਰੁ ਪੂਰੀ ਮਤਿ ਜਾ ਕੀ
ਪੂਰਨ ਪ੍ਰਭ ਕੇ ਕਾਮਾ॥
ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ
ਜਪਿ ਨਾਨਕ ਹਰਿ ਨਾਮਾ॥੪॥

ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਭਾਈ! ਉਹ ਮਾਲਕ ਪ੍ਰਭੂ ਜੀ ਤਾਂ ਸਭ ਕੁਝ ਕਰ ਸਕਣ ਵਾਲਾ ਹੈ ਅਤੇ ਹਰ ਇਕ ਦੇ ਦਿਲ ਦੀ ਜਾਣਨ ਵਾਲਾ ਪ੍ਰਭੂ ਜੀਵਾਂ ਕੋਲੋਂ ਸਭ ਕੁਝ ਕਰਵਾ ਸਕਣ ਵਾਲਾ ਵੀ ਹੈ; ਜਨ ਅਪੁਨੇ ਕੀ ਰਾਖੈ, ਤੇ ਹੇ ਭਾਈ! ਉਹ ਮਿਹਰਵਾਨ ਪ੍ਰਭੂ ਤਾਂ ਆਪਣੇ ਸੇਵਕ ਦੀ ਸਦਾ ਹੀ ਲਾਜ ਰੱਖਦਾ ਹੈ, ਜਿਹੜਾ ਵਡਭਾਗਾ ਸੇਵਕ ਗੁਰੂ ਤੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਵਸਾ ਕੇ ਪਰਮਾਤਮਾ ਦੇ ਨਾਮ ਦੇ ਸੁਆਦ ਨੂੰ ਚੱਖ ਲੈਂਦਾ ਹੈ, ਉਸ ਜੀਵ ਦੀ ਸੋਭਾ ਤਾਂ ਸਾਰੇ ਸੰਸਾਰ ਵਿਚ ਫੈਲ ਜਾਂਦੀ ਹੈ।

ਪ੍ਰਭ ਜੀ ਤੇਰੀ ਓਟ ਗੁਸਾਈ॥
ਤੂ ਸਮਰਥੁ ਸਰਨਿ ਕਾ ਦਾਤਾ
ਆਠ ਪਹਰ ਤੁਮ ਧਿਆਈ॥ਰਹਾਉ॥

ਰਹਾਉ ਦੀ ਪੰਕਤੀ ਵਿਚ ਗੁਰਦੇਵ ਬਖ਼ਸ਼ਿਸ਼ ਕਰਦੇ ਹਨ, ਹੇ ਮੇਰੇ ਪ੍ਰਭ ਜੀਉ! ਹੇ ਧਰਤੀ ਦੇ ਸੁਆਮੀ ਜੀਉ! ਮੈਨੂੰ ਤਾਂ ਤੇਰਾ ਹੀ ਓਟ ਆਸਰਾ ਹੈ; ਤੂ ਸਮਰਥੁ ਸਰਨਿ ਕਾ ਦਾਤਾ, ਹੇ ਮਿਹਰਵਾਨ ਪ੍ਰਭ ਜੀਉ! ਤੂੰ ਤਾਂ ਸਭ ਤਾਕਤਾਂ ਦਾ ਮਾਲਕ ਹੈਂ, ਤੇ ਪ੍ਰਭ ਜੀਉ! ਤੂੰ ਹੀ ਸ਼ਰਨ ਆਏ ਜੀਵਾਂ ਨੂੰ ਸਹਾਰਾ ਦੇਣ ਵਾਲਾ ਦਾਤਾ ਹੈਂ। ਹੇ ਮਿਹਰਾਂ ਦੇ ਮਾਲਕ ਜੀਉ! ਮੇਰੇ ਉਤੇ ਵੀ ਆਪਣੀ ਮਿਹਰ ਕਰੋ ਤਾਂ ਕਿ ਮੈਂ ਅੱਠੇ ਪਹਿਰ ਹੀ ਤੈਨੂੰ ਧਿਆਉਂਦਾ ਰਵਾਂ, ਸਦਾ ਹੀ ਤੇਰਾ ਸਿਮਰਨ ਕਰਦਾ ਰਵਾਂ।

ਜੋ ਜਨੁ ਭਜਨੁ ਕਰੇ ਪ੍ਰਭ ਤੇਰਾ
ਤਿਸੈ ਅੰਦੇਸਾ ਨਾਹੀ॥
ਸਤਿਗੁਰ ਚਰਨ ਲਗੇ ਭਉ ਮਿਟਿਆ
ਹਰਿ ਗੁਨ ਗਾਏ ਮਨ ਮਾਹੀ॥੨॥

ਸਤਿਗੁਰ ਜੀ ਆਖ ਰਹੇ ਹਨ, ਹੇ ਜਗਤ ਦੇ ਸੁਆਮੀ ਪ੍ਰਭ ਜੀਉ! ਜਿਹੜਾ ਵੀ ਜੀਵ ਤੇਰਾ ਭਜਨ ਸਿਮਰਨ ਕਰਦਾ ਹੈ, ਉਸ ਜੀਵ ਨੂੰ ਤਾਂ ਕੋਈ ਵੀ ਚਿੰਤਾ ਜਾਂ ਫਿਕਰ ਪੋਹ ਹੀ ਨਹੀਂ ਸਕਦਾ; ਸਤਿਗੁਰ ਚਰਨ ਲਗੇ ਭਉ ਮਿਟਿਆ, ਹੇ ਭਾਈ! ਜਿਸ ਵਡਭਾਗੇ ਜੀਵ ਦੇ ਮੱਥੇ ਨਾਲ ਸਤਿਗੁਰੂ ਦੇ ਚਰਨ ਛੂਹ ਜਾਂਦੇ ਹਨ, ਉਸ ਜੀਵ ਦਾ ਤਾਂ ਸਾਰਾ ਡਰ ਭਉ ਹੀ ਮੁੱਕ ਜਾਂਦਾ ਹੈ, ਫਿਰ ਉਹ ਜੀਵ ਆਪਣੇ ਮਨ ਵਿਚ ਪ੍ਰਭੂ ਦੇ ਗੀਤ ਹੀ ਗਾਉਂਦਾ ਰਹਿੰਦਾ ਹੈ।

ਸੂਖ ਸਹਜ ਆਨੰਦ ਘਨੇਰੇ
ਸਤਿਗੁਰ ਦੀਆ ਦਿਲਾਸਾ॥
ਜਿਣਿ ਘਰਿ ਆਏ ਸੋਭਾ ਸੇਤੀ
ਪੂਰਨ ਹੋਈ ਆਸਾ॥੩॥

ਹੁਣ ਗੁਰਦੇਵ ਜੀ ਬਖ਼ਸ਼ਿਸ਼ ਕਰਦੇ ਹਨ, ਹੇ ਮਿਹਰਵਾਨ ਪ੍ਰਭ ਜੀਉ! ਜਿਸ ਜੀਵ ਨੂੰ ਤੂੰ ਸੰਸਾਰ ਦੇ ਵਿਕਾਰਾਂ ਦਾ ਟਾਕਰਾ ਕਰਨ ਲਈ ਦਿਲਾਸਾ ਦੇ ਦਿੱਤਾ, ਉਸ ਜੀਵ ਦੇ ਅੰਦਰ ਆਤਮਿਕ ਅਡੋਲਤਾ, ਬਹੁਤ ਸੁਖ ਅਤੇ ਆਨੰਦ ਦੀ ਅਵਸਥਾ ਪੈਦਾ ਹੋ ਜਾਂਦੀ ਹੈ; ਜਿਣਿ ਘਰਿ ਆਏ ਸੋਭਾ ਸੇਤੀ, ਫਿਰ ਹੇ ਭਾਈ! ਉਹ ਜੀਵ ਤਾਂ ਜਗਤ ਵਿਚੋਂ ਜੀਵਨ ਦੀ ਖੇਡ ਬਾਜ਼ੀ ਜਿੱਤ ਕੇ, ਸੋਭਾ ਖੱਟ ਕੇ ਆਪਣੇ ਹਿਰਦੇ ਰੂਪੀ ਘਰ ਵਿਚ ਟਿਕ ਕੇ ਬੈਠ ਜਾਂਦਾ ਹੈ, ਤੇ ਉਸ ਵਡਭਾਗੇ ਜੀਵ ਦੀ ਹਰ ਆਸ ਪੂਰੀ ਹੋ ਜਾਂਦੀ ਹੈ।

ਪੂਰਾ ਗੁਰੁ ਪੂਰੀ ਮਤਿ ਜਾ ਕੀ
ਪੂਰਨ ਪ੍ਰਭ ਕੇ ਕਾਮਾ॥
ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ
ਜਪਿ ਨਾਨਕ ਹਰਿ ਨਾਮਾ॥੪॥

ਹੇ ਭਾਈ! ਨਾਨਕ ਆਖਦਾ ਹੈ ਜੋ ਪੂਰਾ ਗੁਰੂ ਹੈ, ਉਸ ਵਿਚ ਕੋਈ ਉਕਾਈ ਨਹੀਂ, ਉਸ ਪੂਰੇ ਗੁਰੂ ਦੀ ਮਤ ਵਿਚ ਕੋਈ ਊਣਤਾਈ ਨਹੀਂ; ਤੇ ਪੂਰਾ ਗੁਰੂ ਹੀ ਪ੍ਰਭੂ ਦੇ ਨਾਮ ਸਿਮਰਨ ਦੇ ਕੰਮ ਵਿਚ ਜੀਵਾਂ ਨੂੰ ਲਾਉਂਦਾ ਹੈ; ਐਸੇ ਪੂਰੇ ਗੁਰੂ ਦੇ ਚਰਨੀਂ ਲਗ ਕੇ ਅਤੇ ਹਰੀ ਪਰਮਾਤਮਾ ਦਾ ਨਾਮ ਜਪ ਕੇ ਮੈਂ ਇਸ ਬਿਖੜੇ ਔਖੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਿਆ ਹਾਂ। ਇਹ ਸਭ ਮੇਰੇ ਪੂਰੇ ਗੁਰੂ ਦੀ ਮਿਹਰ ਹੀ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਹਿੰਦੁਸਤਾਨ ਨੂੰ ਦੱਸਣਾ ਹੈ, ਇਹ ਲਾਵਾਰਸ ਨਹੀਂ: ਰਾਜਮੋਹਨ ਗਾਂਧੀ

*ਰਾਜਮੋਹਨ ਗਾਂਧੀ (1935) ਅੱਜ ਕੱਲ੍ਹ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਦੇ ਪੂਰਬੀ ਦਿੱਲੀ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ (ਆਪ) ਦੀ ਟਿਕਟ 'ਤੇ ਚੋਣ ਮੈਦਾਨ ਵਿਚ ਡਟਿਆ ਹੋਇਆ ਹੈ। ਸੱਤਾ ਹਾਸਲ ਕਰਨਾ ਉਸ ਦਾ ਮਕਸਦ ਨਹੀਂ, ਉਹ ਤਾਂ ਭਾਰਤ ਦੇ ਲੋਕਾਂ ਨੂੰ ਇਹ ਦੱਸਣਾ ਚਾਹੁੰਦਾ ਹੈ, ਤੇ ਨਾਲ ਹੀ ਇਹ ਚੇਤਾ ਕਰਵਾਉਣ ਦਿੱਲੀ ਪੁੱਜਾ ਹੈ ਕਿ ਇਸ ਦੇਸ਼ ਦਾ ਕੋਈ ਵਾਲੀ ਵਾਰਸ ਵੀ ਹੈ! ਉਹ ਅਮਰੀਕੀ ਯੂਨੀਵਰਸਿਟੀ ਆਫ ਇਲੀਨਾਇ ਦੇ 'ਸੈਂਟਰ ਫਾਰ ਸਾਊਥ ਏਸ਼ੀਅਨ ਐਂਡ ਮਿਡਲ ਈਸਟਰਨ ਸਟੱਡੀਜ਼' ਵਿਚ ਪ੍ਰੋਫੈਸਰ ਹੈ। ਪਿਛਲੇ ਸਾਲ ਹੀ ਪੰਜਾਬ ਦੇ ਇਤਿਹਾਸ ਬਾਰੇ ਉਸ ਦੀ ਬੜੀ ਅਹਿਮ ਕਿਤਾਬ 'ਪੰਜਾਬ: ਔਰੰਗਜ਼ੇਬ ਟੂ ਮਾਊਂਟਬੈਟਨ-ਏ ਹਿਸਟਰੀ ਆਫ ਪੰਜਾਬ' ਛਪੀ ਹੈ। ਇਸ ਕਿਤਾਬ ਵਿਚ ਉਸ ਨੇ ਬਹੁਤ ਥਾਂਈਂ ਲੀਹ ਤੋਂ ਹਟਵੀਆਂ ਗੱਲਾਂ ਕੀਤੀਆਂ ਹਨ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇਸ ਕਿਤਾਬ ਦਾ ਰੀਵੀਊ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੁਝ ਸਮਾਂ ਪਹਿਲਾਂ ਕੀਤਾ ਸੀ। ਹੁਣ ਉਨ੍ਹਾਂ ਰਾਜਮੋਹਨ ਗਾਂਧੀ ਬਾਰੇ ਆਪਣਾ ਤਾਜ਼ਾ ਲੇਖ ਭੇਜਿਆ ਹੈ। ਪੰਜਾਬ ਦੇ ਇਤਿਹਾਸ ਵਿਚ ਰਾਜਮੋਹਨ ਗਾਂਧੀ ਦੀ ਇੰਨੀ ਦਿਲਚਸਪੀ ਉਸ ਦੇ ਆਪਣੇ ਪਿਛੋਕੜ ਨਾਲ ਸਾਵੀਂ ਤੁਲਦੀ ਹੈ। ਪਹਿਲਾਂ ਵੀ ਉਹ ਆਪਣੇ ਵਿਤ ਮੁਤਾਬਕ ਮਨੁੱਖੀ ਸਰੋਕਾਰਾਂ ਲਈ ਅਹੁਲਦਾ ਰਿਹਾ ਹੈ। ਪ੍ਰੋ. ਪੰਨੂ ਨਾਲ ਇਸ ਮੁਲਾਕਾਤ ਵਿਚੋਂ ਵੀ ਇਹੀ ਝਲਕਾਰੇ ਪੈਂਦੇ ਹਨ। -ਸੰਪਾਦਕ*

## ਮੁਲਾਕਾਤ

ਕੁਝ ਨਾਮ ਅਜਿਹੇ ਹਨ, ਲਿਖਤ ਹੇਠ ਦੇਖਾਂ ਤਾਂ ਵਰਕਾ ਥੱਲ ਦਿੰਦਾ ਹਾਂ; ਸਮਾਂ ਜ਼ਾਇਆ ਕਰਨ ਦਾ ਕੀ ਲਾਭ ਭਲਾ? ਪਹਿਲੋਂ ਹੀ ਪਤਾ ਹੁੰਦੈ, ਕੁਝ ਨਹੀਂ ਮਿਲਣ ਵਾਲਾ ਇਥੋਂ। ਕਈ ਨਾਂ ਅਜਿਹੇ ਹਨ, ਦੇਖਦਿਆਂ ਦਿਲ ਕਰਦੈ ਹੁਣੇ ਪੜ੍ਹਾਂ, ਜੇ ਸਮਾਂ ਨਹੀਂ ਤਾਂ ਬਸਤੇ ਵਿਚ ਰੱਖ ਲੈਂਦਾ ਹਾਂ; ਜਦੋਂ ਸਮਾਂ ਮਿਲਿਆ, ਪੜ੍ਹਾਂਗਾ। ਸ. ਖੁਸ਼ਵੰਤ ਸਿੰਘ ਅਤੇ ਸ੍ਰੀ ਰਾਜਮੋਹਨ ਗਾਂਧੀ-ਦੋ ਅਜਿਹੇ ਨਾਮ ਹਨ ਜਿਹੜੇ

**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਦਿਲ ਉਤੇ ਕੋਈ ਸੁਨੇਹਾ ਛੱਡਦੇ ਹਨ। ਅੰਗਰੇਜ਼ੀ ਅਖਬਾਰ 'ਦਿ ਹਿੰਦੂ' ਨੇ ਖੁਸ਼ਵੰਤ ਸਿਘ ਦੇ ਦੇਹਾਂਤ ਉਪਰੰਤ ਵਾਕ ਛਾਪਿਆ ਸੀ, "ਅੰਗਰੇਜ਼ੀ ਜਹਾਨ ਵਿਚ ਪੰਜਾਬ ਦੀ ਜਿਹੜੀ ਖਿੜਕੀ ਖੁੱਲ੍ਹੀ ਹੋਈ ਸੀ, ਬੰਦ ਹੋ ਗਈ ਹੈ।"

ਗੱਲ ਕਰਨ ਦੀ ਇੱਛਾ ਰਾਜਮੋਹਨ ਨਾਲ ਮੁਲਾਕਾਤ ਬਾਰੇ ਸੀ, ਪਰ ਕੀ ਕਰੀਏ, ਬਿਨਾਂ ਦੱਸੇ ਪੁੱਛੇ ਕੋਈ ਭਲਾ ਮਹਿਮਾਨ ਘਰ ਦੇ ਬੂਹੇ 'ਤੇ ਦਸਤਕ ਦੇ ਦਿਆ ਕਰਦਾ ਹੈ! ਮਹਿਮਾਨ ਜੇ ਖੁਸ਼ਵੰਤ ਸਿੰਘ ਹੋਵੇ ਤਾਂ ਖਿੜੇ ਮੱਥੇ ਸਵਾਗਤ। ਮੈਨੂੰ ਫਖ਼ਰ ਹੈ, ਇਸ ਸਰਦਾਰ ਨਾਲ ਮੈਂ ਹੱਥ ਮਿਲਾਇਆ, ਉਸ ਨਾਲ ਖਾਣਾ ਖਾਧਾ, ਗੱਲਾਂ ਕੀਤੀਆਂ। ਜਸਵਿੰਦਰ ਦਾ ਸ਼ਿਅਰ ਹੈ,

ਦਫਨ ਹੋ ਕੇ ਵੀ ਉਹ ਬੇਚੈਨ ਹੋ
ਲੋਕਾਂ 'ਚ ਆ ਬਹਿੰਦੈ,
ਅਜੇ ਸੱਥਾਂ 'ਚ ਲਗਦੀ ਹਾਜ਼ਰੀ
ਉਸ ਗੈਰਹਾਜ਼ਰ ਦੀ।

ਖੁਸ਼ਵੰਤ ਸਿੰਘ ਬਾਰੇ ਕਾਹਲੀ-ਕਾਹਲੀ ਬੜਾ ਕੁਝ ਲਿਖਿਆ ਜਾ ਰਿਹੈ, ਰਤਾ ਠਹਿਰ ਕੇ ਸੰਜਮ ਨਾਲ ਲਿਖਾਂਗਾ। ਅੱਜ ਰਾਜਮੋਹਨ ਗਾਂਧੀ ਬਾਰੇ ਥੋੜ੍ਹੀਆਂ ਕੁ ਗੱਲਾਂ ਕਰਨ ਦਾ ਮਨ ਹੈ।


ਗਾਂਧੀ ਜੀ ਦਾ ਚਾਲੀ ਸਾਲ ਪੁਰਾਣਾ ਪਾਠਕ ਹਾਂ। ਉਨ੍ਹਾਂ ਬਾਰੇ ਪਤਾ-ਸਤਾ ਕਰਦਾ ਰਿਹਾਂ...ਕਿੱਥੇ ਹਨ, ਕੀ ਕਰਦੇ ਹਨ। ਮਹਾਤਮਾ ਗਾਂਧੀ ਦੇ ਪਰਿਵਾਰ ਦਾ ਕੋਈ ਜੀਅ ਸਿਆਸਤ ਕਰ ਕੇ ਸ਼ੁਹਰਤ ਜਾਂ ਨਾਮ ਖੱਟਣ ਦਾ ਅਭਿਲਾਖੀ ਨਹੀਂ ਰਿਹਾ। ਰਾਜਮੋਹਨ ਪਹਿਲਾਂ ਸੰਸਾਰ ਦੇ ਉਚ ਕੋਟੀ ਪੱਤਰਕਾਰ ਰਹੇ, ਫਿਰ ਯੂਨੀਵਰਸਿਟੀ ਆਫ ਇਲੀਨਾਇ ਵਿਚ ਪ੍ਰੋਫੈਸਰ ਆਫ ਜਰਨਲਿਜ਼ਮ ਨਿਯੁਕਤ ਹੋਏ। ਸਾਲ ਪਹਿਲਾਂ ਜਦੋਂ ਉਨ੍ਹਾਂ ਦੀ ਕਿਤਾਬ 'ਔਰੰਗਜ਼ੇਬ ਟੂ ਮਾਊਂਟਬੈਟਨ: ਏ ਹਿਸਟਰੀ ਆਫ ਪੰਜਾਬ' ਪੈਂਗੁਇਨ ਨੇ ਛਾਪੀ ਤਾਂ ਮੈਂ ਤੁਰੰਤ ਪੜ੍ਹ ਲਈ। ਇੰਟਰਨੈਟ ਤੋਂ ਉਸ ਦੀ ਸਾਈਟ ਖੋਲ੍ਹ ਕੇ ਈ-ਮੇਲ ਲੱਭੀ। ਇਸ ਕਿਤਾਬ ਉਪਰ ਜਿਹੜਾ ਮੇਰਾ ਰੀਵੀਊ ਲੇਖ ਛਪਿਆ (ਜੋ ਪੰਜਾਬ ਟਾਈਮਜ਼ ਵਿਚ ਛਪ ਚੁੱਕਾ ਹੈ), ਭੇਜਦਿਆਂ ਬੇਨਤੀ ਕੀਤੀ ਕਿ ਇਹ ਕਿਤਾਬ ਪੰਜਾਬੀ 'ਚ ਅਨੁਵਾਦ ਕਰਨ ਦਾ ਇੱਛੁਕ ਹਾਂ, ਆਗਿਆ ਦਿਓ।

ਉਨ੍ਹਾਂ ਦੇ ਅਮਰੀਕਨ ਸਕੱਤਰ ਨੇ ਜਵਾਬ ਦਿੱਤਾ, "ਮੇਲ ਵਾਸਤੇ ਧੰਨਵਾਦ ਪ੍ਰੋਫੈਸਰ ਪੰਨੂ। ਤੁਹਾਡਾ ਪੱਤਰ ਅਤੇ ਤੁਹਾਡੀ ਇੱਛਾ ਪ੍ਰੋਫੈਸਰ ਗਾਂਧੀ ਅੱਗੇ ਰੱਖਾਂਗਾ। ਇਸ ਵਕਤ ਉਹ ਦਫਤਰ ਵਿਚ ਹਾਜ਼ਰ ਨਹੀਂ ਹਨ। ਜਦੋਂ ਆਉਣਗੇ, ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰ ਕੇ ਜਵਾਬ ਲਿਖਾਂਗਾ।"

ਇਕ ਘੰਟੇ ਬਾਅਦ ਰਾਜਮੋਹਨ ਦੀ ਮੇਲ ਆ ਗਈ, ਲਿਖਿਆ ਸੀ, "ਪਿਆਰੇ ਪ੍ਰੋਫੈਸਰ ਪੰਨੂ, ਮੇਰੇ ਆਉਣ ਤੋਂ ਪਹਿਲਾਂ ਸਕੱਤਰ ਨੇ ਤੁਹਾਡੇ ਖ਼ਤ ਦਾ ਜਵਾਬ ਭੇਜ ਦਿੱਤਾ। ਮੈ ਉਸ ਨੂੰ ਕਿਹਾ ਵੀ, ਇੰਨੀ ਕਾਹਲੀ ਦੀ ਕੀ ਲੋੜ ਸੀ? ਤੁਹਾਡੀ ਮੇਲ ਦਾ ਉਤਰ ਦੇਣਾ ਮੇਰਾ ਫਰਜ਼ ਬਣਦਾ ਸੀ। ਕਿਰਪਾ ਕਰ ਕੇ ਖਿਮਾ ਕਰਨੀ। ਮੇਰੀ ਕਿਤਾਬ ਬਹੁਤ ਪੜ੍ਹੀ ਜਾ ਰਹੀ ਹੈ, ਪਰ ਕਿਸੇ ਪੰਜਾਬੀ ਨੇ ਇਸ ਦਾ ਉਸ ਤਰ੍ਹਾਂ ਰੀਵੀਊ ਨਹੀਂ ਕੀਤਾ ਜਿਵੇਂ ਤੁਸੀਂ ਕੀਤਾ ਹੈ। ਤੁਸੀਂ ਇਸ ਦਾ ਅਨੁਵਾਦ ਪੰਜਾਬੀ ਵਿਚ ਕਰਨਾ ਚਾਹਿਆ ਹੈ, ਪਰ ਇਹ ਤਾਂ ਵੱਡ ਆਕਾਰੀ ਕਿਤਾਬ ਹੈ, ਤੁਹਾਡੇ ਕੋਲ ਇੰਨਾ ਸਮਾਂ ਕਿਥੇ ਹੋਏਗਾ? ਫਰਜ਼ ਕਰੋ ਤੁਸੀਂ ਤਰਜਮਾ ਕਰ ਦਿੰਦੇ ਹੋ, ਫਿਰ ਇਸ ਨੂੰ ਛਾਪੇਗਾ ਕੌਣ? ਮੈਨੂੰ ਅੰਗਰੇਜ਼ੀ ਦਾ ਪਾਠਕ ਤਾਂ ਜਾਣਦਾ ਹੈ, ਪੰਜਾਬੀਆਂ ਨੂੰ ਮੇਰਾ ਪਤਾ ਈ ਨਹੀਂ।"

ਅਖਬਾਰ ਵਿਚ ਖਬਰ ਪੜ੍ਹੀ ਕਿ ਉਹ ਭਾਰਤ ਆ ਗਏ ਹਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਟਿਕਟ 'ਤੇ ਦਿੱਲੀ ਤੋਂ ਲੋਕ ਸਭਾ ਲਈ ਚੋਣ ਲੜ ਰਹੇ ਹਨ। ਸਿਆਸਤ ਉਨ੍ਹਾਂ ਦੇ ਸੁਭਾਅ ਵਿਚ ਨਹੀਂ, ਖਬਰ ਪੜ੍ਹ ਕੇ ਰਤਾ ਹੈਰਾਨੀ ਹੋਈ।

ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੀ ਬੇਟੀ ਦੇ ਅਨੰਦ ਕਾਰਜ ਵਿਚ ਸ਼ਾਮਲ ਹੋਣ ਵਾਸਤੇ 28 ਮਾਰਚ ਨੂੰ ਸ਼ਾਮੀ ਦਿੱਲੀ ਪੁੱਜ ਗਿਆ, ਤੇ ਗਾਂਧੀ ਜੀ ਨੂੰ ਫੋਨ ਕੀਤਾ, ਤੁਹਾਨੂੰ ਕੱਲ੍ਹ ਮਿਲਾਂਗਾ। ਕਿੱਥੇ ਮਿਲਾਂ? ਉਨ੍ਹਾਂ ਕਿਹਾ, ਬਹੁਤ ਮਿਹਨਤ ਕਰਨੀ ਪੈ ਰਹੀ ਹੈ। ਪਤਾ ਨਹੀਂ ਲਗਦਾ, ਕਿਥੇ ਮਿਲੀਏ। ਚਲੋ ਇਉਂ ਦੱਸੋ ਕਦੋਂ ਮਿਲਣਾ ਹੈ? ਫੈਸਲਾ ਹੋਇਆ, ਦੁਪਹਿਰ ਠੀਕ ਰਹੇਗਾ। ਸਵੇਰੇ ਵਿਆਹ ਦੀ ਸੰਗਤ ਵਿਚ ਚਾਹ ਪੀ ਕੇ ਮੈਂ ਗਾਂਧੀ ਜੀ ਨੂੰ ਮਿਲਣ ਚਲਾ ਗਿਆ। ਉਹ ਮੇਰੇ ਤੋਂ ਪਹਿਲਾਂ ਮਿਥੇ ਥਾਂ ਆਏ ਹੋਏ ਸਨ। ਜੱਫੀ ਪਾ ਕੇ ਮਿਲੇ।




*ਲੇਖਕ ਪ੍ਰੋ. ਪੰਨੂ ਨਾਲ ਰਾਜਮੋਹਨ ਗਾਂਧੀ ਅਤੇ (ਸੱਜੇ) 'ਪੰਜਾਬ: ਔਰੰਗਜ਼ੇਬ ਟੂ ਮਾਊਂਟਬੈਟਨ-ਏ ਹਿਸਟਰੀ ਆਫ ਪੰਜਾਬ'*

ਸਿਆਸਤ ਦੀਆਂ ਗੱਲਾਂ ਬਾਅਦ ਵਿਚ, ਪਹਿਲਾਂ ਕਿਤਾਬਾਂ ਦੀਆਂ ਗੱਲਾਂ ਹੋਈਆਂ। ਪੰਜਾਬ ਦੇ ਇਤਿਹਾਸ ਨੂੰ ਪੰਜਾਬੀ ਵਿਚ ਤਰਜਮਾ ਕਰਨ ਬਾਰੇ ਗੱਲ ਹੋਈ ਤਾਂ ਗੰਭੀਰ ਹੋ ਗਏ, ਮੈਨੂੰ ਪੰਜਾਬੀ ਜਾਣਦੇ ਨਹੀਂ, ਕਿਹੜਾ ਪ੍ਰਕਾਸ਼ਕ ਮੇਰੀ ਕਿਤਾਬ ਪੰਜਾਬੀ ਵਿਚ ਛਾਪੇਗਾ? ਮੈਂ ਕਿਹਾ, ਤੁਹਾਨੂੰ ਤੇ ਖੁਸ਼ਵੰਤ ਸਿੰਘ ਨੂੰ ਸੰਸਾਰ ਜਾਣਦਾ ਹੈ। ਮੇਰੀ ਵੀ ਕਿਸਮਤ ਰਤਾ ਕੁ ਚੰਗੀ ਹੈ। ਮੈਨੂੰ ਪੰਜਾਬ ਜਾਣਨ ਲੱਗ ਗਿਆ ਹੈ। ਵਧੀਆ ਪ੍ਰਕਾਸ਼ਕ ਖੁਸ਼ੀ ਨਾਲ ਤੁਹਾਡੀ ਕਿਤਾਬ ਛਾਪੇਗਾ। ਕੀ ਪਤਾ ਮੇਰੀ ਪੰਜਾਬੀ ਯੂਨੀਵਰਸਿਟੀ ਹੀ ਛਾਪ ਦੇਵੇ?

-ਤੁਹਾਡਾ ਜੀਵਨ ਲਿਖਣ ਪੜ੍ਹਨ ਵਿਚ ਬੀਤਿਆ। ਅਚਾਨਕ ਸਰਗਰਮ ਸਿਆਸਤ ਵਿਚ ਕਿਵੇਂ ਕੁੱਦ ਪਏ?

ਬੋਲੇ, ਇਸ ਨੂੰ ਸਿਆਸਤ ਕਹਿ ਦਿਉ ਤਾਂ ਵੀ ਬੁਰਾਈ ਨਹੀਂ, ਪਰ ਮੈਂ ਦੇਰ ਤੋਂ ਦੇਖਦਾ ਰਿਹਾ, ਜਿਸ ਮੁਲਕ ਦੀ ਖੁਸ਼ਹਾਲੀ ਵਾਸਤੇ ਅਣਗਿਣਤ ਸੂਰਮਿਆਂ ਨੇ ਜ਼ਿੰਦਗੀਆਂ ਲਾ ਦਿੱਤੀਆਂ, ਉਹ ਮੁਲਕ ਗਲਤ ਦਿਸ਼ਾ ਵੱਲ ਧੱਕਿਆ ਜਾ ਰਿਹੈ। ਮੈਂ ਫਿਕਰਵੰਦ ਸਾਂ ਪਰ ਰਸਤਾ ਨਹੀਂ ਲੱਭਦਾ ਸੀ। ਮੈਨੂੰ ਲੱਗਾ, ਕੇਜਰੀਵਾਲ ਨੇ ਰਸਤਾ ਤਲਾਸ਼ ਕਰ ਲਿਐ। ਕੌਣ ਹੈ ਭਲਾ ਅਰਵਿੰਦ ਕੇਜਰੀਵਾਲ? ਬੰਦਾ ਨਹੀਂ, ਮੈਨੂੰ ਭਾਰਤ ਦੀ ਦੱਬੀ ਹੋਈ ਇੱਛਾ ਦਾ ਨਾਮ ਕੇਜਰੀਵਾਲ ਲੱਗਿਆ। ਜੋ ਮੈਂ ਕਰਨਾ ਚਾਹੁੰਦਾ ਸਾਂ, ਮੇਰੇ ਤੋਂ ਨਹੀਂ ਹੋ ਰਿਹਾ ਸੀ, ਉਹ ਕੇਜਰੀਵਾਲ ਕਰਨ ਲੱਗਾ ਹੈ। ਫਿਰ ਕਿਉਂ ਨਾ ਉਸ ਨੂੰ ਤਾਕਤ ਦੇਈਏ? ਕਾਂਗਰਸ ਅਤੇ ਬੀ.ਜੇ.ਪੀ. ਦੇ ਚੋਣ ਦਫਤਰਾਂ ਵਿਚ ਮੇਲੇ ਲੱਗੇ ਹੋਏ ਹਨ, ਕਿਉਂਕਿ ਪੀਣ-ਖਾਣ ਲਈ ਭਾਰੀ ਸਮੱਗਰੀ ਮੌਜੂਦ ਹੈ। ਅਜਿਹਾ 'ਆਪ' ਦੇ ਦਫਤਰਾਂ ਵਿਚ ਨਹੀਂ। ਆਪੋ-ਆਪਣੇ ਘਰਾਂ ਤੋਂ ਖਾਣਾ ਖਾ ਕੇ ਲੋਕ, ਸੌਂਪੀਆਂ ਗਈਆਂ ਜ਼ਿਮੇਵਾਰੀਆਂ ਨਿਭਾਉਣ ਤੁਰ ਜਾਂਦੇ ਹਨ। ਇਸ ਪਾਰਟੀ ਦੀ ਟੋਪੀ ਪਹਿਨਣਾ ਫੈਸ਼ਨ ਹੋ ਗਿਆ ਹੈ।

ਮੈਂ ਪੁੱਛਿਆ, ਕੀ ਤੁਹਾਡੇ ਬਾਬੇ ਮਹਾਤਮਾ ਗਾਂਧੀ ਦਾ ਨਾਮ ਵੀ ਤੁਹਾਡੀ ਚੋਣ ਵਿਚ ਅਸਰ-ਅੰਦਾਜ਼ ਹੋਏਗਾ?

ਹੱਸ ਪਏ, ਹਰਗਿਜ਼ ਨਹੀਂ। ਮੇਰੀ ਪਾਰਟੀ ਦਾ ਕੋਈ ਬੁਲਾਰਾ ਮੇਰੇ ਬਾਬੇ ਦਾ ਨਾਮ ਨਹੀਂ ਲੈਂਦਾ। ਮੈਂ ਪਹਿਲੇ ਦਿਨ ਹੀ ਹਦਾਇਤ ਕਰ ਦਿੱਤੀ ਸੀ। ਖਾਨਦਾਨ ਦੇ ਨਾਮ 'ਤੇ ਰੋਟੀ ਨਹੀਂ ਖਾਵਾਂਗਾ, ਖੁਦ ਕਮਾਈ ਕਰਾਂਗਾ। ਜੇ ਮਨਜ਼ੂਰ ਹੋ ਗਿਆ ਧੰਨਭਾਗ, ਨਹੀਂ ਮਨਜ਼ੂਰ ਤਾਂ ਭਲਾ। ਦੱਸੋ, ਮੇਰੇ ਬਾਬੇ ਨੇ ਸੱਤਾ ਪ੍ਰਾਪਤੀ ਦੀ ਖਾਹਿਸ਼ ਕੀਤੀ ਕਦੀ? ਉਨ੍ਹਾਂ ਨੇ ਤਾਂ ਚਾਹਿਆ ਸੀ ਆਜ਼ਾਦ ਹੋਣ ਪਿੱਛੋ ਕਾਂਗਰਸ ਪਾਰਟੀ ਤੋੜ ਦਿੱਤੀ ਜਾਵੇ, ਕਿਉਂਕਿ ਸੱਤਾ ਹਾਸਲ ਕਰ ਕੇ ਇਹ ਭ੍ਰਿਸ਼ਟ ਹੋ ਜਾਏਗੀ; ਨਹਿਰੂ ਅਤੇ ਪਟੇਲ ਨਹੀਂ ਮੰਨੇ। ਮਹਾਤਮਾ ਜੀ ਜਾਣਦੇ ਸਨ ਕਿ ਪਾਰਟੀ ਨੇ ਆਜ਼ਾਦੀ ਵਾਸਤੇ ਜੋ ਭੂਮਿਕਾ ਨਿਭਾਈ, ਉਸ ਨਾਲ ਭਾਰਤੀਆਂ ਦੇ ਦਿਲਾਂ ਵਿਚ ਕਾਂਗਰਸ ਦਾ ਆਦਰਯੋਗ ਅਕਸ ਬਣ ਗਿਆ ਹੈ। ਇਹ ਅਕਸ ਸਭ ਧਰਮਾਂ, ਕਬੀਲਿਆਂ, ਜਾਤਾਂ ਵਿਚ ਥਿਰ ਹੋ ਗਿਆ ਸੀ। ਤੁਸੀਂ ਦੇਖ ਹੀ ਲਿਐ, ਕਾਂਗਰਸ ਦਾ ਕੀ ਹਸ਼ਰ ਹੋ ਗਿਆ ਹੈ ਹੁਣ ਤੱਕ।

ਜਿੱਤਣ ਦੇ ਕਿੰਨੇ ਕੁ ਚਾਂਸ ਹਨ?

ਪ੍ਰਵਾਹ ਨਹੀਂ ਕੀਤੀ ਜਿੱਤ ਹਾਰ ਦੀ। ਮਨਸ਼ਾ ਕੇਵਲ ਤਾਕਤ ਹਾਸਲ ਕਰਨ ਦੀ ਹੁੰਦੀ, ਮਨਮਰਜ਼ੀ ਦੀ ਕਿਸੇ ਵੀ ਪਾਰਟੀ ਤੋਂ ਟਿਕਟ ਮੰਗਦਾ, ਖੁਸ਼ੀ ਨਾਲ ਦੇਣੀ ਸੀ। ਹਿੰਦੁਸਤਾਨ ਨੂੰ ਦੱਸਣਾ ਹੈ ਕਿ ਇਸ ਦਾ ਕੋਈ ਵਾਲੀ ਵਾਰਸ ਹੈ ਅਜੇ; ਅਜੇ ਕਿਸੇ ਨੂੰ ਇਸ ਦੇ ਵਰਤਮਾਨ ਅਤੇ ਭਵਿੱਖ ਦਾ ਫਿਕਰ ਹੈ। ਇੰਨੀ ਜਲਦੀ ਨਵੀਂ ਪਾਰਟੀ ਲਾਂਚ ਕਰ ਕੇ ਤਾਜ-ਤਖਤ ਮਿਲ ਜਾਵੇਗਾ, ਭੁਲੇਖਾ ਨਹੀਂ। ਬੱਸ, ਦੇਸ਼ ਦੀ ਪਰਜਾ ਅੱਗੇ ਹਾਜ਼ਰੀ ਲੁਆਣੀ ਹੈ। ਇਸ ਉਪਰ ਤੁਹਾਡੀ ਟਿੱਪਣੀ ਪੰਨੂ ਭਾਈ?

ਮੈਂ ਕਿਹਾ, ਗਾਂਧੀ ਭਰਾ, ਮੈਂ ਕਥਾਕਾਰ ਹਾਂ। ਇਸ ਪ੍ਰਸੰਗ ਵਿਚ ਯੂਸਫ ਦੀ ਸਾਖੀ ਸੁਣਾਉਣੀ ਠੀਕ ਰਹੇਗੀ। ਸ਼ਾਹਜ਼ਾਦੇ ਯੂਸਫ ਨੂੰ ਹੰਕਾਰ ਹੋ ਗਿਆ ਸੀ ਕਿ ਜਹਾਨ ਵਿਚ ਉਸ ਤੋਂ ਵਧੀਕ ਸੋਹਣਾ ਕੋਈ ਨਹੀਂ। ਰੱਬ ਨੂੰ ਹੰਕਾਰ ਪਸੰਦ ਨਹੀਂ। ਦੁਸ਼ਮਣ ਨੇ ਹੱਲਾ ਬੋਲਿਆ, ਸ਼ਾਹਜ਼ਾਦਾ ਹਾਰ ਗਿਆ, ਫੜਿਆ ਗਿਆ। ਮੁਨਾਦੀ ਕਰਵਾਈ ਗਈ ਕਿ ਗੁਲਾਮ ਯੂਸਫ ਦੀ ਬੋਲੀ ਲੱਗੇਗੀ, ਖਰੀਦਦਾਰ ਹਾਜ਼ਰ ਹੋਣ। ਯੂਸਫ ਦੇ ਮਹਿਲੋਂ ਬਾਹਰ ਝੌਂਪੜੀ ਵਿਚ ਵਸਦੀ ਉਸ ਦੀ ਹਾਣੀ, ਮਜ਼ਦੂਰ ਦੀ ਧੀ ਘੋੜੀ 'ਤੇ ਸਵਾਰ ਆਉਂਦੇ ਜਾਂਦੇ ਸ਼ਾਹਜ਼ਾਦੇ ਨੂੰ ਦੇਖਿਆ ਕਰਦੀ ਸੀ। ਬੋਲੀ ਦੇਣ ਵਾਲਿਆਂ ਦੀ ਕਤਾਰ ਵਿਚ ਉਹ ਵੀ ਜਾ ਖਲੋਤੀ। ਪਰਖਣ ਲਈ ਦਿਖਾਉਣ ਵਾਸਤੇ ਜਦੋਂ ਯੂਸਫ ਨੂੰ ਇਕ-ਇਕ ਖਰੀਦਦਾਰ ਕੋਲੋਂ ਦੀ ਲੰਘਾਇਆ ਜਾ ਰਿਹਾ ਸੀ, ਗਰੀਬ ਕੁੜੀ ਨੂੰ ਖਰੀਦਦਾਰਾਂ ਵਿਚ ਖਲੋਤੀ ਦੇਖ ਕੇ ਸ਼ਾਹਜ਼ਾਦਾ ਹੈਰਾਨ ਹੋ ਗਿਆ। ਪੁੱਛਿਆ, ਤੂੰ ਮੈਨੂੰ ਖਰੀਦੇਂਗੀ? ਗਰੀਬ ਕੁੜੀ ਬੋਲੀ, ਨਹੀਂ। ਖਰੀਦਣਗੇ ਤੈਨੂੰ ਉਹੀ ਜਿਨ੍ਹਾਂ ਕੋਲ ਦੌਲਤ ਹੈ। ਮੈਂ ਕਤਾਰ ਵਿਚ ਖਲੋਤੀ ਹਾਂ, ਤਾਂ ਕਿ ਦੱਸ ਸਕਾਂ ਤੈਨੂੰ ਖਰੀਦ ਸਕਦੀ ਤਾਂ ਜ਼ਰੂਰ ਖਰੀਦ ਲੈਂਦੀ, ਖਰੀਦ ਕੇ ਆਜ਼ਾਦ ਕਰ ਦਿੰਦੀ। ਮੇਰੀ ਖਾਹਸ਼ ਦੀ ਹਾਜ਼ਰੀ ਲੱਗ ਗਈ ਹੈ।

# ਵੋਟ, ਵਾਅਦੇ ਤੇ ਵਫਾਈ

*(ਸਫਾ 15 ਦੀ ਬਾਕੀ)*

ਲੋਕਾਂ ਨਾਲ, ਸੱਚ ਮਤ ਦਾਤਿਆਂ ਨਾਲ ਹੁੰਦੇ ਹਨ; ਜਿਨ੍ਹਾਂ ਦਾ ਬੜਾ ਗੱਜ-ਵੱਜ ਕੇ ਪ੍ਰਚਾਰ ਵੀ ਕੀਤਾ ਜਾਂਦਾ। ਪ੍ਰਚਾਰ ਕਿਹੜਾ ਕਿਤਿਉਂ ਬੀ.ਬੀ.ਸੀ. ਤੋਂ ਕਰਵਾਉਣਾ, ਆਪਣੇ ਹੀ ਚੈਨਲ ਚੱਲਦੇ ਆ 24 ਘੰਟੇ; ਇਕੋ ਨਾਂ ਦੀ ਮਾਲਾ ਜਪ ਹੁੰਦੀ ਆ। ਅਖ਼ਬਾਰਾਂ ਵਾਲਿਆਂ ਨਾਲ ਲੈਣ-ਦੇਣ ਵੱਖਰਾ ਨਿਬੇੜਿਆ ਹੋਇਆ।

ਕੁਝ ਵਾਅਦੇ ਹੋਰ ਹੁੰਦੇ ਹਨ ਜਿਨ੍ਹਾਂ ਦਾ ਪ੍ਰਚਾਰ ਕਿਸੇ ਹੋਰ ਢੰਗ ਨਾਲ ਕੀਤਾ ਜਾਂਦਾ, ਪਰ ਹਕੀਕਤ ਵਿਚ ਕੁਝ ਹੋਰ ਹੁੰਦੇ ਆ। ਉਹ ਵਾਅਦੇ ਪੰਡਾਲ ਬਣਾ ਕੇ, ਸਟੇਜਾਂ 'ਤੇ ਝੰਡੀਆਂ ਲਾ ਕੇ ਜੈਕਾਰਿਆਂ ਦੀ ਗੂੰਜ ਵਿਚ ਨਹੀਂ ਕੀਤੇ ਜਾਂਦੇ। ਉਹ ਵਾਅਦੇ ਹੁੰਦੇ ਹਨ ਪੰਜ ਤਾਰਾ ਹੋਟਲਾਂ ਵਿਚ ਨਿੰਮੀ-ਨਿੰਮੀ ਲੋਅ ਵਿਚ ਬਹਿ ਕੇ ਖਾਣ-ਪੀਣ ਨਾਲ। ਇਹੋ ਜਿਹੇ ਕੁਝ ਵਾਅਦੇ ਸੂਬੇ ਦੇ ਹਾਕਮਾਂ ਨੇ ਪਿਛਲੇ ਸਾਲ ਦਸੰਬਰ ਮਹੀਨੇ ਵਿਚ ਮੁਹਾਲੀ ਵਿਚ ਵਿਕਾਸ ਦੇ ਨਾਮ ਹੇਠ ਸੰਮੇਲਨ ਕਰ ਕੇ ਕੀਤੇ। ਉਹ ਵਾਅਦੇ ਜਿਨ੍ਹਾਂ ਨੂੰ ਸਰਕਾਰੀ ਭਾਸ਼ਾ ਵਿਚ ਐਮ.ਓ.ਯੂ. (ਭਾਵ ਮੈਮੋਰੈਂਡਮ ਔਫ ਅੰਡਰਸਟੈਂਡਿੰਗ) ਕਿਹਾ ਜਾਂਦਾ! ਵੱਡਾ ਹਾਕਮ ਤਾਂ ਕਹਿੰਦਾ ਅੰਡਰਸਟੈਂਡਿੰਗ (ਸਮਝੌਤਾ) ਨਹੀਂ, ਕੁਮਿਟਮੈਂਟ (ਵਾਅਦਾ) ਕਹੋ ਜੀ। ਉਹ ਵਾਅਦੇ ਹੋਏ 65,000 ਕਰੋੜ ਰੁਪਏ ਦੇ। ਕਿਨ੍ਹਾਂ ਨਾਲ ਕੀਤੇ? ਉਨ੍ਹਾਂ ਦੇ ਨਾਮ ਹਨ ਅੰਬਾਨੀ, ਨੈਸ ਵਾਡੀਆ, ਓਸਵਾਲ, ਭਾਰਤੀ ਮਿੱਤਲ, ਏਅਰਟੈਲ, ਲਕਸ਼ਮੀ ਮਿੱਤਲ; ਮਤਲਬ ਮੁਲਕ ਦੇ ਤਾਂ ਕੀ, ਦੁਨੀਆਂ ਦੇ ਵੱਡੇ ਸਰਮਾਏਦਾਰ! ਇਹ ਲਾਉਣਗੇ ਆਪਣਾ ਸਰਮਾਇਆ ਸੂਬੇ ਦੇ ਵਿਕਾਸ ਲਈ, ਤੇ ਕਮਾਉਣਗੇ ਮੁਨਾਫ਼ਾ। ਦੇਖਿਆ ਜਾਵੇ ਤਾਂ ਐਡੇ ਵੱਡੇ ਸਰਮਾਏਦਾਰਾਂ ਨੂੰ ਭਲਾ ਕੀ ਮੋਹ ਜਾਗਿਆ ਪੰਜਾਬ ਨਾਲ, ਕਿ ਉਥੇ ਸਰਮਾਇਆ ਲਾਉਣ ਲਈ ਰਾਜ਼ੀ ਹੋ ਗਏ, ਜਦੋਂ ਕਿ ਤਾਜ਼ਾ ਹਾਲਾਤ ਦੇ ਮੱਦੇਨਜ਼ਰ ਪਹਿਲੇ ਕਾਰਖਾਨੇਦਾਰ ਉਥੋਂ ਭੱਜਣ ਲਈ ਕਾਹਲੇ ਪਏ ਹੋਏ ਆ।

ਇਕ ਗੱਲ ਹੋਰ ਸਾਂਝੀ ਕਰਾਂ, ਮੁਲਕ ਦੇ ਕੁਝ ਵੱਡੇ ਸਰਮਾਏਦਾਰਾਂ ਵਿਚ ਇਕੋ-ਇਕ ਪੰਜਾਬੀ ਸਿੱਖ ਦਾ ਨਾਮ ਵੀ ਹੈਗਾ, ਉਹ ਨਾਂ ਹੈ ਬਾਦਲ ਪਰਿਵਾਰ ਦਾ। ਇਹ ਜਿਹੜੇ ਬੰਬੇ ਤੋਂ ਜਾ ਕੇ ਸਰਮਾਏਦਾਰਾਂ ਨੂੰ ਸੱਦ ਕੇ ਲਿਆਉਂਦੇ, ਖੁਦ ਆਪ ਆਪਣਾ ਸਰਮਾਇਆ ਕਿਉਂ ਨਹੀਂ ਲਾਉਂਦੇ ਸੂਬੇ ਦੇ ਵਿਕਾਸ ਤੇ ਭਲਾਈ ਲਈ? ਪੰਜਾਬ ਦੇ ਮੱਤ ਦਾਤਿਓ! ਥੋੜ੍ਹਾ ਆਪਣੀ ਮੱਤ 'ਤੇ ਜ਼ੋਰ ਪਾਇਓ...ਐਵੇਂ ਨਾ ਨੀਂਹ ਪੱਥਰਾਂ ਦੀ ਸਿਆਸਤ 'ਤੇ ਜੈਕਾਰੇ ਛੱਡੀ ਜਾਇਆ ਕਰੋ। ਜੇ ਇਉਂ ਹੀ ਕਰਦੇ ਰਹੇ ਤਾਂ ਉਹ ਦਿਨ ਬਹੁਤਾ ਦੂਰ ਨਹੀਂ, ਜਿਸ ਦਿਨ ਪੰਜਾਬ ਵਿਚ ਵੜਦਿਆਂ ਨੂੰ 'ਪੰਜਾਬ ਫਾਰ ਸੇਲ' ਦੇ ਬੋਰਡ ਲੱਗਿਓ ਦਿਸਣਗੇ। ਗੁਲਾਮੀ ਨੂੰ ਹਾਕਾਂ ਨਾ ਮਾਰੋ ਭਰਾਵੋ। ਹਾਕਮ ਤੁਲੇ ਬੈਠੇ ਆ ਤੁਹਾਨੂੰ ਗੁਲਾਮ ਬਣਾਉਣ ਲਈ।

ਮੁਲਕ ਦੀ ਵਾਗਡੋਰ ਕਿਸ ਪਾਰਟੀ ਹੱਥ ਦੇਣੀ ਆ, ਇਹ ਤੈਅ ਕਰਦੀਆਂ ਨੇ ਦੋ ਤਾਕਤਾਂ। ਪਹਿਲੀ, ਹਿੰਦੂਤਵ ਸਾਮਰਾਜਵਾਦ ਤੇ ਦੂਜੀ ਹੈ ਕਾਰਪੋਰੇਟ ਘਰਾਣੇ। ਸਭ ਕੁਛ ਸਲਾਹ ਨਾਲ ਅੰਦਰ-ਖਾਤੇ ਬਹਿ ਕੇ ਮਿਥ ਲਿਆ ਜਾਂਦਾ, ਕਿਹੜੇ ਮੁੱਦੇ ਕਿਸ ਵੱਲੋਂ ਉਠਾਏ ਜਾਣ, ਪਹਿਲਾਂ ਹੀ ਫੈਸਲਾ ਹੋ ਜਾਂਦਾ ਪਰ ਇਸ ਵਾਰ ਦੀਆਂ ਵੋਟਾਂ ਵਿਚ ਥੋੜ੍ਹੀ ਹਲਚਲ ਜਿਹੀ ਕਰੀ ਜਾ ਰਿਹਾ ਅਰਵਿੰਦ ਕੇਜਰੀਵਾਲ। ਕੁਝ ਗਿਣਤੀਆਂ-ਮਿਣਤੀਆਂ ਵਿਚ ਫੇਰ-ਬਦਲ ਦਾ ਤੌਖਲਾ ਬਣਾਈ ਜਾ ਰਿਹੈ ਆਹ ਨਿਗੂਣਾ ਜਿਹਾ ਝਾੜੂ। ਇਹਦੇ ਦਿੱਲੀ ਵਿਚ ਦਿਖਾਏ ਜਲਵੇ ਤੋਂ ਬਾਅਦ ਹੁਣ ਭਾਵੇਂ ਸਾਰੇ ਬੜੇ ਚੁਕੰਨੇ ਹੋ ਗਏ ਆ, ਤੇ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਹ ਦਿੱਲੀ ਵਾਲੀ ਕਰਾਮਾਤ ਮੁਲਕ ਵਿਚ ਨਾ ਦਿਖਾ ਸਕੇ। ਸ਼ਾਇਦ ਇਹ ਲੋਕ ਕਾਮਯਾਬ ਵੀ ਹੋ ਜਾਣ। ਵੈਸੇ ਵੀ ਕੇਜਰੀਵਾਲ ਕੋਲ ਮੁਲਕ ਦੇ ਵੱਖ-ਵੱਖ ਸੂਬਿਆਂ ਦੇ ਵੱਖੋ-ਵੱਖਰੇ ਮੁੱਦਿਆਂ ਦਾ ਹੱਲ ਹੈ ਨਹੀਂ। ਬੱਸ ਇਕ ਹਵਾ ਨੇ ਦਿਸ਼ਾ ਬਦਲੀ ਹੈ, ਜਿਹੜੀ ਉਦਾਂ ਹੈ ਚੰਗੀ...ਘੱਟੋ-ਘੱਟ ਹਾਕਮਾਂ ਦੇ ਪੋਤੜੇ ਤਾਂ ਜ਼ਰੂਰ ਫੋਲੇ ਜਾਣਗੇ। ਉਹਦੇ ਦਿੱਲੀ ਦੇ 49 ਦਿਨਾਂ ਦੀ ਹਕੂਮਤ ਦੀ ਇਕ ਮਾਅਰਕੇ ਵਾਲੀ ਗੱਲ ਲੱਗੀ ਜਿਹੜੀ ਕਿਸੇ ਵੀ ਖੱਬੀਖਾਨ ਲੀਡਰ ਦੇ ਵੱਸ ਦੀ ਨਹੀਂ ਸੀ। ਇਹ ਹੈ ਕੇਜਰੀਵਾਲ ਵੱਲੋਂ ਅੰਬਾਨੀ ਦੀ ਪੂਛ ਨੂੰ ਹੱਥ ਪਾਉਣਾ। ਹੈਰਾਨੀ ਇਹ ਕਿ ਹੱਥ ਤਾਂ ਅੰਬਾਨੀ ਦੀ ਪੂਛ ਨੂੰ ਲੱਗਿਆ, ਚੀਕਾਂ ਨਿਕਲ ਗਈਆਂ ਕਾਂਗਰਸ ਤੇ ਬੀ.ਜੇ.ਪੀ. ਦੀਆਂ; ਤੇ ਦੋਹਾਂ ਦੀਆਂ ਡਰ ਦੇ ਮਾਰੇ ਸਕਿੰਟਾਂ ਵਿਚ ਜੱਫੀਆਂ ਪੈ ਗਈਆਂ, ਤੇ ਤੀਜਾ ਦਿਨ ਨਹੀਂ ਪੈਣ ਦਿੱਤਾ। ਢਹਿ-ਢੇਰੀ ਕਰ ਕੇ ਅਹੁ ਮਾਰੀ ਕੇਜਰੀਵਾਲ ਦੀ ਹਕੂਮਤ; ਤੇ ਨਾਲ ਹੀ ਮੀਡੀਆ ਪਾ ਦਿੱਤਾ ਉਹਦੇ ਮਗਰ। ਹੁਣ ਸ਼ਾਇਦ ਮਈ ਵਾਲੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਮੁੜ ਦਿੱਲੀ ਵਿਚ ਵੀ ਪਹਿਲੇ ਵਾਲਾ ਕ੍ਰਿਸ਼ਮਾ ਨਾ ਦਿਖਾ ਸਕੇ, ਕਿਉਂਕਿ ਦਿੱਲੀ ਦੀ ਨਬਜ਼ ਨੂੰ ਟੋਹਣਾ ਹਰ ਇਕ ਦੇ ਵੱਸ ਦੀ ਗੱਲ ਨਹੀਂ। ਇਹ ਤਾਂ ਬਾਦਲ ਵਰਗਾ ਘਾਗ ਸਿਆਸਤਦਾਨ ਹੀ ਦਿੱਲੀ ਦੀ ਨਬਜ਼ ਦੀ ਥਾਹ ਪਾ ਸਕਦਾ ਹੈ! ਉਹੀ ਜਾਣਦਾ ਕਿ ਦਿੱਲੀ ਨਾਲ ਵਫਾ ਕਿੱਦਾਂ ਨਿਭ ਸਕਦੀ ਹੈ। ਭਾਵੇਂ ਇਸ ਕੰਮ ਲਈ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਵੀ ਕਿਉਂ ਨਾ ਕਰਵਾਉਣਾ ਪਿਆ ਹੋਵੇ?

ਪੰਜਾਬ ਵਿਚ ਆਮ ਅਦਾਮੀ ਪਾਰਟੀ ਲੱਗਦਾ ਨਹੀਂ ਕਿ ਕੋਈ ਖਾਸ ਮਾਅਰਕਾ ਵੱਜ ਸਕੇ। ਕਾਰਨ ਹੈ, ਪੰਜਾਬ ਦਾ ਹਰ ਬੰਦਾ ਆਮ ਆਦਮੀ ਪਾਰਟੀ ਦੀ ਬਜਾਏ ਖਾਸ ਆਦਮੀ ਬਣ ਕੇ ਪੂਰੇ ਠੁੱਕ ਨਾਲ ਰਹਿਣਾ ਪਸੰਦ ਕਰਦਾ। ਅਸੀਂ ਤਾਂ ਆਪਣੇ ਆਪ ਨੂੰ ਖਾਸ ਦਿਖਾਉਣ ਖਾਤਿਰ ਜ਼ਮੀਨਾਂ ਵੇਚ ਕੇ ਮੁੰਡੇ ਕੁੜੀਆਂ ਦੇ ਵਿਆਹ ਰਾਜਿਆਂ ਮਹਾਰਾਜਿਆਂ ਵਾਲੀ ਸਜ-ਧਜ ਨਾਲ ਮੈਰਿਜ ਪੈਲੇਸਾਂ ਵਿਚ ਪਾਣੀ ਵਾਂਗੂੰ ਸ਼ਰਾਬ ਰੋੜ੍ਹ ਦਿੰਦੇ ਆਂ। ਅਸੀਂ ਕਿੱਥੋਂ ਬਣਨਾ ਚਾਹੁੰਦੇ ਹਾਂ ਆਮ ਆਦਮੀ? ਅਸੀਂ ਤਾਂ ਵੋਟ ਵੀ ਖਾਸ-ਮ-ਖਾਸ ਨੂੰ ਪਾ ਕੇ ਹੁੱਬਦੇ ਫਿਰਦੇ ਹਾਂ, ਕਿਉਂਕਿ ਸਾਡੇ ਦਿਮਾਗ ਵਿਚ ਇਹ ਘਰ ਕਰਵਾ ਦਿੱਤਾ ਕਿ ਇਹੋ ਹੀ ਫਖਰ-ਏ-ਕੌਮ ਆ। ਰੱਬ ਸਾਨੂੰ ਸੁਮੱਤ ਬਖਸ਼ੇ ਕਿ ਮਤਦਾਨ, ਮਤ ਨਾਲ ਕਰਨ ਦੇ ਯੋਗ ਹੋਈਏ ਤਾਂ ਕਿ ਸਾਡੀਆਂ ਵੋਟਾਂ ਲੈਣ ਵਾਲੇ ਵਾਅਦੇ ਅਤੇ ਵਫਾਈਆਂ ਕਿਤੇ ਹੋਰ ਨਾ ਕਰ ਸਕਣ।

ਕਹਾਣੀ

# ਕੌੜਾ ਵੱਟਾ

ਮੱਖਣ ਸਿੰਘ

ਜ਼ੈਲਾ ਪੂਰਾਂ ਟੁੰਨ ਹੋ ਚੁੱਕਾ ਸੀ। ਨਾਜ਼ਰ ਸਿੰਘ ਨੇ ਇਕ ਹੋਰ ਤਕੜਾ ਜਿਹਾ ਪੈਗ ਭਰਿਆ ਤੇ ਜ਼ੈਲੇ ਵੱਲ ਕਰਦਾ ਹੋਇਆ ਬੋਲਿਆ, "ਲੈ ਵੱਡੇ ਭਾਈ!"

ਉਹ ਬੜੀ ਮੁਸ਼ਕਲ ਨਾਲ ਗਿਲਾਸ ਨੂੰ ਮੂੰਹ ਤੱਕ ਲੈ ਗਿਆ। ਘੁੱਟ ਭਰਦਿਆਂ ਹੀ ਉਹ ਇਕ ਪਾਸੇ ਨੂੰ ਲੁੜਕ ਗਿਆ।

"ਲੈ ਏਹਦਾ ਤਾਂ ਸਰ ਗਿਆ, ਜਾਹ ਲਿਆ ਡਰਾਈਵਰ ਨੂੰ।" ਨਾਜ਼ਰ ਸਿੰਘ ਨੇ ਜ਼ੈਲੇ ਨੂੰ ਠੀਕ ਤਰ੍ਹਾਂ ਪਾਉਂਦਿਆਂ ਤਾਰੇ ਨੂੰ ਆਖਿਆ।

ਤਾਰੇ ਨੇ ਦਰਾਂ 'ਚ ਖਲੋ ਕੇ ਡਰਾਈਵਰ ਨੂੰ ਆਉਣ ਦਾ ਇਸ਼ਾਰਾ ਕੀਤਾ ਤੇ ਫਿਰ ਉਨ੍ਹੀਂ ਪੈਰੀਂ ਅੰਦਰ ਆ ਗਿਆ। ਦੋਹਾਂ ਨੇ ਜ਼ੈਲੇ ਨੂੰ ਚੁੱਕਿਆ ਤੇ ਕਾਰ ਦੀ ਪਿਛਲੀ ਸੀਟ 'ਤੇ ਲਿਟਾ ਦਿੱਤਾ।

ਨਾਜ਼ਰ ਸਿੰਘ ਨੇ ਕਾਰ ਵਿਚ ਬੈਠਦਿਆਂ ਤਾਰੇ ਨੂੰ ਇਸ਼ਾਰੇ ਨਾਲ ਕੋਲ ਬੁਲਾਇਆ ਤੇ ਧੀਮੀ ਸੁਰ 'ਚ ਆਖਿਆ,"ਆੜ੍ਹਤੀਏ ਵੱਲ ਹੋ ਆ। ਮੈਂ ਇਹਨੂੰ ਤੇਰੇ ਫੁੱਫੜ ਦੇ ਹਵਾਲੇ ਕਰ ਆਵਾਂ, ਉਹ ਸਵੇਰ ਤੱਕ ਕਾਗਜ਼ ਤਿਆਰ ਕਰ ਰੱਖੂ।"

"ਚੱਲ ਭਾਈ ਕਰ ਸਟਾਰਟ।" ਕਾਰ ਪਲਾਂ 'ਚ ਈ ਅੱਖਾਂ ਤੋਂ ਉਹਲੇ ਹੋ ਗਈ। ਤਾਰੇ ਨੇ ਅੰਦਰ ਆ ਕੇ ਸੁਰਜੀਤ ਦੇ ਕੰਨ 'ਚ ਹੌਲੀ ਦੇਣਾ ਕੁਝ ਆਖਿਆ। ਸਾਈਕਲ ਚੁੱਕੀ ਤੇ ਸ਼ਹਿਰ ਵੱਲ ਨੂੰ ਹੋ ਤੁਰਿਆ।

ਤਾਰਾ ਪਿੰਡ ਤੋਂ ਕੋਹ ਕੁ ਵਾਟ 'ਤੇ ਗਿਆ ਹੋਣੈ। ਸੂਰਜ ਦੀ ਲਾਲ ਟਿੱਕੀ ਅਸਮਾਨ ਦੇ ਪੈਰਾਂ 'ਚ ਗਵਾਚ ਗਈ। ਇਹ ਸਿਆਲੂ ਦਿਨ ਵੀ ਕਾਹਦੇ ਨੇ, ਅੱਖ ਝੱਪਕਦਿਆਂ ਸ਼ਾਮਾਂ ਢਲ ਜਾਂਦੀਆਂ ਨੇ। ਉਸ ਹੈਂਡਲ ਨੂੰ ਮਜ਼ਬੂਤੀ ਨਾਲ ਫੜਿਆ ਤੇ ਫੁਰਤੀ ਨਾਲ ਜ਼ੋਰ ਜ਼ੋਰ ਦੀ ਪੈਡਲ ਮਾਰਨ ਲੱਗਾ। ਉਹ ਸਾਈਕਲ ਨੂੰ ਜਿੰਨਾ ਵੀ ਤੇਜ਼ ਕਰਨ ਦੀ ਕੋਸ਼ਿਸ਼ ਕਰਦਾ, ਸਾਈਕਲ ਦੀਆਂ ਬਰੇਕਾ ਘੂੰ ਘੂੰ ਕਰਦੀਆਂ ਮੋਹਰਲੇ ਪਹੀਏ ਨੂੰ ਪਿਛਾਂਹ ਧੱਕ ਦਿੰਦੀਆਂ।

"ਇਹਨੂੰ ਕੀ ਹੋ ਗਿਆ ਅੱਜ, ਹਾਲੇ ਕਲ੍ਹ ਈ ਤਾਂ ਠੀਕ ਕਰਾਇਆ ਸੀ" ਤਾਰੇ ਨੇ ਸਾਈਕਲ ਨੂੰ ਰੋਕ ਕੇ ਚੱਕੇ ਨਾਲ ਘਿਸੱਰਦੀਆਂ ਰਬੜ ਦੀਆਂ ਗੁਲੀਆਂ ਨੂੰ ਮਰੋੜ ਕੇ ਪਹੀਏ ਤੋਂ ਹਟਵਾਂ ਕੀਤਾ ਤੇ ਬਿਨਾਂ ਸਮਾਂ ਗਵਾਏ ਲੱਤ ਘੁਮਾ ਕੇ ਕਾਠੀ 'ਤੇ ਚੜ੍ਹ ਗਿਆ।

ਭਰ ਸਿਆਲ ਵਿਚ ਵੀ ਉਹ ਮੁੜ੍ਹਕੀ ਮੁੜ੍ਹਕੀ ਹੋ ਗਿਆ ਸੀ। ਲੱਤਾਂ ਉਸ ਦੀਆਂ ਫੁੱਲਣ ਲੱਗੀਆਂ। ਦਮ ਲੈਣ ਨੂੰ ਮਨ ਵੀ ਕੀਤਾ ਪਰ ਫੈਲਦੇ ਹਨੇਰੇ ਨੂੰ ਵੇਖ ਉਸ ਦੇ ਦਿਮਾਗ ਦੀਆਂ ਨਾੜਾਂ ਵਿਚ ਖੂਨ ਦੀ ਗਤੀ ਤੇਜ਼ ਹੋ ਗਈ "ਕਿਤੇ ਮੀਂਹ ਮੱਲ ਦੁਕਾਨ ਹੀ ਨਾ ਬੰਦ ਕਰ ਜਾਵੇ" ਇਹ ਤੌਖਲਾ ਉਸ ਨੂੰ ਵਾਰ-ਵਾਰ ਪ੍ਰੇਸ਼ਾਨ ਕਰੀ ਜਾ ਰਿਹਾ ਸੀ।

ਹੁਣ ਹਨੇਰੇ ਨੇ ਪੂਰੀ ਤਰ੍ਹਾਂ ਚਾਨਣ ਨੂੰ ਆਪਣੀ ਬੁੱਕਲ ਵਿਚ ਲੈ ਲਿਆ ਸੀ ਪਰ ਤਾਰਾ ਇਨ੍ਹਾਂ ਸੋਚਾਂ ਵਿਚ ਡੁੱਬਿਆ "ਜੇ ਆੜਤੀਏ ਦੁਕਾਨ ਬੰਦ ਕਰ'ਤੀ ਤਾਂ ਉਸ ਪੈਸੇ ਦੇਣੋਂ ਇਨਕਾਰ ਕਰ'ਤਾ ਤਾਂ ਸਵੇਰੇ ਜ਼ੈਲੇ ਕੋਲੋਂ ਜਿਹੜੀ ਜ਼ਮੀਨ ਦੀ ਰਜਿਸਟਰੀ ਕਰਾਉਣੀ ਉਹ...?" ਇਹ ਖਿਆਲ ਉਸ ਦੇ ਮਨ 'ਤੇ ਨੂੰਏਂ ਵਾਂਗ ਲੜਿਆ।

ਇੰਜ ਕੱਚੀਆ ਪਿੱਲੀਆਂ ਸੋਚਾਂ ਚੱਬਦਾ ਆਖਰ ਤਾਰਾ ਸ਼ਹਿਰ ਆ ਹੀ ਗਿਆ। ਸ਼ਹਿਰ ਦੀਆਂ ਜਗਮਗਾਉਂਦੀਆਂ ਬੱਤੀਆਂ ਤੇ ਵਿਚ-ਵਿਚਾਲੇ ਬੰਦ ਹੋ ਰਹੀਆਂ ਦੁਕਾਨਾਂ ਕਦੇ ਉਸ ਨੂੰ ਆਸ਼ਾਵਾਦੀ ਤੇ ਕਦੇ ਬਹੁਤ ਹੀ ਨਿਰਾਸ਼ ਕਰਦੀਆਂ। ਉਹ ਸ਼ਹਿਰ ਆਲੀ ਭੀੜ ਨੂੰ ਚੀਰਦਾ ਮੰਡੀ ਵਾਲੀ ਸੜਕ ਪੈ ਗਿਆ। ਮੰਡੀ ਉਸ ਤੋਂ ਕੋਈ ਬਹੁਤੀ ਦੂਰ ਨਹੀਂ ਸੀ ਪਰ ਡੋਬੂ ਮਨ ਨੂੰ ਮੰਜ਼ਿਲ ਹਾਲੇ ਵੀ ਦੂਰ ਦਿਖਾਈ ਦਿੰਦੀ।

ਉਸ ਇੰਜ ਫਿਕਰਾਂ 'ਚ ਮੰਡੀ ਵਾਲਾ ਮੂੰਹ ਵੇਖਿਆ। ਅੱਧੀ ਖੁਲ੍ਹੀ ਤੇ ਅੱਧੀ ਬੰਦ ਮੰਡੀ ਵੇਖ ਕੇ ਉਸ ਦਾ ਸਾਹ ਸੂਤਿਆ ਗਿਆ। ਉਸ ਸਾਈਕਲ ਨੂੰ ਖੰਭੇ ਨਾਲ ਖੜ੍ਹੀ ਕਰ ਬਿਨਾਂ ਤਾਲੇ ਲਾਏ ਤੇਜ਼ੀ ਨਾਲ ਇਕ ਕਿਸਮ ਦੀ ਦੌੜ ਜਿਹੀ ਲਾਈ। ਦੂਰੋਂ ਹੀ ਖੁਲ੍ਹੀ ਦੁਕਾਨ ਵੇਖ ਕੇ ਉਸ ਨੂੰ ਸਾਹ 'ਚ ਆਇਆ ਤੇ ਚਿਹਰਾ ਖੁਸ਼ੀ ਨਾਲ ਖਿੜ ਉਠਿਆ।

"ਮੈਂ ਤੇਰੀ ਉਡੀਕ ਕਰ ਰਿਹਾ ਸਾਂ, ਬੜਾ ਕੁਵੇਲਾ ਕਰ'ਤਾ।" ਮੀਂਹ ਮੱਲ ਨੇ ਉਸ ਨੂੰ ਵੇਖਦੇ ਹੋਏ ਆਖਿਆ।

"ਤਾਏ ਜ਼ੈਲੇ ਨੂੰ ਵੀ ਕਿਸੇ ਟਿਕਾਣੇ ਲਾਉਣਾ ਸੀ। ਸਵੇਰ ਦਾ ਲੱਗਾ ਸੀ ਪੀਣ, ਸ਼ਾਮੀਂ ਲੁੜਕਿਐ।"

"ਅੱਛਾ ਅੱਛਾ! ਆਹੋ ਭਾਈ ਜ਼ਮੀਨਾਂ ਦੇ ਕੰਮ ਈ ਏਦਾਂ ਦੇ ਨੇ।"

"ਲਿਆਓ ਸ਼ਾਹ ਜੀ ਕੱਢੋ ਪੈਸੇ।"

"ਠਹਿਰ ਕਾਕਾ ਦਮ ਤਾਂ ਲੈ ਲੈ, ਐਨਾ ਕਾਹਲਾ ਕਾਹਨੂੰ ਪੈਂਦੈਂ। ਐਨੀ ਦੂਰੋਂ ਆਇਆਂ। ਓਏ ਰਾਮੂ ਚਾਹ ਫੜੀਂ ਦੋ ਕੱਪ।" ਐਨਾ ਆਖ ਲਾਲਾ ਗੱਲੇ 'ਚੋਂ ਪੈਸੇ ਕੱਢ ਕੇ ਗਿਣਨ ਲੱਗਾ।

"ਲੈ ਬਈ ਪੁੱਤਰਾ ਤੁਹਾਡਾ ਸਾਰ'ਤਾ। ਤੁਸੀਂ ਨਾ ਆਖਿਓ ਲਾਲਾ ਕੰਮ ਨਹੀਂ ਆਇਆ। ਆਹ ਲੈ ਪਹਿਲਾਂ ਬਹੀ, 'ਤੇ ਕਰ ਦਸਤਖ਼ਤ।

"ਦਸਤਖ਼ਤ...ਦਸਤਖ਼ਤ ਜਿੰਨੇ ਮਰਜ਼ੀ।" ਤਾਰੇ ਨੇ ਪੈਨ ਫੜਿਆ ਤੇ ਅੰਗਰੇਜ਼ੀ 'ਚ ਦਸਤਖ਼ਤ ਕਰ'ਤੇ।

"ਕਾਕਾ ਪੈਸੇ ਗਿਣ ਲੈ।"

"ਲਾਲਾ ਜੀ ਤੁਸੀਂ ਗਿਣੇ ਈ ਆ।" ਉਸ ਬਿਨਾਂ ਗਿਣੇ ਜੇਬ 'ਚ ਪਾ ਲਏ।"

ਏਨੇ ਨੂੰ ਚਾਹ ਆ ਗਈ ਤੇ ਤਾਰਾ ਚਾਹ ਦੇ ਘੁੱਟਾਂ 'ਚ ਪੈਸੇ ਮਿਲਣ ਦੀ ਖੁਸ਼ੀ ਘੋਲ-ਘੋਲ ਪੀਣ ਲੱਗਾ। ਚਾਹ ਦਾ ਆਖਰੀ ਘੁੱਟ ਭਰਦਿਆਂ "ਚੰਗਾ ਲਾਲਾ ਜੀ, ਹਨੇਰਾ ਬਹੁਤ ਹੋ ਗਿਆ ਪਿੰਡ ਵੀ ਪਹੁੰਚਣੈ। ਰਕਮ ਵੀ ਜੇਬ 'ਚ ਆ।" ਉਸ ਫ਼ਤਹਿ ਬੁਲਾਈ। ਸਾਈਕਲ ਚੁੱਕੀ ਤੇ ਮੰਡੀਓਂ ਬਾਹਰ ਹੋ ਗਿਆ।

"ਇਹ ਮੁਹੱਲਾ ਏ ਕਿ ਕਨਾਟ ਪਲੇਸ। ਐਨੀ ਭੀੜ। ਇਸ ਨਾਲੋਂ ਤਾਂ ਚੰਗਾ ਸੀ ਉਹ ਬਾਹਰੋਂ ਬਾਹਰ ਹੀ ਹੋ ਜਾਂਦਾ।

"ਬਾਣੀਆ ਮੁਹੱਲਿਉਂ" ਬਾਹਰ ਆ ਕੇ ਉਸ ਸ਼ੁਕਰ ਕੀਤਾ। 'ਤੌਬਾ, ਤੌਬਾ ਮੇਰੇ ਪਿਉ ਦੀ ਮੁੜ ਕੇ ਨਹੀਂ ਆਉਂਦਾ ਇੱਧਰ। ਸਾਹਮਣੇ ਠੇਕਾ ਸੀ। ਉਸ ਸਾਈਕਲ ਖੜ੍ਹੀ ਕੀਤੀ। ਅੱਧੀਆ ਲਿਆ ਤੇ ਹਾਤੇ 'ਚ ਆ ਗਿਆ।

ਉਸ ਪੈਗ ਪਾਇਆ ਈ ਸੀ ਕਿ ਉਸ ਦੀ ਨਜ਼ਰ ਸਾਹਮਣੇ ਬੈਠੇ ਤਿੰਨ ਬਾਬੂਆਂ 'ਤੇ ਪਈ ਜੋ ਆਖਰੀ ਪੈਗ ਡਬਲ ਪਾ ਰਹੇ ਸਨ। ਉਨ੍ਹਾਂ 'ਚੋਂ ਇਕ ਬੋਲਿਆ, "ਨਾ ਤੂੰ ਤਾਂ ਪਟਿਆਲਾ ਵੀ ਟੱਪ ਚਲਿਆ। ਏ ਦਾਰੂ ਏ ਕਿ ਗੰਨੇ ਦਾ ਰਸ। ਐਵੀਂ ਪਲਟੀ ਜਾਂਦੈ।"

"ਜਲਦੀ ਜਲਦੀ ਚੁੱਕੋ ਤੇ ਟਿਭੀਏ ਇੱਥੋਂ, ਕਲ੍ਹ ਬਾਈਪਾਸ 'ਤੇ ਬੰਦਾ ਮਾਰ ਗਏ। ਵਿਚਾਰਾ ਸਾਈਕਲ 'ਤੇ ਜਾ ਰਿਹਾ ਸੀ। ਸਾਡੇ ਲਾਗਲੇ ਪਿੰਡ ਦਾ ਸੀ।"

ਇਹ ਬੋਲ ਤਾਰੇ ਨੂੰ ਜਿਵੇਂ ਧੁਰ ਅੰਦਰ ਤੱਕ ਹਿਲਾ ਗਏ। ਉਸ ਉਤੋ-ੜਿਤੀ ਦੋ ਹਾੜੇ ਲਾਏ ਤੇ ਹਾਤਿਉਂ ਬਾਹਰ ਹੋ ਗਿਆ।

"ਜਾਣਾ ਤਾਰੇ ਨੇ ਵੀ ਬਾਈਪਾਸ ਵੱਲ ਦੀ ਸੀ। ਨਸ਼ਾ ਉਸ ਦਾ ਜਾਂਦਾ ਲੱਗਿਆ ਸੀ। ਉਸ ਆਪਣੇ ਆਪ ਨੂੰ ਤਕੜਾ ਕੀਤਾ, "ਵੇਖੀ ਜਾਊ।" ਇਕ ਵਾਰੀ ਜੇਬ ਨੂੰ ਟੋਹਿਆ ਤੇ ਪਿੰਡ ਵੱਲ ਨੂੰ ਹੋ ਤੁਰਿਆ।

ਪਿੰਡ ਵੜਦਿਆਂ ਹੀ ਤਾਈ ਦੇਬੋ ਉਸ ਦੇ ਮੱਥੇ ਲੱਗੀ। ਉਸ ਦਾ ਮੱਥਾ ਠਣਕਿਆ। ਸਿਰ ਸ਼ਰਮ ਨਾਲ ਝੁੱਕ ਗਿਆ। "ਲਾਹਨਤ ਏ ਇਹੋ ਜਿਹੀ ਜ਼ਮੀਨ ਦੇ...।"

ਖੁਲ੍ਹੇ ਵਾਲ ਤੇ ਬੁਰਾ ਹਾਲ, ਲੰਬੜਾਂ ਦੇ ਪਿਛਵਾੜੇ ਉਸ ਤੰਦੂਰ ਤਪਾ ਰੱਖਿਆ ਸੀ। ਉਹ ਪਾਗਲਾਂ ਵਾਂਗ ਤੰਦੂਰ ਵਿਚ ਬਾਲਣ ਸੁੱਟਦੀ ਜਿਵੇਂ ਮੁਰਗੇ ਦੀ ਧੌਣ ਮਰੋੜ ਰਹੀ ਹੋਵੇ। ਇਹ ਹਰਕਤਾਂ ਉਹ ਵਾਰ-ਵਾਰ ਕਰਦੀ। ਤੰਦੂਰ ਵਿਚੋਂ ਅੱਗ ਦਾ ਭਬੂਕਾ ਨਿਕਲ ਦੂਰ ਤੱਕ ਹਨੇਰੇ ਦਾ ਗਲਾ ਘੁੱਟਦਾ ਚੌਗਿਰਦੇ ਨੂੰ ਰੁਸ਼ਨਾ ਜਾਂਦਾ।

"ਆ ਗਿਆ ਪੁੱਤਰ ਜੀਤੇ।" ਤਾਈ ਨੇ ਤਾਰੇ ਨੂੰ ਦੂਰੋਂ ਹੀ ਆਉਂਦਿਆਂ ਵੇਖ ਕੇ ਬੁਲ੍ਹਾਂ 'ਤੇ ਮੁਸਕਰਾਹਟ ਲਿਆਉਂਦਿਆਂ ਆਖਿਆ।

ਇਹ ਸੁਣ ਕੇ ਤਾਰੇ ਦਾ ਚਿਹਰਾ ਮਸੋਸਿਆ ਗਿਆ।

"ਆ ਜਾ ਤੰਦੂਰ ਤਪਿਐ। ਭੁੱਖ ਲੱਗੀ ਹੋਣੀ ਤੈਨੂੰ। ਹੁਣੇ ਲਾਹ ਦਿੰਦੀ ਆ ਰੋਟੀ। ਵੇ ਤੂੰ ਕਿੱਥੇ ਤੁਰ ਗਿਆ ਸੈਂ, ਕੱਲੀ ਮਾਂ ਨੂੰ ਛੱਡ ਕੇ।"

ਤਾਰੇ ਦਾ ਗੱਚ ਭਰ ਆਇਆ। ਅਸੀਂ ਕੀ ਕਰਨ ਲੱਗੇ ਆਂ, ਇਸ ਗਰੀਬਣੀ ਨਾਲ। ਪੁੱਤ ਰਿਹਾ ਨਹੀਂ, ਘਰ ਵਾਲਾ ਅਮਲੀ ਏ ਤੇ ਇਹ... ਇਹ ਵਿਚਾਰੀ ਪੁੱਤ ਦੇ ਵਿਯੋਗ ਵਿਚ ਪਾਗਲ...।"

ਜੀਤਾ ਮੇਰਾ ਯਾਰ ਸੀ ਇੱਕਠੇ ਪੜ੍ਹੇ ਸਾਂ। ਇਕ ਦੂਜੇ ਤੋਂ ਬਿਨਾ ਸਾਹ ਨਹੀਂ ਸਾਂ ਭਰਦੇ। ਤਾਰਾ ਸਿੰਆਂ ਤੈਨੂੰ ਕਿੱਥੇ ਮਿਲੂ ਢੋਈ।"

ਯਾਰ ਮਰਿਆ ਨਹੀਂ, ਤੂੰ ਲੱਗੈਂ ਉਸ ਦੀ ਜ਼ਮੀਨ ਹਥਿਆਉਣ। ਚੱਪਣੀ 'ਚ ਨੱਕ ਡਬੋ ਕੇ ਮਰ ਜਾ। ਕਿਉਂ ਪਿਓ ਦੀ 'ਹਾਂ' ਵਿਚ ਹਾਂ ਮਿਲਾਉਂਦਾ ਤੁਰਿਆ ਜਾ ਰਿਹੈਂ। ਹਾਲੇ ਵੀ ਕੁਝ ਨਹੀਂ ਵਿਗੜਿਆ। ਰਜਿਸਟਰੀ ਸਵੇਰੇ ਹੋਣੀ ਏ।"

"ਆ ਵੀ ਜਾ ਹੁਣ। ਇੱਥੇ ਕੀ ਬਿੱਟ ਬਿੱਟ ਤੱਕੀ ਜਾਂਦੈਂ।" ਤਾਰੇ ਨੇ ਦੋ ਤਿੰਨ ਵਾਰੀ ਸਿਰ ਨੂੰ ਹਲੂਣਿਆ। "ਤਾਈ ਪੈਰੀਂ ਪੈਨਾਂ, ਮੈਂ ਤਾਰਾ ਆਂ।" ਬੜੀ ਮੁਸ਼ਕਿਲ ਨਾਲ ਉਸ ਦੇ ਮੂੰਹੋਂ ਨਿਕਲਿਆ ਪਰ ਉਹ ਤਾਈ ਦੀਆਂ ਅੱਖਾਂ ਦੀ ਤਾਬ ਨਾ ਝੱਲ ਸਕਿਆ।

"ਵੇ ਪੁੱਤ ਮੇਰਾ ਜੀਤਾ ਕਿੱਥੇ ਆ? ਜਾ ਲਿਆ ਉਸ ਨੂੰ ਟੋਲ ਕੇ, ਕਈ ਦਿਨਾਂ ਤੋਂ ਘਰ ਨਹੀਂ ਆਇਆ। ਦੋਵੇਂ ਵੀਰ ਰਲ ਕੇ ਰੋਟੀ ਖਾਇਉ, ਆਟਾ ਗੁੰਨ੍ਹਿਆ ਪਿਐ।"

"ਤਾਈ ਜੀਤੇ ਨੇ ਹੁਣ ਨਹੀਂ ਆਉਣਾ। ਉਹ ਤਾਂ ਖ਼ਾਕੀ ਵਰਦੀ ਵਾਲਿਆਂ ਨਿਗਲ ਲਿਆ।" ਆਖ਼ਰ ਤਾਰੇ ਨੇ ਤਾਈ ਨੂੰ ਸੱਚ ਤੋਂ ਜਾਣੂ ਕਰਵਾਉਣ ਵਿਚ ਹੀ ਬੇਹਤਰੀ ਸਮਝੀ। ਸ਼ਾਇਦ ਪੁੱਤਰ ਦੀ ਮੌਤ ਸੁਣ ਕੇ ਤਾਈ ਰੋ ਪਵੇ ਤੇ ਠੀਕ ਹੋ ਜਾਵੇ।

"ਨਹੀਂ ਤੂੰ ਝੂਠ ਬੋਲਦੈਂ, ਮੇਰਾ ਜੀਤਾ ਜ਼ਰੂਰ ਆਊਗਾ।" ਉਸ ਦੇ ਬੋਲਾਂ ਵਿਚ ਦ੍ਰਿੜ੍ਹਤਾ ਸੀ।

"ਨਹੀਂ ਤਾਈ ਜੀਤੇ ਨਹੀਂ ਆਉਣਾ, ਉਹ ਸਾਥੋਂ ਬਹੁਤ ਦੂਰ ਚਲਾ ਗਿਆ।" ਤਾਰੇ ਦੀਆਂ ਅੱਖਾਂ ਭਰ ਆਈਆਂ। ਉਹ ਹੌਲੀ-ਹੌਲੀ ਮੁਰਦਿਆਂ ਵਾਂਗ ਸਾਈਕਲ ਘਸੀਟਦਾ ਘਰ ਵੱਲ ਨੂੰ ਹੋ ਤੁਰਿਆ।

ਘਰ ਆ ਕੇ ਤਾਰੇ ਨੇ ਸਾਈਕਲ ਨੂੰ ਇਕ ਨੁੱਕਰੇ ਖੜ੍ਹਾ ਕੀਤਾ। ਚੁੱਲ੍ਹੇ ਮੋਹਰੇ ਬੈਠੀ ਸੁਰਜੀਤ ਨੂੰ ਅੰਦਰ ਆਉਣ ਦਾ ਇਸ਼ਾਰਾ ਕੀਤਾ। ਵੀਹ ਹਜ਼ਾਰ ਉਸ ਦੀ ਤਲੀ 'ਤੇ ਧਰਿਆ ਤੇ ਆਪ ਬੁਝਿਆ ਜਿਹਾ ਚੁਲ੍ਹੇ ਅੱਗੇ ਆ ਬੈਠਾ। ਸੁਰਜੀਤ ਖੁਸ਼ ਸੀ ਕਿ ਕੰਮ ਸਿਰੇ ਚੜ੍ਹ ਗਿਐ।

"ਨਾ ਕੀ ਗੱਲ? ਪੈਸਿਆਂ ਦਾ ਜੁਗਾੜ ਤਾਂ ਹੋ ਗਿਆ। ਹੁਣ ਕਾਹਦਾ ਝੋਰਾ ਲਾਈ ਬੈਠੇਂ?"

"ਝੋਰਾ ਕਾਹਦਾ, ਬਾਹਰ ਲੰਬੜ ਦੇ ਪਿੱਛੇ ਤਾਈ ਦੇਬੋ ਵਿਚਾਰੀ...?"

"ਛੱਡ ਉਹਦੀ ਗੱਲ, ਉਹ ਤੇ ਸ਼ਦੈਣ ਏਂ। ਹੱਥ ਪੈਰ ਧੋਣੇ ਆ ਤਾਂ ਪਾਣੀ ਗਰਮ ਰੱਖ ਦੇਵਾਂ।"

"ਪਾਣੀ ਨੂੰ ਛੱਡ, ਜਾ ਅੰਦਰੋਂ ਰਜਾਈ ਲਿਆ।"

"ਉਹ ਕਾਹਦੇ ਲਈ।"

"ਤਾਈ ਨੂੰ ਦੇ ਆਵਾਂ। ਚੀਥੜਿਆਂ 'ਚ ਵਿਚਾਰੀ ਦੇ ਪੈਰ ਵੀ ਨੰਗੇ ਆ। ਠੰਢ ਵੀ ਉਪਰੋਂ ਕਿੰਨੀ ਏ।"

ਸੁਰਜੀਤ ਅੰਦਰੋਂ ਰਜਾਈ ਲੈ ਆਈ। ਤਾਰਾ ਰਜਾਈ ਚੁੱਕ ਤਾਈ ਵੱਲ ਨੂੰ ਹੋ ਤੁਰਿਆ। ਤਾਈ ਤਾਂ ਉਥੇ ਹੈ ਈ ਨਹੀਂ ਸੀ। ਸਾਰਾ ਪਿੰਡ ਦੱਬੇ ਪੈਰੀਂ ਗਾਹ ਮਾਰਿਆ ਪਰ ਤਾਈ ਨਾ ਲੱਭੀ। ਅੰਤ ਥੱਕ ਹਾਰ ਕੇ ਵਾਪਸ ਘਰ ਨੂੰ ਪਰਤ ਆਇਆ।



ਸੁਰਜੀਤ ਬੂਹੇ 'ਚ ਖੜ੍ਹੀ ਉਸ ਦੀ ਉਡੀਕ ਕਰ ਰਹੀ ਸੀ। "ਕੀ ਗੱਲ ਰਜਾਈ ਵਾਪਸ ਲੈ ਆਇਆਂ।"

"ਪਤਾ ਨਹੀਂ ਕਿੱਥੇ ਚਲੇ'ਗੀ ਤਾਈ। ਸਾਰਾ ਪਿੰਡ ਘੁੰਮ ਆਇਆਂ।"

ਜਨਕੋਂ ਕਹਿੰਦੀ ਸੀ ਗੁਰਦੁਆਰੇ ਤਾਈ ਦੀ ਮੰਜੀ ਡੱਠੀ ਏ। ਜਦੋਂ ਠੰਢ ਲੱਗੀ, ਆਪੇ ਜਾ ਪੈਣਾ ਉਸ, ਵੈਸੇ ਵੀ ਉਹਨੂੰ ਕੌਣ ਰੋਕਦਾ। ਜਿਸ ਘਰ ਜਾ ਵੜੀ, ਉਥੇ ਬਿਸਤਰਾ ਮਿਲ ਜਾਣਾ। ਮੈਂ ਸ਼ਾਮੀਂ ਤੁਹਾਡੇ ਜਾਣ ਤੋਂ ਬਾਅਦ ਆਪ ਬੁਲਾ ਕੇ ਉਸ ਨੂੰ ਚਾਹ ਦਾ ਗਿਲਾਸ ਭਰ ਕੇ ਦਿੱਤਾ ਸੀ। ਲੋਹੜਾ ਹੋਇਆ! ਜਵਾਨ ਪੁੱਤਰ ਦੀ ਮੌਤ ਨੇ...।" ਉਸ ਹਉਕਾ ਭਰਿਆ। ਕੁਝ ਪਲਾਂ ਲਈ ਦੋਵਾ 'ਚ ਚੁੱਪ ਤਣੀ ਰਹੀ। ਉਸ ਚੁੱਪ ਨੂੰ ਸੁਰਜੀਤ ਤੋੜਦੀ ਬੋਲੀ, ਬਾਪੂ ਉਡੀਕ ਉਡੀਕ ਗਿਆ ਹਵੇਲੀ ਨੂੰ। ਉਹ ਤਾਏ ਨੂੰ ਫੁੱਫੜ ਦੇ ਹਵਾਲੇ ਕਰ ਆਏ ਨੇ। ਫੁੱਫੜ ਕਹਿੰਦਾ ਸੀ। ਤੁਹਾਡੇ ਆਉਣ ਤੱਕ ਮੈਂ ਸਾਰੇ ਕਾਗਜ਼ ਤਿਆਰ ਕਰਵਾ ਰੱਖਾਂਗਾ।"

ਤਾਰੇ ਨੂੰ ਇਨ੍ਹਾਂ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਸੀ।

"ਰੋਟੀ ਗਰਮ ਕਰ ਦੇਵਾਂ ਕਿ ਹਾਲੇ ਪੈਗ...।"

"ਰੋਟੀ ਮੈਂ ਸ਼ਹਿਰੋਂ ਈ ਖਾਂ ਆਇਆਂ।" ਉਸ ਝੂਠ ਬੋਲਿਆ। ਉਸ ਦਾ ਮਨ ਸਭ ਕਾਸੇ ਤੋਂ ਉਚਾਟ ਹੋ ਗਿਆ ਸੀ ਤੇ ਉਹ ਮੰਜੇ 'ਤ ਆ ਕੇ ਲੇਟ ਗਿਆ।

ਛੱਤ ਉਪਰ ਬਾਲਿਆਂ ਨੂੰ ਵੇਖਿਆ। ਬਾਲੇ ਉਸ ਨੂੰ ਖੇਤਾਂ ਦੀਆਂ ਆੜਾਂ ਜਾਪੇ। ਨਛੱਤਰ ਸਿੰਘ ਦੇ ਬੋਲ ਉਸ ਦੇ ਕੰਨਾ 'ਚ ਗੂੰਜੇ, "ਤਾਰਿਆ ਭੁੱਲ ਜਾ ਜ਼ੈਲੇ ਹੁਰਾਂ ਦੀ ਜ਼ਮੀਨ ਨੂੰ ਤੇ ਐਵੇਂ ਆੜ ਨਾ ਛਿੱਲੀ ਜਾ ਇਧਰੋਂ! ਠੇਕਾ ਭਰਦੇ ਆਂ ਅਸੀਂ ਏਹਦਾ।

"ਮਾਂ ਦਾ ਖਸਮ! ਆਂਹਦਾ ਸੀ ਅੱਖ ਨਾ ਰੱਖੀਂ ਜ਼ਮੀਨ 'ਤੇ ਠੇਕਾ ਭਰਦੇ ਆਂ।" ਫਿਰ ਖਿਆਲਾਂ ਨੇ ਕਰਵਟ ਬਦਲੀ।

"ਇਸ ਨਛਤਰੂ ਨੇ ਤਾਂ ਸਾਨੂੰ ਵੀ ਮਜ਼ਬੂਰ ਕਰ'ਤਾ। ਨਹੀਂ ਤਾਂ ਅਸੀਂ ਕਦੇ ਵੀ ਤਾਏ ਦੀ ਜ਼ਮੀਨ...ਹੁਣ ਕੀ ਕਰੀਏ? ਨਛਤਰੂ ਨੂੰ ਤਾਂ ਸਬਕ ਸਿਖਾਉਣਾ ਈ ਪਊ। ਉਦਣ ਭੈਣ ਦੇਣੀ ਦਾ ਆਹੰਦਾ ਸੀ ਜੱਟ ਦੇ ਗੁੱਸੇ ਨੂੰ ਤਾਂ ਚੰਗੀ ਤਰ੍ਹਾਂ ਜਾਣਦਾ ਈ ਆਂ।

ਏਦਾਂ ਨਹੀਂ ਸਰਨਾ ਹੁਣ ਤਾਈ ਨੂੰ ਮੈਂ ਆਪਣੇ ਘਰ ਲੈ ਆਉਣਾ। ਸ਼ਹਿਰ ਚੰਗੇ ਜਿਹੇ ਡਾਕਟਰ ਕੋਲ ਉਸ ਦਾ ਇਲਾਜ ਕਰਾਊਂ। ਜੇ ਜੀਤਾ ਨਹੀਂ ਰਿਹਾ, ਮੈਂ ਤਾਂ ਬੈਠਾਂ...।" ਇੰਜ ਉਹ ਆਪਣੇ ਮਨ ਨਾਲ ਗੱਲ ਕਰਦਾ ਪਤਾ ਨਹੀਂ ਕਦੋਂ ਸੌਂ ਗਿਆ।

"ਤਾਰਿਆ ਉਠ ਵਈ, ਕਿੱਡਾ ਦਿਨ ਚੜ੍ਹ ਆਇਐ।" ਐਨਾ ਆਖ ਕੇ ਨਾਜਰ ਸਿੰਘ ਅਲਮਾਰੀ 'ਚੋਂ ਕਾਗਜ਼ ਲੱਭਣ ਲੱਗਾ।

ਤਾਰਾ ਉਠਿਆ ਪਰ ਉਠਣ ਨੂੰ ਮਨ ਨਹੀਂ ਕਰ ਰਿਹਾ ਸੀ। ਸਾਰਾ ਸਰੀਰ ਥਕਾਵਟ ਨਾਲ ਚੀਨਾ ਚੀਨਾ ਹੋਇਆ ਪਿਆ ਸੀ। ਸਰੀਰ ਵਿਚ ਜਿਵੇਂ ਜਾਨ ਨਾ ਹੋਵੇ, ਉਹ ਬਿਮਾਰਾਂ ਵਾਂਗ ਖੁਰੇ ਵੱਲ ਨੂੰ ਹੋ ਤੁਰਿਆ।

ਨਾਜ਼ਰ ਸਿੰਘ ਕਾਗਜ਼ ਲੱਭ ਕੇ ਲੰਬੜ ਦੇ ਘਰ ਵੱਲ ਨੂੰ ਹੋ ਤੁਰਿਆ। ਤਾਰੇ ਦਾ ਮਨ ਤਾਂ ਕੀਤਾ ਬਾਪੂ ਨੂੰ ਆਖ ਦੇਵੇ, "ਅਸੀਂ ਨਹੀਂ ਕਰਾਉਣੀ ਰਜਿਸਟਰੀ, ਸਾਡੇ ਕੋਲ ਗੁਜ਼ਾਰੇ ਜੋਗੀ ਜ਼ਮੀਨ ਬਥੇਰੀ ਆ।" ਪਰ ਕਹਿ ਨਾ ਸਕਿਆ।

ਧੁੰਦ ਵੀ ਅੱਜ ਕਹਿਰ ਦੀ ਸੀ। ਦਸ ਵੱਜ ਗਏ ਸਨ, ਧੁੱਪ ਦਾ ਨਾਂ ਨਿਸ਼ਾਨ ਨਹੀਂ ਸੀ। ਉਹ ਹਾਲੇ ਫਿਰਨੀ ਵੀ ਨਹੀਂ ਸਨ ਟੱਪੇ ਕਿ ਪਿਛਿਓਂ ਚੰਨੂੰ ਚੌਕੀਦਾਰ ਦੀ ਆਵਾਜ਼ ਕੰਨੀਂ ਪਈ।

"ਲੰਬੜਦਾਰ ਜੀ ਬੁੜੀ ਦੇਬੋ ਕਰ ਗਈ ਚੜ੍ਹਾਈਆਂ ਰਾਤੀਂ। ਅਹੁ ਪਈ ਏ ਬੋਹੜ ਦੇ ਥੱਲੇ।"

"ਵਾਹਿਗੁਰੂ" ਨੰਬਰਦਾਰ ਦੇ ਮੂੰਹੋਂ ਏਨਾ ਹੀ ਨਿਕਲਿਆ।

ਇਹ ਸੁਣ ਤਾਰਾ ਧੁਰ ਅੰਦਰ ਤੱਕ ਹਿੱਲ ਗਿਆ ਤੇ ਬੋਹੜ ਵੱਲ ਨੂੰ ਹੋ ਤੁਰਿਆ। ਤਾਈ ਦੀ ਲਾਸ਼ ਠੰਢ ਨਾਲ ਆਕੜੀ ਪਈ ਸੀ। ਤਾਰੇ ਦੀਆਂ ਅੱਖਾਂ ਮੋਹਰੇ ਕੱਲ ਰਾਤ ਜੋ ਵਾਪਰਿਆ ਸੀ, ਆ ਖੜਾ ਹੋਇਆ। ਉਸ ਨੂੰ ਲੱਗਿਆ ਦੇਬੋ ਦੀ ਮੌਤ ਦਾ ਉਹੀ ਜ਼ੁੰਮੇਵਾਰ ਹੋਵੇ। ਉਸ ਤਾਈ ਦਾ ਸਿਰ ਆਪਣੇ ਪੱਟਾਂ 'ਤੇ ਰੱਖ ਲਿਆ ਤੇ ਫੁੱਟ-ਫੁੱਟ ਰੋਣ ਲੱਗਾ।

ਇਹ ਵੇਖ ਚੰਨੂੰ ਦੀਆਂ ਵੀ ਅੱਖਾਂ ਭਰ ਆਈਆਂ। ਤਾਰਾ ਸਿੰਘਾ ਮਾੜਾ ਹੋਇਆ। ਬੜੀ ਚੰਗੀ ਸੀ ਪੁੱਤ ਦਾ ਝੋਰਾ ਈ ਖਾ ਗਿਆ। ਚੰਨੂੰ ਨੇ ਸਾਫ਼ੇ ਨਾਲ ਅੱਖਾਂ ਸਾਫ਼ ਕਰਦਿਆਂ ਆਖਿਆ।

ਵੇਖਦੇ ਹੀ ਵੇਖਦੇ ਸਾਰਾ ਪਿੰਡ ਇਕੱਠਾ ਹੋ ਗਿਆ। ਸਭ ਤਾਈ ਦੇਬੋ ਦੀਆਂ ਗੱਲਾਂ ਕਰਨ ਲੱਗੇ।

ਨਾਜਰ ਸਿੰਘ ਨੇ ਨੰਬਰਦਾਰ ਨੂੰ ਇਕ ਪਾਸੇ ਲਿਜਾ ਕੇ ਆਖਿਆ, "ਨੰਬਰਦਾਰ ਜੀ ਇਹ ਤਾਂ ਮਰਗ ਹੋ ਗਿਆ। ਚੰਗੇ ਕੰਮ ਚੱਲੇ ਸੀ, ਜੋ ਵਾਹਿਗੁਰੂ ਨੂੰ ਮਨਜ਼ੂਰ। ਹੁਣ ਕੀ ਕਰੀਏ? ਰਜਿਸਟਰੀ ਦਾ ਫਾਹਾ ਵੱਢ ਆਈਏ ਤੇ ਦਾਗਾਂ ਤੋਂ ਪਹਿਲਾਂ ਪਹਿਲਾਂ ਮੁੜਨ ਵਾਲੇ ਬਣੀਏ। ਕਿਤੇ ਜ਼ੈਲਾ ਦੇਬੋ ਦੀ ਮੌਤ ਸੁਣ ਕੇ ਭੱਜ ਈ ਨਾ ਆਵੇ ਪਿੰਡ ਨੂੰ, ਤਾਰੇ ਨੂੰ ਬੁਲਾਓ ਚੱਲੀਏ ਹੁਣ।"

ਨੰਬਰਦਾਰ ਨੇ ਬੜੇ ਠਰ੍ਹੰਮੇ ਨਾਲ ਤਾਰੇ ਦੇ ਮੋਢੇ 'ਤੇ ਹੱਥ ਰਖਦਿਆਂ ਕਿਹਾ, "ਚੱਲ ਬਈ ਜਵਾਨਾ, ਇਹ ਤਾਂ ਵਿਚਾਰੀ ਮਿੱਟੀ ਹੋ ਗਈ। ਉਠ ਆਪਾਂ ਵੀ ਕੰਮ ਨਿਬੇੜ ਆਈਏ।"

ਨਾਜ਼ਰ ਸਿੰਘ ਨੂੰ ਤਾਰੇ 'ਤੇ ਗੁੱਸਾ ਆ ਰਿਹਾ ਸੀ ਕਿ ਚੰਗਾ ਭਲਾ ਪਤੈ ਇਸ ਨੂੰ ਰਜਿਸਟਰੀ ਕਰਾਉਣੀ ਏ, ਉਹ ਸ਼ਹਿਰ ਉਡੀਕਦੇ ਹੋਣੇ। ਕਈ ਦਿਨਾਂ ਦੇ ਇਸੇ ਪਾਸੇ ਲੱਗੇ ਆਂ। ਇਹ ਮਾਂ ਦਾ ਖਸਮ ਵੇਖ ਖਾਂ ਕਿਵੇਂ ਬੁੜੀਆਂ ਵਾਂਗ ਲੱਗੈ ਰੋਣ, ਜਿਵੇਂ ਇਹਦੀ ਮਾਂ ਮਰ ਗਈ ਹੋਵੇ।

ਤਾਰਾ ਚਾਹੁੰਦਾ ਤਾਂ ਸੀ, ਆਖ ਦੇਵੇ ਬਾਪੂ ਨੂੰ 'ਅਸੀਂ ਨਹੀਂ ਕਰਾਉਣੀ ਰਜਿਸਟਰੀ' ਪਰ ਪਤਾ ਨਹੀਂ ਉਸ ਦਾ ਮਨ ਕਿਸ ਮਿੱਟੀ ਦਾ ਬਣਿਆ ਹੋਇਆ ਸੀ। ਉਹ ਉਠਿਆ ਤੇ ਮਗਰ ਮਗਰ ਹੋ ਤੁਰਿਆ। ਉਸ ਦੀਆਂ ਅੱਖਾਂ ਅੱਗੇ ਅਤੀਤ ਦੇ ਕਈ ਦ੍ਰਿਸ਼ ਉਭਰ ਗਏ।

ਉਦੋਂ ਤਾਈ ਦੇਬੋ ਭਰ ਜਵਾਨ ਘੋੜੇ ਵਾਂਗ ਭੱਜੀ ਫਿਰਦੀ, ਕੰਮ ਮੁਕ ਜਾਂਦਾ ਪਰ ਤਾਈ ਨਾ ਥੱਕਦੀ। ਤਾਇਆ ਅਮਲੀ ਸੀ। ਸਾਰਾ ਦਿਨ ਅਮਲ ਖਾ ਕੇ ਵੇਹਲਿਆਂ ਦੀ ਢਾਣੀ 'ਚ ਬੈਠਾ ਰਹਿੰਦਾ।

ਇਕ ਵਾਰ ਚਾਚਾ ਹਰਨਾਮਾ ਤਾਏ ਜ਼ੈਲੇ ਬਾਰੇ ਦੱਸਣ ਲੱਗਾ, ਰੌਲਿਆਂ ਦਾ ਸਾਲ ਸੀ, ਤਾਇਆ ਉਦੋਂ ਭਰ ਜਵਾਨ ਸੀ, ਜਵਾਨੀ 'ਚ ਉਸ ਦਾ ਇਕੋ ਸ਼ੌਂਕ ਸੀ, ਮਾਲਸ਼ ਕਰਨੀ, ਡੰਡ ਬੈਠਕਾਂ ਕੱਢਣੀਆਂ ਤੇ ਖਾੜੇ 'ਚ ਘੁਲਣਾ। ਉਸ ਦੇ ਗੇਲੀ ਗੇਲਣੀ ਵਰਗੇ ਪੱਟ ਤੇ ਪਹਾੜ ਜਿੱਡੀ ਛਾਤੀ ਵੇਖ ਕੇ 'ਪ੍ਰਤਾਪੀ' ਜੋ ਆਪਣੇ ਵੇਲੇ ਦੀ ਸਭ ਤੋਂ ਹੁਸੀਨ ਕੁੜੀ ਸੀ, ਤਾਏ 'ਤੇ ਲੱਟੂ ਹੋ ਗਈ। ਦੋਵੇਂ ਲੁਕ-ਲੁਕ ਇਕ ਦੂਜੇ ਨੂੰ ਮਿਲਣ ਲੱਗੇ। ਲੋਕਾਂ ਦੀ ਜ਼ਬਾਨ ਤੇ ਇਨ੍ਹਾਂ ਦੀਆਂ ਗੱਲਾਂ ਹਾਲੇ ਤੁਰੀਆਂ ਹੀ ਸਨ, ਰੌਲੇ ਪੈ ਗਏ।

'ਪ੍ਰਤਾਪੀ' ਦਾ ਕੋਈ ਥਹੁ ਪਤਾ ਨਾ ਲੱਗਾ। ਉਹ ਕਿੱਥੇ ਗਈ, ਜਿਊਂਦੀ ਏ ਕਿ ਮਰ ਗਈ ਏ। ਸਿਆਲਕੋਟ ਤੋਂ ਇੱਧਰ ਆ ਕੇ ਤਾਇਆ ਉਦਾਸ ਰਹਿਣ ਲੱਗਾ। ਉਸ ਨੂੰ ਹਰ ਵੇਲੇ ਪ੍ਰਤਾਪੀ ਦੀ ਯਾਦ ਸਤਾਉਂਦੀ। ਉਹ ਸਾਰੀ ਸਾਰੀ ਰਾਤ ਜਾਗ ਕੇ ਹਾਉਕੇ ਭਰਦਾ। ਗ਼ਮ ਤੋਂ ਛੁਟਕਾਰਾ ਪਾਉਣ

*(ਅਗਲੇ ਸਫੇ 'ਤੇ ਜਾਰੀ)*

ਲਈ ਉਹ ਕਦੇ ਅਫੀਮ ਖਾਂਦਾ ਤੇ ਕਦੇ ਸ਼ਰਾਬ ਪੀ ਛੱਡਦਾ। ਤਾਏ ਦੇ ਬਾਪੂ ਨੇ ਜਦੋਂ ਆਪਣੇ ਪੁੱਤਰ ਦੀ ਇਹ ਹਾਲਤ ਵੇਖੀ ਤਾਂ ਉਸ ਇਸ ਦਾ ਵਿਆਹ ਕਰ'ਤਾ। ਪਰ ਤਾਇਆ 'ਪ੍ਰਤਾਪੀ' ਨੂੰ ਨਾ ਭੁੱਲ ਸਕਿਆ 'ਪ੍ਰਤਾਪੀ' ਦੀ ਥਾਂ ਨਸ਼ਿਆਂ ਨੇ ਲੈ ਲਈ। ਤਾਈ ਬਥੇਰਾ ਯਤਨ ਕਰਦੀ, ਉਸ ਨੂੰ ਖੁਸ਼ ਰੱਖਣ ਦਾ। ਪਰ ਤਾਇਆ ਨਾ ਖੁਸ਼ ਹੋਇਆ। ਨਸ਼ਿਆਂ ਨੇ ਉਸ ਦਾ ਸਾਰਾ ਸਰੀਰ ਖੋਰ'ਤਾ ਤੇ ਉਹ ਕੁਝ ਸਾਲਾਂ 'ਚ ਹੀ ਹੱਡੀਆਂ ਦੀ ਮੁੱਠ ਬਣ ਕੇ ਰਹਿ ਗਿਆ।

ਜੀਤੇ ਦੇ ਮਨ ਵਿਚ ਪਿਉ ਪ੍ਰਤੀ ਰੋਹ ਸੀ ਤੇ ਮਾਂ ਦੇ ਨਾਲ ਅੰਤਾਂ ਦਾ ਮੋਹ। ਉਹ ਆਪਣੀ ਮਾਂ ਲਈ ਬੜਾ ਕੁਝ ਕਰਨਾ ਚਾਹੁੰਦਾ ਸੀ ਪਰ ਕਰ ਨਾ ਸਕਿਆ।

ਦਸਵੀਂ ਪਾਸ ਕਰਕੇ ਉਹ ਆਪ ਵਾਹੀ 'ਚ ਫਸ ਗਿਆ ਤੇ ਘਰ ਵਿਚ ਗਰੀਬੀ ਹੋਣ ਦੇ ਬਾਵਜੂਦ ਪੜ੍ਹਾਈ ਕਰਨ ਸ਼ਹਿਰ ਤੁਰ ਗਿਆ। ਪਹਿਲੇ ਤਿੰਨ ਸਾਲ ਉਸ ਬੜੇ ਇਨਾਮ ਜਿੱਤੇ। ਹੱਡਾਂ ਦਾ ਮੋਕਲਾ ਸੀ, ਬਿਲਕੁਲ ਆਪਣੇ ਪਿਉ 'ਤੇ ਗਿਆ ਸੀ। ਕਈ ਛਿੰਜਾਂ ਜਿੱਤੀਆਂ ਸਨ ਉਸ ਨੇ ਤੇ ਫਿਰ ਕਾਲਜ ਵੱਲੋਂ ਕੁਸ਼ਤੀਆਂ ਲੜਨ ਲੱਗਾ। ਕਾਲਜ ਦਾ ਬੈਸਟ ਖਿਡਾਰੀ ਵੀ ਚੁਣਿਆ ਗਿਆ। ਬੀ.ਏ. ਦੇ ਆਖਰੀ ਸਾਲ 'ਚ ਉਹ ਆਪਣੇ ਬੇਲੀਆਂ ਦੇ ਜ਼ੋਰ ਪਾਉਣ ਤੇ ਸਪੋਰਟਸ ਕਾਲਜ ਨੂੰ ਛੱਡ ਕੇ 'ਖ਼ਾਲਸਾ ਕਾਲਜ' ਆ ਗਿਆ। ਖ਼ਾਲਸਾ ਕਾਲਜ 'ਚ ਉਸ ਨੂੰ ਕੁਝ ਮਹੀਨੇ ਹੀ ਬੀਤੇ ਸਨ, ਉਸ ਦਾ ਰੰਗ ਢੰਗ ਬਦਲ ਗਿਆ। ਉਹ ਕਲੀਨ ਸੇਵ ਤੋਂ ਪੂਰਾ ਸਿੰਘ ਬਣ ਗਿਆ। ਭਰਵੀਂ ਸੰਘਣੀ ਦਾੜ੍ਹੀ ਉਹ ਪੂਰਾ ਜਥੇਦਾਰ ਜਾਪਦਾ। ਅਖਾੜੇ ਵਿਚ ਉਸ ਦਾ ਜਾਣਾ ਛੁੱਟ ਗਿਆ ਸੀ।

ਉਹ ਹਨੇਰੇ ਸਵੇਰੇ ਆਪਣੇ ਸਾਥੀਆਂ ਨਾਲ ਪਿੰਡ ਆਉਂਦਾ ਥੋੜ੍ਹੀ ਦੇਰ ਅਟਕਦਾ ਤੇ ਚੱਲਿਆ ਜਾਂਦਾ। ਉਸ ਨੂੰ ਹਮੇਸ਼ਾ ਜਾਣ ਦੀ ਕਾਹਲ ਹੁੰਦੀ।

ਨਛੱਤਰੂ ਤਾਂ ਪਹਿਲਾਂ ਈ ਉਸ ਦੇ ਹਿੱਸੇ ਬਚੇ ਖੁਚੇ ਚਾਰ ਕੁ ਸਿਆੜਾਂ 'ਤੇ ਅੱਖਾਂ ਟਿਕਾਈ ਬੈਠਾ ਸੀ। ਉਸ ਲੋਕਾਂ ਦੇ ਕੰਨ ਭਰਨੇ ਸ਼ੁਰੂ ਕਰ'ਤੇ, ਲੋਕੀਂ ਜੀਤੇ ਤੋਂ ਤ੍ਰਹਿਣ ਲੱਗੇ।

ਉਹ ਛੁੱਟੀਆਂ 'ਚ ਪੂਰੇ ਪੰਦਰਾਂ ਦਿਨ ਪਿੰਡ ਰਿਹਾ ਸੀ। ਉਹ ਜਦ ਵੀ ਆਪਣੇ ਪਿੰਡ ਦੇ ਕਿਸੇ ਬੇਲੀ ਜਾਂ ਵਿਹੜਿਉਂ ਲਗਦੇ ਚਾਚੇ ਤਾਏ ਜਾਂ ਭਰਾ ਨੂੰ ਬੁਲਾਉਂਦਾ, ਉਹ ਉਸ ਦੀ ਗੱਲ ਦਾ ਪੂਰਾ ਹੁੰਗਾਰਾ ਨਾ ਭਰਦੇ 'ਤੇ ਉਸ ਤੋਂ ਡਰਦੇ ਖਿਸਕਣ ਦੀ ਕਰਦੇ। ਉਹ ਇਹ ਸਭ ਵੇਖ ਬੜਾ ਦੁੱਖੀ ਹੁੰਦਾ। ਮੇਰੇ ਨਾਲ ਆਪਣਾ ਦੁੱਖੜਾ ਸਾਂਝਾ ਕਰਦਾ। ਮੈਂ ਸਭ ਕੁਝ ਜਾਣਦੇ ਹੋਏ ਵੀ ਉਸ ਦਾ ਦਿਲ ਰੱਖਣ ਲਈ ਆਖਦਾ, "ਨਹੀਂ ਜੀਤਿਆ ਇਹ ਸਭ ਤੇਰੇ ਮਨ ਦਾ ਵਹਿਮ ਏ।"

"ਬੀਬੀ ਬਸ ਥੋੜ੍ਹੇ ਈ ਦਿਨ ਨੇ, ਕਾਲਜ ਤੋਂ ਫ੍ਰੀ ਹੋ ਜਾਣੈ, ਤੂੰ ਫਿਕਰ ਨਾ ਕਰਿਆ ਕਰ। ਆਪਣੀ ਕਿਹੜੀ ਕਿਸੇ ਨਾਲ ਦੁਸ਼ਮਣੀ ਏ। ਕੀ ਤੈਨੂੰ ਆਪਣੇ ਪੁੱਤ 'ਤੇ ਭਰੋਸਾ ਨਹੀਂ? ਉਹ ਤਾਈ ਨੂੰ ਹੌਂਸਲਾ ਵੀ ਦੇ ਜਾਂਦਾ ਤੇ ਜਾਂਦੇ ਹੋਏ ਮੇਰੀ ਡਿਊਟੀ ਵੀ ਲਾ ਜਾਂਦਾ। ਬੇਬੇ ਦਾ ਖਿਆਲ ਰੱਖੀਂ, ਪੜ੍ਹਾਈ ਜ਼ੋਰਾਂ 'ਤੇ ਆ।

ਇਕ ਰਾਤ ਜੀਤਾ ਹਾਲੇ ਘਰ ਆਇਆ ਹੀ ਸੀ, ਪੁਲਿਸ ਦੀਆਂ ਹਰਲ ਹਰਲ ਕਰਦਿਆਂ ਜੀਪਾਂ ਤੇ ਸੈਂਕੜਿਆਂ ਦੀ ਤਦਾਦ 'ਚ ਖਾਕੀ ਵਰਦੀ ਵਾਲਿਆਂ ਪਿੰਡ ਨੂੰ ਘੇਰ ਲਿਆ ਸੀ। ਜੀਤੇ ਦੀਆਂ ਮੁਸ਼ਕਾਂ ਬੰਨ੍ਹ ਕੇ ਲੈ ਤੁਰੇ ਸਨ। ਕਿਸੇ ਦੀ ਹਿੰਮਤ ਨਹੀਂ ਸੀ ਪਈ ਕਿ ਪੁਲਿਸ ਨੂੰ ਪੁੱਛੇ, "ਜੀਤੇ ਦਾ ਕੀ ਕਸੂਰ ਏ?"

ਤਾਈ ਦੇਬੋ ਅੱਨ੍ਹੇ-ਵਾਹ ਜੀਪ ਦੇ ਮਗਰ ਭੱਜੀ ਸੀ। ਠਾਣੇਦਾਰ ਨੇ ਰਫ਼ਲ ਦੀ ਬੱਟ ਮਾਰੀ ਤੇ ਤਾਈ ਥਾਂਏਂ ਢੇਰੀ ਹੋ ਗਈ ਉਸ ਦਿਨ ਤੋਂ ਬਾਅਦ ਹਾੜ੍ਹ ਜਾਵੇ ਜਾਂ ਪੋਹ ਆਏ ਪਿੰਡ ਪਿੰਡ, ਗਲੀ ਗਲੀ, ਘਰ ਘਰ ਭਟਕਣ ਲੱਗੀ ਤਾਈ ਦੇਬੋ।

ਫਿਰ ਉਹੀ ਹੋਇਆ ਜਿਸ ਦਾ ਡਰ ਸੀ। ਹਫ਼ਤੇ ਕੁ ਬਾਅਦ ਅਖ਼ਬਾਰ ਦੇ ਪਹਿਲੇ ਪੰਨੇ 'ਤੇ ਜੀਤੇ ਦੀ ਲਾਸ਼ ਦੀ ਫੋਟੋ ਛਪੀ। ਜਿਸ ਨੂੰ ਪੜ੍ਹ ਕੇ ਸਾਰਾ ਪਿੰਡ ਹਿੱਲ ਗਿਆ ਸੀ?

"ਨਾ ਨਾਜ਼ਰ ਸਿੰਹਾਂ ਲੇਟ ਹੋ ਗਏ।" ਤਾਰੇ ਦੇ ਫੁੱਫੜ ਘੁੰਮਣ ਸਿੰਘ ਨੇ ਉਨ੍ਹਾਂ ਨੂੰ ਤਹਿਸੀਲੇ ਵੜਦਿਆਂ ਨੂੰ ਵੇਖ ਦੂਰੋਂ ਹੀ ਆਵਾਜ਼ ਮਾਰੀ। ਤਾਰੇ ਦੇ ਖਿਆਲਾਂ ਦੀ ਲੜੀ ਟੁੱਟ ਗਈ। ਉਸ ਨੂੰ ਪਤਾ ਹੀ ਨਾ ਲੱਗਿਆ ਕਿ ਉਹ ਕਦ ਤਹਿਸੀਲੇ ਪਹੁੰਚ ਗਏ ਸਨ।

"ਘੁੰਮਣ ਸਿੰਹਾਂ ਬੁੜ੍ਹੀ ਦੇਬੋ ਕਰ ਗਈ ਚੜ੍ਹਾਈਆਂ।" ਨਾਜ਼ਰ ਸਿੰਘ ਨੇ ਕੋਲ ਆ ਕੇ ਉਸ ਦੇ ਕੰਨ 'ਚ ਹੌਲੀ ਦੇਣੀ ਆਖਿਆ।

"ਉਹ ਹੋ ਬੜੀ ਬੁਰੀ ਖ਼ਬਰ ਏ ਫਿਰ ਤਾਂ? ਅੱਛਾਂ ਕਾਗਜ਼ ਤਿਆਰ ਨੇ। ਜੈਲੇ ਦੇ ਦਸਤਖ਼ਤ ਹੋ ਚੁੱਕੇ ਨੇ। ਆਓ ਫਟਾਫਟ।"

ਉਹ ਚਾਰੇ ਅਰਜ਼ੀ ਨਵੀਸ ਦੇ ਬੈਂਚਾਂ 'ਤੇ ਬੈਠ ਗਏ, ਤੇ ਕਾਗਜ਼ ਮੁਕੰਮਲ ਕਰਾਉਣ 'ਚ ਰੁੱਝ ਗਏ।

ਦੁਪਹਿਰਾਂ ਢੱਲ ਗਈਆਂ ਸਨ। ਰਜਿਸਟਰੀ ਹੋ ਚੁੱਕੀ ਸੀ ਤੇ ਉਹ ਵਾਪਸ ਪਰਤ ਰਹੇ ਸਨ।

"ਬਾਪੂ ਆਹ ਲੈ ਝੋਲਾ।" ਤਾਰੇ ਨੇ ਦੁੱਖੀ ਜਿਹਾ ਹੋ ਕੇ ਰਜਿਸਟਰੀ ਵਾਲਾ ਝੋਲਾ ਇੰਜ ਫੜਾਇਆ ਜਿਵੇਂ ਕੋਈ ਚੀਜ਼ ਗਲੋਂ ਲਾਹੀ ਦੀ ਏ ਆਪ ਨਹਿਰੋਂ ਨਹਿਰ ਕਬਰਾਂ ਵੱਲ ਨੂੰ ਹੋ ਤੁਰਿਆ।

ਲੱਟ ਲੱਟ ਸਿਵਾ ਬਲ ਰਿਹਾ ਸੀ। ਤਾਰੇ ਨੂੰ ਇੰਜ ਲੱਗਾ ਜਿਵੇਂ ਵਣ 'ਚੋਂ ਕੱਲੇ ਰੁੱਖ ਨੂੰ ਤੋੜ ਕੇ ਚਿਖ਼ਾ 'ਚ ਚਿਣ ਦਿੱਤਾ ਗਿਆ ਹੋਵੇ। ਉਸ ਇਕ ਲੱਕੜ ਚੁੱਕੀ ਤੇ ਸਿਵੇ 'ਚ ਧਰ ਦਿੱਤੀ। ਆਪ-ਮੁਹਾਰੇ ਉਸ ਦੀਆਂ ਭੁੱਬਾਂ ਨਿਕਲ ਗਈਆਂ। ਉਹ ਕਿੰਨੀ ਦੇਰ ਹੁਬਕੀ ਹੁਬਕੀ ਰੋਂਦਾ ਰਿਹਾ।

ਸ਼ਾਮ ਸੰਘਣੇ ਹਨੇਰੇ 'ਚ ਬਦਲ ਚੁੱਕੀ ਸੀ। ਉਹ ਮੁੜਿਆ ਤਾਂ ਕੀ ਵੇਖਦਾ ਹੈ ਪਿੱਪਲ ਦੇ ਥੱਲੇ ਤਾਇਆ ਜੈਲਾ ਗੁੰਮ ਸੁੰਮ ਬੁੱਤ ਬਣਿਆ ਬੈਠਾ ਹੈ। ਉਸ ਦੀ ਦਾੜ੍ਹੀ 'ਚ ਕਿੰਨੇ ਹੀ ਅੱਥਰੂ ਅਟਕੇ ਹੋਏ ਸਨ। "ਤਾਇਆ...?" ਐਨਾ ਹੀ ਉਸ ਦੇ ਮੂੰਹੋਂ ਨਿਕਲਿਆ। ਉਹ ਉਸ ਦੇ ਗਲ ਨੂੰ ਚੰਬੜ ਗਿਆ ਤੇ ਧਾਹੀਂ ਰੋਣ ਲੱਗਾ।

"ਚੱਲ ਤਾਇਆ ਘਰ ਨੂੰ।" ਤਾਰਾ ਆਪਣੇ ਆਪ ਨੂੰ ਸਾਵਾਂ ਕਰਦਾ ਬੋਲਿਆ।

"ਨਹੀਂ ਪੁੱਤ ਮੈਂ ਹਾਲੇ ਨਹੀਂ ਜਾਣਾ।" ਉਸ ਖੀਸੇ 'ਚੋਂ ਰੁਪਏ ਕੱਢੇ ਤੇ ਤਾਰੇ ਦੇ ਹੱਥਾਂ 'ਚ ਫੜਾਉਂਦਾ ਹੋਇਆ ਬੋਲਿਆ, "ਲੈ ਪੁੱਤ ਸਾਂਭ ਇਨ੍ਹਾਂ ਨੂੰ, ਇਹਦਾ ਵੀ ਨਾਜਰ ਸਿੰਘ ਨੂੰ ਕੌੜਾ ਵੱਟਾ ਦੇ ਦੇਵੀਂ।"

## ਕਾਵਿ-ਮੰਚ

### ਖਾਲਸੇ ਦੀ ਸ਼ਾਨ

ਅਸੀਂ ਦੀਪਕ ਹਾਂ ਕੁਰਬਾਨੀ ਦੇ
ਜੋ ਜਗਦੇ ਨੇ ਤੂਫਾਨਾਂ ਵਿਚ।
ਜੀਵਨ ਦੀ ਜੋਤ ਜਗਾਉਂਦੇ ਨੇ
ਜੋ ਮੁਰਦਾ ਦਿਲ ਸ਼ਮਸ਼ਾਨਾਂ ਵਿਚ।

ਮਰਨਾ ਇੱਕ ਕੌੜ ਸੱਚਾਈ ਏ
ਹੈ ਜੀਵਨ ਅਦਲਾ-ਬਦਲੀ ਵਿਚ,
ਇਹ ਸ਼ੌਕ ਸਾਣ 'ਤੇ ਚਾੜ੍ਹਨ ਲਈ
ਜਾ ਵੜਦੇ ਹਾਂ ਘਮਸਾਨਾਂ ਵਿਚ।

ਅਸੀਂ ਕੌਮ ਦੀ ਸ਼ਮ੍ਹਾ ਜਗਾਉਂਦੇ ਹਾਂ
ਪਾ ਚਰਬੀ ਆਪਣੇ ਸੀਨੇ 'ਚੋਂ,
ਜਦ ਕਦੇ ਬੁੱਝਣ 'ਤੇ ਆ ਜਾਵੇ
ਤਨ ਫੂਕ ਦਈਦਾ ਸ਼ਾਨਾਂ ਵਿਚ।

ਜਿਸ ਮੌਤ ਦੀ ਮਾਰੂ ਰੇਖਾ ਨੇ
ਤਦਬੀਰ ਦੇ ਤੌਰ ਭੁਆਏ ਨੇ,
ਉਸ ਮੌਤ ਨੂੰ ਨਾਚ ਨਚਾਇਆ ਏ
ਅਸੀਂ ਖੰਡਿਆਂ ਤੇ ਕਿਰਪਾਨਾਂ ਵਿਚ।

ਭੰਨ ਤੋੜ ਦਈਦਾ ਹੋਣੀ ਨੂੰ
ਮਜ਼ਬੂਤ ਇਰਾਦੇ ਸਾਡੇ ਨੇ,
ਜੋ ਤਾਣ ਹੈ ਸਾਡੇ ਸੀਨੇ ਵਿਚ
ਹੋ ਸਕਦਾ ਨਹੀਂ ਚਟਾਨਾਂ ਵਿਚ।

ਜਨਮ ਮੌਤ ਨੇ ਦਿੱਤਾ ਏ
ਸਾਨੂੰ ਤੂਫਾਨਾਂ ਝੂਟੇ ਦੇਣੇ ਨੇ,
ਇਹ ਮੁੱਢੋਂ ਸਬਕ ਸਿਖਾਇਆ ਏ
ਦਸ਼ਮੇਸ਼ ਨੇ ਮਾਰੂ ਤਾਨਾਂ ਵਿਚ।

ਕੋਹ ਤੂਰ ਹੈ ਸਾਡੇ ਦਿਲ ਅੰਦਰ
ਉਹ ਜਲਵਾ ਨੂਰ ਇਲਾਹੀ ਦਾ,
ਬਣ ਸੰਤ-ਸਿਪਾਹੀ ਪਾਇਆ ਏ
ਜੋ ਦਿਲ ਦੀਆਂ ਘੋਰ ਡੂੰਘਾਣਾਂ ਵਿਚ।

ਜਦ ਕਦੇ ਦੁਖੀ ਮਜ਼ਲੂਮਾਂ ਦਾ
ਤੱਕਿਆ ਏ ਖੂਨ ਵਹਾ ਹੁੰਦਾ,
ਅਸੀਂ ਖੂਨ ਜ਼ੁਲਮ ਦਾ ਪੀਤਾ ਹੈ
ਜਾ ਰੱਤੜੇ ਲਹੂ ਮੈਦਾਨਾਂ ਵਿਚ।

ਨਿਰਦੋਸ਼ ਦੇ ਘਾਇਲ ਫੱਟਾਂ 'ਤੇ
ਬਣ ਦਰਦੀ ਹੰਝੂ ਕੇਰੇ ਨੇ,
ਆਬਾਦ ਹੈ ਦੁਨੀਆਂ ਸਾਡੀ ਵੀ
ਮਜ਼ਲੂਮ ਦੀਆਂ ਮੁਸਕਾਨਾਂ ਵਿਚ।

ਆਜਿਜ਼ ਹਾਂ ਪਰ ਕਾਇਰ ਨਹੀਂ
ਸ਼ਰਧਾ ਨੂੰ ਸੀਸ ਝੁਕਾਉਂਦੇ ਹਾਂ,
ਜ਼ਾਲਿਮ ਦੀ ਖਾਤਰ ਜ਼ਾਲਿਮ ਹਾਂ
ਇਨਸਾਨ ਵੀ ਹਾਂ ਇਨਸਾਨਾਂ ਵਿਚ।

ਜੋ ਧਰਤੀ ਅਰਸ਼ ਹਿਲਾ ਦੇਵੇ
ਫੜ ਝੂਣ ਦਏ ਤੂਫਾਨਾਂ ਨੂੰ,
ਉਹ ਤਾਣ ਏ ਸਾਡੇ ਸੀਨੇ ਵਿਚ
ਉਹ ਹਲਚਲ ਏ ਅਰਮਾਨਾਂ ਵਿਚ।

ਅਸੀਂ ਦੂਲੇ ਦੇਸ਼ ਪੁਜਾਰੀ ਹਾਂ
ਆਸ਼ਿਕ ਹਾਂ ਵੀਰ ਭਰਾਵਾਂ ਦੇ,
ਪਰਵਾਨੇ ਹਾਂ ਇਸ ਧਰਤੀ ਦੇ
ਪਰ ਚਰਚੇ ਨੇ ਅਸਮਾਨਾਂ ਵਿਚ।

*-ਗਿਆਨ ਸਿੰਘ ਕੋਟਲੀ*

---

### ਖਾਲਸੇ ਦੀ ਸਿਰਜਣਾ

ਸੰਗਤ ਸਾਹਮਣੇ ਭਰੇ ਦਰਬਾਰ ਦੇ ਵਿਚ,
ਬੈਠੇ ਹੋਏ ਸਨ ਹੋ ਕੇ ਅੰਤਰ ਧਿਆਨ ਸਤਿਗੁਰ।
ਖੁਮਾਰ ਨੈਣਾਂ ਤਾਈਂ ਖੋਲ੍ਹ ਕੇ ਕਦੇ ਕਦੇ,
ਬਖੇਰ ਰਹੇ ਸਨ ਇਲਾਹੀ ਮੁਸਕਰਾਨ ਸਤਿਗੁਰ।
ਅਚਾਨਕ ਉਠ ਕੇ ਤੰਬੂ ਵਿਚ ਵੜ ਗਏ,
ਜਿਵੇਂ ਕੋਈ ਕਰ ਰਹੇ ਕਾਰਜ ਮਹਾਨ ਸਤਿਗੁਰ।
ਝੱਟ ਪਿਛੋਂ ਫਿਰ ਗਰਜੇ ਸਟੇਜ 'ਤੇ ਆ,
ਹੱਥ ਵਿਚ ਪਕੜ ਕੇ ਨੰਗੀ ਕਿਰਪਾਨ ਸਤਿਗੁਰ।
ਇਕ ਸਿੱਖ ਦੇ ਸਿਰ ਦੀ ਹੈ ਲੋੜ ਮੈਨੂੰ,
ਗੱਜ ਕੇ ਸ਼ੇਰ ਵਾਂਗਰ ਇਉਂ ਫੁਰਮਾਨ ਸਤਿਗੁਰ।
ਚੁੱਪ ਛਾ ਗਈ ਭਰੇ ਦਰਬਾਰ ਦੇ ਵਿਚ,
ਵੇਖ ਵੇਖ ਸੰਗਤ ਵੱਲ ਪਏ ਮੁਸਕਰਾਨ ਸਤਿਗੁਰ।
ਆਖਰ ਹੱਥ ਬੰਨ ਉਠਿਆ ਇਕ ਸੂਰਾ,
ਹਾਜ਼ਰ ਹਜ਼ੂਰ ਲਈ ਇਹ ਮੇਰੀ ਜਾਨ ਸਤਿਗੁਰ।
ਫੜ੍ਹ ਕੇ ਸਿੱਖ ਨੂੰ ਤੰਬੂ ਦੇ ਵਿਚ ਲੈ ਗਏ,
ਪਰਤੇ ਤੇਗ ਲੈ ਕੇ ਫਿਰ ਲਹੂ-ਲੁਹਾਨ ਸਤਿਗੁਰ।
ਰਹਿੰਦੇ-ਖੂੰਹਦੇ ਪ੍ਰਾਣ ਵੀ ਖੁਸ਼ਕ ਹੋ ਗਏ,
ਇਹ ਕੀ ਲੱਗੇ ਅੱਜ ਭਾਣਾ ਵਰਤਾਨ ਸਤਿਗੁਰ।
ਘੁਸਰ-ਮੁਸਰ ਸਭ ਪਾਸੇ ਸ਼ੁਰੂ ਹੋ ਗਈ,
ਨਿਹਾਰ ਰਹੇ ਸਨ ਬਣ ਕੇ ਨਿਗ੍ਹਾਬਾਨ ਸਤਿਗੁਰ।
ਕਈਆਂ ਸਿਰ ਸੁੱਟੇ ਕਈ ਜਾਣ ਖਿਸਕੇ,
ਲੱਗਦੇ ਰਹੇ ਨਹੀਂ ਅੱਜ, ਅਕਲਵਾਨ ਸਤਿਗੁਰ।
ਕਈਆਂ ਰੋਟ ਸੁੱਖੇ, ਕਈਆਂ ਛਤਰ ਸੁੱਖੇ,
ਬਖਸ਼ ਦੇਣ ਜੇਕਰ ਸਾਡੇ, ਅੱਜ ਪ੍ਰਾਣ ਸਤਿਗੁਰ।
ਉਸੇ ਤਰ੍ਹਾਂ ਪੰਜ ਸਿੱਖਾਂ ਨੇ ਸੀਸ ਅਰਪੇ,
ਵਾਰੋ ਵਾਰੀ ਸਭ ਨੂੰ ਅੰਦਰ ਲੈ ਜਾਣ ਸਤਿਗੁਰ।
ਹਰ ਵਾਰੀ 'ਕਟੱਚ' ਦੀ ਅਵਾਜ਼ ਆਵੇ,
ਲੱਗੇ, ਜਿਉਂ ਸਭ ਨੂੰ ਝਟਕਾਈ ਜਾਣ ਸਤਿਗੁਰ।
ਛੇਵੀਂ ਵਾਰ ਜਦੋਂ ਗੁਰ ਨਾ ਬਾਹਰ ਆਏ,
ਉਤਸੁਕਤਾ ਸੰਗਤਾਂ ਦੀ ਲੱਗੇ ਵਧਾਣ ਸਤਿਗੁਰ।
ਕੁਝ ਸਮੇਂ ਪਿਛੋਂ ਸੰਗਤ 'ਚ ਹੋਏ ਪ੍ਰਗਟ,
ਮਗਰ ਸਿੱਖ ਪੰਜੇ ਸਨ ਅੱਗੇ ਮਹਾਨ ਸਤਿਗੁਰ।
ਰੱਬੀ ਨੂਰ ਸੀ ਪੰਜਾਂ ਦੇ ਚਿਹਰਿਆਂ 'ਤੇ,
ਵੇਖ ਵੇਖ ਸਦਕੇ ਪਏ ਜਾਂਦੇ ਤਾਂ ਜਾਣ ਸਤਿਗੁਰ।
ਪਹਿਣ ਰੱਖੇ ਸਨ 'ਪੰਜਾਂ' ਕੱਕਾਰ ਪੰਜੇ,
ਨਿਆਰੀ ਛਬ ਦਿਤੀ ਸੋਚੀ ਸੁਲਤਾਨ ਸਤਿਗੁਰ।
ਸੰਗਤ ਵੇਖ ਕੇ ਸਾਰੀ ਹੈਰਾਨ ਹੋ ਗਈ,
ਇਹ ਕੀ ਕਾਰਜ ਕੀਤਾ ਵੱਡਾ ਮਹਾਨ ਸਤਿਗੁਰ।
ਕਾਇਆ ਕਲਪੀ ਚਾ ਨਵਾਂ ਰੂਪ ਦੇ ਕੇ,
ਸ਼ਕਲੋ-ਸੂਰਤ ਪਏ ਨਿਆਰੀ ਬਨਾਣ ਸਤਿਗੁਰ।
ਫਿਰ ਖੰਡੇ ਦੀ ਪਹੁਲ ਤਿਆਰ ਕਰ ਕੇ,
'ਸਰਬ-ਲੋਹ' ਬਾਟੇ 'ਚੋਂ ਲੱਗੇ ਛਕਾਣ ਸਤਿਗੁਰ।
ਊਚ-ਨੀਚ ਦਾ ਫਰਕ ਮਿਟਾ ਇਸ ਤਰ੍ਹਾਂ,
ਵੱਡੇ ਹੰਕਾਰੀਆਂ ਨੂੰ ਚਾ ਕੀਤਾ ਹੈਰਾਨ ਸਤਿਗੁਰ।
ਸਾਜ਼ ਖਾਲਸਾ ਦੱਬਿਆਂ ਕੁਚਲਿਆਂ 'ਚੋਂ,
ਡਰਾਕਲ ਗਿੱਦੜਾਂ ਤਾਂਈ ਸ਼ੇਰ ਬਣਾਣ ਸਤਿਗੁਰ।
ਇਹ ਪੰਜ ਪਿਆਰੇ ਖਾਲਸਾ ਪੰਥ ਮੇਰਾ,
ਭਰੇ ਦਰਬਾਰ ਸਾਹਵੇਂ ਕੀਤਾ ਐਲਾਨ ਸਤਿਗੁਰ।
ਪੰਥ ਰੂਪ ਮੇਰਾ ਇਹ ਪਿੰਡ ਪ੍ਰਾਣ ਮੇਰਾ,
ਸਖਾ ਮੀਤ ਮੇਰਾ ਇਹ ਸ਼ਾਨ-ਏ-ਸ਼ਾਨ ਸਤਿਗੁਰ।
ਸਦਾ ਅੰਗ-ਸੰਗ ਇਸ ਦੇ ਰਵਾਂਗਾ ਮੈਂ,
ਮੋੜੇ ਮੁੱਖ ਨਾ ਬਿੱਪਰੇ, ਲੱਗੇ ਫੁਰਮਾਨ ਸਤਿਗੁਰ।
ਦੀਦ ਖਾਲਸੇ ਦੀ, ਮੇਰਾ ਦੀਦਾਰ ਹੋਸੀ,
ਬਖਸ਼ਿਆ ਖਾਲਸੇ ਨੂੰ ਰੁਤਬਾ ਮਹਾਨ ਸਤਿਗੁਰ।
ਕਰਕੇ ਖਾਲਸੇ ਦੀ ਸਾਜਨਾ ਪਰਿਪੂਰਨ,
ਜੁਗੋਂ ਬਾਹਰਲਾ ਉਠ ਕੌਤਕ ਵਰਤਾਨ ਸਤਿਗੁਰ।
ਹੱਥ ਜੋੜ ਅੱਗੇ ਪੰਜਾਂ ਪਿਆਰਿਆਂ ਦੇ,
ਅੰਮ੍ਰਿਤ ਦਾਤ ਮੰਗੀ ਜਾਂ ਗੁਣੀ ਨਿਧਾਨ ਸਤਿਗੁਰ।
ਸਿਰ ਦੇ ਅਸਾਂ ਅੰਮ੍ਰਿਤ ਦੀ ਦਾਤ ਪਾਈ,
ਗੋਬਿੰਦ ਤਾਰੇਗਾ ਕੀ ਇਹਦਾ ਲਗਾਨ ਸਤਿਗੁਰ।
ਘਰ-ਬਾਹਰ ਸਭੋ, ਨਾਲੇ ਪਰਿਵਾਰ ਸਾਰਾ,
ਗੋਬਿੰਦ ਕਰਦੇ'ਗਾ ਇਸ ਤੋਂ ਕੁਰਬਾਨ ਸਤਿਗੁਰ।
ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣਿਆ,
ਕਰਕੇ ਪੰਜਾਂ ਹੱਥੋਂ ਫਿਰ ਅੰਮ੍ਰਿਤਪਾਨ ਸਤਿਗੁਰ।
ਗੁਰੂ ਖਾਲਸਾ, ਖਾਲਸਾ ਗੁਰੂ ਹੋਇਆ,
ਅਦੁੱਤੀ ਪੂਰਨੇ ਪਾਏ ਸ਼ਾਹ-ਏ-ਸ਼ਹਾਨ ਸਤਿਗੁਰ।
ਮੁਰਦਾ ਕੌਮ 'ਚ ਐਸੀ ਚਾ ਰੂਹ ਫੂਕੀ,
ਚਿੜੀਆਂ, ਬਾਜਾਂ ਨਾਲ ਝਪਟਾਂ ਲਾਣ ਸਤਿਗੁਰ।
ਜੂਲਾ ਗਲੋਂ ਗੁਲਾਮੀ ਦਾ ਲਾਹ ਸੁੱਟਿਆ,
ਰਿਣੀ ਰਹੇਗਾ ਸਦਾ ਤੇਰਾ ਹਿੰਦੋਸਤਾਨ ਸਤਿਗੁਰ।
ਸੱਚੇ ਪਾਤਸ਼ਾਹ ਤੇਰੀਆਂ ਰਹਿਮਤਾਂ ਦਾ,
ਕਦੇ 'ਚੰਨ' ਨਹੀਂ ਕਰ ਸਕਦਾ ਬਿਆਨ ਸਤਿਗੁਰ।

*-ਚੰਨ, ਫੋਨ: 908-788-8427*

---

### ਵਿਸਾਖੀ

ਸਿੱਖ ਕੌਮ ਦੀ ਹੈ ਜਦੋਂ ਗੱਲ ਤੁਰਦੀ,
ਯਾਦ ਆਵੇ ਧਰਤੀ ਅਨੰਦਪੁਰ ਦੀ,
ਕਲਗੀਆਂ ਵਾਲੇ ਕੌਮ ਵੱਖਰੀ ਸਜਾ'ਤੀ
ਖਾਲਸੇ ਦਾ ਜਨਮ ਦਿਹਾੜਾ ਹੈ ਵਿਸਾਖੀ।

ਅੰਮ੍ਰਿਤਪਾਨ ਇਕ ਬਾਟੇ 'ਚੋਂ ਕਰਾ ਕੇ,
ਜਾਤਪਾਤ ਵਾਲੇ ਵਿਚੋਂ ਭੇਦ ਮਿਟਾ ਕੇ,
ਸਿੰਘ ਸਰਦਾਰ ਵਾਲੀ ਮੋਹਰ ਉਤੇ ਲਾ'ਤੀ।
ਖਾਲਸੇ ਦਾ ਜਨਮ ਦਿਹਾੜਾ ਹੈ ਵਿਸਾਖੀ।

ਕਿਹਾ ਵੰਡ ਛਕਿਓ ਕਿਰਤ ਕਰਿਓ,
ਨਾਲ ਮਜਲੂਮਾਂ ਦੇ ਹਮੇਸ਼ਾ ਖੜ੍ਹਿਓ,
ਕੇਸਰੀ ਸਿਰਾਂ 'ਤੇ ਦਸਤਾਰ ਪਹਿਨਾ'ਤੀ।
ਖਾਲਸੇ ਦਾ ਜਨਮ ਦਿਹਾੜਾ ਹੈ ਵਿਸਾਖੀ।

ਕੋਈ ਜ਼ਾਲਮ ਕਿਸੇ ਨੂੰ ਕਰੇ ਤੰਗ ਪ੍ਰੇਸ਼ਾਨ,
ਸਿੰਘੋ ਤਲਵਾਰ ਥੋਡੀ ਬਣੇ ਕਿਰਪਾਨ,
ਏਹੇ ਦਸਵੇਂ ਗੁਰਾਂ ਨੇ ਗੱਲ ਜੋਸ਼ 'ਚ ਆਖੀ।
ਖਾਲਸੇ ਦਾ ਜਨਮ ਦਿਹਾੜਾ ਹੈ ਵਿਸਾਖੀ।

ਗੌਰ ਨਾਲ ਸੁਣੋ ਗੱਲ ਮੇਰੀ ਚੰਨਿਓ,
ਚੀਮਨੇ ਗ੍ਰੰਥ ਸਾਹਿਬ ਗੁਰੂ ਮੰਨਿਓ,
'ਰਾਜ' ਗੁਰੂ ਘਰੀਂ ਅਰਦਾਸ ਕਰੇ ਪਾਠ।
ਖਾਲਸੇ ਦਾ ਜਨਮ ਦਿਹਾੜਾ ਹੈ ਵਿਸਾਖੀ।

*-ਰਾਜ ਧਾਲੀਵਾਲ*

---

### ਹੋਕਾ

ਮੈਂ ਹੋਕਾ ਦੇਵਾਂ ਗਲੀ ਗਲੀ
ਬਿਗੜੀ ਤਕਦੀਰ ਬਣਾ ਲਉ
ਮੈਂ ਹੋਕਾ ਦੇਵਾਂ ਗਲੀ ਗਲੀ।

ਚਾਹੇ ਮੈਨੂੰ ਇਲੈਕਸ਼ਨ ਆਖੋ
ਚਾਹੇ ਆਖੋ ਚੋਣਾਂ,
ਹਰ ਮੁਹੱਲੇ ਹਰ ਗਲੀ ਵਿਚ
ਰਾਜ ਮੇਰਾ ਹੀ ਹੋਣਾ।
ਪੰਜੀ ਸਾਲੀ ਮੌਕਾ ਮਿਲਿਆ
ਕਿਸਮਤ ਅਜ਼ਮਾ ਲਉ,
ਮੈਂ ਹੋਕਾ ਦੇਵਾਂ ਗਲੀ ਗਲੀ।

ਲਾਰੇ ਲਾ ਕੇ ਜੋ ਪਤਿਆਵਣ
ਕਦੀ ਮੂੰਹ ਨਾ ਲਾਇਉ,
ਭੁੱਕੀ ਬੋਤਲ ਚਾਰ ਕੌਡਾਂ 'ਤੇ
ਐਵੇਂ ਡੋਲ ਨਾ ਜਾਇਉ।
ਬਗਲੀ ਪਾ ਜਦ ਆਉਣਗੇ ਆਗੂ
ਚੰਗੀ ਤਰ੍ਹਾਂ ਟੁੰਣਕਾ ਲਉ,
ਮੈਂ ਹੋਕਾ ਦੇਵਾਂ ਗਲੀ ਗਲੀ।

ਇਕ ਵੇਰ ਨੂੰ ਭੁਲ ਆਖੀਏ
ਹਰ ਕੋਈ ਧੋਖਾ ਖਾਵੇ,
ਵਾਰ ਵਾਰ ਭੁਲ ਕਰਦੇ ਰਹੀਏ
ਉਹ ਗਲਤੀ ਬਣ ਜਾਵੇ।
ਕੁਨਬਾਪਰਵਰ ਠੱਗਾਂ ਨੂੰ ਹੁਣ
ਧੋਬੀ ਪਟੜਾ ਲਾ ਲਉ,
ਮੈਂ ਹੋਕਾ ਦੇਵਾਂ ਗਲੀ ਗਲੀ।

ਲਾਲਚਵਸ ਦਬਾ ਵਿਚ ਆ ਕੇ
ਜਦ ਕੋਈ ਵੋਟਾਂ ਪਾਵੇਗਾ,
ਆਪਣੇ ਹੱਥੀਂ ਨਰਕ ਸਾਜ ਕੇ
ਆਪੇ ਹੀ ਹੰਢਾਵੇਗਾ।
ਕਿਸਮਤ ਦਰ 'ਤੇ ਦਸਤਕ ਦਿਤੀ
ਇਕ ਵਾਰ ਗਲ ਲਾ ਲਉ,
ਮੈਂ ਹੋਕਾ ਦੇਵਾਂ ਗਲੀ ਗਲੀ।

ਭ੍ਰਿਸ਼ਟ ਆਗੂ ਲਾਂਭੇ ਕਰਨ ਦਾ
ਸਮਾਂ ਹੱਥ ਹੈ ਆਇਆ,
ਮਤ ਦਾਨ ਵੇਲੇ ਮਤ ਨਾ ਵਰਤੀ
ਉਹ ਸਦਾ ਪਛਤਾਇਆ।
ਕਰਮ ਕਰਨ ਨਾਲ ਕਰਮ ਬਦਲਦੇ
ਇਹ ਗਲ ਮਨ ਨੂੰ ਲਾ ਲਉ,
ਮੈਂ ਹੋਕਾ ਦੇਵਾਂ ਗਲੀ ਗਲੀ।

*-ਮਹਿੰਦਰ ਘੱਗ*

---

### ਵਿਸਾਖੀ ਤੇ ਚੋਣਾਂ

ਆ ਨੀ ਵਿਸਾਖੀਏ, ਤੂੰ ਆ ਨੀ ਵਿਸਾਖੀਏ,
ਦੁਨੀਆਂ 'ਚ ਖੁਸ਼ੀਆਂ ਲਿਆ ਨੀ ਵਿਸਾਖੀਏ।

ਇਕ ਪਾਸੇ ਖੇਤਾਂ ਵਿਚ ਫਸਲਾਂ 'ਤੇ ਨੂਰ ਏ,
ਦੂਜੇ ਪਾਸੇ ਲੀਡਰਾਂ ਨੂੰ ਚੋਣਾਂ ਦਾ ਸਰੂਰ ਏ,
ਤੀਜੇ ਪਾਸੇ ਵੋਟਰਾਂ ਨੂੰ ਵੋਟ ਦਾ ਗਰੂਰ ਏ।
ਅਮਲੀਆਂ ਨੂੰ ਨਸ਼ਿਆਂ ਦਾ ਚਾਅ ਨੀ ਵਿਸਾਖੀਏ।
ਆ ਨੀ ਵਿਸਾਖੀਏ, ਤੂੰ ਆ ਨੀ ਵਿਸਾਖੀਏ।

ਮੀਂਹ ਕਿਤੇ ਗੜ੍ਹੇ, ਕਿਤੇ ਨ੍ਹੇਰੀ ਵਗਾਈ ਕਾਹਤੋਂ?
ਪੱਕੀ ਕਣਕ ਖੇਤਾਂ 'ਚ ਲੰਮੀ ਪਾਈ ਕਾਹਤੋਂ?
ਕਰਜਈ ਜੱਟ ਤੋਂ ਆਤਮਹੱਤਿਆ ਕਰਾਈ ਕਾਹਤੋਂ?
ਰੱਬ ਨੂੰ ਜੱਟ ਕੀਤੀ ਸੀ ਦੂਆ ਨੀ ਵਿਸਾਖੀਏ।
ਆ ਨੀ ਵਿਸਾਖੀਏ, ਤੂੰ ਆ ਨੀ ਵਿਸਾਖੀਏ।

ਚੰਗੇ ਲੋਕ ਜਿੱਤਣ, ਪੈਣ ਗਿੱਧੇ ਤੇ ਭੰਗੜੇ,
ਜੇਲ੍ਹਾਂ ਵਿਚ ਜਾਣ ਲੋਟੂ, ਮਿਟ ਜਾਣ ਝਗੜੇ,
ਨੇਤਾ ਨਾਲ ਸੇਠ ਰਲ ਲਾਵੇ ਨਾ ਰਗੜੇ।
ਵੋਟਰਾਂ ਨੂੰ ਪਾਠ ਏਕੇ ਦਾ ਪੜ੍ਹਾ ਨੀ ਵਿਸਾਖੀਏ।
ਆ ਨੀ ਵਿਸਾਖੀਏ, ਤੂੰ ਆ ਨੀ ਵਿਸਾਖੀਏ।

*-ਜੁਗਰਾਜ ਗਿੱਲ, ਸ਼ਾਰਲਟ*

---

### ਬਦਲਾਵ

ਜਦ ਵੀ ਜੱਗ 'ਤੇ ਬਦਲਾਵ ਦੇ ਆਸਾਰ ਆਉਂਦੇ ਨੇ।
ਸਤੇ ਸਥਾਪਤੀ ਦੇ ਲੋਕ ਕਈ ਝੰਡੇ ਉਠਾਉਂਦੇ ਨੇ।
ਜਿਹੜੇ ਜਾਣਦੇ ਪੁਚਕਾਰਨਾ ਕਿੰਜ ਲੋੜਵੰਦਾਂ ਨੂੰ,
ਭੁੱਖੇ ਢਿੱਡ ਨੂੰ ਰੋਟੀ ਦੇ ਕਈ ਸੁਫਨੇ ਦਿਖਾਉਂਦੇ ਨੇ।
ਲਾਰੇ ਸੁਣਦਿਆਂ ਜੀਵਨ ਬੁਢਾਪਾ ਬਣ ਗਿਆ ਜੇ,
ਬੁਝੀ ਅੱਖ 'ਚ ਹਰਫਾਂ ਦਾ ਕੁੱਟ ਸੁਰਮਾ ਪਾਉਂਦੇ ਨੇ।
ਬੇਈਮਾਨ ਨੀਤੀ ਨੂੰ ਜੋ ਹੋਣੀ ਮੰਨ ਬਹਿੰਦੇ ਨੇ,
ਕਿਸੇ ਬਦਲਾਵ ਦੀ ਨਾ ਮੁੜ ਕਦੇ ਬਾਤ ਪਾਉਂਦੇ ਨੇ।
ਹਰ ਇਕ ਵਾਰ ਦੇ ਧੋਖੇ ਤੋਂ ਡਰ ਲੋਕ ਬਹਿ ਜਾਂਦੇ,
ਸੜੇ ਦੁੱਧ ਦੇ, ਬੁੱਲੀਂ ਡਰ ਲੱਸੀ ਨਾ ਲਾਉਂਦੇ ਨੇ।
ਜਦੋਂ ਦਹਾਕਿਆਂ ਪਿੱਛੋਂ ਕੋਈ ਝਾੜੂ ਚੁੱਕ ਲੈਂਦਾ ਏ,
ਅੱਖਾਂ ਮੀਚ ਉਹਨੂੰ ਵੀ ਉਸੇ ਰਾਹ ਲੰਘਾਉਂਦੇ ਨੇ।
ਲੋਕੀਂ ਲੀਡਰਾਂ ਨੂੰ ਬਦਲਨਾ ਬਦਲਾਵ ਮੰਨ ਬਹਿੰਦੇ,
ਉਸੇ ਨੂੰ ਆਜਾਦੀ ਜਾਣ ਉਹ ਗੀਤ ਗਾਉਂਦੇ ਨੇ।
ਲੰਬੇ ਵਕਫਿਆਂ ਨਾਲ ਧਰਤ ਐਸੇ ਪੁੱਤ ਜਣਦੀ ਏ,
ਭ੍ਰਿਸ਼ਟ ਸਿਸਟਮਾਂ ਤੋਂ ਸਦਾ ਜੋ ਨਜ਼ਾਤ ਚਾਹੁੰਦੇ ਨੇ।
ਨੈਤਿਕ ਕੀਮਤਾਂ ਦੇ ਨਾਲ ਜੋ ਇਨਕਲਾਬ ਤੁਰਦੇ ਨੇ,
ਹੱਕ, ਸੱਚ ਤੇ ਇਨਸਾਫ ਦੀ ਆਸ ਜਗਾਉਂਦੇ ਨੇ।

*-ਡਾ. ਗੁਰਮੀਤ ਸਿੰਘ ਬਰਸਾਲ*

---

### ਗ਼ਜ਼ਲ

ਤੁਸੀਂ ਨਾ ਹੌਸਲਾ ਹਾਰੋ,
ਅਸਾਂ ਹੈ ਜਿੱਤਣਾ ਇਕ ਦਿਨ।
ਲੜੋ ਇਸ ਜੰਗ ਨੂੰ ਯਾਰੋ,
ਅਸਾਂ ਹੈ ਜਿੱਤਣਾ ਇਕ ਦਿਨ।
ਇਰਾਦਾ ਕਰ ਲਵੋ ਮਜਬੂਤ
ਮੰਜ਼ਿਲ ਨੂੰ ਹੈ ਸਰ ਕਰਨਾ,
ਤੁਸੀਂ ਗਲ ਦਿਲ 'ਚ ਇਹ ਧਾਰੋ
ਅਸਾਂ ਹੈ ਜਿੱਤਣਾ ਇਕ ਦਿਨ।

ਕਰੋ ਹੀਲਾ-ਵਸੀਲਾ, ਢੰਗ
ਰਣਨੀਤੀ ਬਣਾਓ ਹੁਣ,
ਨਾ ਗੱਲਾਂ ਨਾਲ ਹੁਣ ਸਾਰੋ,
ਅਸਾਂ ਹੈ ਜਿੱਤਣਾ ਇਕ ਦਿਨ।
ਡਰੋ ਨਾ ਕਤਲਗਾਹਾਂ ਤੋਂ
ਅਗਰ ਹੈ ਜੀਣ ਦੀ ਇੱਛਾ,
ਕਿ ਸਿਰ ਹੱਕਾਂ ਲਈ ਵਾਰੋ
ਅਸਾਂ ਹੈ ਜਿੱਤਣਾ ਇਕ ਦਿਨ।

ਲੜੋ ਸਾਡੀ ਹਿਫ਼ਾਜਤ ਵਾਸਤੇ
ਜਿਹੜੇ ਵੀ ਸਰਕਰਦੇ,
ਕਦੇ ਨਾ ਭੁੱਲਣਾ ਯਾਰੋ
ਅਸਾਂ ਹੈ ਜਿੱਤਣਾ ਇਕ ਦਿਨ।
ਕਰੋ ਪੈਦਾ ਤੁਸੀਂ ਜਜਬਾ
'ਅਜੇ ਤਨਵੀਰ' ਦੇ ਵਾਂਗਰ,
ਹਵਾ ਵਿਚ ਤੀਰ ਨਾ ਮਾਰੋ
ਅਸਾਂ ਹੈ ਜਿੱਤਣਾ ਇਕ ਦਿਨ।

*-ਅਜੇ ਤਨਵੀਰ*

# ਜੱਜ ਇਹੋ ਜਿਹੇ ਵੀ ਹੁੰਦੇ ਨੇ?

**ਨਿੰਦਰ ਘੁਗਿਆਣਵੀ-3**



***ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਦੇ ਸੰਪਾਦਕ ਰਹਿ ਚੁਕੇ ਸ. ਗੁਰਬਚਨ ਸਿੰਘ ਭੁੱਲਰ ਦੀਆਂ ਲਿਖਤਾਂ ਪੰਜਾਬ ਟਾਈਮਜ਼ ਦੇ ਪਾਠਕ ਇਕ ਅਰਸੇ ਤੋਂ ਪੜ੍ਹਦੇ ਆ ਰਹੇ ਹਨ। ਉਹ ਸਾਹਿਤ ਅਕਾਦਮੀ ਇਨਾਮ ਜੇਤੂ ਨਾਮੀ ਕਹਾਣੀਕਾਰ ਵੀ ਹਨ ਅਤੇ ਪੱਤਰਕਾਰ ਵੀ। ਉਨ੍ਹਾਂ ਨੂੰ ਕਹਾਣੀ ਵਿਚ ਪੱਤਰਕਾਰੀ ਤੇ ਪੱਤਰਕਾਰੀ ਵਿਚ ਕਹਾਣੀ ਰਲਾਉਣ ਦੀ ਵੀ ਪੂਰੀ ਜਾਚ ਹੈ। ਪੰਜਾਬੀ ਦੇ ਸ੍ਰੋਮਣੀ ਨਾਟਕਕਾਰ ਮਰਹੂਮ ਬਲਵੰਤ ਗਾਰਗੀ ਬਾਰੇ ਭੁੱਲਰ ਸਾਹਿਬ ਦਾ ਲੰਮਾ ਰੇਖਾ-ਚਿਤਰ ਨੁਮਾ ਲੇਖ ਪਾਠਕ ਪੜ੍ਹ ਹੀ ਚੁਕੇ ਹਨ। ਰੇਖਾ-ਚਿਤਰ ਲਿਖਦਿਆਂ ਸ਼ਾਇਦ ਆਪਣੇ ਜ਼ਿਲ੍ਹੇ ਦੇ ਹਮਵਾਸੀ ਬਲਵੰਤ ਗਾਰਗੀ ਦੀ ਉਂਗਲ ਫੜਦਿਆਂ ਉਹ ਵਿਅਕਤੀ ਦੀਆਂ ਸਿਫਤਾਂ ਵੀ ਕਰੀ ਜਾਂਦੇ ਹਨ ਤੇ ਉਸ ਨੂੰ ਚੋਭਾਂ ਵੀ ਲਾਈ ਜਾਂਦੇ ਹਨ। ਇਹੋ ਕੁਝ ਉਨ੍ਹਾਂ ਬਲਵੰਤ ਗਾਰਗੀ ਨਾਲ ਕੀਤਾ ਸੀ ਅਤੇ ਫਿਰ ਪ੍ਰਿੰ. ਸਰਵਣ ਸਿੰਘ ਬਾਰੇ ਲੇਖ ਵਿਚ। ਇਹੋ ਜੁਗਤ ਉਨ੍ਹਾਂ ਹੁਣ ਨਿੰਦਰ ਘੁਗਿਆਣਵੀ ਬਾਰੇ ਲਿਖੇ ਇਸ ਲੇਖ ਵਿਚ ਵਰਤੀ ਹੈ। -ਸੰਪਾਦਕ***

ਨਿੰਦਰ ਦੇ ਉਹ ਚਾਰੇ ਲੇਖ ਪੜ੍ਹ ਕੇ ਮੇਰੀ ਤਸੱਲੀ ਹੋ ਗਈ। ਇਹ ਲੇਖ ਇਹਦੀ ਉਸ ਸਮੇਂ ਦੀ ਹੱਡਬੀਤੀ ਸਨ ਜਦੋਂ ਇਹ ਜੱਜਾਂ ਦਾ ਅਰਦਲੀ ਰਿਹਾ ਸੀ। ਇਹ ਨਿਆਂਪਾਲਿਕਾ ਸਬੰਧੀ ਉਹ ਗੱਲਾਂ ਉਜਾਗਰ ਕਰਦੇ ਸਨ ਜੋ ਆਮ ਕਰ ਕੇ ਸਾਡੀ ਜਾਣਕਾਰੀ ਵਿਚ ਨਹੀਂ ਆਉਂਦੀਆਂ। ਮੈਂ ਚਿੱਠੀ ਲਿਖੀ ਕਿ ਅਗਲੀਆਂ ਕਿਸ਼ਤਾਂ ਵੀ ਨਾਲੋ-ਨਾਲ ਭੇਜਦਾ ਰਹੇ।

ਮੈਂ ਸੋਚਿਆ, ਜੇ ਨਿੰਦਰ ਇਨ੍ਹਾਂ ਗੱਲਾਂ ਦੇ ਵਡੇਰੇ ਪ੍ਰਸੰਗ ਬਾਰੇ ਸਚੇਤ ਹੈ, ਇਹ ਚੰਗੀ ਗੱਲ ਹੈ। ਜੇ ਇਹਨੇ ਕੇਵਲ ਆਪਣੀ ਹੱਡਬੀਤੀ ਹੀ ਲਿਖੀ ਹੈ ਅਤੇ ਵਡੇਰੇ ਪ੍ਰਸੰਗ ਉਹਦੀ ਲਿਖਤ ਵਿਚੋਂ ਆਪਣੇ ਆਪ ਉਜਾਗਰ ਹੋ ਗਏ ਹਨ, ਇਹ ਵੀ ਚੰਗੀ ਗੱਲ ਹੈ। ਕਈ ਵਾਰ ਤਾਂ ਇਹ ਇਕ-ਅੱਧ ਵਾਕ ਨਾਲ ਵੱਡੀ ਗੱਲ ਕਹਿ ਜਾਂਦਾ ਸੀ। ਇਹਨੇ ਨਿਆਂਪਾਲਿਕਾ ਦੇ ਭ੍ਰਿਸ਼ਟਾਚਾਰ ਦਾ ਲੰਮਾ-ਚੌੜਾ ਜ਼ਿਕਰ ਕੀਤੇ ਬਿਨਾਂ ਏਨਾ ਲਿਖ ਕੇ ਹੀ ਨਕਸ਼ਾ ਖਿੱਚ ਦਿੱਤਾ ਸੀ, "ਇਨ੍ਹਾਂ ਜੱਟਾਂ ਦਾ ਕੇਸ ਸਾਹਬ ਕੋਲ ਸੀ।... ਉਂਜ ਕੇਸ ਤਾਂ ਉਨ੍ਹਾਂ ਦੇ ਹੱਕ ਵਿਚ ਹੀ ਹੋਣ ਵਾਲਾ ਸੀ, ਪਰ ਵਕੀਲ ਨੇ ਉਨ੍ਹਾਂ ਨੂੰ ਆਖ-ਵੇਖ ਕੇ ਤੋਹਫ਼ੇ ਵਜੋਂ ਸਾਹਬ ਨੂੰ ਮੱਝ ਭੇਟ ਕਰਵਾਈ ਸੀ।"



**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

ਵਕੀਲ ਨਿਆਂ ਲਈ ਲੜਨ ਦੀ ਥਾਂ ਜੱਜਾਂ ਦੇ ਦਲਾਲ ਬਣਦੇ ਹਨ ਅਤੇ ਜੱਜ ਨਿਆਂ ਕਰਨ ਦੀ ਥਾਂ ਨਿਆਂ ਵੇਚਦੇ ਹਨ ਤੇ ਉਨ੍ਹਾਂ ਨੂੰ ਤੁਹਫੇ ਵਜੋਂ ਮੱਝਾਂ ਭੇਟ ਹੁੰਦੀਆਂ ਹਨ।

ਜੱਜਾਂ ਦਾ ਸਰਕਾਰੀ ਮੁਲਾਜ਼ਮ ਅਰਦਲੀਆਂ ਨੂੰ ਘਰੇ ਦਾਸਾਂ ਵਾਂਗ ਵਰਤੇ ਜਾਣਾ ਅਸਦਾਚਾਰਕ ਤਾਂ ਹੈ ਹੀ, ਗ਼ੈਰ-ਕਾਨੂੰਨੀ ਵੀ ਹੈ। ਤੇ ਇਹ ਅਸਦਾਚਾਰ ਅਤੇ ਗ਼ੈਰ-ਕਾਨੂੰਨੀਅਤ ਉਹ ਕਰਦੇ ਹਨ, ਜਿਨ੍ਹਾਂ ਤੋਂ ਉਚੀਆਂ-ਸੁੱਚੀਆਂ ਸਦਾਚਾਰਕ ਕਦਰਾਂ-ਕੀਮਤਾਂ ਦੀ ਅਤੇ ਕਾਨੂੰਨ ਦੀ ਰਾਖੀ ਦੀ ਆਸ ਕੀਤੀ ਜਾਂਦੀ ਹੈ। ਨੌਕਰੀ ਵਾਸਤੇ ਨਿੰਦਰ ਦੀ ਇੰਟਰਵਿਊ ਹੁੰਦੀ ਹੈ। ਨੌਕਰੀ 'ਅਮਕਾ ਸਿੰਘ ਬਨਾਮ ਧਮਕਾ ਸਿੰਘ ਹਾਜ਼ਰ ਹੋ' ਦਾ ਹੋਕਾ ਦੇਣ ਲਈ ਅਰਦਲੀ ਦੀ ਹੈ ਪਰ ਇਕ ਇੰਟਰਵਿਊ ਲੈਣ ਵਾਲ ਜੱਜ ਪੁਛਦਾ ਹੈ, "ਘਰ ਦੇ ਕਿਹੜੇ ਕਿਹੜੇ ਕੰਮ ਜਾਣਨੈਂ? ਰੋਟੀ-ਰੂਟੀ ਬਣਾ ਲੈਨਾ ਏਂ?" ਤੇ ਉਹ ਇਹ ਵੀ ਸਪੱਸ਼ਟ ਕਰ ਦਿੰਦਾ ਹੈ, "ਕਾਕਾ, ਸਭ ਤੋਂ ਵੱਡੀ ਗੱਲ ਤਾਂ ਏਹੋ ਹੈ।" ਪਰ ਜੱਜ-ਨਿਵਾਸ ਵਿਚ ਇਹ 'ਰੋਟੀ-ਰੂਟੀ' ਜੋ ਰੂਪ ਧਾਰਦੀ ਹੈ, ਉਹ ਕੁਝ ਵਧੇਰੇ ਹੀ ਫੈਲਵਾਂ ਹੈ।

ਵੈਸੇ ਤਾਂ ਇਹ ਕੰਮ-ਸੰਗਲੀ ਦੂਜਾ ਇੰਟਰਵਿਊਕਾਰ ਜੱਜ ਹੀ ਸਮਝਾ ਦਿੰਦਾ ਹੈ, "ਕਾਕਾ, ਏਸ ਮਹਿਕਮੇ ਵਿਚ ਤਾਂ ਏ-ਟੂ-ਜ਼ੈਡ ਸਾਰੇ ਦੇ ਸਾਰੇ ਕੰਮ ਕਰਨੇ ਪੈਂਦੇ ਨੇ, ਰੋਟੀ ਬਣਾਉਣ ਤੋਂ ਲੈ ਕੇ ਭਾਂਡੇ ਸਾਫ਼ ਕਰਨ, ਕੱਪੜੇ ਧੋਣ, ਪਸ਼ੂ ਚੋਣ, ਪੱਠੇ ਪਾਉਣ, ਗੋਹਾ ਸਾਫ਼ ਕਰਨ, ਜੁਆਕ ਸਕੂਲ ਛੱਡਣ-ਲਿਆਉਣ ਤੱਕ!" ਫੇਰ ਇਹ ਸੋਚ ਕੇ ਕਿ ਕੋਈ ਕੰਮ ਰਹਿ ਨਾ ਜਾਵੇ, ਉਹ ਇਹ ਆਖ ਕੇ ਗੱਲ ਨਿਬੇੜਦਾ ਹੈ, "ਸਮਝ ਲੈ, ਕੋਠੀ-ਕਚਹਿਰੀ ਦੇ ਸਾਰੇ ਦੇ ਸਾਰੇ ਹੀ ਕੰਮ ਕਰਨੇ ਪੈਣੇ ਨੇ।" ਉਹ ਬੰਧੂਆ ਮਜ਼ਦੂਰ ਵਾਲਾ ਲੱਛਣ ਵੀ ਸਪੱਸ਼ਟ ਕਰ ਦਿੰਦਾ ਹੈ, "ਛੁੱਟੀ-ਛੁੱਟੀ ਕੋਈ ਨੀ, ਐਤਵਾਰ ਦੀ ਵੀ ਛੁੱਟੀ ਨੀ।"

ਜਦੋਂ ਪੁਰਾਣੇ ਜੱਜ ਦੀ ਬਦਲੀ ਅਤੇ ਨਵੇਂ ਦੀ ਆਉਦ ਵਿਚਕਾਰ ਕੁਝ ਦਿਨਾਂ ਦਾ ਖੱਪਾ ਪੈਂਦਾ ਹੈ, ਸੁਪਰਡੈਂਟ ਹੀ ਵਿਚੋਂ ਦੀ ਗੋਲਾ-ਧੰਦਾ ਕਰਵਾਉਣ ਦਾ ਦਾਅ ਲਾ ਜਾਂਦਾ ਹੈ। ਉਹ ਹੁਕਮ ਕਰਦਾ ਹੈ, "ਓਨੇ ਦਿਨ ਤੂੰ ਮੇਰੇ ਕੋਲ ਡਿਊਟੀ ਦਿਆ ਕਰ।"

ਕਈ ਵਾਰ ਤਾਂ ਕੰਮਾਂ ਦੀ ਇਸ ਸੰਗਲੀ ਵਿਚ ਕੋਈ ਅਜੀਬ ਕੜੀ ਵੀ ਜੁੜ ਜਾਂਦੀ ਹੈ ਜਿਵੇਂ ਜੱਟ ਦੀ ਭੇਜੀ ਹੋਈ ਮੱਝ ਦਾ ਓਪਰਾ ਮਨ ਕੇ ਰਿੰਗਣਾ ਸੁਣਦਿਆਂ ਜੱਜ ਸਾਹਬ ਹੁਕਮ ਦਿੰਦੇ ਹਨ, "ਏਸੇ ਉਰ੍ਹੇ ਆ। ... ਇਹਨੂੰ ਚੁੱਪ ਕਰਾ ਸਾਲੀ ਮੇਰੀ ਨੂੰ। ਕਿਵੇਂ ਰਿੰਗਣ ਲੱਗੀ ਐ। ਸਾਲੀਏ, ਘਰ ਆਈ ਐਂ, ਇਹ ਕਿਹੜਾ ਕਸਾਈਆਂ ਦੀ ਹਵੇਲੀ ਐ। ਹੂੰ, ਕਿਵੇਂ ਰਿੰਗਦੀ ਐ, ਕੁੱਤੀ ਚੋ...।"

ਇਕ ਹੈਰਾਨੀਜਨਕ ਗੱਲ ਜੱਜ ਸਾਹਿਬ ਦਾ ਸ਼ਬਦ-ਭੰਡਾਰ ਹੈ। ਜੇ ਕਿਤੇ ਉਹਨੂੰ ਲਿਖਣ ਦੀ ਚੇਟਕ ਹੁੰਦੀ, ਭਾਸ਼ਾ ਨੇ ਉਹਨੂੰ ਕਦੀ ਦਗਾ ਨਹੀਂ ਸੀ ਦੇਣਾ। ਉਦਾਹਰਨ ਵਜੋਂ, ਨਿੰਦਰ ਲਈ ਉਸ ਵੱਲੋਂ ਗੱਲ-ਗੱਲ ਵਿਚ ਵਰਤੇ ਗਏ ਗਾਲ੍ਹ-ਵਿਸ਼ੇਸ਼ਣਾਂ ਦੇ ਮੋਤੀ ਅਨੇਕ ਪੰਨਿਆਂ ਉਤੇ ਬਿਖਰੇ ਪਏ ਹਨ। ਉਹ ਇਹਨੂੰ "ਨਿੰਦਰੀ ਜਿੰਦਰੀ, ਤੂੰਬੀ ਮਾਸਟਰ" ਤੋਂ ਸ਼ੁਰੂ ਕਰ ਕੇ "ਮਰਾਸੀ, ਸਾਲਾ ਮਰਾਸੀ, ਕੰਜਰ ਦਾ ਮਰਾਸੀ, ਯੱਭਲ, ਝੱਲਾ, ਬਊਂ ਬਊਂ ਕਰਨ ਵਾਲੇ ਕੁੱਤੇ ਦੀ ਜੀਭੀ, ਭੁਤਨਾ, ਸਾਲਾ ਹਰਾਮੀ, ਸਾਲਾ ਭੰਡ, ਸਾਲਾ ਪਖੰਡੀ, ਕੰਜਰ ਦਾ, ਸ਼ੈਤਾਨ ਦੀ ਟੂਟੀ, ਦੁਰ ਫਿੱਟੇ ਮੂੰਹ, ਢੇਰਨਾ, ਬਤੁੰਨਾ ਜਿਆ, ਕੁੱਤਾ, ਸਾਲਾ ਘੋਗੜ ਕਾਂ, ਉਲੂ ਦਾ ਪੱਠਾ, ਪਾਗਲ, ਕਲੰਕ, ਅੰਨ੍ਹਾ" ਆਦਿ ਆਦਿ ਕਹਿੰਦਾ ਹੋਇਆ "ਭੈਣ ਚੋ" ਉਤੇ ਆ ਤੋੜਾ ਝਾੜਦਾ ਹੈ। ਤੇ ਜੇ ਉਹ ਮੂੰਹ ਦੀ ਭਾਸ਼ਾ ਨੂੰ ਘੱਟ ਪ੍ਰਭਾਵਸ਼ਾਲੀ ਰਹਿ ਗਈ ਸਮਝਦਾ ਹੈ, ਤਦ ਹੱਥ ਦੀ ਭਾਸ਼ਾ ਵਰਤਦਿਆਂ ਇਹਨੂੰ ਭੈਣ ਦੀ ਗਾਲ ਕੱਢ ਕੇ ਅਤੇ ਗਲਮਿਊਂ ਫੜ ਕੇ ਪੂਰੇ ਜ਼ੋਰ ਨਾਲ ਢੂਈ ਵਿਚ ਮੁੱਕਾ ਮਾਰਨੋਂ ਵੀ ਸੰਕੋਚ ਨਹੀਂ ਕਰਦਾ।

ਕਹਾਵਤ ਹੈ ਕਿ ਇਕ ਬਾਣੀਆ ਪਿੰਡ ਵਿਚ ਉਗਰਾਹੀ ਲਈ ਗਿਆ ਇਕ ਜੱਟ ਦੇ ਘਰੋਂ ਰੋਟੀ-ਦੁੱਧ ਖਾਂਦਾ-ਪੀਂਦਾ ਸੀ। ਇਕ ਵਾਰ ਉਹਦੇ ਘਰ ਉਹੋ ਜੱਟ ਕਿਸੇ ਮਜਬੂਰੀ ਵੱਸ ਰਾਤ ਕੱਟਣ ਆ ਗਿਆ। ਬਾਣੀਏ ਨੇ ਖ਼ੂਬ ਸੇਵਾ ਕੀਤੀ ਪਰ ਸਵੇਰੇ ਤੁਰਨ ਲੱਗੇ ਜੱਟ ਅੱਗੇ ਹੱਥ ਜੋੜ ਕੇ ਅਰਜ਼ ਗੁਜ਼ਾਰੀ ਕਿ ਪਿੰਡ ਜਾ ਕੇ ਮੇਰਾ ਕੋਈ ਵੀ ਜ਼ਿਕਰ ਨਾ ਕਰਨਾ। ਹੈਰਾਨ ਹੋਏ ਜੱਟ ਨੇ ਕਿਹਾ, "ਸੇਠ, ਜਿੰਨੀ ਸੇਵਾ ਤੂੰ ਕੀਤੀ ਹੈ, ਮੈਂ ਤਾਂ ਤੇਰੀ ਵਡਿਆਈ ਹੀ ਕਰੂੰ।"

ਬਾਣੀਏ ਨੇ ਕਾਰਨ ਸਮਝਾਇਆ, "ਜੇ ਮੇਰੀ ਸੇਵਾ ਚੰਗੀ ਲੱਗੀ ਹੋਈ, ਕਹੇਂਗਾ, ਸਾਲੇ ਲਾਲੇ ਨੇ ਬੜੀ ਸੇਵਾ ਕੀਤੀ ਤੇ ਜੇ ਚੰਗੀ ਨਾ ਲੱਗੀ ਹੋਈ, ਕਹੇਂਗਾ, ਸਾਲੇ ਲਾਲੇ ਨੇ ਚੱਜ ਨਾਲ ਸੇਵਾ ਨਹੀਂ ਕੀਤੀ। ਮੈਨੂੰ ਤਾਂ ਦੋਵੇਂ ਪਾਸੇ ਹੀ ਸਾਲਾ ਬਣਨਾ ਪੈਣਾ ਐ!"

ਐਨ ਇਹੋ ਗੱਲ ਨਿੰਦਰ ਦੇ ਜੱਜ ਸਾਹਿਬ ਦੀ ਸੀ। ਜੇ ਉਹ ਇਹਦੇ ਗੀਤ-ਸੰਗੀਤ ਦੀ ਤਾਰੀਫ਼ ਕਰਦਾ ਹੈ, ਤਾਂ ਵੀ ਗਾਲ੍ਹ ਦੇ ਕੇ ਹੀ ਕਰਦਾ ਹੈ, "ਦੁਰ ਫਿੱਟੇ ਮੂੰਹ ਤੇਰੇ ਕੰਜਰ ਦਿਆ! ਜਾਹ ਓਏ, ਤੈਨੂੰ ਕੁਝ ਨਹੀਂ ਆਉਂਦਾ ਸਿਵਾਏ ਟੁੰਗ-ਲੁੰਗ-ਲੁੰਗ ਤੋਂ।" ਤੇ ਜੇ ਉਹ ਇਹਦੇ ਗੀਤ-ਸੰਗੀਤ ਨੂੰ ਨਿੰਦਦਾ ਹੈ, ਫੇਰ ਤਾਂ ਗਾਲ੍ਹ ਦੇਣੀ ਹੀ ਹੋਈ, "ਹੈਂ ਓਏ, ਸੁਣਿਆ ਮੇਰਾ ਗੌਣ? ਇਉਂ ਗਾਈਦੈ ਪੁੱਤ! ਅਸੀਂ ਗੌਣ ਜਾਣਦੇ ਐਂ! ਤੂੰ ਕੀ ਜਾਣਦੈਂ ਸਵਾਏ ਬਕਣੀ ਤੋਂ।"

ਨਿੰਦਰ ਨੇ ਇਕ ਚੰਗੀ ਗੱਲ ਇਹ ਕੀਤੀ ਹੋਈ ਸੀ ਕਿ ਇਸ 'ਮਹਾਂਨਾਇਕ' ਤੋਂ ਪਹਿਲੇ ਅਤੇ ਪਿਛਲੇ ਜੱਜਾਂ ਦਾ, ਜੋ ਚੰਗੇ ਮਨੁੱਖ ਸਨ, ਲੋੜੀਂਦਾ ਜ਼ਿਕਰ ਕਰ ਕੇ ਸੰਤੁਲਨ ਕਾਇਮ ਕਰ ਦਿੱਤਾ ਸੀ। ਇਉਂ ਇਹ ਅਬੈੜਾ ਜੱਜ ਨਿਆਂਪਾਲਿਕਾ ਦਾ ਪ੍ਰਤੀਨਿਧ ਰੂਪ ਨਹੀਂ ਸੀ ਬਣਿਆ ਜਿਸ ਨਾਲ ਇਹ ਪ੍ਰਭਾਵ ਪੈਂਦਾ ਕਿ ਸਾਰੀ ਦੀ ਸਾਰੀ ਨਿਆਂਪਾਲਿਕਾ ਹੀ ਮਾੜੀ ਹੈ।

ਪਹਿਲਾ ਜੱਜ, ਜੋ ਛੇਤੀ ਹੀ ਬਦਲ ਜਾਂਦਾ ਹੈ, ਇਕ ਦਿਨ ਕਹਿੰਦਾ ਹੈ, "ਕਾਕਾ ਤੂੰ ਗੁਣੀ ਮੁੰਡਾ ਏਂ। ਤੂੰ ਅੱਗੋਂ ਹੋਰ ਪੜ੍ਹਾਈ ਕਰ ਲੈ। ਹੁਣ ਤੇਰੀ ਨੌਕਰੀ ਵਾਲਾ ਕੰਮ ਤਾਂ ਹੋ ਹੀ ਗਿਆ, ਪੜ੍ਹਾਈ ਤੇਰੇ ਕੰਮ ਆਊਗੀ। ਸਾਰੀ ਉਮਰ ਅਰਦਲਪੁਣਾ ਥੋੜ੍ਹੀ ਕਰਦਾ ਰਹੇਂਗਾ ਤੂੰ।" ਇਸ ਜੱਜ ਸਾਹਿਬ ਦੀ ਪਤਨੀ ਵੀ ਨਵੀਂ ਥਾਂ ਮਿਲਣ ਗਏ ਨੂੰ ਕਹਿੰਦੀ ਹੈ, "ਨਿੰਦਰ ਬੇਟੇ, ਗੱਲ ਸੁਣ ਮੇਰੀ। ਹੌਸਲਾ ਨਾ ਛੱਡੀਂ। ਫੇਰ ਤੈਨੂੰ ਤੇਰਾ ਨਵਾਂ ਸਾਹਿਬ ਪਿਆਰ ਵੀ ਤਾਂ ਕਰਦੈ। ਜੇ ਸ਼ਰਾਬ ਪੀ ਕੇ ਅਵਾ-ਤਵਾ ਬੋਲਦਾ ਐ ਤਾਂ ਚੁੱਪ ਕਰ ਰਿਹਾ ਕਰ। ਸਾਰੇ ਇਕੋ ਜਿਹੇ ਨਹੀਂ ਹੁੰਦੇ। ਕੋਈ ਹੋਰ ਚੰਗਾ ਆ ਜਾਊ।" ਉਹ ਮੁੜਨ ਲੱਗੇ ਨੂੰ ਇਹਨੂੰ ਪੈਂਟ ਤੇ ਕਮੀਜ਼ ਦਾ ਵਧੀਆ ਕੱਪੜਾ ਵੀ ਦਿੰਦੀ ਹੈ ਅਤੇ ਕੁਝ ਰੁਪਈਏ ਵੀ ਜੇਬ ਵਿਚ ਪਾ ਦਿੰਦੀ ਹੈ।



ਆਪਣੇ ਸਭਿਆਚਾਰਕ ਸਰਪ੍ਰਸਤ ਸ. ਜਗਦੇਵ ਸਿੰਘ ਜੱਸੋਵਾਲ ਨੂੰ ਇਕ ਪੁਸਤਕ ਭੇਟ ਕਰਦਿਆਂ

ਉਨ੍ਹਾਂ ਦਾ ਇਕੋ-ਇਕ ਨੌਜਵਾਨ ਪੁੱਤਰ ਰਿੰਕੂ ਤਾਂ ਪਹਿਲੇ ਦਿਨ ਹੀ ਇਹਦਾ ਨਾਂ ਸੁਣ ਕੇ ਕੁਰਸੀ ਤੋਂ ਖੜ੍ਹਾ ਹੋ ਜਾਂਦਾ ਹੈ ਅਤੇ ਖੁਸ਼ੀ-ਖੁਸ਼ੀ ਹੱਥ ਮਿਲਾ ਕੇ ਕਹਿੰਦਾ ਹੈ, "ਲੈ ਯਾਰ, ਕਮਾਲ ਐ ਵੀਰੇ, ਮੈਂ ਤਾਂ ਤੇਰਾ ਨਾਂ ਵੀਹ ਵਾਰੀ ਪੜ੍ਹਿਆ ਐ ਅਖ਼ਬਾਰਾਂ ਵਿਚ।" ਫੇਰ ਉਹ ਝੋਰਾ ਕਰਦਾ ਹੈ, "ਯਾਰ, ਤੂੰ ਕਿਵੇਂ ਆ ਗਿਆ ਇਹੋ ਜਿਹੇ ਕੰਮ ਵਿਚ... ਹੈਂ? ਤੂੰ ਸਾਹਿਤਕਾਰ ਐਂ ਤੇ ਅਰਦਲੀ ਲੱਗਣ ਲੱਗਿਆਂ ਐਂ ਯਾਰ।" ਉਹ ਆਪਣੀ ਮਾਂ ਨੂੰ ਇਹਦਾ ਲੇਖਕ ਹੋਣਾ ਦਸਦਾ ਹੈ ਅਤੇ ਉਹ ਪ੍ਰਭਾਵਿਤ ਹੋ ਕੇ ਕਹਿੰਦੀ ਹੈ ਕਿ ਸਾਹਿਬ ਤੋਂ ਇਹਦੀ ਨੌਕਰੀ ਦੇ ਪੱਕੇ ਆਰਡਰ ਹੀ ਕਰਵਾ ਦਿੰਦੇ ਹਾਂ। ਉਹ ਆਪਣੇ ਪਿਤਾ ਨੂੰ ਦਸਦਾ ਹੈ, "ਆਹ ਵੇਖੋ, ਰਾਸ਼ਟਰਪਤੀ ਹੱਥੋਂ ਕਿਤਾਬ ਰਿਲੀਜ਼ ਕਰਵਾ ਰਿਹਾ ਐ। ਕਿਵੇਂ ਖੜ੍ਹਾ ਐ ਫੱਬ ਕੇ। ਤੇ ਐਥੇ ਅਰਦਲੀ ਲੱਗਿਆ ਫਿਰਦਾ ਐ। ਇਹ ਸਭ ਪੇਟ ਦਾ ਮਸਲਾ ਐ। ਮੈਂ ਤਾਂ ਇਹਨੂੰ ਕਹਿਨਾਂ, ਇਹ ਅੱਗੋਂ ਹੋਰ ਪੜ੍ਹੇ ਤੇ ਚੰਗੀ ਨੌਕਰੀ ਉਤੇ ਲੱਗੇ।"

ਇਸੇ ਪ੍ਰਕਾਰ ਤੀਜਾ ਜੱਜ, ਜਿਸ ਦੀ ਸੇਵਾ ਅਬੈੜੇ ਜੱਜ ਮਗਰੋਂ ਪੱਲੇ ਪੈਂਦੀ ਹੈ, ਵੀ ਆਪਣੇ ਕੰਮ ਵਿਚ ਮਸਤ ਰਹਿਣ ਵਾਲਾ ਚੰਗਾ ਆਦਮੀ ਹੈ। ਪਰ ਉਹਦੀ ਚੰਗਿਆਈ ਦੀ ਸਾਰੀ ਕਸਰ ਨੌਕਰਾਂ ਨੂੰ ਟਿਕਣ ਨਾ ਦੇਣ ਵਾਲੀ ਅਤੇ ਤੋੜ-ਤੋੜ ਖਾਣ ਵਾਲੀ ਉਹਦੀ ਪਤਨੀ ਪੂਰੀ ਕਰ ਦਿੰਦੀ ਹੈ।

ਇਉਂ ਸਾਰੇ ਜੱਜ ਸਾਧਾਰਨ ਬੰਦਿਆਂ ਵਾਂਗ ਭਾਂਤ-ਸੁਭਾਂਤੇ ਰੂਪ ਵਿਚ ਸਾਹਮਣੇ ਆਉਂਦੇ ਹਨ। ਉਹ ਸਾਰੇ ਦੇ ਸਾਰੇ ਕਿਸੇ ਵਿਸ਼ੇਸ਼ ਨਿਆਂਕਾਰ ਅਤੇ ਨਿਆਂਪਾਲਕ ਸਾਂਚੇ ਵਿਚ ਢਲੇ ਹੋਏ ਨਹੀਂ ਦਿਸਦੇ, ਜਦੋਂ ਕਿ ਸਮਾਜ ਭਲੇ ਲਈ ਜ਼ਰੂਰ ਇਉਂ ਢਲੇ ਹੋਏ ਹੋਣੇ ਚਾਹੀਦੇ ਹਨ।

ਜਦੋਂ ਨਿੰਦਰ 'ਪੰਜਾਬੀ ਟ੍ਰਿਬਿਊਨ' ਦੇ ਦਫ਼ਤਰ ਵਿਚ ਮੈਨੂੰ ਮਿਲਣ ਆਇਆ ਸੀ, ਮੈਂ ਇਹਦਾ ਚਾਰ ਪੁਸਤਕਾਂ ਦਾ ਲੇਖਕ ਹੋਣਾ ਜਾਣ ਕੇ ਮਖੌਲ ਨਾਲ ਇਹ ਵੀ ਪੁੱਛਿਆ ਸੀ, "ਬਈ ਇਕ ਗੱਲ ਸੱਚੋ-ਸੱਚ ਦੱਸ। ਤੂੰ ਜਿੰਨਾ ਦਿਸਦਾ ਹੈਂ, ਏਡਾ ਹੀ ਹੈਂ ਜਾਂ ਏਨਾ ਧਰਤੀ ਵਿਚ ਵੀ ਹੈਂ?"

ਇਹ ਖਿੜਖਿੜ ਹੱਸਿਆ ਸੀ, "ਨਾ ਅੰਕਲ ਜੀ, ਧਰਤੀ ਵਿਚ ਤਾਂ ਮੈਂ ਭੋਰਾ ਵੀ ਨਹੀਂ ਜੀ। ਮੈਂ ਤਾਂ ਏਡਾ ਹੀ ਆਂ ਜੀ, ਬੱਸ ਛੋਟਾ ਜਿਹਾ।" ਤੇ ਫੇਰ ਉਹ ਆਬਦੇ ਨਿੱਕੇ ਜਿਹੇ ਸਰੀਰ ਵੱਲ ਦੇਖ ਕੇ ਬੋਲਿਆ ਸੀ, "ਹੋਰ ਬੱਚੇ ਕਿੱਡੇ ਕੁ ਹੁੰਦੇ ਐ ਜੀ, ਅੰਕਲ ਜੀ? ਮੈਂ ਤਾਂ ਥੋੜਾ ਬੱਚਾ ਆਂ ਜੀ।"


ਪਰ ਜੱਜਾਂ ਬਾਰੇ ਲੇਖ ਪੜ੍ਹ ਕੇ ਲਗਿਆ, ਇਹ ਥੋੜ੍ਹਾ ਜਿਹਾ ਤਾਂ ਧਰਤੀ ਵਿਚ ਜ਼ਰੂਰ ਹੈ। ਸਾਹਿਬ ਤਾਂ ਜੋ ਸੀ, ਸੋ ਸੀ ਹੀ, ਇਹ ਵੀ ਉਹਦੇ ਨਾਲ ਪੰਗੇ ਲੈਣੋਂ ਨਹੀਂ ਸੀ ਹਟਦਾ। ਇਹ ਆਪ ਮੰਨਦਾ ਹੈ, "ਕਈ ਵਾਰੀ ਤਾਂ ਜੱਜ ਸਾਹਬ ਨੂੰ ਛੇੜ ਕੇ ਮੈਨੂੰ ਬੜਾ ਸੁਆਦ ਆਉਂਦਾ ਸੀ।"




ਘੱਟ-ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤੇ ਐਮ. ਪੀ. ਤਰਲੋਚਨ ਸਿੰਘ, ਗੁਰਬਚਨ ਸਿੰਘ ਭੁੱਲਰ ਅਤੇ ਪੰਜਾਬੀ ਅਕਾਦਮੀ ਦਿੱਲੀ ਦੇ ਸਕੱਤਰ ਰਵੇਲ ਸਿੰਘ ਦਿੱਲੀ ਵਿਖੇ ਨਿੰਦਰ ਦੇ ਰੂਬਰੂ ਪ੍ਰੋਗਰਾਮ ਸਮੇਂ ਪੁਸਤਕ 'ਇਕ ਸੀ ਗਾਰਗੀ' ਪਾਠਕ-ਭੇਟ ਕਰਦਿਆਂ

# ਭੰਬਲਭੂਸਾ

**ਖਰੀ ਗੱਲ**



**ਬੌਬ ਖਹਿਰਾ ਮਿਸ਼ੀਗਨ**
ਫੋਨ: 734-925-0177

ਹਰ ਚਤੁਰ-ਚਲਾਕ ਆਦਮੀ ਦੂਜਿਆਂ ਨੂੰ ਭੰਬਲਭੂਸੇ ਵਿਚ ਪਾਈ ਫਿਰਦਾ ਹੈ। ਭੰਬਲਭੂਸਾ ਮਤਲਬ ਚੱਕਰਵਿਊ, ਜਾਂ ਕਹਿ ਲਉ ਗੁੰਮਰਾਹ ਕਰਨਾ। ਅੱਜ ਜਿਸ ਦਾ ਜ਼ੋਰ ਚਲਦਾ ਹੈ, ਉਹ ਦੂਜੇ ਨੂੰ ਗੁੰਮਰਾਹ ਕਰਦਾ ਹੈ; ਯਾਨਿ ਭੰਬਲਭੂਸੇ ਵਿਚ ਪਾ ਕੇ ਆਪਣਾ ਉਲੂ ਸਿੱਧਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਧਰਮਾਂ ਦੇ ਜਿੰਨੇ ਵੀ ਠੇਕੇਦਾਰ ਹਨ, ਉਹ ਕਿਸ-ਕਿਸ ਤਰ੍ਹਾਂ ਲੋਕਾਂ ਨੂੰ ਭੰਬਲਭੂਸੇ ਵਿਚ ਪਾਉਂਦੇ ਹਨ ਤੇ ਲੁੱਟਦੇ ਹਨ, ਇਹ ਕਿਸੇ ਕੋਲੋਂ ਗੁੱਝਾ ਨਹੀਂ। ਕਿਸੇ ਵੀ ਧਰਮ ਨੂੰ ਲੈ ਲਓ। ਜੋ ਵੀ ਇਸ ਦੇ ਪੈਰੋਕਾਰ ਹਨ, ਇਕ ਪਾਸੇ ਤਾਂ ਉਹ ਲੋਕਾਂ ਨੂੰ ਰੱਬ ਤੋਂ ਡਰਨ ਲਈ ਕਹਿੰਦੇ ਹਨ, ਦੂਜੇ ਪਾਸੇ ਆਪ ਝੂਠ ਬੋਲ ਕੇ ਲੋਕਾਂ ਨੂੰ ਡਰਾਉਂਦੇ ਹਨ ਤਾਂ ਕਿ ਲੁੱਟ ਕੀਤੀ ਜਾ ਸਕੇ।

ਇਸੇ ਤਰ੍ਹਾਂ ਹੀ ਲੀਡਰ ਕਰਦੇ ਹਨ। ਉਹ ਵੀ ਹਰ ਸਾਲ, ਜਾਂ ਕਹਿ ਲਓ ਕਿ ਹਰ ਚੋਣ ਮੌਕੇ ਲੋਕਾਂ ਨਾਲ ਝੂਠੇ ਵਾਅਦੇ ਕਰਦੇ ਹਨ, ਨਸ਼ੇ ਵੰਡਦੇ ਹਨ ਤੇ ਵਿਰੋਧੀ ਪਾਰਟੀ ਦੇ ਲੀਡਰ ਖ਼ਿਲਾਫ਼ ਰੱਜ ਕੇ ਝੂਠ ਬੋਲਦੇ ਹਨ। ਅੰਦਰੋਂ ਭਾਵੇਂ ਇਹ ਸਾਰੇ ਇਕ ਹੀ ਹੁੰਦੇ ਹਨ। ਇੰਜ ਹੀ ਜੋਤਸ਼ੀ, ਆਮ ਲੋਕਾਂ ਨੂੰ ਝੂਠ ਬੋਲ ਕੇ ਭੰਬਲਭੂਸੇ ਵਿਚ ਪਾਈ ਰੱਖਦੇ ਹਨ, ਤੇ ਲੋਕ ਵੀ ਇਨ੍ਹਾਂ ਦੇ ਪ੍ਰਭਾਵ ਹੇਠ ਆ ਕੇ ਡਰ ਜਾਂਦੇ ਹਨ। ਅੱਜ ਕੱਲ੍ਹ ਸਾਧਾਂ ਨੇ ਵੀ ਪਿੰਡ-ਪਿੰਡ ਡੇਰੇ ਬਣਾ ਕੇ ਇਹ ਕੰਮ ਸ਼ੁਰੂ ਕੀਤਾ ਹੋਇਆ ਹੈ। ਹਜ਼ਾਰਾਂ-ਲੱਖਾਂ ਲੋਕ ਇਨ੍ਹਾਂ ਦੇ ਵਿਛਾਏ ਜਾਲ ਵਿਚ ਫਸ ਜਾਂਦੇ ਹਨ। ਇਹ ਸਾਧ ਜਿੱਥੇ ਆਮ ਲੋਕਾਂ ਦੀ ਕਮਾਈ 'ਤੇ ਐਸ਼ ਕਰਦੇ ਹਨ, ਉਥੇ ਉਨ੍ਹਾਂ ਦੀਆਂ ਧੀਆਂ-ਭੈਣਾਂ ਨਾਲ ਵੀ ਖਿਲਵਾੜ ਕਰਦੇ ਹਨ। ਇਹ ਸਾਧ ਬਹੁਤ ਸਾਰੇ ਪਰਿਵਾਰਾਂ ਵਿਚ ਗਲਤ-ਫਹਿਮੀਆਂ ਪੈਦਾ ਕਰ ਕੇ ਲੜਾਈਆਂ ਅਤੇ ਕਤਲ ਤੱਕ ਕਰਵਾ ਦਿੰਦੇ ਹਨ, ਤੇ ਫਿਰ ਜ਼ਮੀਨਾਂ 'ਤੇ ਵੀ ਕਬਜ਼ਾ ਕਰ ਲੈਂਦੇ ਹਨ। ਫਿਰ ਸ਼ੁਰੂ ਹੋ ਜਾਂਦੇ ਹਨ ਥਾਣਿਆਂ-ਕਚਹਿਰੀਆਂ ਦੇ ਚੱਕਰ ਜੋ ਛੇਤੀ ਕਿਤੇ ਮੁੱਕਦੇ ਨਹੀਂ ਹਨ। ਪੈਸੇ ਅਤੇ ਸਮੇਂ ਦੀ ਬਰਬਾਦੀ ਤਾਂ ਹੁੰਦੀ ਹੀ ਹੈ, ਜੋ ਮਾਨਸਿਕ ਕਸ਼ਟ ਭੋਗਣਾ ਪੈਂਦਾ ਹੈ, ਉਹ ਵੱਖਰਾ।

ਅੱਜ ਕੱਲ੍ਹ ਟੀ.ਵੀ.-ਅਖ਼ਬਾਰਾਂ ਵਿਚ ਵਾਸਤੂ ਸ਼ਾਸਤਰ ਵਾਲਿਆਂ ਦੀਆਂ ਕਿੰਨੀਆਂ ਮਸ਼ਹੂਰੀਆਂ ਆਉਂਦੀਆਂ ਹਨ। ਇਹ ਲੋਕ ਵੀ ਲੋਕਾਂ ਨੂੰ ਅਜਿਹਾ ਭੰਬਲਭੂਸੇ ਵਿਚ ਪਾਉਂਦੇ ਹਨ ਕਿ ਕਈ ਤਾਂ ਆਪਣੀਆਂ ਕੋਠੀਆਂ ਢਾਹ ਕੇ, ਇਨ੍ਹਾਂ ਦੇ ਮੂੰਹ-ਮੱਥੇ ਦੂਜੇ ਪਾਸੇ ਇਨ੍ਹਾਂ ਮੁਤਾਬਕ ਕਰ ਲੈਂਦੇ ਹਨ। ਫੈਕਟਰੀਆਂ ਤੱਕ ਵਿਚ ਵੱਡੇ ਫੇਰ-ਬਦਲ ਕਰ ਲਏ ਜਾਂਦੇ ਹਨ। ਇਉਂ ਇਹ ਲੋਕ ਜਿੱਥੇ ਇਨ੍ਹਾਂ ਲੋਕਾਂ ਕੋਲੋਂ ਮੋਟੀਆਂ ਰਕਮਾਂ ਲੁੱਟ ਲੈਂਦੇ ਹਨ, ਉਥੇ ਲੋਕ ਆਪਣੇ ਮਕਾਨਾਂ ਉਤੇ ਵੀ ਫਜ਼ੂਲ ਵਿਚ ਕਿੰਨਾ ਪੈਸਾ ਬਰਬਾਦ ਕਰ ਲੈਂਦੇ ਹਨ।

ਇਹੀ ਨਹੀਂ, ਅੱਜ ਕੱਲ੍ਹ ਦੇ ਦਿਨ-ਦਿਹਾੜਿਆਂ ਅਤੇ ਤਿਉਹਾਰਾਂ ਲਈ ਵੱਡੀਆਂ-

(ਅਗਲੇ ਸਫੇ 'ਤੇ ਜਾਰੀ)

# ਇੱਕ ਸੁਆਲ ਦੀ ਮੌਤ ਬਨਾਮ ਗੁਰਦਿਆਲ ਬੱਲ ਦੀ ਆਧੁਨਿਕਤਾ

## ਪ੍ਰਤੀਕਰਮ-ਦਰ-ਪ੍ਰਤੀਕਰਮ

'ਪੰਜਾਬ ਟਾਈਮਜ਼' ਦੇ ਅੰਕ 13 ਵਿਚ ਗੁਰਦਿਆਲ ਬੱਲ ਦਾ ਮੇਰੇ ਲੇਖ 'ਗੁਰਦਿਆਲ ਬੱਲ ਦੇ ਸਿਆਸੀ ਚਿੰਤਨ ਦੀਆਂ ਗੁੱਝੀਆਂ ਰਮਜ਼ਾਂ' ਦੇ ਜੁਆਬ ਵਿਚ ਪ੍ਰਤੀਕਰਮ ਛਪਿਆ ਹੈ। ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਮੇਰਾ ਮਕਸਦ ਬੱਲ ਦੇ ਪਹਿਲਾਂ ਛਪੇ ਲੇਖ ਬਾਰੇ ਕੁਝ ਪ੍ਰਸ਼ਨ ਉਠਾਉਣਾ ਹੀ ਸੀ, ਬੱਲ ਨੂੰ ਨੀਵਾਂ ਦਿਖਾਉਣਾ ਨਹੀਂ; ਪਰ ਬੱਲ ਨੇ ਆਪਣੇ ਨਵੇਂ ਲੇਖ ਵਿਚ ਵੀ ਮੇਰੇ ਪ੍ਰਸ਼ਨਾਂ ਨੂੰ ਮੁਖਾਤਿਬ ਹੋਣ ਦੀ ਬਜਾਏ

**ਪ੍ਰਭਸ਼ਰਨਬੀਰ ਸਿੰਘ**
**ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ**
prabhsharanbir@gmail.com

ਜਜ਼ਬਾਤੀ ਸ਼ਬਦਾਵਲੀ ਵਰਤਦਿਆਂ ਆਪਣੀ ਨੈਤਿਕ ਉੱਚਤਾ ਦਰਸਾਉਣ ਅਤੇ ਗੁੱਸਾ ਪ੍ਰਗਟਾਉਣ ਨੂੰ ਤਰਜੀਹ ਦਿੱਤੀ ਹੈ। ਮੇਰੇ ਸੁਆਲ ਬੱਲ ਦੀ ਨਿੱਜੀ ਜ਼ਿੰਦਗੀ ਬਾਰੇ ਨਹੀਂ ਸਨ, ਸਗੋਂ ਪੂਰੀ ਤਰ੍ਹਾਂ ਉਨ੍ਹਾਂ ਦੇ ਲੇਖ ਉਤੇ ਹੀ ਆਧਾਰਤ ਸਨ। ਬਿਹਤਰ ਹੁੰਦਾ, ਜੇ ਉਹ ਮੇਰੇ ਉਠਾਏ ਨੁਕਤਿਆਂ ਨੂੰ ਮੁਖਾਤਿਬ ਹੁੰਦੇ ਪਰ ਪਤਾ ਨਹੀਂ ਕਿਉਂ, ਉਨ੍ਹਾਂ ਨੇ ਲੇਖਕਾਂ, ਕਿਤਾਬਾਂ ਅਤੇ ਇਸ ਵਾਰ ਕਿਤਾਬਾਂ ਤੋਂ ਵੀ ਅੱਗੇ ਜਾਂਦਿਆਂ ਕਿਤਾਬਾਂ ਦੇ ਚੈਪਟਰਾਂ ਦੇ ਨਾਂਵਾਂ ਦਾ ਜ਼ਿਕਰ ਕਰਨਾ ਮੇਰੇ ਖਿਆਲ ਨਾਲ ਸੰਵਾਦ ਰਚਾਉਣ ਨਾਲੋਂ ਜ਼ਿਆਦਾ ਜ਼ਰੂਰੀ ਸਮਝਿਆ?

ਮੈਂ ਬੱਲ ਦੇ ਲੇਖ ਬਾਰੇ ਦੋ ਨੁਕਤੇ ਉਠਾਏ ਸਨ। ਪਹਿਲਾ, 1984 ਵਿਚ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੀ ਨਸਲਕੁਸ਼ੀ ਨੂੰ ਬੱਲ ਸਾਹਿਬ ਵੱਲੋਂ ਦੰਗੇ ਕਹਿਣ ਦਾ ਅਤੇ ਦੂਜਾ ਅਮਰੀਕੀ ਸਾਮਰਾਜ ਦੇ ਪਿਆਦਿਆਂ ਵਜੋਂ ਵਿਚਰਨ ਵਾਲੇ ਦੋ ਲੇਖਕਾਂ ਅਜ਼ਰ ਨਫ਼ੀਸੀ ਅਤੇ ਮੁਹੰਮਦ ਮੋਹਾਦੇਸਿਨ ਦੀ ਸਿਫਤ-ਸਲਾਹ ਕਰਨ ਦਾ।

1984 ਦੀ ਨਸਲਕੁਸ਼ੀ ਨੂੰ ਦੰਗੇ ਕਹਿਣ ਬਾਰੇ ਉਠਾਏ ਮੇਰੇ ਸੁਆਲ ਨੂੰ ਬੱਲ ਨੇ 'ਬਦਨੀਤੀ ਭਰਿਆ ਧੱਕਾ' ਕਰਾਰ ਦਿੱਤਾ ਹੈ ਪਰ ਆਪਣੇ ਪ੍ਰਤੀਕਰਮ ਵਿਚ ਵੀ ਬੱਲ ਨੇ ਉਨ੍ਹਾਂ ਘਟਨਾਵਾਂ ਨੂੰ 'ਬੇਹੱਦ ਮਨਹੂਸ' ਹੀ ਕਿਹਾ ਹੈ, ਨਸਲਕੁਸ਼ੀ ਫਿਰ ਵੀ ਨਹੀਂ ਕਿਹਾ। ਬੱਲ ਦਾ ਇਤਰਾਜ਼ ਹੈ ਕਿ ਮੈਂ ਅਜਿਹਾ ਸੁਆਲ ਉਠਾ ਕੇ ਉਨ੍ਹਾਂ ਦੀ ਸ਼ਖਸੀਅਤ ਅਤੇ ਇਰਾਦਿਆਂ ਬਾਰੇ ਸ਼ੱਕ ਪ੍ਰਗਟ ਕੀਤਾ ਹੈ ਪਰ ਉਨ੍ਹਾਂ ਦੀ ਸ਼ਖਸੀਅਤ ਸ਼ੱਕ ਦੀ ਸੰਭਾਵਨਾ ਤੋਂ ਕਿਤੇ ਉਪਰ ਹੈ। ਇਸੇ ਲਈ ਉਹ ਮੇਰੇ ਸੁਆਲਾਂ ਦਾ ਸਿੱਧਾ ਜੁਆਬ ਦੇਣ ਦੀ ਬਜਾਏ ਮੈਨੂੰ ਹੀ ਸੁਆਲ ਪੁੱਛਣ ਦੇ ਦੋਸ਼ ਵਿਚ ਕਟਹਿਰੇ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦੀ ਸੁਰ ਅਜਿਹੀ ਹੈ ਜਿਵੇਂ ਕਹਿ ਰਹੇ ਹੋਣ ਕਿ ਤੂੰ ਇਹ ਸੁਆਲ ਕਰਨ ਦੀ ਜੁਅਰਤ ਕਿਵੇਂ ਕੀਤੀ!

ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਮੇਰੇ ਸੁਆਲ ਬੱਲ ਦੀ ਲਿਖਤ ਵੱਲ ਸੇਧਿਤ ਸਨ, ਉਨ੍ਹਾਂ ਦੀ ਸ਼ਖਸੀਅਤ ਵੱਲ ਨਹੀਂ, ਕਿਉਂਕਿ ਮੈਂ ਉਨ੍ਹਾਂ ਨੂੰ ਇੰਨਾ ਨੇੜੇ ਤੋਂ ਨਹੀਂ ਜਾਣਦਾ ਕਿ ਉਨ੍ਹਾਂ ਦੀ ਸ਼ਖਸੀਅਤ ਬਾਰੇ ਕੁਝ ਕਹਿ ਸਕਾਂ। ਮੈਂ ਉਨ੍ਹਾਂ ਨੂੰ ਜ਼ਿੰਦਗੀ ਵਿਚ ਸਿਰਫ ਇਕ ਵਾਰ ਦੇਖਿਆ ਹੈ ਜਦੋਂ ਉਹ ਜਲੰਧਰ ਜਸਵੀਰ ਸ਼ੀਰੀ ਦੇ ਘਰ ਬੜੇ ਜੋਸ਼ ਵਿਚ ਕਿਰਕੇਗਾਰਡ ਬਾਰੇ ਵਿਖਿਆਨ ਦੇ ਰਹੇ ਸਨ। ਬਹੁਤੇ ਪਾਠਕ ਵੀ ਸ਼ਾਇਦ ਬੱਲ ਨੂੰ ਨਿੱਜੀ ਤੌਰ 'ਤੇ ਨਾ ਜਾਣਦੇ ਹੋਣ, ਪਰ ਲਿਖਤ ਬਾਰੇ ਅਸੀਂ ਸਾਰੇ ਜਾਣਦੇ ਹਾਂ ਕਿ ਉਨ੍ਹਾਂ ਨੇ ਸ਼ਬਦ ਦੰਗੇ ਵਰਤਿਆ ਹੈ। ਇਹ ਸ਼ਬਦ ਵਰਤਣ ਦੇ ਦੋ ਕਾਰਨ ਹੋ ਸਕਦੇ ਹਨ। ਇਕ ਤਾਂ ਇਹ ਕਿ ਉਹ ਵਾਕਿਆ ਹੀ ਉਨ੍ਹਾਂ ਘਟਨਾਵਾਂ ਨੂੰ ਦੰਗੇ ਸਮਝਦੇ ਹਨ ਅਤੇ ਦੂਜਾ ਇਹ ਕਿ ਇਹ ਸ਼ਬਦ ਉਨ੍ਹਾਂ ਵੱਲੋਂ ਅਣਗਹਿਲੀ ਵਿਚ ਵਰਤਿਆ ਗਿਆ, ਪਰ ਉਹ 1984 ਦੀਆਂ ਘਟਨਾਵਾਂ ਨੂੰ ਦੰਗੇ ਨਹੀਂ ਮੰਨਦੇ। ਉਨ੍ਹਾਂ ਦੇ ਪ੍ਰਤੀਕਰਮ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ 1984 ਵਿਚ ਸਿੱਖਾਂ ਨਾਲ ਜੋ ਵਾਪਰਿਆ, ਉਸ ਨੂੰ ਉਹ ਕੀ ਮੰਨਦੇ ਹਨ? ਜੇ ਉਨ੍ਹਾਂ ਨੇ ਇਹ ਸ਼ਬਦ ਅਣਗਹਿਲੀ ਵਿਚ ਵਰਤਿਆ ਸੀ, ਤਾਂ ਉਨ੍ਹਾਂ ਨੂੰ ਇਹ ਕਹਿ ਦੇਣਾ ਚਾਹੀਦਾ ਸੀ ਕਿ ਮੈਥੋਂ ਇਹ ਸ਼ਬਦ ਅਣਗਹਿਲੀ ਵਿਚ ਵਰਤਿਆ ਗਿਆ। ਦੂਜਾ ਉਨ੍ਹਾਂ ਨੇ ਸਪਸ਼ਟ ਰੂਪ ਵਿਚ ਇਹ ਵੀ ਨਹੀਂ ਮੰਨਿਆ ਕਿ 1984 ਵਿਚ ਸਿੱਖਾਂ ਦੀ ਨਸਲਕੁਸ਼ੀ ਹੋਈ। ਉਨ੍ਹਾਂ ਨੇ 1984 ਦੀਆਂ ਘਟਨਾਵਾਂ ਲਈ 'ਬੇਹੱਦ ਮਨਹੂਸ' ਸ਼ਬਦ ਵਰਤਿਆ ਹੈ। ਮਨਹੂਸ ਸ਼ਬਦ ਜ਼ਿੰਮੇਵਾਰੀ ਤੈਅ ਨਹੀਂ ਕਰਦਾ ਅਤੇ ਘਟਨਾ ਨੂੰ ਹਾਦਸੇ ਦੀ ਰੰਗਤ ਦਿੰਦਾ ਹੈ। 1984 ਹਾਦਸਾ ਨਹੀਂ ਸੀ। ਹਿੰਦੋਸਤਾਨੀ ਹਕੂਮਤ ਵੱਲੋਂ ਆਪਣੀ ਪੂਰੀ ਤਾਕਤ ਲਾ ਕੇ, ਆਪਣੇ ਹੀ ਕਾਨੂੰਨਾਂ ਨੂੰ ਛਿੱਕੇ ਟੰਗਦਿਆਂ ਅਤੇ ਮਨੁੱਖੀ ਨੈਤਿਕਤਾ ਦੀ ਖਿੱਲੀ ਉਡਾਉਂਦਿਆਂ ਕੀਤਾ ਗਿਆ ਅਤਿ ਘਿਨਾਉਣਾ ਕਾਰਾ ਸੀ। ਇਸ ਨਸਲਘਾਤ ਦੇ ਦੋਸ਼ੀ ਅੱਜ ਵੀ ਆਪਣੇ ਕੀਤੇ 'ਤੇ ਸ਼ਰਮਸਾਰ ਨਹੀਂ ਹਨ, ਸਗੋਂ ਕਹਿੰਦੇ ਹਨ ਕਿ ਸਿੱਖਾਂ ਨੂੰ ਸਬਕ ਸਿਖਾਉਣ ਦੀ ਜ਼ਰੂਰਤ ਸੀ।

ਸੋ, ਬੱਲ ਸਾਹਿਬ ਲਈ ਮੇਰਾ ਪ੍ਰਸ਼ਨ ਅਜੇ ਵੀ ਉਵੇਂ ਦਾ ਉਵੇਂ ਖੜ੍ਹਾ ਹੈ ਕਿ ਉਹ 1984 ਨੂੰ ਦੰਗੇ ਮੰਨਦੇ ਹਨ ਜਾਂ ਨਸਲਕੁਸ਼ੀ? ਕੀ ਹੁਣ ਬੱਲ ਸਾਹਿਬ ਨੂੰ ਵੀ ਦੱਸਣਾ ਪਵੇਗਾ ਕਿ ਭਾਸ਼ਾ ਦੀ ਵੀ ਰਾਜਨੀਤੀ ਹੁੰਦੀ ਹੈ। ਕਿਸੇ ਦੀ ਸ਼ਬਦਾਵਲੀ ਤੋਂ ਹੀ ਪਤਾ ਲੱਗਦਾ ਹੈ ਕਿ ਉਹ ਕਿਹੜੀ ਧਿਰ ਨਾਲ ਖੜ੍ਹਾ ਹੈ। 1984 ਵਿਚ ਸਿੱਖਾਂ ਦੀ ਹੋਈ ਨਸਲਕੁਸ਼ੀ ਨੂੰ ਦੰਗਿਆਂ ਦਾ ਨਾਂ ਹਿੰਦੋਸਤਾਨੀ ਹਕੂਮਤ ਨੇ ਦਿੱਤਾ।

ਦੂਜਾ ਮਸਲਾ ਹੈ ਅਜ਼ਰ ਨਫ਼ੀਸੀ ਅਤੇ ਮੁਹੰਮਦ ਮੋਹਾਦੇਸਿਨ ਦਾ। ਬੱਲ ਸਾਹਿਬ ਦੇ ਤਰਕ ਪੜ੍ਹ ਕੇ ਮੈਨੂੰ ਬੇਹੱਦ ਅਫਸੋਸ ਹੋਇਆ ਕਿ ਅਜ਼ਰ ਨਫ਼ੀਸੀ ਅਤੇ ਮੁਹੰਮਦ ਮੋਹਾਦੇਸਿਨ ਬਾਰੇ ਉਠਾਏ ਮੇਰੇ ਸੁਆਲਾਂ ਦਾ ਸਿੱਧਾ ਜੁਆਬ ਦੇਣ ਦੀ ਥਾਂ ਉਨ੍ਹਾਂ ਨੇ ਹੋਰ ਲੇਖਕਾਂ, ਕਿਤਾਬਾਂ ਅਤੇ ਇਲਾਕਾਈ ਟਕਰਾਵਾਂ ਬਾਰੇ ਗੱਲ ਕਰਨ ਨੂੰ ਤਰਜੀਹ ਦਿੱਤੀ। ਉਨ੍ਹਾਂ ਵੱਲੋਂ ਦਿੱਤੀਆਂ ਗਈਆਂ ਖਿੰਡੀਆਂ-ਪੁੰਡੀਆਂ ਉਦਾਹਰਣਾਂ ਵਿਚੋਂ ਦੋ ਨੁਕਤੇ ਮਿਲਦੇ ਹਨ। ਇਕ ਤਾਂ ਬੱਲ ਸਾਹਿਬ ਇਹ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ, ਕਿ ਕਿਉਂਕਿ ਫਲਾਣੇ-ਫਲਾਣੇ ਲੇਖਕ ਉਤੇ ਵੀ ਸੀ.ਆਈ.ਏ. ਦਾ ਏਜੰਟ ਹੋਣ ਦੇ ਦੋਸ਼ ਲੱਗੇ ਸਨ, ਜਾਂ ਸੀ.ਆਈ.ਏ. ਨੇ ਉਨ੍ਹਾਂ ਨੂੰ ਪ੍ਰਮੋਟ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਅਸਲ ਵਿਚ ਉਹ ਸੀ.ਆਈ.ਏ. ਲਈ ਕੰਮ ਨਹੀਂ ਕਰਦੇ ਸਨ; ਇਸ ਲਈ ਅਜ਼ਰ ਨਫ਼ੀਸੀ ਅਤੇ ਮੁਹੰਮਦ ਮੋਹਾਦੇਸਿਨ ਵੀ ਸੀ.ਆਈ.ਏ. ਨਾਲ ਮਿਲ ਕੇ ਕੰਮ ਨਹੀਂ ਕਰ ਰਹੇ। ਬੱਲ ਸਾਹਿਬ ਦਾ ਦੂਜਾ ਨੁਕਤਾ ਇਹ ਹੈ ਕਿ ਜ਼ਾਲਮ ਤਾਕਤਾਂ ਨਾਲ ਜੂਝ ਰਹੇ ਲੋਕਾਂ ਸਾਹਮਣੇ ਕਈ ਵਾਰ ਇਹ ਇਖਲਾਕੀ ਮਸਲਾ ਖੜ੍ਹਾ ਹੋ ਜਾਂਦਾ ਹੈ ਕਿ ਉਹ ਆਪਣੀ ਦੁਸ਼ਮਣ ਧਿਰ ਦੀ ਕਿਸੇ ਹੋਰ ਦੁਸ਼ਮਣ ਧਿਰ ਜਿਹੜੀ ਖੁਦ ਵੀ ਜ਼ਾਲਮ ਹੈ (ਪਰ ਹੋਰ ਲੋਕਾਂ ਲਈ), ਦੀ ਮੱਦਦ ਲੈਣ ਜਾਂ ਨਾ। ਦੋਹਾਂ ਨੁਕਤਿਆਂ ਦੀ ਜ਼ਰਾ ਵਿਸਥਾਰ ਵਿਚ ਪੜਚੋਲ ਕਰਨ ਦੀ ਲੋੜ ਹੈ।

ਅੰਨਾ ਅਖਮਾਤੋਵਾ, ਬੋਰਿਸ ਪਾਸਤਰਨਾਕ ਅਤੇ ਅਲੈਗਜ਼ੈਂਡਰ ਸੋਲਜ਼ੇਨਿਤਸਿਨ ਦੀਆਂ ਉਦਾਹਰਣਾਂ ਦੇ ਕੇ ਬੱਲ ਸਾਹਿਬ ਇਹ ਸਾਬਿਤ ਕਰਨਾ ਚਾਹੁੰਦੇ ਹਨ, ਕਿ ਕਿਉਂਕਿ ਇਨ੍ਹਾਂ ਲੇਖਕਾਂ ਨੂੰ ਸੀ.ਆਈ.ਏ. ਵੱਲੋਂ ਪ੍ਰਮੋਟ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਇਸ ਦਾ ਮਤਲਬ ਇਹ ਨਹੀਂ ਕਿ ਇਹ ਲੇਖਕ ਸੀ.ਆਈ.ਏ. ਦੇ ਏਜੰਟ ਸਨ। ਮੈਂ ਇਨ੍ਹਾਂ ਤਿੰਨਾਂ ਲੇਖਕਾਂ ਬਾਰੇ ਬੱਲ ਸਾਹਿਬ ਦੀ ਗੱਲ ਨਾਲ ਸਹਿਮਤ ਹਾਂ, ਪਰ ਸਮੱਸਿਆ ਇਹ ਹੈ ਕਿ ਇਹ ਉਦਾਹਰਣ ਅਜ਼ਰ ਨਫ਼ੀਸੀ ਅਤੇ ਮੁਹੰਮਦ ਮੋਹਾਦੇਸਿਨ 'ਤੇ ਨਹੀਂ ਢੁਕਦੀ। ਇਨ੍ਹਾਂ ਦੋਹਾਂ ਦੇ ਮਸਲੇ ਵਿਚ ਮਾਮਲਾ ਉਲਟਾ ਹੈ। ਇਨ੍ਹਾਂ ਨੇ ਖੁਦ ਪਹਿਲ ਕਰ ਕੇ ਅਮਰੀਕੀ ਜੰਗਬਾਜ਼ਾਂ ਨਾਲ ਸਾਂਝ ਪਾਈ। 'ਬੈਨਡੋਰ ਅਸੋਸੀਏਟਸ' ਦੀਆਂ ਸੇਵਾਵਾਂ ਅਜ਼ਰ ਨਫ਼ੀਸੀ ਨੇ ਲਈਆਂ, ਤੇ ਮਸਲਾ ਉਠਣ ਤੋਂ ਬਾਅਦ ਇਸ ਗੱਲ ਦਾ ਖੰਡਨ ਵੀ ਨਹੀਂ ਕੀਤਾ। ਮੋਹਾਦੇਸਿਨ ਦੀ ਜਥੇਬੰਦੀ ਆਪਣੇ ਜਨਤਕ ਸਮਾਗਮਾਂ ਵਿਚ ਸੀ.ਆਈ.ਏ. ਅਤੇ ਐਫ.ਬੀ.ਆਈ. ਦੇ ਸਾਬਕਾ ਡਾਇਰੈਕਟਰਾਂ ਨੂੰ ਲੈਕਚਰ ਕਰਨ ਲਈ ਪੱਚੀ-ਪੱਚੀ ਹਜ਼ਾਰ ਡਾਲਰ ਦੇ ਕੇ ਬੁਲਾਉਂਦੀ ਹੈ। ਸੀ.ਆਈ.ਏ. ਨੂੰ ਤਾਂ ਕੁਝ ਕਰਨ ਦੀ ਲੋੜ ਹੀ ਨਹੀਂ। ਇਹ ਤਾਂ ਪਹਿਲਾਂ ਹੀ ਵਿਛੇ ਹੋਏ ਹਨ। ਅਖਮਾਤੋਵਾ, ਪਾਸਤਰਨਾਕ ਅਤੇ ਸੋਲਜ਼ੇਨਿਤਸਿਨ ਦੀ ਸੀ.ਆਈ.ਏ. ਵੱਲੋਂ ਮੱਦਦ ਇਨ੍ਹਾਂ ਲੇਖਕਾਂ ਦੀ ਜਾਣਕਾਰੀ ਤੋਂ ਬਗੈਰ ਕੀਤੀ ਜਾਂਦੀ ਸੀ। ਜਦੋਂ ਕਿ ਨਫ਼ੀਸੀ ਅਤੇ ਮੋਹਾਦੇਸਿਨ ਵੱਲੋਂ ਖੁਦ ਜਾ ਕੇ ਅਤੇ ਪੈਸੇ ਦੇ ਕੇ ਮੱਦਦ ਲਈ ਜਾਂਦੀ ਹੈ। ਉਦਾਹਰਣ ਕਿਸੇ ਤਰਕ ਦਾ ਵਜ਼ਨ ਵਧਾਉਣ ਲਈ ਦਿੱਤੀ ਜਾਂਦੀ ਹੈ, ਨਾ ਕਿ ਸਿਰਫ ਉਦਾਹਰਣ ਦੇਣ ਲਈ ਹੀ। ਚੰਗਾ ਹੁੰਦਾ, ਜੇ ਬੱਲ ਸਾਹਿਬ ਨਫ਼ੀਸੀ ਤੇ ਮੋਹਾਦੇਸਿਨ ਬਾਰੇ ਵੀ ਕੋਈ ਪਾਏਦਾਰ ਗੱਲ ਕਰਦੇ।

ਦੂਜਾ ਮਸਲਾ ਉਨ੍ਹਾਂ ਇਖਲਾਕੀ ਚੋਣ ਦਾ ਉਠਾਇਆ ਹੈ, ਪਰ ਇਖਲਾਕੀ ਚੋਣ ਮਸਲਾ ਉਦੋਂ ਤੱਕ ਹੀ ਹੁੰਦੀ ਹੈ ਜਦੋਂ ਤੱਕ ਉਹ ਕਰ ਨਾ ਲਈ ਜਾਵੇ। ਜਦੋਂ ਚੋਣ ਕਰ ਹੀ ਲਈ, ਤਾਂ ਮਸਲਾ ਕਾਹਦਾ ਰਹਿ ਗਿਆ? ਜਦੋਂ ਮੋਹਾਦੇਸਿਨ ਨੇ ਅਮਰੀਕਾ ਨਾਲ ਹੱਥ ਮਿਲਾ ਹੀ ਲਏ, ਤਾਂ ਇਖਲਾਕੀ ਚੋਣ ਤਾਂ ਹੋ ਗਈ, ਤੇ ਮੋਹਾਦੇਸਿਨ ਇਸ ਇਮਤਿਹਾਨ ਵਿਚੋਂ ਫੇਲ੍ਹ ਵੀ ਹੋ ਗਿਆ। ਮੋਹਾਦੇਸਿਨ ਵਰਗਿਆਂ ਦੀ ਇਖਲਾਕੀ ਉਚਤਾ ਦਾ ਸਬੂਤ ਤਾਂ ਮਿਲਦਾ ਜੇ ਉਹ ਇਰਾਨੀ ਹਕੂਮਤ ਅਤੇ ਅਮਰੀਕੀ ਸਾਮਰਾਜ-ਦੋਹਾਂ ਤੋਂ ਦੂਰੀ ਬਣਾ ਕੇ ਖੜ੍ਹਦਾ। ਮੋਹਾਦੇਸਿਨ ਨੂੰ ਇਰਾਨੀ ਹਕੂਮਤ ਦੇ ਜ਼ੁਲਮ ਤਾਂ ਦਿਸਦੇ ਹਨ, ਪਰ ਅਮਰੀਕਾ ਵੱਲੋਂ ਇਰਾਨ ਵਿਚ ਜੋ ਤਬਾਹੀ ਕੀਤੀ ਗਈ, ਉਹ ਨਹੀਂ ਦਿਸਦੀ। ਸ਼ਾਇਦ 'ਕੈਂਪ ਲਿਬਰਟੀ' ਦੀਆਂ ਕੰਧਾਂ ਹੀ ਇੰਨੀਆਂ ਉਚੀਆਂ ਹਨ ਕਿ ਇਰਾਕ ਵਿਚ ਬੈਠ ਕੇ ਵੀ ਇਹ ਪਤਾ ਨਹੀਂ ਲੱਗਦਾ ਕਿ ਆਸੇ-ਪਾਸੇ ਕੀ ਹੋ ਰਿਹਾ ਹੈ? ਸੱਦਾਮ ਹੁਸੈਨ ਨੇ ਵੀ ਇਰਾਨ ਦੇ ਖਿਲਾਫ ਅਮਰੀਕਾ ਨਾਲ ਹੱਥ ਮਿਲਾਏ ਸਨ। ਅਖੀਰ ਵਿਚ ਕੀ ਖੱਟਿਆ? ਹੁਣ ਕੁਰਦਾਂ ਤੇ ਮੋਹਾਦੇਸਿਨ ਨੇ ਵੀ ਮਿਲਾ ਲਏ ਹਨ, ਭਵਿੱਖ ਵਿਚ ਪਤਾ ਲੱਗ ਜਾਵੇਗਾ ਕਿ ਉਹ ਕੀ ਖੱਟਦੇ ਹਨ?

ਪੱਛਮੀ ਆਧੁਨਿਕਤਾ ਦੀ ਇਹ ਖਾਸ ਦੇਣ ਹੈ ਕਿ ਇਸ ਨੇ ਹਰ ਚੀਜ਼ ਨੂੰ ਪ੍ਰਸ਼ਨ ਅਤੇ ਤਰਕ ਦੇ ਘੇਰੇ ਵਿਚ ਲੈ ਆਂਦਾ। ਇਸ ਪਹੁੰਚ ਦੀਆਂ ਭਾਵੇਂ ਆਪਣੀਆਂ ਸੀਮਾਵਾਂ ਵੀ ਹਨ, ਫਿਰ ਵੀ ਇਸ ਪਹੁੰਚ ਨੇ ਸਮਾਜਕ-ਰਾਜਨੀਤਕ ਮਸਲਿਆਂ ਬਾਰੇ ਬਹਿਸ ਵਿਚ ਸੰਜੀਦਗੀ ਲਿਆਂਦੀ ਹੈ। ਹੈਰਾਨੀ ਦੀ ਗੱਲ ਹੈ ਕਿ ਬੱਲ ਸਾਹਿਬ ਵੈਸੇ ਤਾਂ ਆਧੁਨਿਕਤਾ ਦੇ ਮੁਦੱਈ ਹਨ ਪਰ ਜਦੋਂ ਕੋਈ ਉਨ੍ਹਾਂ ਨੂੰ ਸੁਆਲਾਂ ਰਾਹੀਂ ਮੁਖਾਤਿਬ ਹੁੰਦਾ ਹੈ, ਤਾਂ ਉਹ ਸੁਆਲ ਪੁੱਛਣ ਵਾਲੇ ਨੂੰ ਹੀ ਦੋਸ਼ੀ ਬਣਾ ਧਰਦੇ ਹਨ। ਸ਼ਾਇਦ ਇਸੇ ਕਰਕੇ ਜਦੋਂ ਵੀ ਪੰਜਾਬ ਨਾਲ ਸਬੰਧਤ ਮਸਲਿਆਂ ਬਾਰੇ ਬਹਿਸ ਛਿੜਦੀ ਹੈ, ਤਾਂ ਜਲਦੀ ਹੀ ਮਿਹਣੇਬਾਜ਼ੀ ਵਿਚ ਬਦਲ ਜਾਂਦੀ ਹੈ।

***ਰੂਸੀ ਚਿੰਤਕ ਤ੍ਰਾਤਸਕੀ ਤੋਂ ਸ਼ੁਰੂ ਹੋ ਕੇ ਪੰਜਾਬ ਦੇ ਸਿਆਸੀ ਪਿੜ ਤੱਕ ਪਹੁੰਚੀ ਬਹਿਸ ਨਾ ਸਿਰਫ ਲਮਕ ਹੀ ਗਈ ਹੈ ਸਗੋਂ ਇਹ ਗੋਸ਼ਟੀ ਹੁਣ ਤੂੰ-ਤੂੰ, ਮੈਂ-ਮੈਂ ਬਣ ਗਈ ਹੈ, ਵਿਚਾਰ ਤੋਂ ਤਿਲ੍ਹਕ ਕੇ ਵਿਅਕਤੀ 'ਤੇ ਸੀਮਤ ਹੋ ਗਈ ਹੈ। ਅਜਿਹੀ ਬਹਿਸ ਦੇ ਕੋਈ ਸਾਰਥਕ ਨਤੀਜੇ ਨਿਕਲਣ ਦੇ ਬਹੁਤੇ ਆਸਾਰ ਨਹੀਂ ਹੁੰਦੇ। ਇਸ ਨੁਕਤੇ ਨੂੰ ਮੁੱਖ ਰੱਖਦਿਆਂ ਅਸੀਂ ਇਸ ਬਹਿਸ ਨੂੰ ਇਥੇ ਹੀ ਸਮੇਟਦੇ ਹਾਂ। ਇਸ ਸਬੰਧੀ ਆਏ ਹੋਰ ਕ੍ਰਮ-ਪ੍ਰਤੀਕ੍ਰਮ ਅਸੀਂ ਨਹੀਂ ਛਾਪ ਸਕਾਂਗੇ। -ਸੰਪਾਦਕ***

# ਗੁਰਦਿਆਲ ਬੱਲ ਅਤੇ ਉਸ ਦੀ ਲਿਖਣਸ਼ੈਲੀ

ਗੁਰਦਿਆਲ ਬੱਲ ਅਤੇ ਪ੍ਰਭਸ਼ਰਨਦੀਪ/ ਪ੍ਰਭਸ਼ਰਨਬੀਰ ਵਿਚਕਾਰ ਚਲ ਰਹੀ ਗੋਸ਼ਟੀ ਹੁਣ ਤੂੰ-ਤੂੰ, ਮੈਂ-ਮੈਂ ਬਣ ਗਈ ਹੈ, ਵਿਚਾਰ ਤੋਂ ਤਿਲ੍ਹਕ ਕੇ ਵਿਅਕਤੀ 'ਤੇ ਸੀਮਤ ਹੋ ਗਈ ਹੈ। ਵਿਅਕਤੀ ਤੇ ਵਿਚਾਰ ਵਿਚਲੀ ਸਪੇਸ ਜਾਂ ਸ਼ਾਮਲਾਟ ਤੋਂ ਬਿਨਾਂ ਗੋਸ਼ਟੀ ਸੰਭਵ ਨਹੀਂ ਹੁੰਦੀ। ਦੂਜੀ ਜ਼ਰੂਰੀ ਸ਼ਰਤ ਹੈ ਕਿ ਗੋਸ਼ਟੀ ਕਰਨ ਵਾਲੇ ਇੰਨੇ ਚਿਰ ਲਈ ਆਪਣੇ ਵਿਸ਼ਵਾਸਾਂ ਨੂੰ ਆਪਣੇ ਨਿਰਣਿਆਂ ਤੋਂ ਮੁਕਤ ਕਰ ਲੈਣ, ਤੇ ਇਨ੍ਹਾਂ ਨੂੰ ਦੂਜਿਆਂ ਦੀ ਅੱਖ ਨਾਲ ਨਿਰਖਣ ਤੇ ਸੋਧਣ ਲਈ ਤਿਆਰ ਰਹਿਣ।

ਇਥੇ ਇਹ ਕੁਝ ਨਹੀਂ ਹੋ ਰਿਹਾ। ਇਥੇ ਦੋਵੇਂ ਧਿਰਾਂ ਮੋਰਚਿਆਂ ਵਿਚ ਬੈਠੀਆਂ ਇਕ ਦੂਜੇ ਵੱਲ ਤੀਰ ਛੱਡ ਰਹੀਆਂ ਹਨ। ਦੋਵੇਂ ਫਤਵੇ ਥੋਪ ਰਹੀਆਂ ਹਨ ਕਿ ਦੂਜਾ ਜਾਣ-ਬੁਝ ਕੇ ਯਥਾਰਥ ਨੂੰ ਕੈਰੀ ਅੱਖ ਨਾਲ ਵੇਖ ਰਿਹਾ ਹੈ। ਇਥੇ ਉਹੋ ਜਿਹਾ ਕੁਝ ਹੋ ਰਿਹਾ ਹੈ ਜਿਸ ਤੋਂ ਸਿੱਧ ਗੋਸਟਿ ਵਿਚ ਵਰਜਿਆ ਗਿਆ ਹੈ: ਰੋਸ ਨਾ ਕੀਜੈ ਉਤਰ ਦੀਜੈ।

ਇਹ ਸਾਰਾ ਕੁਝ ਕਿਵੇਂ ਹੋ ਰਿਹਾ ਹੈ? ਇਹ ਇਸ ਵਾਦ-ਵਿਵਾਦ ਦੀਆਂ ਲਿਖਤਾਂ ਤੋਂ ਸਪਸ਼ਟ ਹੈ। ਇਹ ਕਿਉਂ ਹੋ ਰਿਹਾ ਹੈ? ਇਹਨੂੰ ਵਿਚਾਰਨ ਲਈ ਵਧੇਰੇ ਸਮੇਂ ਦੀ ਲੋੜ ਹੈ। ਤੇ ਇਹ ਮੇਰੇ ਵੱਸ ਦਾ ਰੋਗ ਨਹੀਂ।

ਗੁਰਦਿਆਲ ਬੱਲ 'ਤੇ ਦੋ ਦੋਸ਼ ਲੱਗੇ ਹਨ। ਇਕ ਦਾ ਸਬੰਧ ਉਹਦੇ ਦ੍ਰਿਸ਼ਟੀਕੋਣ ਨਾਲ ਹੈ, ਦੂਜੇ ਦਾ ਉਹਦੀ ਲਿਖਣ ਵਿਧੀ ਨਾਲ। ਦੋਵੇਂ ਭਾਵੇਂ ਇਕ ਦੂਜੇ ਨਾਲ ਜੁੜੇ ਹੋਏ ਹਨ, ਪਰ ਮੈਂ ਕੇਵਲ ਉਹਦੀ ਲਿਖਣ ਵਿਧੀ ਬਾਰੇ ਹੀ ਕੁਝ ਗੱਲਾਂ ਕਰਨੀਆਂ ਹਨ।

ਗੁਰਦਿਆਲ ਬੱਲ ਦੇ ਸਨੇਹੀ ਤੇ ਵਿਰੋਧੀ-ਦੋਵੇਂ ਕਹਿੰਦੇ ਹਨ ਕਿ ਉਹਨੂੰ ਲਿਖਣ ਦਾ ਚੱਜ ਨਹੀਂ। ਜੋ ਕਹਿਣ ਲਗਦਾ ਹੈ, ਉਹ ਕਹਿੰਦਾ ਨਹੀਂ; ਐਵੇਂ ਉਘ ਦੀਆਂ ਪਤਾਲ ਮਾਰੀ ਜਾਂਦਾ ਹੈ। ਮੈਂ ਸਹਿਮਤ ਹਾਂ, ਪਰ ਦੂਜਿਆਂ ਵਾਂਙੂ ਨਹੀਂ।

ਮੈਨੂੰ ਲਗਦਾ ਹੈ ਕਿ ਮੈਂ ਗੁਰਦਿਆਲ ਨੂੰ ਪੜ੍ਹਨਾ ਨਹੀਂ ਸਿੱਖਿਆ।

ਮੈਨੂੰ ਉਹੀ ਲਿਖਤਾਂ ਪੜ੍ਹਨੀਆਂ ਆਉਂਦੀਆਂ ਹਨ ਜਿਨ੍ਹਾਂ ਦਾ ਆਦਿ, ਮਧ, ਅੰਤ ਹੁੰਦਾ ਹੈ; ਵਾਕ ਚਿਣੇ ਹੁੰਦੇ, ਪੈਰੇ ਵਿਚੋਂ ਪੈਰਾ ਨਿਕਲਦਾ ਹੈ, ਵਿਸ਼ੇ ਵਸਤੂ ਦੀ ਏਕਤਾ ਹੁੰਦੀ ਹੈ, ਦਲੀਲਾਂ ਦੇ ਕੇ ਨਿਰਣਾ ਕੱਢਿਆ ਹੁੰਦਾ ਹੈ। ਕਿਸੇ ਨੂੰ ਕੱਟਿਆ ਹੁੰਦਾ ਹੈ, ਕਿਸੇ ਦੀ ਪ੍ਰੋੜਤਾ ਕੀਤੀ ਹੁੰਦੀ ਹੈ। ਇਹ ਖੇਤਰ ਤਰਕ ਤੇ ਨਿਆਇ ਦਾ ਹੈ। ਮਹੱਤਵਪੂਰਨ ਹੈ। ਇਹਦੇ ਬਿਨਾਂ ਭੌਤਿਕ, ਜੈਵਿਕ ਤੇ ਮਾਨਸਿਕ ਜਗਤ ਦੇ ਨੇਮ ਲੱਭਣੇ ਸੰਭਵ ਨਹੀਂ, ਪਰ ਇਸ ਖੇਤਰ ਤੋਂ ਬਾਹਰ ਵੀ ਚੇਤਨਾ ਹੈ, ਧਰਤੀ 'ਤੇ ਉਗੇ ਝਾੜ-ਬੂਟ ਤੇ ਘਾਹ ਫੂਸ ਵਾਂਙ ਉਘੜ-ਦੁਘੜੀ, ਰਹੱਸ ਤੇ ਵਿਰੋਧਾਂ ਵਾਲੀ। ਬੱਲ ਦੀ 'ਊਟ ਪਟਾਂਗ' ਪੜ੍ਹਦਿਆਂ ਸਾਡੀ ਤਰਕ ਅਤੇ ਨਿਆਇ 'ਤੇ ਲੱਗੀ ਟਿਕਟਿਕੀ ਉਖੜਦੀ ਹੈ, ਤੇ ਉਸ ਸੰਸਾਰ ਦੀ ਝਲਕ ਦਿਸਦੀ ਹੈ ਜੋ ਨਿਆਏ ਸੰਗਲੀ ਤੋਂ ਪਰ੍ਹਾ ਹੁੰਦਾ ਹੈ। ਘਟੋ ਘਟ ਮੈਂ ਇਉਂ ਪ੍ਰਤੀਤ ਕਰਦਾ ਹਾਂ।

ਠੀਕ ਹੈ ਬੱਲ ਖਿੰਡਿਆ ਹੋਇਆ ਹੈ, ਪਰ ਉਹ ਆਪਣੀਆਂ ਪੁਸਤਕਾਂ ਵਾਂਙ ਖਿੰਡਿਆ ਹੋਇਆ ਹੈ; ਸ਼ਾਇਦ ਵਾਂਙ ਵੀ ਨਹੀਂ, ਪੁਸਤਕਾਂ ਵਿਚ ਖਿੰਡਿਆ ਹੋਇਆ ਹੈ। ਉਹਦੇ ਘਰ ਵਿਚ ਉਹ ਨਹੀਂ, ਪੁਸਤਕਾਂ ਰਹਿੰਦੀਆਂ ਹਨ। ਭੋਜਨ ਵੇਲੇ, ਖਾਣੇ ਦੇ ਮੇਜ਼ ਤੋਂ ਪੁਸਤਕਾਂ ਚੁੱਕ ਕੇ ਪਲੇਟ ਰੱਖਣ ਜੋਗੀ ਥਾਂ ਬਣਾਉਣੀ ਪੈਂਦੀ ਹੈ, ਸੌਣ ਵੇਲੇ ਬਿਸਤਰੇ ਤੋਂ ਵੀ ਇਹੀ ਕੁਝ ਕਰਨਾ ਪੈਂਦਾ ਹੈ। ਹਰ ਥਾਂ 'ਤੇ ਪੁਸਤਕਾਂ ਖਿੰਡੀਆਂ ਪਈਆਂ ਹਨ।

ਮੈਂ ਜਿੰਨੀ ਵਾਰ ਉਹਨੂੰ ਮਿਲਿਆ ਹਾਂ, ਉਹਨੇ ਪੁਸਤਕਾਂ ਤੋਂ ਬਿਨਾਂ ਕੋਈ ਹੋਰ ਗੱਲ ਨਹੀਂ ਕੀਤੀ। ਮੈਨੂੰ ਲਗਦਾ ਹੈ, ਉਹਨੂੰ ਹੋਰ ਗੱਲ ਕਰਨੀ ਹੀ ਨਹੀਂ ਆਉਂਦੀ। ਨਾ ਹੀ ਉਹਨੂੰ ਪ੍ਰਚਲਿਤ ਅਰਥਾਂ ਵਿਚ ਲਿਖਣਾ ਆਉਂਦਾ ਹੈ। ਉਹ ਆਪ ਕਹਿੰਦਾ ਹੈ, ਮੈਨੂੰ ਲੇਖ ਲਿਖਣ ਦਾ ਵੱਲ ਨਹੀਂ। ਮੈਂ ਤਾਂ ਆਪਣੇ ਮਿੱਤਰਾਂ ਨਾਲ ਗੱਲਾਂ ਕਰਦਾ ਹਾਂ, ਜਾਂ ਉਨ੍ਹਾਂ ਨੂੰ ਖਤ ਲਿਖਦਾ ਹਾਂ। ਉਹ ਵੀ ਆਪਣੀ ਮੌਜ ਵਿਚ। ਇਉਂ ਕਰਨ ਵੇਲੇ ਵੀ ਉਹ ਆਪ ਘਟ ਬੋਲਦਾ ਹੈ, ਉਹਦੇ ਅੰਦਰ ਦੀਆਂ ਕਿਤਾਬਾਂ ਵੱਧ ਬੋਲਦੀਆਂ ਹਨ। ਉਦੋਂ ਵੀ ਉਹਦਾ ਜਤਨ ਹੁੰਦਾ ਹੈ, ਸੁਣਨ ਵਾਲੇ ਨੂੰ ਵਧ ਤੋਂ ਵਧ ਪੁਸਤਕਾਂ ਦੀ ਦੱਸ ਪਾਈ ਜਾਵੇ ਜਿਨ੍ਹਾਂ ਨੇ ਉਹਨੂੰ ਜਿਉਣ ਦੀ ਚਿਣਗ ਦਿੱਤੀ ਹੈ। ਇਕ ਵਾਰ ਟੋਰਾਂਟੋ ਦੇ 'ਕਲਮਾਂ ਦੇ ਕਾਫਲੇ' ਦੀ ਇਕ ਇਕੱਤਰਤਾ ਵਿਚ ਕੋਈ ਪ੍ਰਸ਼ਨ ਪੁੱਛਣ ਵੇਲੇ ਪੰਜ ਮਿੰਟ ਪੁਸਤਕਾਂ ਬਾਰੇ ਬੋਲਦਾ ਰਿਹਾ। ਜਦੋਂ ਪੁੱਛਿਆ ਗਿਆ, ਤੁਹਾਡਾ ਪ੍ਰਸ਼ਨ ਕੀ ਹੈ, ਕਹਿੰਦਾ ਪਤਾ ਨਹੀਂ।

ਬੱਲ ਨੂੰ ਕਿਸੇ ਵਾਦ-ਵਿਵਾਦ ਵਿਚ ਨਹੀਂ ਪੈਣਾ ਚਾਹੀਦਾ। ਉਹਦੇ ਵਿਚ ਉਹਦੀ ਹਾਰ ਹੀ ਹਾਰ ਹੈ। ਉਹਦਾ ਕੰਮ ਜਿਉਣ ਜੋਗੀਆਂ ਪੁਸਤਕਾਂ ਦਾ ਹੋਕਾ ਦੇਈ ਜਾਣਾ ਹੈ।

ਕਦੇ-ਕਦੇ ਮੈਂ ਉਹਦੀਆਂ ਗੱਲਾਂ ਤੇ ਲਿਖਤਾਂ ਤੋਂ ਉਕਤਾ ਜਾਂਦਾ ਹਾਂ। ਉਹਦੇ ਨਾਲ ਤੁਰਨਾ ਸੌਖਾ ਨਹੀਂ। ਮੈਨੂੰ ਲਗਦਾ ਹੈ, ਉਹ ਬਹੁਤ ਘਟ ਸਮਝਿਆ ਗਿਆ ਫੱਕਰ ਹੈ।

**-ਨਵਤੇਜ ਭਾਰਤੀ**

# ਭੰਬਲਭੂਸਾ

(ਪਿਛਲੇ ਸਫੇ ਦੀ ਬਾਕੀ)

ਵੱਡੀਆਂ ਕੰਪਨੀਆਂ ਨੇ ਲੋਕਾਂ ਨੂੰ ਭੰਬਲਭੂਸੇ ਵਿਚ ਪਾਇਆ ਹੋਇਆ ਹੈ। ਹਰ ਮਹੀਨੇ ਕਈ ਕਈ ਤਿਉਹਾਰ! ਇਨ੍ਹਾਂ ਦਾ ਕੋਈ ਮਤਲਬ ਨਹੀਂ ਹੁੰਦਾ, ਪਰ ਹਰ ਤਿਉਹਾਰ ਨਾਲ ਕੰਪਨੀਆਂ ਵਾਲੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਅਜਿਹੇ ਮੌਕਿਆਂ 'ਤੇ ਕਈ ਲੋਕ ਤਾਂ ਕਰਜ਼ਾ ਚੁੱਕ ਕੇ ਆਪਣੀ ਚਾਦਰ ਤੋਂ ਵੱਧ ਪੈਰ ਪਸਾਰ ਲੈਂਦੇ ਹਨ, ਤੇ ਫਿਰ ਕਰਜ਼ੇ ਦੇ ਬੋਝ ਤੋਂ ਕਦੇ ਮੁਕਤ ਨਹੀਂ ਹੁੰਦੇ। ਇਨ੍ਹਾਂ ਤਿਉਹਾਰਾਂ ਤੋਂ ਇਹ ਕੰਪਨੀਆਂ ਖੂਬ ਮੁਨਾਫ਼ਾ ਕਮਾਉਂਦੀਆਂ ਹਨ, ਪਰ ਆਮ ਲੋਕਾਂ ਦਾ, ਤੇ ਨਾਲ ਹੀ ਦੇਸ਼ ਦਾ ਅਰਬਾਂ ਰੁਪਿਆ ਤਬਾਹ ਹੋ ਜਾਂਦਾ ਹੈ। ਹੋਲੀ ਉਤੇ ਅਰਬਾਂ ਰੁਪਏ ਦਾ ਰੰਗ ਤੇ ਅਰਬਾਂ ਦਾ ਹੀ ਸਾਬਣ, ਸਰਫ਼ ਤੇ ਪਾਣੀ ਬਰਬਾਦ ਹੋ ਜਾਂਦਾ ਹੈ। ਅਖੇ, ਇਸ ਨਾਲ ਪਿਆਰ ਵਧਦਾ ਹੈ। ਕੋਈ ਦੱਸੇਗਾ ਕਿ ਲੋਕਾਂ ਵਿਚ ਇਨ੍ਹਾਂ ਤਿਉਹਾਰਾਂ ਨਾਲ ਕਿੰਨਾ ਕੁ ਪਿਆਰ ਵਧਿਆ ਹੈ?

ਹੁਣ ਟੀ.ਵੀ. ਉਤੇ ਨਸ਼ਰ ਹੁੰਦੇ ਸੀਰੀਅਲਾਂ ਉਤੇ ਨਿਗ੍ਹਾ ਮਾਰੋ ਖਾਂ! ਦੇਖੋ ਕਿ ਕਿਵੇਂ ਪੈਸਾ ਕਮਾਉਣ ਲਈ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਕੈਸ਼ ਕੀਤਾ ਜਾ ਰਿਹਾ ਹੈ! ਫਿਲਮਾਂ ਵਾਲੇ ਵੀ ਫਿਲਮ ਚਲਾਉਣ ਲਈ ਕੋਈ ਨਾ ਕੋਈ ਧਾਰਮਿਕ ਜਾਂ ਇਤਿਹਾਸਕ ਘਟਨਾ ਵਿਚ ਪਾ ਕੇ, ਇਸ ਨੂੰ ਸੱਚੀ ਘਟਨਾ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਮਕਸਦ ਸਿਰਫ ਪੈਸਾ ਕਮਾਉਣ ਤੇ ਨਾਮ ਚਮਕਾਉਣ ਦਾ ਹੁੰਦਾ ਹੈ, ਬੱਸ।

ਦੁਨੀਆਂ ਉਤੇ ਸਭ ਤੋਂ ਵੱਡਾ ਭੰਬਲਭੂਸਾ ਧਰਮਾਂ ਦਾ ਹੈ। ਦੁਨੀਆਂ 'ਤੇ ਅੱਜ ਤੱਕ ਜਿੰਨੀਆਂ ਵੀ ਵੱਡੀਆਂ ਲੜਾਈਆਂ ਹੋਈਆਂ, ਉਨ੍ਹਾਂ ਦੀ ਜੜ੍ਹ ਕਿਤੇ ਨਾ ਕਿਤੇ, ਕਿਸੇ ਨਾ ਕਿਸੇ ਧਰਮ ਨਾਲ ਹੀ ਜੁੜਦੀ ਹੈ ਅਤੇ ਜਿੰਨੀਆਂ ਵੀ ਜਾਨਾਂ ਇਨ੍ਹਾਂ ਲੜਾਈਆਂ ਵਿਚ ਗਈਆਂ ਹਨ, ਸਭ ਤੋਂ ਵੱਧ ਧਰਮਾਂ ਕਰ ਕੇ ਹੀ ਗਈਆਂ ਹਨ। ਫਿਰ ਵੀ ਕਿੰਨਾ ਪੈਸਾ ਤੇ ਕਿੰਨਾ ਵਕਤ ਦੁਨੀਆਂ ਦਾ ਇਸੇ ਪਾਸੇ ਹੀ ਬਰਬਾਦ ਹੋ ਰਿਹਾ ਹੈ। ਜੋ ਲੋਕ ਪਾਪ ਕਰਦੇ ਹਨ, ਕਿਸੇ ਦਾ ਬੁਰਾ ਕਰਦੇ ਹਨ, ਕਿਸੇ ਦਾ ਹੱਕ ਖਾਂਦੇ ਹਨ, ਉਨ੍ਹਾਂ ਬਾਰੇ ਤਾਂ ਕਹਿ ਸਕਦੇ ਹਾਂ ਕਿ ਇਹ ਲੋਕ ਕਿਸੇ ਅਦਿਸ ਤੇ ਅਖੌਤੀ ਰੱਬ ਕੋਲੋਂ ਭੁੱਲਾਂ ਬਖਸ਼ਾਉਣ ਦਾ ਨਾਟਕ ਕਰ ਰਹੇ ਹਨ; ਪਰ ਜੋ ਲੋਕ ਪਾਪ ਨਹੀਂ ਕਰਦੇ, ਕਿਸੇ ਦਾ ਬੁਰਾ ਨਹੀਂ ਸੋਚਦੇ, ਕਿਸੇ ਦਾ ਦਿਲ ਨਹੀਂ ਦੁਖਾਉਂਦੇ, ਉਹ ਕਿਉਂ ਐਵੇਂ ਇਨ੍ਹਾਂ ਚੱਕਰਾਂ ਵਿਚ ਪਏ ਫਿਰਦੇ ਹਨ। ਸਾਰੇ ਧਾਰਮਿਕ ਸਥਾਨ ਬੰਦੇ ਦੇ ਆਪ ਹੀ ਬਣਾਏ ਹੋਏ ਹਨ। ਅੱਜ ਤੱਕ ਕਿਸੇ ਨੂੰ ਵੀ ਇਹ ਨਹੀਂ ਪਤਾ ਕਿ ਰੱਬ ਹੈ ਕਿਥੇ, ਤੇ ਉਹ ਰਹਿੰਦਾ ਕਿਥੇ ਹੈ? ਕੋਈ ਕਹਿੰਦਾ ਹੈ, ਰੱਬ ਉਪਰ ਹੈ। ਕੋਈ ਕਹਿੰਦਾ ਹੈ, ਰੱਬ ਬੰਦੇ ਦੇ ਅੰਦਰ ਹੈ। ਫਿਰ ਅਸੀਂ ਥੱਲੇ ਰੱਬ ਲਈ ਘਰ ਕਿਉਂ ਬਣਾਈ ਜਾਂਦੇ ਹਾਂ? ਉਹ ਵੀ ਇਕ-ਦੂਜੇ ਨਾਲ ਮੁਕਾਬਲਾ ਕਰ ਕੇ। ਕਰੋੜਾਂ-ਅਰਬਾਂ ਰੁਪਏ ਅਜਿਹੇ ਕਾਰਜਾਂ ਉਤੇ ਲੱਗ ਰਹੇ ਹਨ। ਇਹ ਭੰਬਲਭੂਸਾ ਨਹੀਂ ਤਾਂ ਹੋਰ ਕੀ ਹੈ? ਫਿਰ ਅਸੀਂ ਜ਼ਿਦੋ-ਜ਼ਿਦੀ ਸੋਨਾ ਚੜ੍ਹਾਈ ਜਾਂਦੇ ਹਾਂ। ਹਰ ਕੋਈ ਕਹਿੰਦਾ ਹੈ ਕਿ 'ਮੈਂ ਰੱਬ ਦੇ ਘਰੋਂ ਕੁਝ ਮੰਗਣ ਚੱਲਿਆ ਹਾਂ', ਪਰ ਉਥੇ ਆਪਣੀ ਜੇਬ ਵਿਚੋਂ ਹੀ ਕੁਝ ਦੇ ਕੇ ਆ ਜਾਂਦਾ ਹੈ। ਜ਼ਰਾ ਸੋਚੋ, ਜੋ ਪੈਸਾ ਤੁਸੀਂ ਉਥੇ ਦੇ ਕੇ ਆਉਂਦੇ ਹੋ, ਉਸ ਨਾਲ ਉਥੇ ਬੈਠੇ ਆਪਣੇ ਆਪ ਨੂੰ ਸੇਵਕ ਕਹਿੰਦੇ ਲੋਕ, ਆਪਣੇ ਚੁੱਲ੍ਹੇ ਚਲਾਉਂਦੇ ਹਨ। ਇਹ ਭੰਬਲਭੂਸਾ ਨਹੀਂ ਤਾਂ ਹੋਰ ਕੀ ਹੈ? ਇਨ੍ਹਾਂ ਚਲਾਕ ਲੋਕਾਂ ਨੇ ਆਮ ਲੋਕਾਂ ਦੀ ਸੋਚ ਨੂੰ ਗੁਲਾਮ ਬਣਾਇਆ ਹੋਇਆ ਹੈ; ਤੇ ਗੁਲਾਮ ਸੋਚ ਵਾਲਾ ਬੰਦਾ ਕੁਝ ਵੀ ਸੋਚ ਨਹੀਂ ਸਕਦਾ। ਆਓ! ਅਸੀਂ ਸਾਰੇ ਇਨ੍ਹਾਂ ਭੰਬਲਭੂਸਿਆਂ ਵਿਚੋਂ ਬਾਹਰ ਨਿਕਲਣ ਦੀ ਜੰਗ ਲੜੀਏ, ਤਾਂ ਕਿ ਕੋਈ ਵੀ ਤੁਹਾਡੀ ਨਾਜਾਇਜ਼ ਲੁੱਟ ਨਾ ਕਰ ਸਕੇ ਅਤੇ ਨਾ ਹੀ ਕੋਈ ਤੁਹਾਡੇ ਬੱਚਿਆਂ ਨੂੰ ਭੰਬਲਭੂਸੇ ਵਿਚ ਪਾਵੇ।

# ਬਿੱਜੜਾ-ਇਕ ਜੁਲਾਹਾ ਪੰਛੀ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਬਿੱਜੜਾ ਇਕ ਕਮਾਲ ਦਾ ਕਾਰੀਗਰ ਪੰਛੀ ਹੈ। ਅਫਸੋਸ ਕਿ ਕਥਿਤ ਹਰੀ ਕ੍ਰਾਂਤੀ ਕਾਰਨ ਅੱਜ ਪੰਜਾਬ ਦੀ ਧਰਤੀ 'ਤੇ ਉਹ ਦਰਖਤ ਨਹੀਂ ਜਿਨ੍ਹਾਂ 'ਤੇ ਬਿੱਜੜੇ ਆਲ੍ਹਣੇ ਲਟਕਾਇਆ ਕਰਦੇ ਸਨ। ਕੋਈ ਵੇਲਾ ਸੀ ਪਿੰਡਾਂ ਦੇ ਬਾਹਰਵਾਰ ਕਿੱਕਰਾਂ ਆਦਿ 'ਤੇ ਬੇਸ਼ੁਮਾਰ ਬਿੱਜੜੇ ਦੇਖੇ ਜਾ ਸਕਦੇ ਸਨ। ਅੱਜ ਤਾਂ ਇਹ ਨਿਮਾਣੇ ਪੰਛੀ ਕਦੇ ਕਦਾਈਂ ਬਿਜਲੀ ਦੇ ਖੰਭਿਆਂ 'ਤੇ ਵੀ ਆਪਣੇ ਆਲ੍ਹਣੇ ਪਾਉਣ ਲਈ ਮਜਬੂਰ ਹਨ। ਦੁਨੀਆਂ ਭਰ ਵਿਚ ਬਿੱਜੜਾ ਪੰਛੀ ਦੀਆਂ ਸੈਂਕੜੇ ਪ੍ਰਜਾਤੀਆਂ ਹਨ। ਬਿੱਜੜੇ ਆਪਣੇ ਗੁਲਾਈਦਾਰ ਬੋਤਲ ਜਿਹੇ ਆਲ੍ਹਣਿਆਂ ਕਰਕੇ ਸਾਡਾ ਧਿਆਨ ਖਿਚਦੇ ਹਨ। ਇਨ੍ਹਾਂ ਆਲ੍ਹਣਿਆਂ ਦੇ ਅੰਦਰ ਤਾਂ ਸਮਝੋ ਸੁਰੰਗਾਂ ਹੀ ਵਿਛਾਈਆਂ ਹੁੰਦੀਆਂ ਹਨ।

ਪੰਜਾਬੀ ਵਿਚ ਇਨ੍ਹਾਂ ਆਲ੍ਹਣਿਆਂ ਲਈ ਵੀ ਬਿੱਜੜਾ ਸ਼ਬਦ ਹੀ ਹੈ। ਪਰ ਇਸ ਲੇਖ ਵਿਚ ਅਸੀਂ ਆਮ ਤੌਰ 'ਤੇ ਬਿੱਜੜਾ ਸ਼ਬਦ ਇਸ ਵਿਸ਼ੇਸ਼ ਪੰਛੀ ਲਈ ਹੀ ਵਰਤਾਂਗੇ। ਅਫਰੀਕਾ ਦੇ ਕਈ ਬਿੱਜੜਿਆਂ ਦੇ ਆਲ੍ਹਣਿਆਂ ਅੰਦਰ ਤਾਂ ਕਈ ਕਈ ਮੰਜ਼ਿਲਾਂ ਵਾਲੇ ਘਰ ਹੁੰਦੇ ਹਨ। ਸ਼ਾਇਦ ਇਨ੍ਹਾਂ ਦੀ ਗਿਣਤੀ ਸੌ ਤੱਕ ਵੀ ਅੱਪੜ ਜਾਂਦੀ ਹੈ। ਇਹ ਘਰ ਇਕ ਤਰ੍ਹਾਂ ਅਪਾਰਟਮੈਂਟ ਦੀ ਨਿਆਈਂ ਹੀ ਹੁੰਦੇ ਹਨ। ਕਈ ਦਰਖਤਾਂ 'ਤੇ ਅਜਿਹੇ ਆਲ੍ਹਣਿਆਂ ਦੇ ਝੁੰਡਾਂ ਦੇ ਝੁੰਡ ਦਿਖਾਈ ਦਿੰਦੇ ਹਨ। ਕੁਝ ਬਿੱਜੜੇ ਤਾਂ ਲੱਖਾਂ ਦੀ ਗਿਣਤੀ ਵਿਚ ਮੀਲਾਂ ਤੱਕ ਬਸਤੀਆਂ ਬਣਾ ਕੇ ਰਹਿੰਦੇ ਹਨ। ਇਸ ਸੂਰਤ ਵਿਚ ਇਹ ਖੇਤੀ ਦਾ ਖੂਬ ਨਾਸ ਕਰਦੇ ਹਨ। ਬਿੱਜੜੇ ਵਧੇਰੇ ਤੌਰ 'ਤੇ ਕੀੜੇ-ਮਕੌੜੇ ਤੇ ਬੀਜ ਖਾਂਦੇ ਹਨ। ਇਹ ਆਮ ਤੌਰ 'ਤੇ ਗਰਮ ਖੁਸ਼ਕ ਦੇਸ਼ਾਂ ਵਿਚ ਮਿਲਦੇ ਹਨ। ਇਹ ਕੰਡਿਆਲੇ ਦਰਖਤਾਂ ਅਤੇ ਪਾਣੀ ਦੇ ਕਿਨਾਰਿਆਂ 'ਤੇ ਉਗੇ ਤਾੜ ਜਿਹੇ ਦਰਖਤਾਂ 'ਤੇ ਆਪਣੇ ਆਲ੍ਹਣੇ ਬਣਾਉਣੇ ਪਸੰਦ ਕਰਦੇ ਹਨ। ਕੰਡਿਆਲੇ ਅਤੇ ਪਾਣੀ ਵਿਚ ਉਗੇ ਦਰਖਤਾਂ 'ਤੇ ਬਣਾਏ ਆਲ੍ਹਣਿਆਂ ਤੱਕ ਸ਼ਿਕਾਰੀ ਪੰਛੀ, ਸੱਪ, ਕਿਰਲੀ ਆਦਿ ਛੇਤੀ ਕੀਤੇ ਪਹੁੰਚ ਨਹੀਂ ਸਕਦੇ ਇਸ ਲਈ ਇਨ੍ਹਾਂ ਦੇ ਆਂਡੇ ਅਤੇ ਚੂਚੇ ਮਹਿਫੂਜ਼ ਰਹਿੰਦੇ ਹਨ।

ਆਲ੍ਹਣਾ ਬਣਾਉਣ ਦਾ ਕੰਮ ਨਰ ਬਿੱਜੜਾ ਹੀ ਕਰਦਾ ਹੈ। ਇਹ ਲੰਬੂਤਰਾ ਬੀਨ ਵਰਗਾ ਆਲ੍ਹਣਾ ਦਰਖਤ ਆਦਿ ਦੀ ਟਾਹਣੀ ਨਾਲ ਉਲਟਾ ਟੰਗਿਆ ਹੁੰਦਾ ਹੈ। ਹੇਠਲੇ ਪਾਸੇ ਪ੍ਰਵੇਸ਼-ਦੁਆਰ ਹੁੰਦਾ ਹੈ ਜੋ ਬਹੁਤ ਹੀ ਭੀੜਾ ਰੱਖਿਆ ਹੁੰਦਾ ਹੈ। ਅੰਦਰ ਘੁੰਮਣਘੇਰੀਆਂ ਹੁੰਦੀਆਂ ਹਨ। ਇਸ ਤਰ੍ਹਾਂ ਕਿਸੇ ਸ਼ਿਕਾਰੀ ਦਾ ਧੁਰ ਅੰਦਰ ਪਹੁੰਚਣਾ ਬਹੁਤ ਕਠਨ ਹੁੰਦਾ ਹੈ। ਕੋਈ ਹੌਸਲਾ ਕਰ ਹੀ ਲਵੇ ਤਾਂ ਅੰਦਰ ਵੜਦੇ ਵੜਦੇ ਹੀ ਦਮ ਘੁੱਟ ਕੇ ਮਰ ਜਾਂਦਾ ਹੈ। ਹਾਂ, ਕੁਝ ਕਿਸਮ ਦੇ ਬਿੱਜੜਿਆਂ ਦੇ ਆਲ੍ਹਣਿਆਂ ਦੇ ਪ੍ਰਵੇਸ਼ ਦੋ-ਦੋ ਫੁੱਟ ਵੀ ਹੁੰਦੇ ਹਨ ਤੇ ਕੁਝ ਦੋ ਪਾਸਿਆਂ ਤੋਂ ਵੀ ਖੁਲ੍ਹਦੇ ਹਨ।

ਨਰ ਬਿੱਜੜਾ ਆਪਣੇ ਆਲ੍ਹਣੇ ਨੂੰ ਮੁਕੰਮਲ ਕਰ ਲੈਣ ਪਿਛੋਂ ਆਪਣੇ ਖੰਭ ਫੜਫੜਾ ਕੇ ਮਦੀਨ ਬਿੱਜੜੇ ਦਾ ਧਿਆਨ ਖਿੱਚਦਾ ਹੈ। ਮਦੀਨ ਬਿੱਜੜਾ ਅੰਦਰ ਜਾ ਕੇ ਆਲ੍ਹਣੇ ਦੀ ਘੋਖ ਕਰਦੀ ਹੈ, ਖਾਸ ਤੌਰ 'ਤੇ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ। ਜੇ ਪਸੰਦ ਆਵੇ ਤਾਂ ਠੀਕ, ਨਹੀਂ ਤਾਂ ਸਿਰ ਫੇਰ ਦਿੰਦੀ ਹੈ।



ਹਿੰਦ ਮਹਾਂਦੀਪ ਅਤੇ ਦੱਖਣ ਪੂਰਬੀ ਏਸ਼ੀਆ ਦੇ ਬਿੱਜੜੇ ਘਰੇਲੂ ਚਿੜੀ ਵਰਗੇ ਹੀ ਹੁੰਦੇ ਹਨ, ਇਥੋਂ ਤੱਕ ਕਿ ਇਨ੍ਹਾਂ ਦੀ ਆਵਾਜ਼ ਵੀ ਚਿੜੀ ਵਾਂਗ ਚਿੜ ਚਿੜ ਜਿਹੀ ਹੀ ਹੁੰਦੀ ਹੈ। ਇਸ ਖਿੱਤੇ ਦੇ ਬਿਜੜਿਆਂ ਦੀ ਕਿਸਮ ਦਾ ਵਿਗਿਆਨਕ ਨਾਂ ਹੀ ਬਾਯਾ ਹੈ ਜੋ ਕਿ ਹਿੰਦੁਸਤਾਨੀ ਸ਼ਬਦ ਹੈ। ਇਸ ਸ਼ਬਦ ਦਾ ਬਿੱਜੜਾ ਸ਼ਬਦ ਨਾਲ ਸੁਜਾਤੀ ਸਬੰਧ ਹੈ।

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬਿੱਜੜੇ ਆਪਣੇ ਆਲ੍ਹਣੇ ਵਿਚ ਗਾਰੇ ਨਾਲ ਜੁਗਨੂੰ ਚੁੰਬੇੜ ਦਿੰਦੇ ਹਨ ਤਾਂ ਕਿ ਰਾਤ ਨੂੰ ਰੋਸ਼ਨੀ ਹੋ ਸਕੇ। ਪਰ ਇਹ ਗੱਲ ਸਹੀ ਨਹੀਂ ਹੈ। ਇਹ ਮਿੱਟੀ ਦੀ ਵਰਤੋਂ ਆਲ੍ਹਣੇ ਨੂੰ ਮਜ਼ਬੂਤ ਕਰਨ ਲਈ ਕਰਦੇ ਹਨ। ਬਿੱਜੜਾ ਬਹੁਤ ਬੁਧੀਮਾਨ ਪੰਛੀ ਹੈ। ਸੜਕ ਕੰਢੇ ਬੈਠੇ ਕਈ ਤਮਾਸ਼ੇਕਾਰ ਇਨ੍ਹਾਂ ਤੋਂ ਕਈ ਕਰਤਬ ਕਰਾਉਂਦੇ ਹਨ। ਜਿਵੇਂ ਭੋਇੰ 'ਤੇ ਸਿੱਕੇ ਜਾਂ ਮਣਕੇ ਆਦਿ ਖਿਲਾਰ ਕੇ ਇਨ੍ਹਾਂ ਤੋਂ ਚੁਕਾਏ ਜਾਂਦੇ ਹਨ। ਬਿੱਜੜਾ ਧਾਗੇ ਵਿਚ ਮਣਕੇ ਪਰੋ ਸਕਦਾ ਹੈ। ਇਹ ਕਿਸੇ ਦੇ ਹੱਥੋਂ ਸਿੱਕਾ ਖੋਹ ਕੇ ਮਾਲਕ ਕੋਲ ਪਹੁੰਚਾ ਸਕਦਾ ਹੈ, ਮਾਲਕ ਦੇ ਇਸ਼ਾਰੇ 'ਤੇ ਮਿੱਠੀ ਗੋਲੀ ਚੁੱਕ ਕੇ ਕਿਸੇ ਔਰਤ ਦੇ ਬੁਲ੍ਹਾਂ 'ਤੇ ਟਿਕਾ ਸਕਦਾ ਹੈ। ਇਸ ਤੋਂ ਇਕ ਖਿਡੌਣਾ ਤੋਪ ਵੀ ਚਲਵਾਈ ਜਾਂਦੀ ਹੈ। ਸੁਣਨ ਵਿਚ ਆਉਂਦਾ ਹੈ ਕਿ ਬਨਾਰਸ ਵਿਚ ਗਿਝਾਏ ਹੋਏ ਬਿੱਜੜੇ ਔਰਤਾਂ ਦੇ ਮੱਥੇ ਤੋਂ ਸੋਨੇ ਦਾ ਟਿੱਕਾ ਲਾਹ ਕੇ ਮਨਚਲੇ ਗਭਰੂਆਂ ਦੇ ਹੱਥੀਂ ਧਰ ਦਿੰਦੇ ਸਨ। ਅਕਬਰ ਦੇ ਜ਼ਮਾਨੇ ਜਾਂ ਸ਼ਾਇਦ ਇਸ ਤੋਂ ਵੀ ਪਹਿਲਾਂ ਬਿੱਜੜੇ ਤੋਂ ਬਹੁਤ ਸਾਰੇ ਕਰਤਬ ਕਰਵਾਏ ਜਾਂਦੇ ਸਨ। ਮੈਂ ਆਪ ਅਜਿਹੇ ਟਰਿੱਕ ਹੌਲੀਵੁੱਡ ਦੇ ਯੂਨੀਵਰਸਲ ਸਟੂਡੀਓ ਵਿਚ ਤੱਕੇ ਸਨ।

ਨਰ ਬਿਜੜਾ ਆਪਣਾ ਆਲ੍ਹਣਾ ਕਿਸੇ ਟਾਹਣੀ ਉਤੇ ਘਾਹ ਆਦਿ ਦੇ ਤੀਲੇ ਦੇ ਵੰਗਲੇ ਜਿਹੇ ਬਣਾ ਕੇ ਸ਼ੁਰੂ ਕਰਦਾ ਹੈ। ਫਿਰ ਕਪੜਾ ਬੁਣਨ ਵਾਂਗ ਹੋਰ ਤੀਲਿਆਂ ਦਾ ਤਾਣਾ ਬਾਣਾ ਬੁਣਦਾ ਜਾਂਦਾ ਹੈ। ਪਹਿਲਾਂ ਪਹਿਲ ਇਹ ਅੱਧ ਪਚੱਧਾ ਅਜ਼ਮਾਇਸ਼ੀ ਆਲ੍ਹਣਾ ਹੀ ਬਣਾਉਂਦਾ ਹੈ। ਜੇ ਕੋਲ ਲੰਘਦੀ ਕਿਸੇ ਮਦੀਨ ਨੂੰ ਇਹ ਭਾਅ ਜਾਵੇ ਤਾਂ ਹੀ ਇਸ ਨੂੰ ਸੰਪੂਰਨ ਕਰਦਾ ਹੈ ਨਹੀਂ ਤਾਂ ਹੋਰ ਬਣਾਉਣਾ ਸ਼ੁਰੂ ਕਰ ਦਿੰਦਾ ਹੈ। ਇਸ ਨੂੰ ਬਣਾਉਣ ਲਈ ਪੰਜ ਸੌ ਫੇਰੀਆਂ ਅਤੇ ਦੋ ਹਫਤੇ ਦਾ ਸਮਾਂ ਲੱਗ ਜਾਂਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਬਿੱਜੜੇ ਦੀ ਜ਼ਿੰਦਗੀ ਦੀ ਬਹੁਤੀ ਸਰਗਰਮੀ ਆਪਣੇ ਆਲ੍ਹਣੇ ਨੂੰ ਇਕ ਕਲਾਮਈ ਰੂਪ ਦੇਣ ਵਿਚ ਹੀ ਲੱਗ ਜਾਂਦੀ ਹੈ। ਇਹ ਵੀ ਤਾਂ ਇਕ ਦੀਵਾਨਗੀ ਹੀ ਹੈ। ਉਂਜ ਨਰ ਤੇ ਮਦੀਨ ਬਿੱਜੜੇ ਕਈਆਂ ਨਾਲ ਆਸ਼ਕੀ ਨਿਭਾਉਂਦੇ ਹਨ।

ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਬਿੱਜੜਾ ਸ਼ਬਦ ਵਿਚ ਬੁਣਨ ਦੇ ਭਾਵ ਹੀ ਹਨ। ਇਸ ਸ਼ਬਦ ਦਾ ਉਦਭਵ 'ਵੇ' ਧਾਤੂ ਤੋਂ ਹੋਇਆ ਹੈ। ਇਸ ਧਾਤੂ ਵਿਚ ਗੁੰਨ੍ਹਣ, ਗੁੰਦਣ, ਬੁਣਨ, ਲਪੇਟਣ ਆਦਿ ਦੇ ਭਾਵ ਹਨ। ਬਿੱਜੜਾ ਆਪਣਾ ਆਲ੍ਹਣਾ ਗੁੰਦਦਾ ਜਾਂ ਬੁਣਦਾ ਹੀ ਹੈ। ਸੋ, ਇਸ ਤੋਂ ਬਿੱਜੜਾ ਦੇ ਅਰਥਾਂ ਵਾਲਾ ਬਯਿਆ, ਬਯਾ ਜਾਂ ਬਾਯਾ ਸ਼ਬਦ ਬਣਿਆ। 'ਵ' ਧੁਨੀ ਆਮ ਹੀ 'ਬ' ਵਿਚ ਬਦਲ ਜਾਂਦੀ ਹੈ। ਮਈਆ ਸਿੰਘ ਦੇ ਪੰਜਾਬੀ ਕੋਸ਼ ਵਿਚ ਇਸ ਲਈ ਬਯੜਾ ਸ਼ਬਦ ਆਇਆ ਹੈ। ਸੋ, ਸ਼ਬਦ ਵਿਕਾਸ ਕੁਝ ਇਸ ਤਰ੍ਹਾਂ ਹੋਇਆ, ਬੱਯਾ > ਬੱਯੜਾ > ਬਿੱਜੜਾ। ਅੰਗਰੇਜ਼ੀ ਵਿਚ ਬਿੱਜੜੇ ਲਈ ਵੀਵਰ ਬਰਡ ਸ਼ਬਦ ਹੈ। ਇਥੇ ਵੀ ਭਾਵ ਬੁਣਨ ਤੋਂ ਹੀ ਹੈ। 'ਵੇ' ਤੋਂ ਬਯਨ ਸ਼ਬਦ ਬਣਿਆ ਤੇ ਫਿਰ ਬੁਣਨ, ਬੁਣਾਈ, ਬੁਣਤੀ ਤੇ ਬੁਣਕਰ ਜਿਹੇ ਸ਼ਬਦ ਹੋਂਦ ਵਿਚ ਆਏ। ਕਬੀਰ ਜੀ ਜੁਲਾਹਾ ਜਾਤੀ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਦੇ ਕਾਵਿ ਵਿਚ ਇਸ ਕਿੱਤੇ ਨਾਲ ਸਬੰਧਤ ਕਈ ਸ਼ਬਦ ਅਤੇ ਅਲੰਕਾਰ ਮਿਲਦੇ ਹਨ ਜਿਵੇਂ "ਸੁੰਨ ਸਹਿਜ ਮਹਿ ਬੁਨਤ ਹਮਾਰੀ", "ਬੁਨਿ ਬੁਨਿ ਆਪੇ ਆਪ ਪਹਿਰਾਵਉ", "ਤਨਨਾ ਬੁਨਨਾ ਸਭੁ ਤਜਿਓ ਹੈ।" ਬੁਣਕਰ ਜੁਲਾਹੇ ਨੂੰ ਕਹਿੰਦੇ ਹਨ। ਮਰਾਠੀ ਵਿਚ ਬਿੱਜੜੇ ਲਈ ਵਿਣਕਰ ਸ਼ਬਦ ਹੈ।

ਪੰਜਾਬੀ ਦਾ ਇਕ ਠੇਠ ਸ਼ਬਦ ਹੈ ਵਿਉਂਤ। ਦੁਆਬੇ ਵਿਚ ਇਸ ਨੂੰ ਬੇਂਤ ਕਹਿੰਦੇ ਹਨ ਜਿਵੇਂ ਬੇਂਤ ਲਾਉਣਾ। ਵਿਉਂਤ ਦਾ ਅਰਥ ਤਰਕੀਬ ਜਾਂ ਜੁਗਤ ਆਦਿ ਹੁੰਦਾ ਹੈ। ਮੁਢਲੇ ਤੌਰ 'ਤੇ ਇਸ ਦਾ ਭਾਵ ਹੈ, ਕਪੜੇ ਦੀ ਕਾਟ। ਸਿਰ 'ਤੇ ਰੱਖੀ ਪੰਡ ਆਦਿ ਦੇ ਭਾਰ ਦੀ ਚੋਭ ਜਾਂ ਸਖਤਾਈ ਤੋਂ ਬਚਣ ਲਈ ਕਪੜੇ ਜਾਂ ਘਾਹ ਫੂਸ ਦੇ ਬਣਾਏ ਬਿੰਨੇ ਨੂੰ ਸਿਰ 'ਤੇ ਰੱਖਿਆ ਜਾਂਦਾ ਹੈ। ਇਸ ਦਾ ਇਕ ਰੁਪਾਂਤਰ ਇੰਨੂ ਵੀ ਹੈ। ਇਸ ਸ਼ਬਦ ਵਿਚ ਵੀ ਬੁਣਨ ਜਾਂ ਗੁੰਦਣ ਦੇ ਹੀ ਭਾਵ ਹਨ। ਬੇਣ ਜਾਂ ਬੈਂਤ ਸ਼ਬਦ ਵੀ ਇਸ ਤੋਂ ਬਣੇ ਹਨ ਕਿਉਂਕਿ ਇਸ ਦੀਆਂ ਲਚਕਦਾਰ ਛਮਕਾਂ ਤੋਂ ਫਰਨੀਚਰ ਬਣਾਇਆ ਜਾਂਦਾ ਹੈ, "ਬੇਨ ਬ੍ਰਿਛ ਕੇ ਖਰੇ ਸਮੂਹਾ।" ਵੇਯ ਜਾਂ ਬੇਣ, ਵੇਣ, ਬੇਨ ਆਦਿ ਅਜਿਹਾ ਸਮਾਨ ਬਣਾਉਣ ਵਾਲੇ ਕਾਰੀਗਰ ਨੂੰ ਕਿਹਾ ਜਾਂਦਾ ਹੈ। ਇਹ ਸ਼ਬਦ ਇਕ ਵਰਣਸ਼ੰਕਰ ਜਾਤੀ ਲਈ ਵੀ ਵਰਤਿਆ ਜਾਂਦਾ ਜੋ ਬਾਂਸ ਜਾਂ ਕਾਨਿਆਂ ਆਦਿ ਦਾ ਸਮਾਨ ਬਣਾ ਕੇ ਗੁਜ਼ਾਰਾ ਕਰਦੀ ਹੈ। ਇਸ ਦਾ ਅਰਥ ਵਿਕਸਿਤ ਹੋ ਕੇ ਸੰਗੀਤਕਾਰ ਵੀ ਹੋ ਗਿਆ ਹੈ। ਇਸ ਸ਼ਬਦ ਦਾ ਫਾਰਸੀ ਰੂਪ ਬੇਦ ਹੈ। ਬੈਂਤ ਕਵਿਤਾ ਦੇ ਇਕ ਰੂਪ ਨੂੰ ਵੀ ਕਹਿੰਦੇ ਹਨ ਜਿਸ ਵਿਚ ਕਵੀ ਆਪਣੇ ਕਾਵਿਕ ਭਾਵ ਗੁੰਦਦਾ ਹੈ। ਵੇਧੂ ਦਾ ਇਕ ਅਰਥ ਸਿਰ ਦੀ ਝੋਂਟੀ ਵੀ ਹੁੰਦਾ ਹੈ ਕਿਉਂਕਿ ਇਹ ਗੁੰਦੀ ਹੋਈ ਹੁੰਦੀ ਹੈ, "ਬਧੈ ਬੇਣ ਸਿਰ ਉਚੇ ਰਥੈ।" ਪਰ ਕਾਹਨ ਸਿੰਘ ਦੇ ਮਹਾਨ ਕੋਸ਼ ਵਿਚ ਇਥੇ ਇਸ ਦਾ ਅਰਥ ਬਾਂਸ ਹੀ ਦਿੱਤਾ ਹੈ ਜੋ ਗਲਤ ਮਲੂਮ ਹੁੰਦਾ ਹੈ। ਗੰਗਾ, ਜਮਨਾ ਅਤੇ ਸਰਸਵਤੀ ਦਰਿਆਵਾਂ ਦੇ ਸੰਗਮ ਨੂੰ ਤਿਰਵੇਣੀ ਕਿਹਾ ਜਾਂਦਾ ਹੈ। ਪੰਜਾਬ ਦੇ ਲੋਕ ਇਕੋ ਥਾਂ 'ਤੇ ਗੁਥਮਗੁੱਥਾ ਉਗੇ ਬੋਹੜ, ਪਿੱਪਲ ਅਤੇ ਨਿੰਮ ਦੇ ਦਰਖਤਾਂ ਦੇ ਝੁੰਡ ਲਈ ਵੀ ਏਹੀ ਸ਼ਬਦ ਵਰਤਦੇ ਹਨ। ਇਸ ਵਿਚ ਵੇਣੀ ਘਟਕ ਸਪਸ਼ਟ ਝਲਕ ਰਿਹਾ ਹੈ। ਓਤ-ਪੋਤ ਦਾ ਮੂਲ ਅਰਥ ਤਾਣੇ-ਬਾਣੇ ਦੇ ਰੂਪ ਵਿਚ ਹੈ। ਇਹ ਬਣਿਆ ਹੈ ਓਤਾ (ਜੋ ਵੇ ਧਾਤੂ ਤੋਂ ਬਣਿਆ+ਪਰੋਤਾ (= ਪਰਾ+ਓਤਾ) ਤੋਂ। ਪਰੋਣਾ ਦਾ ਪਹਿਲਾ ਰੂਪ ਪਰਾਵੇ ਸੀ। ਗੁਜਰਾਤੀ ਵਿਚ ਅੱਜ ਵੀ ਪਰੋਣਾ ਦੇ ਅਰਥ ਵਿਚ ਪਰਵੋਂ ਸ਼ਬਦ ਹੈ, ਲਹਿੰਦੀ ਵਿਚ ਪਰੋਵਣਾ ਹੈ। ਇਸ ਵਿਚ ਪਰਾ ਤਾਂ ਅਗੇਤਰ ਹੈ, ਬਾਕੀ ਵੇ ਹੀ ਹੈ। ਹੋਰ ਹਿੰਦ-ਆਰਿਆਈ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ wei ਕਲਪਿਆ ਗਿਆ ਹੈ ਜਿਸ ਦਾ ਅਰਥ ਗੁੰਦਣਾ ਜਿਹਾ ਹੀ ਨਿਰਧਾਰਤ ਕੀਤਾ ਗਿਆ ਹੈ। ਇਸ ਤੋਂ ਅੰਗਰੇਜ਼ੀ ਦਾ willow ਸ਼ਬਦ ਬਣਿਆ ਜੋ ਬੈਂਤ ਦੀ ਤਰ੍ਹਾਂ ਦਾ ਇਕ ਲਚਕਦਾਰ ਦਰਖਤ ਹੁੰਦਾ ਹੈ। ਇਸੇ ਤਰ੍ਹਾਂ withe ਅਤੇ withy ਸ਼ਬਦਾਂ ਦੇ ਵੀ ਇਹੋ ਅਰਥ ਹੁੰਦੇ ਹਨ ਤੇ ਇਨ੍ਹਾਂ ਦਾ ਸਬੰਧ ਵੀ ਇਸੇ ਮੂਲ ਨਾਲ ਹੈ। ਰੂਸੀ, ਗਰੀਕ, ਲਾਤੀਨੀ, ਲਿਥੂਏਨੀਅਨ, ਜਰਮਨ ਆਦਿ ਅਨੇਕਾਂ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ।

# ਨਵੀਂ ਦਿੱਲੀ ਵਿਚ ਇਕ ਦਿਨ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਜਿਸ ਨਵੀਂ ਦਿੱਲੀ ਦੀ ਮੈਂ ਗੱਲ ਕਰਨ ਲੱਗਾਂ ਇਸ ਨੂੰ ਜਾਰਜ ਪੰਜਮ ਨੇ 12 ਦਸੰਬਰ 1911 ਨੂੰ ਪੁਰਾਣੀ ਦਿੱਲੀ ਵਿਚੋਂ ਕੱਢ ਕੇ ਬਰਤਾਨਵੀ ਸਰਕਾਰ ਦੀ ਰਾਜਧਾਨੀ ਵਜੋਂ ਬਣਾਇਆ ਸੀ। ਉਸ ਤੋਂ 10 ਹਫਤੇ ਪਹਿਲਾਂ ਤੱਕ ਦਿੱਲੀ ਪੰਜਾਬ ਦਾ ਹੀ ਇਕ ਅੰਗ ਸੀ। ਨਵੀਂ ਦਿੱਲੀ ਦਾ ਅਸਲ ਸਥਾਨ ਪਹਾੜਗੰਜ ਤੇ ਸਫਦਰਗੰਜ ਵਿਚਾਲੇ ਰਾਇਸੀਨਾ ਪਹਾੜੀ ਦੇ ਆਲੇ ਦੁਆਲੇ ਸੀ। ਇਸ ਪਹਾੜੀ 'ਤੇ ਜਾਰਜ ਪੰਜਮ ਨੇ ਨਵੇਂ ਸਕੱਤਰੇਤ ਦੀ ਉਸਾਰੀ ਕਰਵਾਈ। ਇਸ ਦੇ ਨਿਰਮਾਤਾ ਤੇਜਾ ਸਿੰਘ ਮਲਿਕ ਤੇ ਸਰ ਸੋਭਾ ਸਿੰਘ ਸਨ। ਪਹਿਲਾ ਆਰਕੀਟੈਕਟ ਦੇ ਦੂਜਾ ਠੇਕੇਦਾਰ। ਪ੍ਰਸਿਧ ਲੇਖਕ ਤੇ ਪੱਤਰਕਾਰ ਖੁਸ਼ਵੰਤ ਸਿੰਘ ਠੇਕੇਦਾਰ ਸੋਭਾ ਸਿੰਘ ਦਾ ਪੁੱਤਰ ਸੀ ਤੇ ਤੇਜਾ ਸਿੰਘ ਦਾ ਜਵਾਈ। ਮੇਰੀ ਸੱਜਰੀ ਫੇਰੀ ਸੁਜਾਨ ਸਿੰਘ ਪਾਰਕ ਦੇ ਆਲੇ ਦੁਆਲੇ ਘੁੰਮਦੀ ਹੈ, ਜਿਸ ਨੂੰ ਸੋਭਾ ਸਿੰਘ ਨੇ ਆਪਣੇ ਪਿਤਾ ਦੀ ਯਾਦ 'ਚ ਬਣਵਾਇਆ ਸੀ। ਖੁਸ਼ਵੰਤ ਸਿੰਘ ਦੀ ਰਿਹਾਇਸ਼ ਵੀ ਇਸ ਪਾਰਕ 'ਚ ਹੀ ਸੀ।

ਨਵੀਂ ਦਿੱਲੀ ਸਕੱਤਰੇਤ ਗੁਰਦੁਆਰਾ ਰਕਾਬ ਗੰਜ ਤੇ ਗੁਰਦੁਆਰਾ ਬੰਗਲਾ ਸਾਹਿਬ ਦੀ ਬੁੱਕਲ ਵਿਚ ਪੈਂਦਾ ਹੈ। ਇਨ੍ਹਾਂ ਗੁਰਧਾਮਾਂ ਦੀ ਸੇਵਾ ਸਿੱਖ ਸੂਰਮੇ ਬਘੇਲ ਸਿੰਘ ਨੇ ਸ਼ਾਹ ਆਲਮ ਤੋਂ ਦਿੱਲੀ ਫਤਿਹ ਕਰਕੇ ਤੇ ਉਸ ਤੋਂ ਤਿੰਨ ਲੱਖ ਰੁਪਏ ਵਸੂਲ ਕੇ ਕਰਵਾਈ ਤੇ ਇਨ੍ਹਾਂ ਗੁਰਧਾਮਾਂ ਦੇ ਨਾਂ ਕਈ ਮੁਰੱਬੇ ਜ਼ਮੀਨ ਵੀ ਲਗਵਾਈ।

ਮੇਰੀ ਸੱਜਰੀ ਫੇਰੀ ਦਾ ਅਰੰਭ ਗੁਰਦੁਆਰਾ ਰਕਾਬ ਗੰਜ ਦੀ ਬੁੱਕਲ ਵਿਚ ਉਸਰੇ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਪ੍ਰਵੇਸ਼ ਨਾਲ ਹੋਇਆ ਜਿਥੇ ਸੈਂਕੜੇ ਮਿੱਤਰ, ਮੰਤਰੀ ਤੇ ਜਥੇਦਾਰ ਸਾਹਿਬਾਨ ਦੀ ਅਸ਼ੀਰਵਾਦ ਨਾਲ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਦੀ ਸਪੁੱਤਰੀ ਬਨੀਤ ਕੌਰ ਦਾ ਅਨੰਦ ਕਾਰਜ ਸ. ਚਰਨਜੀਤ ਸਿੰਘ ਸੇਠੀ ਦੇ ਬੇਟੇ ਕਰਨਬੀਰ ਸਿੰਘ ਨਾਲ ਬੜੇ ਹੀ ਸ਼ਰਧਾ ਭਾਵੀ ਮਾਹੌਲ ਵਿਚ ਹੋਇਆ। ਸਿੱਖ ਸੰਗਤਾਂ ਨੇ ਇਹ ਹਾਲ ਵਣਜਾਰਾ ਦੀ ਯਾਦ ਵਿਚ ਬਣਵਾਇਆ ਹੈ ਜਿਸ ਨੇ ਗੁਰੂ ਤੇਗ ਬਹਾਦਰ ਦਾ ਲਾਵਾਰਸ ਹੋਇਆ ਧੜ ਚਾਂਦਨੀ ਚੌਕ ਵਾਲੇ ਸ਼ਹੀਦੀ ਅਸਥਾਨ ਤੋਂ ਆਪਣੇ ਘਰ ਲੈ ਆਂਦਾ ਸੀ ਤੇ ਉਨ੍ਹਾਂ ਦੇ ਸਸਕਾਰ ਨੂੰ ਭੇਦ ਭਰਿਆ ਬਣਾਉਣ ਲਈ ਆਪਣੇ ਘਰ ਨੂੰ ਅੱਗ ਲਾ ਕੇ ਫੂਕ ਦਿੱਤਾ ਸੀ।



ਨਾਨਕ ਕੋਹਲੀ

ਮੇਰੀ ਅਗਲੀ ਠਾਹਰ ਤਿਲਕ ਬ੍ਰਿਜ ਤੇ ਮਾਤਾ ਸੁੰਦਰੀ ਵਿਚਕਾਰ ਪੈਂਦੇ ਪੰਜਾਬੀ ਭਵਨ ਵਿਚ ਸੀ ਜਿਹੜਾ ਇਕ ਤਰ੍ਹਾਂ ਨਾਲ ਨਵੀਂ ਦਿੱਲੀ ਨੂੰ ਪੁਰਾਣੀ ਦਿੱਲੀ ਨਾਲੋਂ ਨਿਖੇੜਦਾ ਹੈ। ਇਹ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦਾ ਮੁੱਖ ਦਫਤਰ ਹੈ। ਸਭਾ ਦੀ ਇਸ ਵਾਰੀ ਵਾਲੀ ਬੈਠਕ ਵਿਚ ਸਭਾ ਦੀ ਕਾਰਜਕਾਰੀ 'ਚੋਂ ਇਸ ਦੇ ਸਕੱਤਰ ਪਿਆਰਾ ਸਿੰਘ ਤੇ ਡਾਇਰੈਕਟਰ ਕਰਨਜੀਤ ਸਿੰਘ ਨੂੰ ਵਿਦਾਇਗੀ ਦੇ ਕੇ ਉਨ੍ਹਾਂ ਦੀ ਥਾਂ ਆਉਣ ਵਾਲੇ ਬਲਬੀਰ ਮਾਧੋਪੁਰੀ ਤੇ ਬਲਦੇਵ ਸਿੰਘ ਬੱਧਣ ਲਈ ਰਾਹ ਖੋਲ੍ਹਣਾ ਵੀ ਸੀ। ਇਹ ਕਾਰਵਾਈ 90 ਸਾਲਾ ਸੋਹਣ ਲਾਲ ਭਟਨਾਗਰ ਅਤੇ ਸਭਾ ਦੀ ਚੇਅਰਪਰਸਨ ਡਾ. ਰੇਣੁਕਾ ਸਿੰਘ ਦੀ ਹਾਜ਼ਰੀ ਵਿਚ ਬੜੇ ਹੀ ਸਲੀਕੇ ਤੇ ਖਲੂਸ ਨਾਲ ਨੇਪਰੇ ਚੜ੍ਹੀ।

ਮੇਰੇ ਫੇਰੀ ਦੀ ਆਖਰੀ ਠਾਹਰ ਸੁਜਾਨ ਸਿੰਘ ਪਾਰਕ ਵਿਖੇ ਸਵਰਗੀ ਖੁਸ਼ਵੰਤ ਸਿੰਘ ਦਾ ਉਹ ਘਰ ਸੀ ਜਿਥੇ ਉਸ ਦੇ ਇਕ ਮੱਦਾਹ ਨਾਨਕ ਕੋਹਲੀ ਨੇ ਆਪਣੇ ਵਲੋਂ ਖੁਸ਼ਵੰਤ ਸਿੰਘ ਨੂੰ ਉਸ ਦੀ ਹੀ ਸ਼ੈਲੀ ਵਿਚ ਚੇਤੇ ਕਰਨ ਦਾ ਢੁਕਵਾਂ ਪ੍ਰਬੰਧ ਕੀਤਾ ਹੋਇਆ ਸੀ। ਇਥੇ ਪਲਾਨਿੰਗ ਕਮਿਸ਼ਨ ਦੀ ਮੈਂਬਰ ਸਈਦਾ ਹਮੀਦ ਹੀ ਨਹੀਂ, ਖੁਸ਼ਵੰਤ ਸਿੰਘ ਦੀ ਇਕ ਬਹੁਤ ਹੀ ਬਨਦੀ ਫਬਦੀ ਗਵਾਂਢਣ ਦਿਲਸ਼ਾਦ ਵੀ ਹਾਜ਼ਰ ਸੀ ਜੋ ਆਪਣੇ ਵਲੋਂ ਇਕ ਵੱਡਾ ਥਾਲ ਕਬਾਬ ਦਾ ਲੈ ਕੇ ਪਹੁੰਚੀ ਹੋਈ ਸੀ। ਦਿਲਸ਼ਾਦ ਫਿਲਮੀ ਅਦਾਕਾਰ ਫਿਰੋਜ਼ ਖਾਨ ਦੀ ਭੈਣ ਹੈ ਤੇ ਇਕ ਵੇਲੇ ਉਸ ਦਾ ਨਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਨਜ਼ਰੇ ਚੜ੍ਹਨ ਵਾਲੀਆਂ 'ਚ ਸਭ ਤੋਂ ਉਤੇ ਬੋਲਦਾ ਸੀ।

ਖੁਸ਼ਵੰਤ ਸਿੰਘ ਦੇ ਸਾਰੇ ਮੱਦਾਹ ਉਸ ਦੇ ਅਸੂਲਾਂ ਦਾ ਪਾਲਣ ਕਰਦਿਆਂ ਘੰਟਾ ਭਰ ਵੀ ਨਹੀਂ ਸਨ ਠਹਿਰੇ। ਉਂਜ ਵੀ ਉਨ੍ਹਾਂ ਦਾ ਮਨ ਖੁਸ਼ਵੰਤ ਸਿੰਘ ਦੀ ਉਸ ਕੁਰਸੀ ਨੂੰ ਖਾਲੀ ਵੇਖ ਕੇ ਭਰ ਆਉਂਦਾ ਸੀ ਜਿਸ ਵਿਚ ਖੁਸ਼ਵੰਤ ਸਿੰਘ ਬਿਰਾਜਮਾਨ ਨਹੀਂ ਸੀ। ਖਾਣ-ਪੀਣ ਤੇ ਮੌਜ-ਮੇਲੇ ਵਾਲੀ ਇਸ ਮਹਿਫਿਲ ਨੂੰ ਪੰਜਾਬੀ ਵਾਲੇ 'ਵੱਡਾ ਕਰਨਾ' ਵੀ ਕਹਿੰਦੇ ਹਨ ਤੇ ਹੰਗਾਮਾ ਵੀ। ਇਹ ਮਹਿਫਿਲ ਤਾਂ ਇਸ ਲਈ ਹੰਗਾਮਾ ਹੋ ਨਿਬੜੀ ਕਿ ਇਸ ਦਾ ਬੀੜਾ ਚੁੱਕਣ ਵਾਲਾ ਨਾਨਕ ਕੋਹਲੀ ਖੁਸ਼ਵੰਤ ਸਿੰਘ ਦੇ ਘਰੋਂ ਤੁਰਨ ਲੱਗਿਆਂ ਉਸ ਦੇ ਨਿੰਜੀ ਵਾਸ਼ਰਮ ਦੇ ਕੋਲ ਢਹਿ ਕੇ ਖਤਮ ਹੋ ਗਿਆ। ਉਸ ਵੇਲੇ ਉਹਦੇ ਕੋਲ ਹੋਰਨਾਂ ਤੋਂ ਬਿਨਾ ਉਸ ਦੀ ਪਤਨੀ ਪਰਮਜੀਤ ਤੇ ਖੁਸ਼ਵੰਤ ਸਿੰਘ ਦਾ ਬੇਟਾ ਰਾਹੁਲ ਸਿੰਘ ਵੀ ਸਨ। ਰਾਹੁਲ ਨੇ ਨਾਨਕ ਕੋਹਲੀ



ਨਾਨਕੀ ਹਾਂਸ

ਦੀ ਪੈਰਿਸ ਬੈਠੀ ਬੇਟੀ ਤੇ ਕੁਵੈਤ ਅਤੇ ਅਮਰੀਕਾ ਰਹਿੰਦੇ ਦੋਵਾਂ ਬੇਟਿਆਂ ਨੂੰ ਇਸ ਸੋਗੀ ਖਬਰ ਤੋਂ ਜਾਣੂ ਕਰਵਾਇਆ। ਖੁਸ਼ਵੰਤ ਸਿੰਘ ਦੇ ਕਮਰੇ ਦੀ ਦਹਿਲੀਜ਼ ਨੇੜੇ ਢੱਠੇ ਨਾਨਕ ਕੋਹਲੀ ਦੀ ਦੇਹ ਨੂੰ ਡਾਕਟਰ ਵਲੋਂ ਮ੍ਰਿਤਕ ਤਸਦੀਕ ਕੀਤੇ ਜਾਣ 'ਤੇ ਉਸ ਦੇ ਘਰ ਪਹੁੰਚਾਇਆ ਗਿਆ, ਨਵੀਂ ਦਿੱਲੀ ਵਿਚ ਮੈਂ ਆਪਣੇ ਇਸ ਦਿਨ ਨੂੰ ਰੱਬ ਦਾ ਭਾਣਾ ਮੰਨਣ ਵਾਲੀ ਸ਼੍ਰੇਣੀ ਵਿਚ ਹੀ ਪਾ ਸਕਦਾ ਹਾਂ।

**ਪ੍ਰੈਸ ਕਲੱਬ ਦੀ ਨਵੀਂ ਪ੍ਰਧਾਨ:** ਚੰਡੀਗੜ੍ਹ ਦੀ ਪ੍ਰੈਸ ਕਲੱਬ ਪੱਤਰਕਾਰੀ ਨਾਲ ਸਬੰਧਤ ਦੇਸ਼ ਦੀਆਂ ਸਭ ਕਲੱਬਾਂ ਨਾਲੋਂ ਸੌਖੀ ਤੇ ਅਮੀਰ ਮੰਨੀ ਜਾਂਦੀ ਹੈ। ਇਸ ਦਾ ਜਨਮ ਮੇਰੇ ਦਿੱਲਿਓਂ ਚੰਡੀਗੜ੍ਹ ਆਉਣ ਤੋਂ 3 ਦਹਾਕੇ ਪਹਿਲਾਂ ਹੋਇਆ। ਇਸ ਦੇ ਅਨੇਕਾਂ ਪ੍ਰਧਾਨ ਆਏ ਤੇ ਗਏ ਪਰ ਹੁਣ ਤੱਕ ਕਿਸੇ ਮਹਿਲਾ ਨੂੰ ਇਸ ਦੀ ਪ੍ਰਧਾਨ ਬਣਨ ਦਾ ਮੌਕਾ ਨਹੀਂ ਮਿਲਿਆ। ਨਾਨਕੀ ਹਾਂਸ ਪਹਿਲੀ ਮਹਿਲਾ ਪ੍ਰਧਾਨ ਹੈ। ਉਸ ਦਾ ਪੰਜਾਬ, ਹਰਿਆਣਾ, ਚੰਡੀਗੜ੍ਹ ਦੀਆਂ ਤਿੰਨ ਸਰਕਾਰਾਂ ਨਾਲ ਵਾਹ ਪਵੇਗਾ। ਉਹ ਚੰਗੇ ਕੱਦ ਵਾਲੀ ਪੱਤਰਕਾਰ ਹੈ। ਅੱਗੇ ਤੋਂ ਕਲੱਬ ਦੀਆਂ ਗਤੀਵਿਧੀਆਂ ਦਾ ਰੁਖ ਕਿਸ ਪਾਸੇ ਜਾਂਦਾ ਹੈ, ਸਮੇਂ ਨੇ ਦੱਸਣਾ ਹੈ। ਉਹ ਮੇਰੇ ਜੱਦੀ ਇਲਾਕੇ ਦੀ ਜੰਮਪਲ ਹੈ ਤੇ ਮੇਰੇ ਮਿੱਤਰ ਸੁਰਜੀਤ ਹਾਂਸ ਦੀ ਬੇਟੀ।


**ਅੰਤਿਕਾ:** (ਬਸ਼ੀਰ ਬਦਰ)

ਉਜਾਲੇ ਅਪਨੀ ਯਾਦੋਂ ਕੇ
ਹਮਾਰੇ ਸਾਥ ਰਹਿਨੇ ਦੋ,
ਨਾ ਜਾਨੇ ਕਿਸ ਗਲੀ ਮੇਂ
ਜ਼ਿੰਦਗੀ ਕੀ ਸ਼ਾਮ ਹੋ ਜਾਏ।

# ਬੰਦੀ ਵਪਾਰ

**ਡਾਕਟਰ ਦਲਜੀਤ ਸਿੰਘ ਅੱਖਾਂ ਦੇ ਰੋਗਾਂ ਦੇ ਬੜੇ ਮਸ਼ਹੂਰ ਡਾਕਟਰ ਹਨ। ਪਿਛਲੇ ਸਮੇਂ ਦੌਰਾਨ ਉਨ੍ਹਾਂ ਸੰਸਾਰ ਦੇ ਚਲੰਤ ਮਾਮਲਿਆਂ ਬਾਰੇ ਬਹੁਤ ਵਿਸਥਾਰ ਨਾਲ ਲਿਖਿਆ ਹੈ। ਅੱਜ ਕੱਲ੍ਹ ਉਹ ਲੋਕ ਸਭਾ ਦੇ ਅੰਮ੍ਰਿਤਸਰ ਹਲਕੇ ਤੋਂ ਆਮ ਆਦਮੀ ਪਾਰਟੀ (ਆਪ) ਵੱਲੋਂ ਉਮੀਦਵਾਰ ਹਨ। ਜਿਸ ਤਰ੍ਹਾਂ ਆਪਣੀਆਂ ਲਿਖਤਾਂ ਵਿਚ ਉਨ੍ਹਾਂ ਮਾਨਵੀ ਸਰੋਕਾਰਾਂ ਨੂੰ ਸਦਾ ਤਰਜੀਹ ਦਿੱਤੀ ਹੈ, ਆਪਣੇ ਚੋਣ ਪ੍ਰਚਾਰ ਵਿਚ ਵੀ ਉਹ ਇਸੇ ਏਜੰਡੇ ਨੂੰ ਲੈ ਕੇ ਆਪਣੀ ਮੁਹਿੰਮ ਚਲਾ ਰਹੇ ਹਨ। ਆਪਣੇ ਪਾਠਕਾਂ ਲਈ ਅਸੀਂ ਉਨ੍ਹਾਂ ਦਾ ਗੁਲਾਮਾਂ ਦੇ ਵਪਾਰ ਬਾਰੇ ਲਿਖਿਆ ਲੇਖ 'ਬੰਦੀ ਵਪਾਰ' ਛਾਪਣ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ**

ਜਿਸ ਤਰ੍ਹਾਂ ਦੀ ਪੜ੍ਹਾਈ ਸਾਡੇ ਸਕੂਲਾਂ ਕਾਲਜਾਂ ਵਿਚ ਕਰਾਈ ਜਾਂਦੀ ਹੈ ਅਤੇ ਪੜ੍ਹਾਈ ਤੋਂ ਵਿਹਲੇ ਹੋ ਕੇ ਕੰਮਾਂ ਕਾਰਾਂ 'ਤੇ ਲੱਗੇ, ਆਪੋ-ਆਪਣੀਆਂ ਨਿੱਜੀ ਜਾਂ ਘਰੇਲੂ ਸਮੱਸਿਆਵਾਂ ਵਿਚ ਫਸੇ ਲੋਕ ਜਿੰਨਾ ਥੋੜ੍ਹਾ ਸਮਾਂ ਮਨੁੱਖ ਦੀ ਕਹਾਣੀ ਜਾਨਣ ਲਈ ਦਿੰਦੇ ਹਨ, ਉਹ ਬੰਦੀ ਵਪਾਰ ਬਾਰੇ ਕੁਝ ਵੀ ਨਹੀਂ ਜਾਣ ਸਕਦੇ। ਸਭ ਧਰਮਾਂ ਦੇ ਲੋਕ ਆਪੋ-ਆਪਣੇ ਲੋਕਾਂ ਨੂੰ ਜ਼ਿਹਨ ਵਿਚ ਰੱਖਦਿਆਂ ਹੋਇਆਂ ਸਰਬੱਤ ਦੇ ਭਲੇ ਦੀ 'ਬੁੱਲ੍ਹ ਸੇਵਾ' (ਲਿਪ ਸਰਵਿਸ) ਦੀਆਂ ਅਰਦਾਸਾਂ ਕਰਦੇ ਰਹਿੰਦੇ ਹਨ। ਉਨ੍ਹਾਂ ਦੀ ਸੋਚ ਦਾ ਦਾਇਰਾ ਆਪਣੇ ਲੋਕਾਂ ਤੋਂ ਸ਼ੁਰੂ ਹੋ ਕੇ ਆਪਣੇ ਹੀ ਲੋਕਾਂ ਤੱਕ ਮੁੱਕ ਜਾਂਦਾ ਹੈ। ਬੰਦੀ ਵਪਾਰ ਬਾਰੇ ਕਦੇ ਕਦਾਈਂ



**ਡਾ. ਦਲਜੀਤ ਸਿੰਘ**

ਅਖਬਾਰਾਂ ਵਿਚ ਖ਼ਬਰ ਆਉਂਦੀ ਹੈ ਕਿ ਫਲਾਂ ਥਾਂ ਤੋਂ ਐਨੇ ਬੰਦੀ ਕਾਮੇ ਰਿਹਾਅ ਕਰਵਾਏ ਗਏ ਜਿਨ੍ਹਾਂ ਵਿਚ ਐਨੇ ਬੱਚੇ ਅਤੇ ਐਨੀਆਂ ਤੀਵੀਆਂ ਸ਼ਾਮਲ ਸਨ। ਸਾਡੇ ਕੰਨ ਅਤੇ ਦਿਮਾਗ ਇੰਨੇ ਪੱਕੇ ਹਨ ਕਿ ਅਜਿਹੀਆਂ ਖ਼ਬਰਾਂ ਸਾਨੂੰ ਪੋਹਂਦੀਆਂ ਵੀ ਨਹੀਂ। ਕਦੇ ਦੂਜੀ ਵਾਰ ਉਨ੍ਹਾਂ ਬਾਰੇ ਸੋਚਦੇ ਵੀ ਨਹੀਂ।

ਫਰਜ਼ ਕਰੋ ਕਿ ਸਾਡੇ ਦਿਲ ਦਾ ਟੁਕੜਾ, ਬੱਚਾ ਜਾਂ ਬੱਚੀ, ਕੋਈ ਧਾੜਵੀ ਚੁੱਕ ਕੇ ਲੈ ਜਾਂਦਾ ਹੈ ਅਤੇ ਉਸ ਨੂੰ ਬੰਦੀ ਬਣਾ ਕੇ ਆਪਣੀ ਮਨਮਰਜ਼ੀ ਦਾ ਕੰਮ ਲੈਂਦਾ ਹੈ। ਜਦੋਂ ਅਜਿਹੇ ਬੱਚਿਆਂ ਦੀ ਹੋਂਦ ਜਾਂ ਅਣਹੋਂਦ ਦੀ ਭਿਣਕ ਵੀ ਨਹੀਂ ਪੈਂਦੀ ਤਾਂ ਲੁੱਟੇ ਗਏ ਮਾਤਾ ਪਿਤਾ ਦੇ ਦਿਲ 'ਤੇ ਕਿਵੇਂ ਛੁਰੀਆਂ ਚਲਦੀਆਂ ਹੋਣਗੀਆਂ? ਖ਼ੈਬਰ ਦੇ ਰਸਤੇ ਵਿਚ ਆਉਂਦੇ ਧਾੜਵੀ ਜਦੋਂ ਸਾਡੇ ਬੰਦਿਆਂ ਅਤੇ ਔਰਤਾਂ ਨੂੰ ਬੰਨ੍ਹ ਕੇ ਲੈ ਜਾਂਦੇ ਸਨ, ਤਾਂ ਪਿੱਛੇ ਰਹਿੰਦਿਆਂ ਦਾ ਲਹੂ ਕਿਵੇਂ ਉਬਾਲੇ ਖਾਂਦਾ ਸੀ? ਅਖੀਰ ਉਨ੍ਹਾਂ ਦੀਆਂ ਹੀ ਔਲਾਦਾਂ ਨੇ ਖ਼ੈਬਰ ਨੂੰ ਸਦਾ ਲਈ ਢੱਕਣ ਲਗਾ ਦਿੱਤਾ। ਜੋ ਜੋ ਪੰਜਾਬ ਦੀ ਧਰਤੀ ਉਤੇ ਵਾਪਰਿਆ, ਉਹ ਸਾਡੀਆਂ ਅਰਦਾਸਾਂ ਅਤੇ ਸਾਹਾਂ ਦੇ ਨਾਲ ਰਲ ਗਿਆ ਹੈ। ਅਸੀਂ ਬੁਨਿਆਦੀ ਤੌਰ 'ਤੇ ਸਭ ਲੋਕਾਂ ਦੀ ਬਰਬਾਦੀ ਰੋਕਣ ਅਤੇ ਆਜ਼ਾਦੀ ਦੀ ਸੋਚ ਵਾਲੇ ਹੋ ਗਏ ਹਾਂ।

ਬੰਦੀ ਵਪਾਰ ਇੰਨੇ ਸਿਖਰ ਤੱਕ ਹੁੰਦਾ ਰਿਹਾ ਹੈ ਕਿ ਸਾਡੇ ਵਿਚੋਂ ਬਹੁਤਿਆਂ ਦੀ ਸੋਚ ਦੇ ਮਾਪਤੋਲ ਤੋਂ ਇਹ ਕਿਤੇ ਉਪਰ ਹੈ। ਬੰਦੀ ਵਪਾਰ ਦੇ ਜਨਮਦਾਤਾ ਉਹ ਦੇਸ਼ ਹਨ ਜਿਹੜੇ ਸੈਂਕੜੇ ਸਾਲਾਂ ਤੋਂ ਦੂਰ ਦੁਰਾਡੇ ਦੇਸ਼ਾਂ ਉਤੇ ਕਬਜ਼ੇ ਕਰਦੇ ਆ ਰਹੇ ਸਨ, ਦਰਿੰਦਗੀ ਕਰਦੇ ਸਨ ਅਤੇ ਕਰਦੇ ਹੀ ਜਾ ਰਹੇ ਹਨ। ਕਹਿਣ/ਪ੍ਰਚਾਰਨ ਨੂੰ ਉਹ ਸਭਿਆ ਦੇਸ਼, ਹਨੇਰੇ ਪੱਛੜੇ ਦੇਸ਼ਾਂ ਨੂੰ ਰੋਸ਼ਨੀ ਬਖ਼ਸ਼ਣ ਲਈ ਆਪਣੇ ਧਨ ਅਤੇ ਆਪਣੇ ਜਾਏ ਫੌਜੀ ਬੱਚਿਆਂ ਦੀ ਕੁਰਬਾਨੀ ਦੇ ਰਹੇ ਹਨ!

ਕ੍ਰਿਸਟੋਫਰ ਕੋਲੰਬਸ ਨੇ ਅਗਸਤ 1492 ਵਿਚ ਅੱਜ ਦੇ ਹਿਸਾਬ ਚਾਲੀ ਲੱਖ ਰੁਪਿਆ ਕਰਜ਼ਾ ਚੁੱਕ ਕੇ ਅਮਰੀਕਾ ਵੱਲ ਆਪਣਾ ਜਹਾਜ਼ ਠੇਲ੍ਹ ਦਿੱਤਾ। ਉਸ ਦੇ ਨਾਲ ਪੰਜ ਅੰਦਰਖਾਤੇ ਯਹੂਦੀ, ਪਰ ਉਪਰੋਂ ਈਸਾਈ ਲੋਕ ਸਨ ਜਿਨ੍ਹਾਂ ਵਿਚ ਇਕ ਹਿਕਮਤੀ ਭਾਵ ਡਾਕਟਰ ਸੀ, ਜਿਸ ਦਾ ਨਾਂ ਸੀ ਬੇਮਾਲ। ਅਮਰੀਕਾ ਤੋਂ ਵਾਪਸੀ ਸਫ਼ਰ ਵੇਲੇ ਬੇਮਾਲ ਦੇ ਆਖੇ ਲੱਗ ਕੇ ਕੋਲੰਬਸ ਨੇ 500 ਦੇਸੀ ਅਮਰੀਕਨ ਸਪੇਨ ਲਿਜਾ ਕੇ ਵੇਚਣ ਦੀ ਗਰਜ਼ ਨਾਲ ਜਹਾਜ਼ੇ ਚਾੜ੍ਹ ਲਏ। ਨਕਦੀ ਯਹੂਦੀਆਂ ਦੀ ਹੋ ਗਈ ਅਤੇ ਦਗੇ ਦੇ ਫਲਸਰੂਪ ਕੋਲੰਬਸ ਨੂੰ ਜੇਲ੍ਹ ਜਾਣਾ ਪਿਆ। ਇੰਝ ਬੰਦੀ ਵਪਾਰ ਦੀ ਸ਼ੁਰੂਆਤ ਹੋਈ, ਅਮਰੀਕਾ ਤੋਂ।

ਹੇਮੈਨ ਲੀਵਾਈ ਨਾਂ ਦੇ ਯਹੂਦੀ ਨੇ ਨਵੀਂ ਦੁਨੀਆਂ, ਭਾਵ ਅਮਰੀਕਨ ਦੇਸੀਆਂ (ਅਮੈਰਿਕਨ ਇੰਡੀਅਨਜ਼) ਨਾਲ ਵਪਾਰ ਦੀ ਠਾਣੀ। ਉਸ ਨੇ ਸਸਤੇ ਸ਼ੀਸ਼ੇ ਦੇ ਮਣਕੇ ਮਾਲਾ, ਕੰਨਾਂ ਦੀਆਂ ਵਾਲੀਆਂ ਅਤੇ ਹੋਰ ਨਿਕ-ਸੁਕ ਲੈ ਕੇ ਜਾਣਾ ਅਤੇ ਵੱਟੇ ਵਿਚ ਫਰਦਾਰ ਕੂਲੇ ਚਮੜੇ ਲੈ ਆਉਣੇ। ਇਸ ਪਿੱਛੋਂ ਰੰਮ ਅਤੇ ਵਿਸਕੀ ਵੇਚਣੀ ਸ਼ੁਰੂ ਕੀਤੀ ਅਤੇ ਆਖਰ ਨਵੀਂ ਦੁਨੀਆਂ ਦੀ ਧਰਤੀ ਉਤੇ ਨਿਊਪੋਰਟ ਵਿਚ ਸ਼ਰਾਬ ਦੇ 22 ਕਾਰਖਾਨੇ ਲਗਾ ਦਿੱਤੇ। ਇਹ ਸਭ ਯਹੂਦੀਆਂ ਦੀ ਮਲਕੀਅਤ ਸਨ। ਨਿਊਪੋਰਟ ਇਕ ਤਰ੍ਹਾਂ ਵਪਾਰ ਦਾ ਕੇਂਦਰ ਬਣ ਗਿਆ ਅਤੇ ਇੰਝ ਬਣਿਆ ਕਾਲੇ ਲੋਕਾਂ ਦੇ ਬੰਦੀ ਵਪਾਰ ਦਾ ਮੁੱਖ ਅੱਡਾ। ਸਮੁੰਦਰੋਂ ਪਾਰ ਬੰਦੀ ਕਾਲੇ ਲੋਕਾਂ ਦਾ ਮਾਲ ਇਥੇ ਆ ਕੇ ਵਿਕਦਾ ਅਤੇ ਬੇਅੰਤ ਕਮਾਈਆਂ ਕੀਤੀਆਂ ਜਾਂਦੀਆਂ। ਇਕ ਸਮਕਾਲੀ ਰਿਪੋਰਟ ਅਨੁਸਾਰ 128 ਸਮੁੰਦਰੀ ਜਹਾਜ਼ਾਂ ਵਿਚੋਂ 120 ਜਹਾਜ਼ਾਂ ਦੇ ਕਾਲੇ ਬੰਦੀ, ਯਹੂਦੀਆਂ ਦੀ ਮਲਕੀਅਤ ਸਨ। ਬੰਦੀ ਵਪਾਰ ਇੰਨਾ ਵਧਿਆ ਕਿ ਉਨ੍ਹਾਂ ਨੇ ਬੋਸਟਨ, ਚਾਰਲੈਸਟਨ ਅਤੇ ਬਾਲਟੀਮੋਰ ਵਿਚ ਵਪਾਰ ਅੱਡੇ ਖੋਲ੍ਹ ਲਏ। ਯਹੂਦੀ ਇੰਨੇ ਸ਼ਕਤੀਸ਼ਾਲੀ ਹੋ ਗਏ ਕਿ ਪ੍ਰਧਾਨ ਜਾਰਜ ਵਾਸ਼ਿੰਗਟਨ ਵੀ ਉਨ੍ਹਾਂ ਨੂੰ ਮਿਲਣ ਚਲਾ ਗਿਆ। ਉਦੋਂ ਤਕ ਯਹੂਦੀ ਅਮਰੀਕਾ ਦੇ ਸ਼ਹਿਰੀ ਨਹੀਂ ਸਨ ਬਣੇ। ਅਮਰੀਕਨ ਇਨਕਲਾਬ ਪਿੱਛੋਂ ਯਹੂਦੀਆਂ ਨੂੰ ਬਰਾਬਰ ਸ਼ਹਿਰੀ ਹੱਕ ਮਿਲ ਗਏ, ਪਰ ਆਜ਼ਾਦੀ ਦੇ ਐਲਾਨ ਨੇ ਬਾਹਰੋਂ ਲਿਆਂਦੇ ਕਾਲੇ ਲੋਕਾਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ। ਬੰਦੀ ਵਪਾਰ ਜਾਰੀ ਰਿਹਾ।

ਵਕਤ ਪਾ ਕੇ ਕਹਾਣੀਆਂ ਧੁੰਦਲੀਆਂ ਹੋ ਜਾਂਦੀਆਂ ਹਨ ਪਰ ਉਸ ਸਮੇਂ ਦੀਆਂ ਬੇਅੰਤ ਜੋਸ਼ ਅਤੇ ਖੁਸ਼ੀਆਂ ਭਰੀਆਂ ਯਹੂਦੀ ਲਿਖਤਾਂ ਵਿਚੋਂ ਜੇ ਕੇਵਲ ਇਕ ਹੀ ਵੰਨਗੀ ਲੈ ਲਈਏ ਤਾਂ ਤਸਵੀਰ ਸਾਫ਼ ਦਿਖਾਈ ਦਿੰਦੀ ਹੈ।

ਆਰੋਨ ਲੋਪੇਜ਼ ਦਾ ਜਹਾਜ਼ 'ਅਬੀਗੇਲ' ਜਿਸ ਵਿਚ ਕੇਵਲ ਛੇ ਚਾਲਕ ਅਤੇ ਦੋ ਕਰਿੰਦੇ ਸਨ, ਮਈ 1752 ਨੂੰ ਰਵਾਨਾ ਹੋਇਆ। ਇਸ ਅੰਦਰ 9000 ਗੈਲਨ ਰੰਮ, ਹੱਥਾਂ ਤੇ ਪੈਰਾਂ ਦੀਆਂ ਬੇਅੰਤ ਜ਼ੰਜੀਰਾਂ, ਕੁਝ ਪਿਸਤੌਲ ਤੇ ਤਲਵਾਰਾਂ ਅਤੇ ਬੇਅੰਤ ਨਖਿੱਧ ਟੀਨ ਦੇ ਗਹਿਣੇ ਸਨ। ਜਹਾਜ਼ ਕਪਤਾਨ ਫ੍ਰੀਡਮੈਨ ਨਾਂ ਦਾ ਯਹੂਦੀ ਸੀ। ਡੇਢ ਮਹੀਨੇ ਪਿੱਛੋਂ ਇਹ ਜਹਾਜ਼ ਅਫ਼ਰੀਕਾ ਦੇ ਕੰਢੇ ਜਾ ਲੱਗਿਆ। ਉਥੇ ਵੀ ਇਕ ਯਹੂਦੀ ਏਜੰਸੀ ਸੀ ਜਿਸ ਦੀਆਂ ਤੰਦਾਂ ਅਫ਼ਰੀਕਾ ਦੇ ਸੰਘਣੇ ਜੰਗਲਾਂ ਅਤੇ ਪਿੰਡਾਂ ਅੰਦਰ ਖਿੱਲਰੀਆਂ ਹੋਈਆਂ ਸਨ। ਕਾਲਿਆਂ ਦੇ ਨੇਤਾਵਾਂ ਨੂੰ ਉਸੇ ਤਰ੍ਹਾਂ ਹੀ ਜ਼ਰ-ਖਰੀਦਿਆ ਹੋਇਆ ਸੀ ਜਿਵੇਂ ਅਮਰੀਕਨ ਦੇਸੀਆਂ ਨੂੰ।

ਨੀਗਰੋ ਲੋਕ ਆਪਣੇ ਹੀ ਵਿਕੇ ਹੋਏ ਨੇਤਾਵਾਂ ਦੇ ਇਸ਼ਾਰੇ ਉਤੇ ਇਕੱਠੇ ਕੀਤੇ ਹੋਏ ਸਨ। ਉਨ੍ਹਾਂ ਸਭ ਨੂੰ ਰੰਮ ਪੇਸ਼ ਕੀਤੀ ਗਈ ਜਿਹੜੀ ਝੱਟ ਹੀ ਚੜ੍ਹ ਗਈ। ਸਭ ਤੋਂ ਪਹਿਲਾਂ ਰੰਮ ਦੇ ਇਵਜ਼ ਵਿਚ ਸੋਨਾ ਅਤੇ ਹਾਥੀ ਦੰਦ ਸੰਭਾਲ ਲਏ ਗਏ। ਇਸ ਪਿੱਛੋਂ ਉਨ੍ਹਾਂ ਦੀਆਂ ਔਰਤਾਂ ਅਤੇ ਬੱਚੇ ਹਥਿਆ ਲਏ ਗਏ। ਉਨ੍ਹਾਂ ਦੀ ਅਦਾਇਗੀ ਵੀ ਰੰਮ ਨਾਲ ਕੀਤੀ ਗਈ। ਕਾਲੇ ਦਲਾਲ ਨੇਤਾਵਾਂ ਨੂੰ ਹਥਿਆਰ ਗੋਲੀ-ਸਿੱਕਾ ਅਤੇ ਰੰਮ ਦੇ ਤੋਹਫ਼ੇ ਮਿਲੇ ਤਾਂ ਜੋ ਉਹ ਆਪਣੇ ਨੀਗਰੋ ਲੋਕਾਂ ਨੂੰ ਘੇਰ ਕੇ ਲਿਆਉਣ ਦਾ ਨੇਕ ਕੰਮ ਜਾਰੀ ਰੱਖ ਸਕਣ।

ਕੁੱਲ ਵਪਾਰ ਅਫ਼ਰੀਕਾ ਦੀ ਧਰਤੀ ਦੇ ਧੁਰ ਅੰਦਰ ਹੁੰਦਾ ਸੀ। ਫੜੇ ਹੋਏ ਕਾਲੇ ਦੋ-ਦੋ ਦੀਆਂ ਕਤਾਰਾਂ ਵਿਚ ਬੰਨ੍ਹ ਕੇ ਤੋਰੇ ਜਾਂਦੇ ਸਨ। ਜੰਗਲਾਂ ਵਿਚੋਂ ਲੰਘ ਕੇ ਸਮੁੰਦਰ ਕੰਢੇ ਪਹੁੰਚਣ ਲਈ ਕਈ-ਕਈ ਹਫ਼ਤੇ ਲੱਗ ਜਾਂਦੇ ਸਨ। ਕੈਦੀਆਂ ਦੀਆਂ ਪਾਲਾਂ ਤੁਰਦੀਆਂ ਰੱਖਣ ਲਈ ਮੋਟੀਆਂ ਚਾਬਕਾਂ ਦੀ ਵਰਤੋਂ ਕੀਤੀ ਜਾਂਦੀ ਸੀ। ਜਿਹੜੇ ਡਿੱਗ ਜਾਂਦੇ ਸਨ, ਉਨ੍ਹਾਂ ਨੂੰ ਭਲਾ ਕਿਸ ਨੇ ਚੁੱਕਣਾ ਸੀ? ਜੰਗਲੀ ਜਾਨਵਰ ਝੱਟ ਚਟਮ ਕਰ ਜਾਂਦੇ ਸਨ। ਇਨਸਾਨੀ ਪਿੰਜਰ ਸਫ਼ਰ ਦੇ ਰਸਤੇ ਉਤੇ ਥਾਂ-ਥਾਂ ਪਏ ਮਿਲਦੇ ਸਨ।

ਜੰਗਲ ਦੇ ਕਠਿਨ ਸਫ਼ਰ ਤੋਂ ਪਿੱਛੋਂ ਹਾਲਾਂ ਤਿੰਨ ਮਹੀਨੇ ਦਾ ਵਾਪਸੀ ਸਮੁੰਦਰੀ ਸਫ਼ਰ ਬਾਕੀ ਰਹਿੰਦਾ ਸੀ। ਸਮੁੰਦਰ ਕੰਢੇ ਪਹੁੰਚਦਿਆਂ ਹੀ ਉਨ੍ਹਾਂ ਨੂੰ ਹੱਥਕੜੀਆਂ ਅਤੇ ਬੇੜੀਆਂ ਨਾਲ ਬੰਨ੍ਹ ਦਿੱਤਾ ਜਾਂਦਾ ਸੀ ਅਤੇ ਨਵੇਂ ਆਉਣ ਵਾਲੇ ਜਹਾਜ਼ ਦੀ ਉਡੀਕ ਕੀਤੀ ਜਾਂਦੀ ਸੀ। ਜਹਾਜ਼ ਕਪਤਾਨ ਇਥੇ ਹਰ ਬੰਦੀ ਦੇ ਇਕ-ਇਕ ਅੰਗ ਦਾ ਆਪ ਮੁਆਇਨਾ ਕਰਦਾ ਸੀ। ਦੰਦ ਤੱਕ ਵੇਖਦਾ ਸੀ। ਕੋਈ ਵੀ ਨੁਕਸ ਮਿਲਣ ਉਤੇ ਬੰਦੀ ਦਾ ਮੁੱਲ ਘਟ ਜਾਂਦਾ ਸੀ। ਇਕ ਨੀਗਰੋ 100 ਗੈਲਨ ਰੰਮ, 100 ਪੌਂਡ ਬਾਰੂਦ ਜਾਂ 20 ਡਾਲਰ ਬਦਲੇ ਖਰੀਦਿਆ ਜਾਂਦਾ ਸੀ। ਔਰਤਾਂ ਗਰਭਵਤੀ ਹੋਣ ਜਾਂ ਨਾ, ਉਨ੍ਹਾਂ ਦਾ ਮੁੱਲ ਵੀ ਬਰਾਬਰ ਪੈਂਦਾ ਸੀ। ਪੰਜੀ ਸਾਲ ਤੋਂ ਉਪਰ ਉਮਰ ਵਾਲਿਆਂ ਦਾ ਮੁੱਲ 25 ਪ੍ਰਤੀਸ਼ਤ ਘਟ ਜਾਂਦਾ ਸੀ। ਇਹ 20-40 ਡਾਲਰਾਂ ਵਿਚ ਖਰੀਦੇ ਹੋਏ ਹਬਸ਼ੀ/ਕਾਲੇ ਅਮਰੀਕਾ ਵਿਚ ਪਹੁੰਚ ਕੇ ਸੌ ਗੁਣਾ ਮਹਿੰਗੇ ਹੋ ਕੇ ਵਿਕਦੇ ਸਨ।

ਜ਼ੁਲਮ ਦੀ ਕਹਾਣੀ ਇਥੇ ਬੱਸ ਨਹੀਂ ਹੋਈ, ਬਲਕਿ ਸ਼ੁਰੂ ਹੋਈ ਹੈ। ਵਿਚੇ ਹੀ ਨਾ ਛੱਡ ਜਾਣਾ। ਕਈ ਸਦੀਆਂ ਸਾਡੇ ਲੋਕਾਂ ਨਾਲ ਵੀ ਹੁੰਦੀ ਰਹੀ ਹੈ, ਉਸ ਨਾਲ ਟਾਕਰਾ ਕਰ ਕੇ ਵੇਖਣਾ ਰਤਾ ਕੁ...।

ਖਰੀਦੇ ਜਾਣ ਪਿੱਛੋਂ ਕਪਤਾਨ ਫ੍ਰੀਡਮੈਨ ਦੇ ਜ਼ਿੰਮੇ ਬਥੇਰੇ ਕੰਮ ਹੁੰਦੇ ਸਨ। ਸਭ ਤੋਂ ਪਹਿਲਾਂ ਬੰਦੀਆਂ ਦੇ ਸਿਰ ਮੁੰਨੇ ਜਾਂਦੇ ਸਨ। ਉਸ ਪਿੱਛੋਂ ਉਨ੍ਹਾਂ ਨੂੰ ਬੰਨ੍ਹ ਕੇ ਪਿੱਠ ਦੇ ਦੋਵੇਂ ਪਾਸੇ ਜਾਂ ਪੱਟਾਂ ਉਤੇ ਗਰਮ ਲੋਹੇ ਨਾਲ ਪਛਾਣ ਨੰਬਰ ਠੱਪੇ ਜਾਂਦੇ ਸਨ ਅਤੇ ਇਸ ਤਰ੍ਹਾਂ ਉਹ ਯਹੂਦੀ ਖਰੀਦ ਦੀ ਪੱਕੀ ਨਿਸ਼ਾਨੀ ਬਣ ਜਾਂਦੇ ਸਨ। ਖਰੀਦੇ ਟੱਬਰਾਂ ਵਿਚੋਂ ਔਰਤਾਂ ਅਤੇ ਮਰਦ ਅੱਡ ਕੀਤੇ ਜਾਂਦੇ ਸਨ। ਇਸ ਅਲਵਿਦਾਈ ਵੇਲੇ ਉਨ੍ਹਾਂ ਅੰਦਰ ਕਿੰਨੀਆਂ ਆਰੀਆਂ ਚੱਲਦੀਆਂ ਹੋਣਗੀਆਂ, ਕਿੰਨੀਆਂ ਚੀਕਾਂ ਵੱਜਦੀਆਂ ਹੋਣਗੀਆਂ ਤੇ ਅੱਥਰੂਆਂ ਦੇ ਹੜ੍ਹ ਆਉਂਦੇ ਹੋਣਗੇ? ਤੁਸੀਂ ਆਪੇ ਹੀ ਸੋਚ ਲਵੋ ਅਤੇ ਇਹ ਦਿਹਾੜਾ ਅਫ਼ਰੀਕਾ ਦੀ ਧਰਤੀ ਉਤੇ ਆਖਰੀ ਦਿਨ ਸਾਰਿਆਂ ਦੀਆਂ ਬੰਦੀਆਂ ਲਈ 'ਜਸ਼ਨ ਦਾ ਦਿਨ' ਕਰ ਕੇ ਮਨਾਇਆ ਜਾਦਾ ਸੀ।



**ਜ਼ੰਜ਼ੀਬਾਰ (ਤਨਜ਼ਾਨੀਆ) 'ਚ ਬੰਦੀ ਵਪਾਰ ਬਾਰੇ ਬਣਾਈ ਯਾਦਗਾਰ ਦੀ ਤਸਵੀਰ।**

ਧਰਤੀ ਤੋਂ ਜਹਾਜ਼ ਵਿਚ ਬੰਦੀ ਪੁਚਾਉਣ ਲਈ ਚਾਰ ਜਾਂ ਛੇ ਦੀ ਗਿਣਤੀ ਵਿਚ ਛੋਟੀਆਂ ਬੇੜੀਆਂ ਵਿਚ ਲਿਜਾਇਆ ਜਾਂਦਾ ਸੀ। ਜਿਹੜਾ ਕੋਈ ਧਰਤੀ ਉਤੇ ਭੱਜਣ ਦਾ ਯਤਨ ਕਰਦਾ, ਉਸ ਨੂੰ ਕੁੱਤਿਆਂ ਕੋਲੋਂ ਪੜਵਾਇਆ ਜਾਂਦਾ ਅਤੇ ਜਿਹੜਾ ਬੇੜੀਆਂ ਤੋਂ ਛਾਲ ਮਾਰ ਕੇ ਆਜ਼ਾਦ ਹੋਣਾ ਚਾਹੁੰਦਾ, ਉਸ ਦੀਆਂ ਦੋਵੇਂ ਲੱਤਾਂ ਸਾਰਿਆਂ ਦੇ ਸਾਹਮਣੇ ਵੱਢ ਕੇ ਸੁੱਟ ਦਿੱਤੀਆਂ ਜਾਂਦੀਆਂ। ਇਸ ਤਰ੍ਹਾਂ 'ਸਭ ਅੱਛਾ' ਹੋ ਜਾਂਦਾ ਸੀ।

ਜਹਾਜ਼ ਅੰਦਰ ਬੰਦੀਆਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ। ਬੰਦੇ ਇਕ ਪਾਸੇ, ਔਰਤਾਂ ਦੂਜੇ ਪਾਸੇ। ਔਰਤਾਂ ਵਿਚੋਂ ਸੋਹਣੀਆਂ ਮੁਟਿਆਰਾਂ ਕਪਤਾਨ ਆਪਣੇ ਕੈਬਿਨ ਨੇੜੇ ਰੱਖਦਾ ਸੀ। ਬੱਚਿਆਂ ਨੂੰ ਜਹਾਜ਼ ਦੇ ਡੈਕ ਉਤੇ ਰੱਖਿਆ ਜਾਂਦਾ ਅਤੇ ਉਨ੍ਹਾਂ ਨੂੰ ਤਨ ਢਕਣ ਲਈ ਕੱਪੜੇ ਦਿੱਤੇ ਜਾਂਦੇ। ਬੰਦੀ ਰੱਖਣ ਦੀ ਥਾਂ ਸਿਰਫ਼ ਇਕ ਮੀਟਰ ਉਚੀ ਹੁੰਦੀ ਸੀ। ਨੰਗੇ ਬੰਦਿਆਂ ਨੂੰ ਲਿਟਾ ਕੇ ਨਾਲ-ਨਾਲ ਪੈਕ ਕਰ ਕੇ ਲਿਆਇਆ ਜਾਂਦਾ ਸੀ। ਉਹ ਜ਼ੰਜੀਰਾਂ ਨਾਲ ਬੰਨ੍ਹੇ ਹੋਏ ਹੁੰਦੇ ਸਨ। ਤਿੰਨ ਮਹੀਨੇ ਉਨ੍ਹਾਂ ਨੇ ਇਕ-ਬਿਨ ਇਸੇ ਥਾਂ ਉਤੇ ਰਹਿਣਾ ਹੁੰਦਾ ਸੀ। ਇਹ ਆਪਣੇ ਮਲ-ਮੂਤਰ ਦੇ ਅੰਦਰ ਕੁਲ ਸਮਾਂ ਪਏ ਰਹਿੰਦੇ ਸਨ। ਇਹੀ ਹਾਲ ਔਰਤਾਂ ਵਾਲੇ ਭਾਗ ਵਿਚ ਹੁੰਦਾ ਸੀ। ਗਰਭਵਤੀ ਔਰਤਾਂ ਉਸੇ ਹੀ ਕੈਦੀ ਹਾਲਤ ਵਿਚ ਬੱਚੇ ਜੰਮਦੀਆਂ ਸਨ। ਜਵਾਨ ਕੁੜੀਆਂ ਨਾਲ ਬੇਰੋਕ-ਟੋਕ ਬਲਾਤਕਾਰ ਹੁੰਦਾ ਸੀ। ਇਨ੍ਹਾਂ ਗਰਭਾਂ ਤੋਂ ਅਮਰੀਕਨ ਧਰਤੀ ਉਤੇ ਅੱਧ-ਚਿੱਟੇ (ਮੁਲੈਟੋ) ਬੱਚਿਆਂ ਨੇ ਜਨਮ ਲੈਣਾ ਸ਼ੁਰੂ ਕੀਤਾ।

ਵਰਜੀਨੀਆ ਜਾਂ ਕਿਸੇ ਹੋਰ ਦੱਖਣੀ ਬੰਦਰਗਾਹ ਪਹੁੰਚਦਿਆਂ ਹੀ ਬੰਦੀ ਨੀਲਾਮ ਕੀਤੇ ਜਾਂਦੇ ਸਨ। ਉਚੀ ਬੋਲੀ ਦੇਣ ਵਾਲਾ ਆਪਣਾ ਮਾਲ ਲੈ ਜਾਂਦਾ ਸੀ। ਜਿਹੜਾ ਮਾਲ ਸਮੁੰਦਰੀ ਸਫ਼ਰ ਅੰਦਰ ਬਿਮਾਰ ਅਥਵਾ ਖ਼ਰਾਬ ਹੋ ਜਾਂਦਾ ਸੀ, ਉਸ ਨੂੰ ਕੋਈ ਨਹੀਂ ਸੀ ਖਰੀਦਦਾ। ਉਸ ਨੂੰ ਯਹੂਦੀ ਡਾਕਟਰ ਕੌਡੀਆਂ ਦੇ ਭਾਅ ਲੈ ਕੇ ਇਲਾਜ ਕਰਨ ਉਪਰੰਤ ਵੱਡੇ ਮੁਨਾਫੇ ਉਤੇ ਵੇਚ ਦਿੰਦੇ ਸਨ। ਬੰਦੀਆਂ ਦੀ ਖਰੀਦ ਕੇਵਲ ਕਾਬਜ਼ ਗੋਰੇ ਅਮਰੀਕਨ ਕਰਦੇ ਸਨ।

ਸਿਰਫ਼ ਨਿਊਪੋਰਟ ਸ਼ਹਿਰ ਅੰਦਰ ਸਾਲ 1756 ਵਿਚ 4697 ਬੰਦੀ ਅਫ਼ਰੀਕਨ ਵੇਚੇ ਗਏ। ਵਪਾਰ ਤਾਂ ਅਨੇਕਾਂ ਸ਼ਹਿਰਾਂ ਅੰਦਰ ਚਲਦਾ ਸੀ। ਕਪਤਾਨ ਫ੍ਰੀਡਮੈਨ ਦੇ ਛੋਟੇ ਜਹਾਜ਼ ਉਤੇ ਕੇਵਲ 56 ਬੰਦੀ ਠੋਸੇ ਜਾ ਸਕਦੇ ਸਨ। ਉਸ ਦੇ ਇਕ ਚੱਕਰ ਨੇ 6621 ਡਾਲਰ ਦੀ ਕਮਾਈ ਕੀਤੀ ਜੋ ਮਾਲਕ ਆਰੋਨ ਲੋਪੇਜ਼ ਦੇ ਹਵਾਲੇ ਕੀਤੀ ਗਈ।

ਇਸ 113 ਸਾਲਾ ਬੰਦੀ ਵਪਾਰ ਯੁੱਗ ਵਿਚ ਕਰੋੜਾਂ ਹੀ ਬੇਵਸ ਹੋਏ ਅਫ਼ਰੀਕੀ ਗੱਭਰੂਆਂ ਵਿਚੋਂ ਬੇਅੰਤਾਂ ਨੇ ਜ਼ੋਰ-ਜ਼ਬਰਦਸਤੀ ਨਾਲ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਹੋਵੇਗੀ। ਬਿੱਲੀ ਵੀ ਕੰਧ ਨਾਲ ਲੱਗ ਜਾਵੇ, ਤਾਂ ਪੂਰੇ ਜ਼ੋਰ ਨਾਲ ਹਮਲਾ ਕਰ ਸਕਦੀ ਹੈ। ਇਹ ਤਾਂ ਇਨਸਾਨ ਸਨ, ਜਵਾਨ ਸਨ। 'ਕੱਲੇ-ਦੁਕੱਲੇ ਜਾਂ ਬਹੁਤਿਆਂ ਦੀਆਂ ਬੰਦੀ ਹਾਲਤਾਂ ਤੋਂ ਮੁਕਤੀ ਹਾਸਲ ਕਰਨ ਲਈ ਹੱਥੋ-ਹੱਥ ਜੰਗਾਂ ਕਿਸੇ ਨੇ ਰਿਕਾਰਡ 'ਤੇ ਨਹੀਂ ਲਿਆਂਦੀਆਂ। ਹਾਂ, ਉਨ੍ਹਾਂ ਦੋ ਜਹਾਜ਼ਾਂ ਦਾ ਵੇਰਵਾ ਜ਼ਰੂਰ ਮਿਲਦਾ ਹੈ ਜਿਨ੍ਹਾਂ ਨੂੰ ਉਹ ਕਾਬੂ ਕਰ ਕੇ ਕੁੱਲ ਕਾਲੇ ਬੰਦਿਆਂ ਨੂੰ ਆਜ਼ਾਦ ਕਰਨ ਵਿਚ ਕਾਮਯਾਬ ਹੋਏ। ਇਸੇ ਵਿਦਰੋਹ ਤੋਂ ਡਰਦੇ ਯਹੂਦੀ ਮਾਲਕ ਆਮ ਤੌਰ ਉਤੇ ਗੈਰ-ਯਹੂਦੀ ਜਹਾਜ਼ ਕਪਤਾਨ ਅਤੇ ਹੋਰ ਅਮਲਾ ਜੋੜਦੇ ਸਨ।

1661 ਤੋਂ ਬਸਤੀਆਂ ਅੰਦਰ ਬੰਦੀ ਵਪਾਰ ਦੀ ਮਨਾਹੀ ਸੀ। ਯਹੂਦੀਆਂ ਨੇ ਇਕ-ਇਕ ਕਰ ਕੇ ਸਾਰੀਆਂ ਮਨਾਹੀਆਂ ਛਿੱਕੇ ਉਤੇ ਟੰਗ ਦਿੱਤੀਆਂ। ਚਿੱਟੇ ਮਾਲਕਾਂ ਨੇ ਅਮਰੀਕਾ ਦੇ ਦੇਸੀਆਂ ਦਾ ਕਤਲੇਆਮ ਕਰ ਕੇ ਸਫ਼ਾਇਆ ਕਰ ਦਿੱਤਾ ਹੋਇਆ ਸੀ। ਹੁਣ ਲੋੜ ਸੀ ਕਾਮਿਆਂ ਦੀ ਜੋ ਖੇਤੀ ਕਰਦੇ ਅਤੇ ਇਮਾਰਤਾਂ ਆਦਿ ਬਣਾਉਂਦੇ। ਦੱਖਣੀ ਇਲਾਕਿਆਂ ਦੀਆਂ ਉਪਜਾਊ ਜ਼ਮੀਨਾਂ ਚੌਲ, ਕਪਾਹ, ਤਮਾਕੂ ਅਤੇ ਗੰਨੇ ਲਈ ਗੁਣਕਾਰੀ ਸਨ। ਪਹਿਲਾਂ ਯੂਰਪ ਤੋਂ ਅਤਿ ਗਰੀਬ ਲੋਕ ਲਿਆਂਦੇ ਗਏ। ਉਸ ਪਿੱਛੋਂ ਇੰਗਲੈਂਡ ਅਤੇ ਹਾਲੈਂਡ ਦੀਆਂ ਜੇਲ੍ਹਾਂ ਖੋਲ੍ਹ ਦਿੱਤੀਆਂ ਗਈਆਂ ਤਾਂ ਜੋ ਕਾਮੇ ਅਮਰੀਕਾ ਵਿਚ ਕੰਮ ਆ ਸਕਣ ਪਰ ਇਨ੍ਹਾਂ ਕੈਦੀਆਂ ਉਤੇ ਖਰਚ ਜ਼ਿਆਦਾ ਆਉਂਦਾ ਸੀ। ਸੋ, ਇਨ੍ਹਾਂ ਨੂੰ ਛੱਡਣਾ ਪਿਆ।

ਯਹੂਦੀ ਭਰਾਵਾਂ ਨੂੰ ਨਵੇਂ ਬੰਦੀ ਵਪਾਰ ਨੂੰ ਚਲਾਉਂਦਿਆਂ ਅਤੇ ਵਧਾਉਂਦਿਆਂ ਬਹੁਤੀ ਦੇਰ ਨਹੀਂ ਲੱਗੀ। ਬੇਅੰਤ ਕੰਪਨੀਆਂ ਇਸ ਕੰਮ ਲਈ ਜੁਟ ਗਈਆਂ। ਜ਼ਰਾ ਦਿਮਾਗ ਨੂੰ ਹਲੂਣਾ ਦੇ ਕੇ ਅੱਗਿਓਂ ਧਿਆਨ ਨਾਲ ਪੜ੍ਹਨਾ... 1661 ਤੋਂ 1774 (ਇਕ ਸੌ ਤੇਰਾਂ ਸਾਲ) ਵਿਚਕਾਰ ਗਿਆਰਾਂ ਕਰੋੜ ਅਫ਼ਰੀਕਨ ਕਾਲੇ ਲੋਕ ਨੱਪ ਕੇ ਨਵੀਆਂ ਯੂਰਪੀ ਬਸਤੀਆਂ ਨੂੰ ਭੇਜੇ ਗਏ। ਇਕ ਵਾਰ ਫਿਰ ਹੁਸ਼ਿਆਰ ਹੋਣਾ, ਤੇ ਪੜ੍ਹਨਾ... ਗਿਆਰਾਂ ਕਰੋੜ ਵਿਚੋਂ ਕੇਵਲ ਇਕ ਕਰੋੜ ਤੇ ਦਸ ਲੱਖ ਬੰਦੀ ਜਿਉਂਦੇ ਪਹੁੰਚਾਏ ਗਏ। ਬਾਕੀ ਦੇ ਨੌਂ ਕਰੋੜ ਨੱਬੇ ਲੱਖ ਬੰਦੀ ਰਾਹ ਵਿਚ ਦਮ ਤੋੜ ਗਏ। ਯਾਦ ਰਹੇ, ਅੰਮ੍ਰਿਤਸਰ ਦੀ ਆਬਾਦੀ 12-13 ਲੱਖ ਹੈ। ਗਿਣ ਲਵੋ ਹੁਣ, ਕਿੰਨੇ ਅੰਮ੍ਰਿਤਸਰ ਸਮਾ ਜਾਂਦੇ ਹਨ... ਜਦੋਂ ਗਿਣਤੀ ਕਰੀਏ ਤਾਂ।

ਅਸਾਂ ਹਾਲੇ ਕਪਤਾਨ ਫ੍ਰੀਡਮੈਨ ਦੇ ਛੋਟੇ ਜਹਾਜ਼ ਦੀ ਹੀ ਗੱਲ ਕੀਤੀ ਹੈ। ਜਦੋਂ ਬੰਦੀ ਵਪਾਰ ਜੋਬਨ ਉਤੇ ਸੀ, ਇਕ ਵਾਰ ਫਿਰ 300 ਬੰਦੀ ਲਿਆਉਣ ਵਾਲੇ ਜਹਾਜ਼ ਵਰਤੇ ਜਾਂਦੇ ਸਨ। ਅੱਜ ਇਕ ਦਰਮਿਆਨਾ ਬੋਇੰਗ ਜਹਾਜ਼ 300 ਮੁਸਾਫ਼ਰ ਢੋਅ ਲੈਂਦਾ ਹੈ।

ਡੇਲ ਕਾਰਨੀਗ ਸੰਸਥਾ (ਅਮਰੀਕਾ) ਨੇ ਬੰਦੀ ਵਪਾਰ ਉਤੇ ਬੇਅੰਤ ਖੋਜ ਕੀਤੀ ਹੈ ਅਤੇ ਉਨ੍ਹਾਂ ਨੇ ਉਸ ਸਮੇਂ ਦੇ ਮੂਲ ਰੂਪ ਵਿਚ ਦਸਤਾਵੇਜ਼ ਸੰਭਾਲ ਕੇ ਰੱਖੇ ਹੋਏ ਹਨ। ਬੰਦੀ ਵਪਾਰ ਦਾ ਕੁੱਲ ਲਾਭ ਯਹੂਦੀ ਵਪਾਰੀਆਂ ਨੇ ਉਠਾਇਆ। ਦੂਜੀ ਸੰਸਾਰ ਜੰਗ ਪਿੱਛੋਂ ਯਹੂਦੀਆਂ ਨੇ ਇਲਜ਼ਾਮ ਲਗਾਇਆ ਕਿ ਜਰਮਨਾਂ ਤੇ ਹਿਟਲਰ ਨੇ ਉਨ੍ਹਾਂ ਦੇ ਸੱਠ ਲੱਖ ਯਹੂਦੀ ਮਾਰ ਮੁਕਾਏ ਸਨ। ਇਹ ਇਕ ਮਹਾਨ ਝੂਠ ਹੈ ਜੋ ਵਾਰ-ਵਾਰ ਦੁਹਰਾ ਕੇ ਦੁਨੀਆਂ ਦੇ ਲੋਕਾਂ ਦੇ ਦਿਮਾਗ ਅੰਦਰ ਛਾਪ ਦਿੱਤਾ ਗਿਆ ਹੈ ਕਿ ਯਹੂਦੀ ਵਿਚਾਰਿਆਂ ਉਤੇ ਅੰਤਾਂ ਦਾ ਜ਼ੁਲਮ ਹੋਇਆ ਹੈ। ਇਹ ਸੱਚ ਨਹੀਂ ਹੈ, ਇਸ ਨੂੰ ਫਿਰ ਕਦੇ ਵਿਸਥਾਰ ਨਾਲ ਵਿਚਾਰਾਂਗੇ।

ਅਫ਼ਰੀਕਨਾਂ ਉਤੇ 113 ਸਾਲਾਂ ਦੇ ਯਹੂਦੀ ਜ਼ੁਲਮਾਂ ਦੇ ਸਬੂਤਾਂ ਨੂੰ ਮਿਟਾ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ ਪਰ ਭਲਾ ਹੋਵੇ ਡੇਲ ਕਾਰਨੀਗ ਸੰਸਥਾ ਦਾ ਜਿਸ ਨੇ ਜ਼ੁਲਮ ਦੀ ਦਾਸਤਾਨ ਨੂੰ ਕੁਰੇਦ ਕੇ, ਲੱਭ ਕੇ ਆਉਂਦੀਆਂ ਪੁਸ਼ਤਾਂ ਲਈ ਸੰਭਾਲ ਛੱਡਿਆ ਹੈ।

ਇਸ ਪੜਾਅ ਉਤੇ ਪਹੁੰਚ ਕੇ ਇਕ ਸਨਿਮਰ ਬੇਨਤੀ ਹੈ ਕਿ ਕਿਰਪਾ ਕਰ ਕੇ ਆਪਣੀ ਤੁਲਨਾ ਯਹੂਦੀਆਂ ਨਾਲ ਕਰਨੀ ਬੰਦ ਕਰ ਦੇਵੋ। ਮਤ ਕਹੋ ਕਿ ਸਾਡੇ ਉਤੇ ਇਹ ਜ਼ੁਲਮ ਹੋਏ ਹਨ, ਜੋ ਵਿਚਾਰੇ ਯਹੂਦੀਆਂ ਨਾਲ ਹੁੰਦੇ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਯਹੂਦੀ ਜਨ ਸਾਧਾਰਨ ਆਮ ਲੋਕਾਂ ਵਾਂਗ ਚੰਗੇ ਲੋਕ ਹਨ, ਭਲੇ ਲੋਕ ਹਨ।

ਯਹੂਦੀਆਂ ਦੇ ਕਾਬਜ਼ ਧੜੇ ਦਾ ਪਿਛੋਕੜ, ਸੈਂਕੜਿਆਂ ਸਾਲਾਂ ਤੋਂ ਜਿਵੇਂ ਕਿਵੇਂ ਬੰਦੀ ਵਪਾਰ ਦੇ ਜ਼ਾਲਮ ਇਤਿਹਾਸ ਨਾਲ ਜੁੜਿਆ ਹੋਇਆ ਹੈ। ਦਇਆ ਨਾਂ ਦਾ ਲਫ਼ਜ਼ ਉਨ੍ਹਾਂ ਦੀ ਕਿਤਾਬਾਂ ਅੰਦਰ ਨਹੀਂ ਹੈ। ਅੱਜ ਦੇ ਦਿਨ ਵੀ ਉਨ੍ਹਾਂ ਵੱਲੋਂ ਮੱਧ ਏਸ਼ੀਆ, ਖਾਸਕਰ ਫਲਸਤੀਨ ਵਿਚ ਅੰਤਾਂ ਦਾ ਜ਼ੁਲਮ ਢਾਹਿਆ ਜਾ ਰਿਹਾ ਹੈ। ਇਸ ਨੇਕ ਕੰਮ ਵਿਚ ਹਰ ਅਮਰੀਕੀ ਸਰਕਾਰ ਨੇ ਹੁਣ ਤੱਕ ਇਸਰਾਈਲ ਦਾ ਸਾਥ ਦਿੱਤਾ ਹੈ। ਪ੍ਰਧਾਨ ਬਰਾਕ ਓਬਾਮਾ ਦੀਆਂ ਦੋਗਲੀਆਂ ਗੱਲਾਂ ਤੋਂ ਹਾਲਾਂ ਸਮਝ ਨਹੀਂ ਆ ਰਹੀ ਕਿ ਉਹ ਇਸਰਾਈਲੀ ਜ਼ੁਲਮ ਵਿਚ ਸਾਥੀ ਹਨ ਜਾਂ ਵਿਰੋਧੀ। ਆਉਂਦਾ ਇਤਿਹਾਸ ਜਲਦੀ ਹੀ ਸਾਫ਼ ਕਰ ਦੇਵੇਗਾ। ਯਹੂਦੀਆਂ ਦੇ ਕਾਬਜ਼ ਹਮਲਾਵਰ ਅਤਿਵਾਦੀ ਧੜੇ ਨੂੰ ਜ਼ੀਓਨਿਸਟ ਕਰ ਕੇ ਜਾਣਿਆ ਜਾਂਦਾ ਹੈ।

ਬੰਦੀ ਵਪਾਰ ਸਮਿਆਂ ਤੋਂ ਯਹੂਦੀਆਂ ਦੇ ਹੱਥ ਵਿਚ ਬੇਅੰਤ ਸਰਮਾਇਆ ਆਇਆ ਹੈ ਜਿਸ ਨਾਲ ਬੈਂਕ-ਕਾਰੀ ਵਿਚ ਉਹ ਸਿਰ-ਮੌਢੀ ਹੋ ਗਏ ਹਨ। ਅੱਜ ਦੁਨੀਆਂ ਦੇ ਕੁੱਲ ਸਰਮਾਏ, ਖਾਸ ਕਰ ਕੇ ਅਮਰੀਕਨ ਅਤੇ ਸਮਰਾਏਦਾਰੀ ਗਤੀਵਿਧੀਆਂ ਦੇ ਉਪਰ ਮੁਕੰਮਲ ਕਾਬੂ ਹੈ (ਕਰੀਬ ਇਕ ਦਰਜਨ ਬੈਂਕਾਂ ਦਾ) ਜੋ ਸਭ ਦੇ ਸਭ ਯਹੂਦੀ ਮਲਕੀਅਤ ਹਨ। ਇਨ੍ਹਾਂ ਸਭ ਬੈਂਕਾਂ ਦੀ ਤੰਦ ਕਿਤੇ ਨਾ ਕਿਤੇ ਬੰਦੀ ਵਪਾਰ ਦੀ ਲੁੱਟ ਨਾਲ ਜਾ ਰਲਦੀ ਹੈ। ਇਸੇ ਕਾਰਨ ਮਜਬੂਰੀ ਸਮਝ ਲਵੋ, ਜਾਂ ਅਕਲ ਦਾ ਘਾਟਾ, ਅੱਜ ਮਹਾਨ ਦੇਸ਼ ਅਮਰੀਕਾ ਆਪਣੇ ਹੀ ਪਾਲਤੂ ਇਸਰਾਈਲ ਦੀਆਂ ਉਂਗਲਾਂ ਉਤੇ ਨੱਚ ਰਿਹਾ ਹੈ। ਅਮਰੀਕਨ ਲੋਕ ਆਪਣੇ ਹੀ ਦੇਸ਼ ਦੀਆਂ ਵਾਗਾਂ ਆਪਣੇ ਹੱਥ ਵਿਚ ਲੈਣ ਤੋਂ ਅਸਮਰੱਥ ਹਨ।

# A & I Trucking Co.

A&I WATSONVILLE, CA

123 E Lee Rd Watsonville, CA Ph: 831-763-7805

A&I WATSONVILLE, CA

## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ ਖਾਲਸਾ ਜੀ ਦੇ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ

# ਲੱਖ ਲੱਖ ਵਧਾਈ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਅਮੋਲਕ ਸਿੰਘ ਗਾਖਲ

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ:1-888-664-4004**

Fax: 831-724-2010, e-mail: aa@aitruckingllc.com

ਗਾਖਲ ਭਰਾਵਾਂ ਦੀ ਕੰਪਨੀ

**ਏ. ਐਂਡ ਆਈ. ਟਰਾਂਸਪੋਰਟ**

ਵਾਟਸਨਵਿਲ, ਕੈਲੀਫੋਰਨੀਆ

*11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ*

**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

- ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
- 21 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**






# DISH BRINGS LIVE GURBANI TO YOUR HOME

**Watch live Gurbani from the Golden Temple and enjoy your favorite shows like Artist Specials, Ek Omkar and many more.**

**$24.99/mo.** BEST PUNJABI PROGRAMMING

Add the Hindi Elite Pack and enjoy the best DESI entertainment **FREE for 3 months!**

Requires 24-month commitment, credit qualification, and subscription to qualifying American programming. Receive $34.99/mo. credit for 3 months.
Requires HD receiver to view International programming available in HD. Must subscribe to a qualifying American HD package to qualify for HD receiver.

## LIMITED TIME OFFER.

## ORDER NOW!

# 1-888-570-7674

dish

**Important Terms and Conditions: Hindi 3 Months Free:** Valid for activation and installation of qualifying DISH service between 3/13/14 and 7/13/14. Requires subscription to a qualifying American or DishLATINO package in addition to qualifying Hindi package. You will receive a monthly credit of $34.99 for the first 3 months. You will be responsible for any monthly or upfront costs beyond the value of the credit. After 3 months, then-current everyday monthly price will apply unless you downgrade. **Promotional Offers:** Requires activation of new qualifying DISH service. All prices, fees, charges, packages, programming, features, functionality and offers subject to change without notice. **ETF:** If you cancel service during first 24 months, early termination fee of $20 for each month remaining applies. **Activation fee may apply.**

**Additional Requirements: Installation/Equipment Requirements:** Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offers end 6/12/14.

© 2014 DISH Network L.L.C. All rights reserved.

7674-0292-month.April

# ਹਾਲੀਵੁੱਡ ਦਾ ਖ਼ਾਸਾ ਤੇ ਕਲਾ ਦੇ ਸਰੋਕਾਰ




ਆਪਣੀ ਸ਼ੁਰੂਆਤ ਤੋਂ ਹੀ ਸਿਨੇਮਾ 'ਕਲਾ' ਅਤੇ 'ਸਨਅਤ' ਦੇ ਦੋ ਧਰੁਵਾਂ ਵਿਚਕਾਰ ਪੈਂਡੂਲਮ ਵਾਂਗ ਝੂਲਦਾ ਰਿਹਾ ਹੈ। ਇਹ ਜਨ-ਸੰਚਾਰ ਦਾ ਸਭ ਤੋਂ ਪ੍ਰਭਾਵੀ ਸੰਦ ਹੈ। ਜਿਥੇ ਫੋਟੋ ਅੱਖਾਂ ਰਾਹੀਂ ਕਹਾਣੀ ਬਿਆਨ ਕਰਦੀ ਹੈ ਤੇ ਰੇਡੀਓ ਕੰਨਾਂ ਦਾ ਪ੍ਰਯੋਗ ਕਰਦਾ ਹੈ, ਉਥੇ ਸਿਨੇਮਾ ਇਕੋ ਸਮੇਂ ਸਾਡੀਆਂ ਸਾਰੀਆਂ ਗਿਆਨ ਇੰਦਰੀਆਂ ਅਤੇ ਚੇਤਨਾ ਉਤੇ ਆਪਣਾ ਪ੍ਰਪੱਕ ਤੇ ਸਦੀਵੀ ਪ੍ਰਭਾਵ ਛੱਡਦਾ ਹੈ। ਸਿਨੇਮਾ ਵਿਚ ਵੱਖ-ਵੱਖ ਚਿੱਤਰਾਂ ਦਾ ਲੜੀ ਦੇ ਰੂਪ ਵਿਚ ਪਰਦੇ 'ਤੇ ਪੇਸ਼ ਹੋਣਾ ਮਹੱਤਵਪੂਰਨ ਹੈ ਪਰ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਹੈ, ਉਨ੍ਹਾਂ ਚਿੱਤਰਾਂ ਦਾ ਨਿਰਮਾਣ, ਨਿਰਦੇਸ਼ਨ ਕਰਨ ਦੀ ਚੇਤਨਾ ਅਤੇ ਸਮਾਜਕ



ਕੁਲਦੀਪ ਕੌਰ
ਫੋਨ: 91-98554-04330

ਸਰੋਕਾਰਾਂ ਤੇ ਦੇਖਣ ਵਾਲੇ ਨਾਲ ਰਿਸ਼ਤਾ। 'ਫਿਲਮ ਕਿਉਂ, ਕਿਵੇਂ ਤੇ ਕਦੋਂ ਬਣਾਈ ਜਾਵੇ', ਤੋਂ ਲੈ ਕੇ 'ਫਿਲਮ ਕਿਸ ਨੂੰ, ਕਿਉਂ ਤੇ ਕਿਵੇਂ ਦਿਖਾਈ ਜਾਵੇ' ਤੱਕ ਦਾ ਸਵਾਲ ਇਸ ਨੂੰ ਮਹਿਜ ਮਨੋਰੰਜਨ ਜਾਂ ਫਿਲਮਸਾਜ਼ ਗੁਲਜ਼ਾਰ ਦੇ ਕਹਿਣ ਅਨੁਸਾਰ 'ਮੁਜਰੇ' ਦੀ ਪ੍ਰੀਭਾਸ਼ਾ ਤੋਂ 'ਕਲਾ' ਦੇ ਘੇਰੇ ਵਿਚ ਲੈ ਆਉਂਦਾ ਹੈ। ਸਿਨੇਮਾ ਦੇ ਸ਼ੁਰੂਆਤੀ ਦੌਰ ਵਿਚ ਫ਼ਿਲਮ ਦੇ ਨਿਰਮਾਣ, ਵੰਡਣ ਪ੍ਰਕਿਰਿਆ ਅਤੇ ਦਿਖਾਉਣ ਦਾ ਪ੍ਰਬੰਧਕੀ ਜੁਗਾੜ ਸਾਰੇ ਵੱਖੋ-ਵੱਖ ਕਾਰੋਬਾਰੀ ਢਾਂਚਿਆਂ ਤਹਿਤ ਹੁੰਦਾ ਸੀ। ਸਟੂਡੀਓ ਸਿਸਟਮ ਦੇ ਉਭਾਰ ਨੇ ਫਿਲਮ ਸਨਅਤ ਵਿਚ ਪਹਿਲੀ ਵਾਰ ਆਰਥਿਕ ਅਜਾਰੇਦਾਰੀ ਦੀ ਨੀਂਹ ਰੱਖੀ ਜਿਸ ਵਿਚ ਇਹ ਯਕੀਨੀ ਬਣਾਇਆ ਗਿਆ ਕਿ ਫਿਲਮ ਕਿਸੇ ਕਲਾਕ੍ਰਿਤ ਦੀ ਥਾਂ, ਖਪਤਕਾਰੀ ਵਸਤੂ ਵਾਂਗ ਬਣਾਈ ਤੇ ਦਿਖਾਈ ਜਾਵੇ। ਇਉਂ ਕਲਾ ਦਾ ਮੋਕਲਾ ਘੇਰਾ 1920 ਤੋਂ 1950 ਦੇ ਦਹਾਕਿਆਂ ਦੌਰਾਨ ਹਾਲੀਵੁੱਡ ਰੂਪੀ ਆਲਮੀ ਮੰਨੋਰੰਜਨ ਕਾਰਪੋਰੇਸ਼ਨ ਦੀ ਮੁਨਾਫ਼ਾ ਉਪਜਾਊ ਸਟੂਡੀਓ ਸਿਸਟਮ ਕਾਰਜਪ੍ਰਣਾਲੀ ਤੱਕ ਸਿਮਟ ਕੇ ਰਹਿ ਗਿਆ।

ਹਾਲੀਵੁੱਡ ਸਿਰਫ ਕਾਰਪੋਰੇਸ਼ਨ ਨਹੀਂ, ਬਲਿਕ ਇਹ ਮਨੋਰੰਜਨ ਦੀ ਸੱਤਾ ਅਤੇ ਧਰੁਵੀਕਰਨ ਦਾ ਕੇਂਦਰ ਵੀ ਹੈ। ਸਟੂਡੀਓ ਸਿਸਟਮ ਦੇ ਨਾਮ ਥੱਲੇ ਸਿਰਫ਼ ਪੰਜ ਵੱਡੀਆਂ ਅਤੇ ਤਿੰਨ ਛੋਟੀਆਂ ਕਾਰਪੋਰੇਸ਼ਨਾਂ ਦੇ ਦਮ 'ਤੇ ਟਿਕੀ ਇਸ ਸਨਅਤ ਦਾ ਧੁਰਾ ਹਾਲੀਵੁੱਡ ਨਾਮ ਦਾ ਇਕ ਸ਼ਹਿਰ ਨਹੀਂ, ਬਲਕਿ ਦੁਨੀਆਂ ਭਰ ਵਿਚ ਵਿਛਿਆ ਸਿਨੇਮਾ ਹਾਲਾਂ, ਵਪਾਰੀਆਂ, ਦਲਾਲਾਂ, ਮੀਡੀਆ ਅਤੇ ਅਦਾਰਿਆਂ ਦਾ ਉਹ ਜਾਲ ਹੈ ਜਿਸ ਰਾਹੀਂ ਦਹਾਕਿਆਂ ਬੱਧੀ ਫੂਹੜ, ਘਟੀਆ ਹਾਸਾ-ਮਜ਼ਾਕ ਭਰਪੂਰ, ਗਰੀਬਾਂ ਦੀ ਖਿੱਲੀ ਉਡਾਉਂਦਾ, ਔਰਤਾਂ ਨੂੰ ਸਜਾਵਟੀ ਵਸਤੂ ਵਾਂਗ ਪੇਸ਼ ਕਰਦਾ, ਨਿੱਜੀ ਖੁਸ਼ੀਆਂ ਨੂੰ ਪਰਉਪਕਾਰ ਦਾ ਰੂਪ ਦਿੰਦਾ ਸਿਨੇਮਾ ਦਰਸ਼ਕਾਂ ਨੂੰ ਇਸ ਦੀ ਕਲਾ ਸਮਰੱਥਾ ਤੋਂ ਮਹਿਰੂਮ ਕਰਦਾ ਰਿਹਾ। ਅਸਲ ਵਿਚ ਹਾਲੀਵੁੱਡ ਸਿਫ਼ਰ ਆਰਥਿਕ ਜਾਂ ਸਨਅਤੀ ਅਜਾਰੇਦਾਰੀ ਦਾ ਨਾਮ ਹੀ ਨਹੀਂ, ਇਹ ਤਾਂ ਉਸ ਮਹਾਨ ਅਮਰੀਕੀ ਸੁਪਨੇ (ਜਿਸ ਦੀ ਹਵਸ ਤੇ ਲਾਲਸਾ ਦਾ ਕੋਈ ਅੰਤ ਨਹੀਂ) ਨੂੰ ਕਹਾਣੀਆਂ, ਪਲਾਟਾਂ, ਸਕਰੀਨ-ਪਲੇਆਂ ਤੇ ਨਿਰਦੇਸ਼ਨਾਂ ਵਿਚ ਗੁੰਨ੍ਹ ਕੇ ਪਰਦਾਪੇਸ਼ ਕਰਨ ਦਾ ਨਾਮ ਵੀ ਹੈ। ਮਹਾਨ ਅਮਰੀਕੀ ਸੁਪਨੇ ਦੀ ਹਾਲੀਵੁੱਡ ਸਿਨੇਮਾ ਨੂੰ ਸਭ ਤੋਂ ਵੱਡੀ ਦੇਣ ਵੀ ਇਹੀ ਹੈ ਕਿ ਇਸ ਨੇ ਸਿਨੇਮਾ ਵਰਗੀ ਸਰਵ ਸਮਰੱਥ ਕਲਾ ਨੂੰ ਬੌਧਿਕ ਤੌਰ 'ਤੇ ਬੌਨਾ ਕਰ ਦਿੱਤਾ ਤੇ ਵਿਚਾਰਧਾਰਕ ਤੌਰ 'ਤੇ ਕੰਗਾਲ ਕਰ ਛੱਡਿਆ। ਇਸ ਦਲੀਲ ਨੂੰ ਸਮਝਣ ਲਈ 'ਮਹਾਨ ਅਮਰੀਕਨ ਸੁਪਨੇ' ਨੂੰ ਸਮਝਣਾ ਜ਼ਰੂਰੀ ਹੈ। ਇਸ ਸੁਪਨੇ ਦਾ ਮੂਲ ਸਿਧਾਂਤ ਹੈ ਕਿ ਕੋਈ ਵੀ ਇਨਸਾਨ ਆਪਣੀ ਖਾਹਿਸ਼, ਧੌਂਸ, ਚੜ੍ਹਤ ਅਤੇ ਹੱਲਾਸ਼ੇਰੀ ਦੇ ਦਮ 'ਤੇ ਬੇਹਿਸਾਬੀ ਪੂੰਜੀ ਤੇ ਬੇਮੁਹਾਰੀ ਸੱਤਾ ਹਾਸਿਲ ਕਰ ਸਕਦਾ ਹੈ। ਇਹ ਸੁਪਨਾ ਪੂੰਜੀ ਦਾ ਸੁਪਨਾ ਹੈ। ਇਹ ਸਲਤਨਤ ਦਾ ਸੁਪਨਾ ਹੈ। ਇਹ ਰਾਤੋ-ਰਾਤ ਛਾ ਜਾਣ ਦਾ ਸੁਪਨਾ ਹੈ। ਇਹ ਨਿੱਜੀ ਖੁਸ਼ੀ ਦਾ ਸੁਪਨਾ ਹੈ ਤੇ ਇਹ 'ਲਿਵ ਲਾਈਕ ਕਿੰਗ ਸਾਈਜ਼' ਦਾ ਸੁਪਨਾ ਹੈ। ਇਹ ਸਿਨੇਮਾ ਹਾਲ ਵਿਚ ਆਏ ਬੰਦੇ ਨੂੰ ਫਕੀਰ ਤੋਂ ਰਾਜਾ ਬਣਨ ਦੇ ਸੌਖੇ, ਸਸਤੇ ਤੇ ਟਿਕਾਊ ਮੰਤਰ ਵੇਚਣ ਦਾ ਸੁਪਨਾ ਹੈ। ਇਹ ਸਫ਼ਲਤਾ ਦੀ ਪੌੜੀ ਬੇਕਿਰਕੀ ਨਾਲ ਚੜ੍ਹ ਕੇ ਸਿਖ਼ਰ 'ਤੇ ਲਟਕਣ ਦਾ ਸੁਪਨਾ ਹੈ; ਭਾਵੇਂ ਉਸ ਪੌੜੀ ਦੇ ਦੋਵੇਂ ਹੇਠਲੇ ਡੰਡੇ ਲਾਸ਼ਾਂ 'ਤੇ ਟਿਕੇ ਹੋਣ। ਇਸ ਸੁਪਨੇ ਦਾ ਤੀਜੀ ਦੁਨੀਆਂ ਦੇ ਦਰਸ਼ਕਾਂ ਲਈ ਘੜਿਆ-ਘੜਾਇਆ ਕਲਾਈਮੈਕਸ ਵੀ ਹੈ, ਜਿਥੇ ਉਸ ਨੂੰ ਇਹ ਅਹਿਸਾਸ ਵਾਰ-ਵਾਰ ਕਰਵਾਇਆ ਜਾਂਦਾ ਹੈ ਕਿ ਭੁੱਖ, ਗਰੀਬੀ, ਬੇਰੁਜ਼ਗਾਰੀ, ਸਰਕਾਰੀ ਨਾ-ਅਹਿਲੀਅਤ ਨਾਲ ਲੜਨਾ ਤੇਰੀ ਹੋਣੀ ਹੈ। ਆਪਣੀ ਨਿਘਰੀ ਹਾਲਤ ਦਾ ਜ਼ਿੰਮੇਵਾਰ ਤੂੰ ਖੁਦ ਹੈਂ, ਕਿਉਂਕਿ ਤੇਰੇ ਵਿਚ ਦੁਨੀਆਂ ਨੂੰ ਜਿੱਤਣ ਜਾਂ ਸਰ ਕਰਣ ਦੀ ਹਵਸ ਨਹੀਂ।

ਪੈਸੇ ਅਤੇ ਸੱਤਾ 'ਤੇ ਟਿਕੇ ਇਸ ਹਾਲੀਵੁੱਡ ਸੁਪਨੇ ਦੀ ਸੰਰਚਨਾ ਵਿਚ ਅਜਿਹੀਆਂ ਸਮਾਜਕ ਜ਼ਿੰਮੇਵਾਰੀਆਂ ਅਤੇ ਗਤੀਵਿਧੀਆਂ ਲਈ ਕੋਈ ਜਗ੍ਹਾ ਨਹੀਂ, ਜਿਹੜੀਆਂ ਆਰਥਿਕਤਾ ਤੋਂ ਅਗਾਂਹ ਮਨੁੱਖਤਾ ਨੂੰ ਦਰਪੇਸ਼ ਮਸਲਿਆਂ ਦੀ ਚਾਰਾਜੋਈ ਕਰਦੀਆਂ ਹਨ। ਇਸ ਸੁਪਨੇ ਤੋਂ ਕਦੇ ਇਹ ਪੁੱਛਿਆ ਹੀ ਨਹੀਂ ਗਿਆ, ਕਿ ਉਹ ਕਿਰਤੀ ਕਿੱਥੇ ਹਨ ਜਿਹੜੇ ਪੀੜ੍ਹੀ-ਦਰ-ਪੀੜ੍ਹੀ ਕਾਰਖਾਨਿਆਂ, ਖੇਤਾਂ, ਭੱਠੀਆਂ ਤੇ ਫੈਕਟਰੀਆਂ ਵਿਚ ਆਪਣੇ ਹੱਡ ਗਾਲਦੇ ਹਨ ਅਤੇ ਜਿਨ੍ਹਾਂ ਨੇ ਸਦੀਆਂ ਤੋਂ 'ਕਿਰਤ ਕਰਨ ਤੇ ਵੰਡ ਛੱਕਣ' ਨੂੰ ਨਿਤਨੇਮ ਬਣਾ ਰੱਖਿਆ ਹੈ। ਇਸ ਨੂੰ ਕਦੇ ਸਵਾਲ ਹੀ ਨਹੀਂ ਪਾਇਆ ਗਿਆ ਕਿ ਉਹ ਲੋਕ ਕਿੱਥੇ ਹਨ ਜਿਨ੍ਹਾਂ ਨੇ ਸਾਲਾਂਬੱਧੀ ਕਦੇ ਮਨੁੱਖੀ ਅਧਿਕਾਰਾਂ ਲਈ, ਕਦੇ ਵਾਤਾਵਰਨ ਲਈ (ਭਾਰਤ ਵਿਚ ਇਸ ਦੀ ਇਕ ਉਦਾਹਰਨ ਚਿਪਕੋ ਅੰਦੋਲਨ ਹੈ), ਕਦੇ ਬੱਚਿਆਂ ਦੀ ਖਰੀਦੋ-ਫਰੋਖਤ, ਕਦੇ ਔਰਤਾਂ ਦੇ ਹੱਕਾਂ, ਕਦੇ ਜਮਹੂਰੀਅਤ, ਕਦੇ ਤਾਨਾਸ਼ਾਹੀ, ਕਦੇ ਰਾਜਵਾੜਾਸ਼ਾਹੀ, ਕਦੇ ਦਮਨਕਾਰੀ ਕਾਨੂੰਨਾਂ, ਕਦੇ ਨਿਹੱਥਿਆਂ, ਕਦੇ ਨਿਤਾਣਿਆਂ, ਕਦੇ ਬੇਘਰਿਆਂ, ਕਦੇ ਬਿਪਤਾ ਵਿਚ ਫਸੀ ਮਾਨਵਤਾ ਲਈ ਇਕਮੁੱਠ ਤੇ ਇਕਜੁੱਟ ਹੋ ਕੇ ਲੜਾਈਆਂ ਲੜੀਆਂ ਹਨ, ਤੇ ਜਿੱਤੇ ਵੀ ਹਨ। ਇਸ ਸੁਪਨੇ ਦੀ ਪੈਰਵੀ ਕਰਦਾ ਕੈਮਰਾ ਕਦੇ ਉਨ੍ਹਾਂ ਦੀ ਲੜਾਈ ਦੀ ਬਾਤ ਕਿਉਂ ਨਹੀਂ ਪਾਉਂਦਾ ਜਿਹੜੇ ਮਨਖੁੱਤਾ ਦਾ ਮੂੰਹ ਮੱਥਾ ਸੰਵਾਰਨ ਘਰਾਂ ਤੋਂ ਨਿਕਲੇ ਪਰ ਵਾਪਸ ਨਹੀਂ ਪਰਤੇ? ਧਿਆਨ ਨਾਲ ਦੇਖਿਆਂ, ਇਹ ਸੁਪਨਾ ਕਲਾ ਨੂੰ ਨਿਹੱਥੀ ਤੇ ਨਿਤਾਣੀ ਬਣਾ ਧਰਨ ਦਾ ਸੁਪਨਾ ਹੋ ਨਿਬੜਿਆ ਹੈ।

ਇਸ ਹਾਲੀਵੁੱਡ ਸੁਪਨੇ ਅਧੀਨ ਘੜੀਆਂ ਗਈਆਂ ਫਿਲਮਾਂ ਦਾ ਖਾਸਾ ਆਮ ਤੌਰ 'ਤੇ ਇਕਹਿਰਾ ਤੇ ਇਕ ਧਰੁਵੀ ਹੁੰਦਾ ਹੈ। ਇਕ ਸਮੱਸਿਆ, ਉਸ ਦਾ ਇਕ ਕਾਰਨ, ਇਕ ਦਵੰਦ ਤੇ ਉਸ ਦਾ ਇਕਹਿਰਾ ਹੱਲ। ਇਹ ਜ਼ਿੰਦਗੀ ਤੇ ਉਸ ਦੀਆਂ ਉਲਝਣਾਂ ਨੂੰ ਸਮਤਲ ਧਰਾਤਲ 'ਤੇ ਲਿਆ ਕੇ ਸਮਾਜਕ ਯਥਾਰਥ ਤੇ ਦੁਸ਼ਵਾਰੀਆਂ/ਕੁਰੀਤੀਆਂ ਨੂੰ 'ਜਿਉਂ ਦੀ ਤਿਉਂ' ਰੱਖਣ ਦਾ ਮੁਦਈ ਹੈ। ਉਹ ਮੁਹਾਣ ਜਾਂ ਹਾਲਾਤ ਜਿਹੜੇ ਸਾਧਾਰਨ ਬੰਦਿਆਂ ਦੇ ਜ਼ਿਹਨ 'ਤੇ ਜਾਨ ਦਾ ਖੌਅ ਬਣ ਜਾਂਦੀਆਂ ਹਨ, ਇਸ ਸੁਪਨੇ ਦੇ ਪਰਦੇ ਉਤੇ ਆ ਕੇ ਰੰਗੀਨ ਤੇ ਡਰਾਮਈ ਹੋ ਜਾਂਦੀਆਂ ਹਨ। ਜੇ ਸਮਕਾਲੀ ਦੌਰ ਦੀ ਗੱਲ ਕਰੀਏ ਤਾਂ ਜ਼ਹੀਨ ਮੰਨੀਆਂ ਗਈਆਂ ਅਤੇ ਬੇਹੱਦ ਸਫ਼ਲ ਰਹੀਆਂ ਹਾਲੀਵੁੱਡ ਫਿਲਮਾਂ ਜਿਵੇਂ 'ਸਪਾਈਡਰਮੈਨ' (ਇਸ ਦੇ ਤਿੰਨ ਭਾਗ ਬਣ ਚੁੱਕੇ ਹਨ), 'ਸੁਪਰਮੈਨ', 'ਦਿ ਮੈਂਨ ਇੰਨ ਬਲੈਕ' (ਇਸ ਦੇ ਵੀ ਤਿੰਨ ਭਾਗ ਬਣ ਚੁੱਕੇ ਹਨ) ਅਤੇ 'ਦਿ ਇਨਕਰੈਡੀਬਲ' ਵਰਗੀਆਂ ਫਿਲਮਾਂ ਵਿਚ ਹਮੇਸ਼ਾਂ ਇਕ ਹੀਰੋ, ਇਕ ਖਲਨਾਇਕ ਅਤੇ ਇਕ ਦਵੰਦ ਹੁੰਦਾ ਹੈ। (ਇਸ ਨੂੰ ਦਵੰਦ ਦੀ ਥਾਂ ਇਕ ਅਜਿਹੇ ਸਮਾਜ ਦੀ ਤਰ੍ਹਾਂ ਸਮਝਿਆ ਜਾਵੇ ਜਿਥੇ 'ਸਾਰਾ ਕੁਝ ਬਿਲਕੁਲ ਠੀਕ-ਠਾਕ ਹੈ ਤੇ ਹੀਰੋ ਜਾਂ ਉਸ ਦੇ ਸਹਾਇਕਾਂ ਦਾ ਕੰਮ ਉਹ 'ਸਾਰਾ ਕੁਝ ਬਿਲਕੁਲ ਠੀਕ-ਠਾਕ ਹੈ' ਦੀ ਹਰ ਹਾਲ ਪੁਸ਼ਟੀ ਕਰਨਾ ਹੈ) ਬਹੁਤ ਸਾਰੇ ਖਲਨਾਇਕ ਵਿਚਾਰੇ ਦੂਜੀ/ਤੀਜੀ ਦੁਨੀਆਂ ਦੇ ਕਾਲੇ, ਪੀਲੇ, ਭੂਰੇ ਤੇ ਗੁਲਾਬੀ ਰੰਗ ਦੇ ਜਾਨਵਰ ਰੂਪੀ, ਕੱਦ ਵਿਚ ਉਚੇ ਲੰਮੇ ਹੁੰਦੇ ਹਨ ਜਿਨ੍ਹਾਂ ਦਾ ਨਾ ਕੋਈ ਘਰ-ਬਾਰ, ਨਾ ਥਹੁ-ਪਤਾ ਟਿਕਾਣਾ ਅਤੇ ਨਾ ਹੀ ਹੀਰੋ ਨਾਲ ਲੜਨ ਦਾ ਕੋਈ ਪੁਖਤਾ ਕਾਰਨ ਹੁੰਦਾ ਹੈ। (ਇਸ ਨੂੰ ਇੰਝ ਵੀ ਸਮਝਾਇਆ ਜਾ ਸਕਦਾ ਹੈ ਕਿ, ਕਿਉਂਕਿ ਆਮ ਦੁਨਿਆਵੀ ਬੰਦਾ ਤਾਂ ਅਮਰੀਕਾ ਨਾਲ ਮੱਥਾ ਨਹੀਂ ਲਾ ਸਕਦਾ, ਭੁੱਲੇ ਭਟਕੇ ਰਾਖਸ਼ਾਂ ਅਤੇ ਭੂਤਾਂ ਦੀ ਹੀ ਸ਼ਾਮਤ ਆਈ ਹੋ ਸਕਦੀ ਹੈ)। ਸ਼ਾਇਦ ਲੜਨ ਦੀ ਕੋਈ ਜ਼ਰੂਰਤ ਵੀ ਨਾ ਹੋਵੇ ਪਰ ਮੁਨਾਫ਼ੇ ਦੀ ਲੱਜ ਦਾ ਕੀ ਕਰੀਏ ਜੋ ਹਾਲੀਵੁੱਡ ਦੇ ਗਲ ਵਿਚ ਪਈ ਰਹਿੰਦੀ ਹੈ। ਇਸ ਸਬੰਧ ਵਿਚ ਪ੍ਰਸਿੱਧ ਵਿਸ਼ਲੇਸ਼ਕ ਕੁੱਕ ਦੀ ਟਿੱਪਣੀ ਬਹੁਤ ਅਹਿਮ ਹੈ। ਉਸ ਅਨੁਸਾਰ ਹਾਲੀਵੁੱਡ ਵਿਚ ਬਿਰਤਾਂਤਕ ਤੌਰ 'ਤੇ ਦੋ ਚੀਜ਼ਾਂ ਬਹੁਤ ਮਹੱਤਵਪੂਰਨ ਹਨ। ਪਹਿਲੀ ਹੈ ਇਸ ਦਾ ਫਿਲਮ ਨੂੰ ਮੰਨਣਯੋਗ ਬਣਾਉਣ ਦਾ ਹੁਨਰ। ਇਹ ਮੰਨਣਯੋਗ ਬਣਾਉਣ ਦਾ ਹੁਨਰ ਪਹਿਲਾਂ ਸਮਾਜਕ ਤੇ ਸਿਆਸੀ ਤੌਰ 'ਤੇ ਵਾਪਰਦਾ ਹੈ ਜਿਸ ਨੂੰ ਪਰਦਾਪੇਸ਼ ਹੁੰਦਿਆਂ ਦਰਸ਼ਕ ਵਿਸ਼ਵਾਸ ਕਰ ਕੇ ਸੱਚ ਮੰਨਣ ਦੀ ਸਥਿਤੀ ਵਿਚ ਆਉਂਦਾ ਹੈ। ਦੂਜੀ ਹੈ, ਇਸ ਵਿਚ ਹੀਰੋ ਦਾ ਕਿਰਦਾਰ ਘੜਨ ਵਿਚ ਲੱਗਿਆ ਤਰਕ ਤੇ ਵਿਚਾਰ। ਹੀਰੋ ਦਾ ਕੰਮ ਸਮਾਜਕ ਯਥਾਰਥ ਨੂੰ ਜਿਉਂ ਦਾ ਤਿਉਂ ਰੱਖਣ ਵਿਚ ਸੰਤੁਲਨ ਬਣਾਉਣ ਦਾ ਹੈ। ਹੀਰੋ ਹਮੇਸ਼ਾ ਇਕ-ਵਾਚੀ ਹੁੰਦਾ ਹੈ। ਸਿਰਫ਼ ਉਸ ਨੂੰ ਹੀ ਪੂਰੀ ਘੁਣਤਰ ਦੀ ਸਮੁੱਚੀ ਸਮਝ ਆਉਂਦੀ ਹੈ, ਸਿਰਫ਼ ਉਸ ਨੇ ਹੀ 'ਸ਼ਾਤੀ', 'ਸੱਚ', 'ਸੁਰੱਖਿਆ', 'ਮਨੁੱਖਤਾ' ਨੂੰ ਬਚਾਉਣਾ ਹੈ। ਤੇ ਚਮਤਕਾਰ ਇਹ ਕਿ ਉਹ ਕਦੇ ਹਾਰਦਾ ਨਹੀਂ, ਥੱਕਦਾ ਨਹੀਂ, ਅੱਕਦਾ ਨਹੀਂ ਤੇ ਬਹੁਤ ਵਾਰ ਮਰਨ ਤੋਂ ਵੀ ਇਨਕਾਰੀ ਹੋ ਜਾਂਦਾ ਹੈ। ਫਿਲਮ ਦਾ ਅੰਤ ਬਹੁਤ ਅਚੰਭਤ ਢੰਗ ਨਾਲ ਸਾਰੇ ਸਵਾਲਾਂ ਦੇ ਹੱਲ ਪੇਸ਼ ਕਰ ਦਿੰਦਾ ਹੈ। ਜੋ ਵੀ ਸ਼ੁਰੂ ਤੋਂ ਅੰਤ ਤੱਕ ਵਾਪਰਿਆ, ਦਰਸ਼ਕ ਨੂੰ ਉੱਲੂ ਬਣਾਉਂਦਿਆਂ, ਉਸ ਨੂੰ ਜਾਇਜ਼ ਐਲਾਨ ਦਿੰਦਾ ਹੈ ਅਤੇ ਸਭ ਕੁਝ ਫਿਰ ਤੋਂ 'ਸਾਰਾ ਕੁਝ ਬਿਲਕੁਲ ਠੀਕ ਹੈ' ਵਾਲੀ ਹਾਲਤ ਵਿਚ ਆ ਜਾਂਦਾ ਹੈ।

ਸਮਾਂ ਅਤੇ ਸਥਾਨ ਫਿਲਮ ਦੀਆਂ ਦੋ ਜ਼ਰੂਰੀ ਅਤੇ ਮਹੱਤਵਪੂਰਨ ਧਾਰਨਾਵਾਂ ਹਨ, ਪਰ ਹਾਲੀਵੁੱਡ ਸਿਨੇਮੇ ਵਿਚ ਫਿਲਮ ਦੇ 'ਮਹਾਨ' ਅੰਤ ਤੱਕ ਪਹੁੰਚਣ ਲਈ ਦੋਹਾਂ ਧਾਰਨਾਵਾਂ ਨੂੰ ਪੁਨਰ-ਜਾਗ੍ਰਿਤ ਹੋਣ ਜਾਂ 'ਨਿੱਜੀ ਉਚਤਾ' ਸਾਬਿਤ ਕਰਨ ਲਈ ਵਾਰ-ਵਾਰ ਤੋੜਿਆ-ਮਰੋੜਿਆ ਜਾਂਦਾ ਹੈ। ਇਸ ਲਈ ਬਹੁਤ ਸਾਰੀਆਂ ਹਾਲੀਵੁੱਡ ਫਿਲਮਾਂ ਦਾ ਕੋਈ ਇਤਿਹਾਸਕ ਪ੍ਰਸੰਗ ਨਹੀਂ ਹੁੰਦਾ। ਦੂਜੇ ਅਰਥਾਂ ਵਿਚ ਫਿਲਮਾਂ ਦੇ ਅੰਤ ਵਿਚ ਪੈਦਾ ਹੋਇਆ ਸੰਤੁਲਨ ਸਮਾਜਕ ਸੰਤੁਲਨਾਂ ਵੱਲ ਹੀ ਇਸ਼ਾਰਾ ਕਰਦਾ ਹੈ, ਤੇ ਬਦਕਿਸਮਤੀ ਨਾਲ ਇਹ ਸੰਤੁਲਨ ਹਮੇਸ਼ਾ ਧਾੜਵੀਆਂ ਦੇ ਹੱਕ ਵਿਚ ਜਾ ਭੁਗਤਦਾ ਹੈ।

ਪ੍ਰਸਿੱਧ ਫਿਲਮ ਆਲੋਚਕ ਬੋਰਡਵੈਲ ਨੇ 1985 ਵਿਚ 100 ਹਾਲੀਵੁੱਡ ਫਿਲਮਾਂ ਦਾ ਅਧਿਐਨ ਕਰ ਕੇ ਇਹ ਸਾਬਤ ਕਰ ਦਿੱਤਾ ਕਿ ਇਨ੍ਹਾਂ ਵਿਚੋਂ 99 ਫੀਸਦੀ ਫਿਲਮਾਂ ਦਾ ਵਿਸ਼ਾ ਮੁਹੱਬਤ ਰਿਹਾ। ਇਨ੍ਹਾਂ ਵਿਚੋਂ ਪਚਾਸੀ ਫਿਲਮਾਂ ਵਿਚ ਐਕਸ਼ਨ ਨੂੰ ਵੀ ਮੁੱਖ ਸਥਾਨ ਦਿੱਤਾ ਗਿਆ। ਇਸ ਤੋਂ 'ਖੁਸ਼ਨੁਮਾ ਅੰਤ' ਦੀ ਧਾਰਨਾ ਦੀ ਪੁਸ਼ਟੀ ਹੁੰਦੀ ਹੈ। ਇਹ ਅੰਤ ਇਹ ਵੀ ਸਾਬਤ ਕਰ ਦਿੰਦਾ ਹੈ ਕਿ ਮੌਜੂਦਾ ਚੱਲ ਰਿਹਾ ਸਿਆਸੀ ਤੇ ਸਮਾਜਕ ਵਰਤਾਰਾ ਹੀ ਬੰਦੇ ਦੇ ਜਿਉਣ ਲਈ ਢੁੱਕਵਾਂ ਹੈ ਅਤੇ ਇਸ ਨੂੰ ਹਰ ਹਾਲ ਬਰਕਰਾਰ ਰੱਖਣਾ ਹੀ ਸਿਨੇਮਾ ਨੂੰ ਕਲਾ ਸਾਬਤ ਕਰ ਸਕਦਾ ਹੈ। ਅਜਿਹੀ ਕਲਾ ਹੀ ਸਰਕਾਰੇ-ਦਰਬਾਰੇ ਪ੍ਰਵਾਨ ਚੜ੍ਹਦੀ ਹੈ। ਬੋਰਡਵੈਲ ਇਸ ਨੂੰ ਸਮੂਹਿਕਤਾ ਅਤੇ ਇਤਿਹਾਸਕਤਾ ਤੋਂ ਵਿਰਵੀ ਨਿੱਜੀ ਤਰਦੱਦਾਂ ਤੇ ਸਫ਼ਲਤਾਵਾਂ ਦੀ ਲੜੀ ਦੱਸਦਾ ਹੈ। ਇਸੇ ਲੜੀ ਦੇ ਪ੍ਰਸੰਗ ਵਿਚ ਦਰਸ਼ਕ ਤੇ ਫਿਲਮਸਾਜ਼ ਦੇ ਆਪਸੀ ਰਿਸ਼ਤੇ ਨੂੰ ਸਮਝਿਆ ਜਾ ਸਕਦਾ ਹੈ।



ਫਿਲਮ 'ਦਿ ਮੈਂਨ ਇੰਨ ਬਲੈਕ' ਦੀ ਇਕ ਝਲਕ। ਇਸ ਫਿਲਮ ਦੇ ਹੁਣ ਤੱਕ ਤਿੰਨ ਭਾਗ ਬਣਾਏ ਜਾ ਚੁੱਕੇ ਹਨ।



ਫਿਲਮ 'ਸੁਪਰਮੈਨ' ਦਾ ਇਕ ਰੁਮਾਂਟਿਕ ਦ੍ਰਿਸ਼।

Since 1990

# PCS SACRAMENTO

Presents

Non Profit

(USA)

25ਵਾਂ

ਸਿਲਵਰ ਜੁਬਲੀ ਸੈਲੀਬ੍ਰੇਸ਼ਨਜ਼

# ਵਿਸਾਖੀ ਮੇਲਾ

# Visakhi Mela







## Featuring : Songs, Gidha & Bhangra, Dances, Skits and Much More

**Celebration On Saturday 19th April 2014 at 3:00 P.M.**

## S.E.S. Hall

**10427 E. STOCKTON BLVD. ELK GROVE, CA 95624**

Spcl. Appearance

**Bhangra & Gidda**



ਸਹਿਯੋਗੀ ਜਥੇਬੰਦੀਆਂ : ਇੰਡੋ ਅਮੈਰੀਕਨ ਹੈਰੀਟੇਜ ਫੋਰਮ (ਫਰਿਜ਼ਨੋ), ਜੀ. ਐਚ. ਜੀ. ਅਤੇ ਸੰਗੀਤ ਅਕੈਡਮੀ (ਫਰਿਜ਼ਨੋ), ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ, ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ (ਯੂਬਾਸਿਟੀ), ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਸੈਂਟਰਲ ਵੈਲੀ (ਫਰਿਜ਼ਨੋ), ਡਾਇਮੰਡ ਕਲੱਬ ਸੈਕਰਾਮੈਂਟੋ, ਇੰਡੋ ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ, ਇੰਡਸ ਵੈਲੀ ਅਮੈਰੀਕਨ ਚੈਂਬਰ ਆਫ ਕਾਮਰਸ, ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ, ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰੀਕਾ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ ਯੂਨਿਟ), ਇੰਡੋ ਅਮੈਰੀਕਨ ਕਲਚਰਲ ਐਂਡ ਸਪੋਰਟਸ ਆਰਗੇਨਾਈਜ਼ੇਸ਼ਨ ਯੂ.ਐਸ.ਏ. ਅਤੇ ਪੰਜਾਬੀ ਵਿਰਸਾ ਸੰਭਾਲ।

ਪ੍ਰਬੰਧਕੀ ਕਮੇਟੀ: ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਰੀਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਡੋਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਪਾਲ ਸਿੰਘ, ਮਨੋਹਰ ਲਾਲ ਰੱਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਦਲਜੀਤ ਸਿੰਘ ਲੋਪੋ, ਭੋਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਜਤਿੰਦਰ ਸਿੰਘ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ ਦੋਆਬਾ)

ਸਪੌਂਸਰ ਕਰਤਾ: ਹਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਇੰਦਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ ਫਲੋਰੀਨ), ਬੰਗਾ ਪੈਲੇਸ, ਇੰਡੀਆ ਹਾਊਸ ਆਫ ਗਰੋਸਰੀ, ਦੇਸੀ ਬਾਜ਼ਾਰ, ਇੰਡੀਆ ਸਪਾਈਸਜ਼ ਐਂਡ ਮਿਊਜ਼ਿਕ ਇਨ ਐਲਕਗ੍ਰੋਵ, ਰਾਜਿੰਦਰ ਸਿੰਘ, ਗੁਰਨੇਕ ਸਿੰਘ, ਜਸਵਿੰਦਰ ਸੰਧੂ, ਅਵਤਾਰ ਅਟਵਾਲ, ਚਰਨ ਬੜਵਾਲ, ਪਿਆਰਾ ਸਿੰਘ ਪਰਹਾਰ, ਮਲਕੀਤ ਬੋਪਾਰਾਏ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਢਿਲੋਂ (ਮੋਡੈਸਟੋ), ਮਨਪ੍ਰੀਤ ਸਿੰਘ, ਪਰਮਿੰਦਰਜੀਤ ਸਿੰਘ, ਜਸਵੰਤ ਸਿੰਘ, ਗੁਰਚੇਤਨ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਬੇਬੀ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਮਨਜੀਤ ਸਿੰਘ, ਨਿਰਮਲ ਸਿੰਘ, ਗੁਰਦੀਪ ਢਿਲੋਂ, ਜਸਵਿੰਦਰ ਬੋਪਾਰਾਏ, ਜਸਵੀਰ ਬਾਂਦੀ (World Financial Group), ਜੇ.ਆਰ. ਸਿਧਰਾ ਅਮੈਰੀਕਨ ਟ੍ਰੈਵਲਜ਼, ਅਕਲੇਸ਼ ਸਿੰਘ (ਕੁਆਲਿਟੀ ਵੈਡਿੰਗ), ਅਟਵਾਲ ਬ੍ਰਦਰਜ਼ (ਮਰਸਿੱਦ) ਅਤੇ ਕਿਰਨਜੀਤ ਢੱਡਾ।

## ਕੈਲੇਫੋਰਨੀਆ ਦੀਆਂ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

*For More Information Please Contact :* **Participation:** Rashpal Pharwala (916) 880-0531, **Stalls:** Tirath Sahota (916) 271-8382, Amrik Parhar (916) 502-0064, **Host by:** Jaswant S. Shad (209) 992-7185

**ADMISSION FREE** Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

**Website : www.sacpcs.com**

Printer : Barapind Printing Press (E-mail: barapindpress@gmail.com)

# ਖਾਲਸਾ ਸਾਜਨਾ ਦਿਵਸ ਵਿਸਾਖੀ ਅਤੇ ਦਸਤਾਰ ਦਿਵਸ ਦੀ ਸਭਨਾਂ ਨੂੰ ਵਧਾਈ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans
Under One Roof

ਪਿਛਲੇ 26 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**
















34591 Perry Road,
Union City, CA 94587
3 Bedrooms, 2 Bathrooms,
2 Car Garage
Area: 1627 Sq. Ft.
Lot: 6000 Sq. Ft.
**Asking: $588,000**

199 Page Mill Drive,
San Jose, CA 95111
4 Bedrooms, 2.5 Bathrooms,
2 Car Garage
Area: 1732 Sq. Ft.
Lot: 5000 Sq. Ft.
**Asking: $569,000**

1498 Columbine Way,
Livermore, CA 94550
6 Bedrooms, 3 Bathrooms,
3 Car Garage
Area: 3159Sq. Ft.
Lot: 26700 Sq. Ft.

4326 San Juan Ave.,
Fremont, CA 94536
4 Bedrooms, 2 Bathrooms,
2 Car Garage
Area: 1740 Sq. Ft.
Lot: 6000 Sq. Ft.

## JUST SOLD

1. 1826 Mary Augusta St., Manteca, CA 95337
2. 1498 Columbine Way, Livermore, CA 94551
3. 1820 De Vaca Way, Livermore, CA 94550
4. 1379 Michael Dr., Tracy, CA 95377
5. 4124 Polaris Ave., Union City, CA 94587
6. 2995 Masonwood St., San Jose, CA 95148
7. 4019 Villa Comez Ln., Stockton, CA 95206
8. 2809 Glen Sharon Way, San Jose, CA 95148
9. 2385 Patricia Dr., Santa Clara, CA 95050
10. 43881 Cameron Hills Dr., Fremont CA 94539
11. 1098 Phelps Ave., San Jose, CA 95117
12. 2712 Sea Drift ln., Hayward, CA 94545
13. 27659 Persimmon Dr., Hayward, CA 94544
14. 2980 Glen Alden Ct., San Jose, CA 95148

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes
from San Jose to Sacramento

*2004 to 2006 Award Winner
Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941



Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

Cell: 510-304-9292
Cell:408-666-8279

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
@ 510-207-9067
CA DRE Lic.#01180969
NMLS# 352095